PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
5th - 12th June 2025 • Issue No. 3083
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

# ਜੂਨ 1984 ਘੱਲੂਘਾਰੇ ਦੀ ਯਾਦ ਵਿੱਚ ਲੰਡਨ ਵਿਖੇ ਸਿੱਖਾਂ ਵੱਲੋਂ ਭਾਰੀ ਰੋਹ ਮੁਜ਼ਾਹਰਾ






# ਸਾਊਥਾਲ ਕਬੱਡੀ ਟੂਰਨਾਮੈਂਟ 2025 ਸ਼ਾਨੋ ਸ਼ੌਕਤ ਨਾਲ ਕਰਵਾਇਆ
## ਸੰਦੀਪ ਸਿੰਘ ਨੰਗਲ ਅੰਬੀਆਂ ਟੈਲਫੋਰਡ ਜੇਤੂ ਅਤੇ ਸਲੋਹ/ਇਕਨਹਮ ਰਨਰ-ਅੱਪ ਰਹੀ
## ਸੋਨੀ ਛੱਕਰਝੰਡੇ ਅਤੇ ਕੁਲਵਿੰਦਰ ਧਰਮਪੁਰਾ ਸਰਬੋਤਮ ਜਾਫੀ ਅਤੇ ਧਾਵੀ ਬਣੇ





ਪੂਰੀ ਖ਼ਬਰ ਅੰਦਰ ਅਤੇ ਹੋਰ ਤਸਵੀਰਾਂ ਆਖਰੀ ਪੰਨੇ 'ਤੇ:






## ਪੀਵਹੁ ਪਾਹੁਲ ਖੰਡਧਾਰ ਹੁਇ ਜਨਮੁ ਸੁਹੇਲਾ॥

# ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੇਵਾ ਨਿਭਾਅ ਚੁੱਕੇ ਪੰਜ ਪਿਆਰਿਆਂ ਵੱਲੋਂ ਅੰਮ੍ਰਿਤ ਸੰਚਾਰ



## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ 14 ਜੂਨ ਸ਼ਨਿੱਚਰਵਾਰ ਨੂੰ 12 ਵਜੇ ਹੋਵੇਗਾ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬੀਤੇ ਸਮੇਂ ਵਿੱਚ ਪੰਜ ਪਿਆਰਿਆਂ ਵਜੋਂ ਸੇਵਾ ਨਿਭਾਉਣ ਵਾਲੇ ਪੰਜ ਸਿੰਘ ਸਾਹਿਬਾਨ ਅੱਜਕੱਲ੍ਹ ਯੂ ਕੇ ਵਿੱਚ ਆਏ ਹੋਏ ਹਨ। ਯਾਦ ਰਹੇ 2015 ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀਨ ਜਥੇਦਾਰ ਵੱਲੋਂ ਸੌਦਾ ਸਾਧ ਗੁਰਮੀਤ ਰਾਮ ਰਹੀਮ ਨੂੰ ਉਸ ਦੇ ਗੁਨਾਹਾਂ ਦੀ ਬਿਨਾ ਮੰਗਿਆਂ ਮੁਆਫ਼ੀ ਦੇਣ ਦਾ ਵਿਰੋਧ ਪੰਜ ਪਿਆਰਿਆਂ ਵੱਲੋਂ ਕਰਨ 'ਤੇ ਉਹਨਾਂ ਨੂੰ ਸ਼੍ਰੋਮਣੀ ਕਮੇਟੀ ਦੁਆਰਾ ਸੇਵਾ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਇਹਨਾਂ ਪੰਜ ਸਿੰਘ ਸਾਹਿਬਾਨ ਵਿੱਚ ਭਾਈ ਸਤਨਾਮ ਸਿੰਘ ਖੰਡਾ, ਭਾਈ ਮੇਜਰ ਸਿੰਘ, ਭਾਈ ਮੰਗਲ ਸਿੰਘ, ਭਾਈ ਸਤਨਾਮ ਸਿੰਘ ਅਤੇ ਭਾਈ ਤਰਲੋਕ ਸਿੰਘ ਸ਼ਾਮਿਲ ਸਨ। ਇਹਨਾਂ ਸਿੰਘ ਸਾਹਿਬਾਨ ਵੱਲੋਂ ਸੇਵਾ ਮੁਕਤ ਹੋਣ ਪਿੱਛੋਂ ਵੀ ਆਪਣੇ ਤੌਰ 'ਤੇ ਅੰਮ੍ਰਿਤ ਸੰਚਾਰ ਦਾ ਪ੍ਰਵਾਹ ਨਿਸ਼ਕਾਮ ਸੇਵਾ ਵਜੋਂ ਜਾਰੀ ਰਿਹਾ। ਇਹਨਾਂ ਦਿਨਾਂ ਵਿੱਚ ਪੰਜ ਸਿੰਘ ਸਾਹਿਬਾਨ ਯੂ ਕੇ ਵਿੱਚ ਸੰਗਤਾਂ ਦੀ ਸੇਵਾ ਕਰ ਰਹੇ ਹਨ। ਇਸ ਦੌਰਾਨ ਪੰਜ ਪਿਆਰਿਆਂ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ 14 ਜੂਨ 2025 ਦਿਨ ਸ਼ਨਿੱਚਰਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਅਨੁਸਾਰ ਅੰਮ੍ਰਿਤ ਸੰਚਾਰ ਕੀਤਾ ਜਾਵੇਗਾ। ਸੰਗਤਾਂ ਨੂੰ ਸਨਿਮਰ ਬੇਨਤੀ ਹੈ ਕਿ ਇਸ ਮੌਕੇ ਦਾ ਲਾਹਾ ਲੈਣ ਲਈ ਤਿਆਰ ਬਰ ਤਿਆਰ ਹੋ ਸਣੇ ਕੇਸ ਇਸ਼ਨਾਨ ਕਰਕੇ ਪੰਜ ਕਕਾਰਾਂ ਸਮੇਤ 12 ਵਜੇ ਤੋਂ ਪਹਿਲਾਂ ਗੁਰੂ ਘਰ ਵਿਖੇ ਪਹੁੰਚ ਜਾਣ ਅਤੇ ਗੁਰੂ ਰੂਪ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਲੈ ਕੇ ਜੀਵਨ ਸਫਲਾ ਕਰੋ ਜੀ। ਜੇ ਕਿਸੇ ਕੋਲ ਕਕਾਰ ਨਹੀਂ ਹਨ ਤਾਂ ਉਹ ਗੁਰਦੁਆਰਾ ਸਾਹਿਬ ਤੋਂ ਲੈ ਸਕਦੇ ਹਨ।



ਪੰਜ ਸਿੰਘ ਸਾਹਿਬਾਨ - ਸਾਬਕਾ ਪੰਜ ਪਿਆਰੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ

**ਵਧੇਰੇ ਜਾਣਕਾਰੀ ਅਤੇ ਗੁਰੂ ਘਰ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਭਾਈ ਅਜੀਤ ਸਿੰਘ ਨਾਲ ਸੰਪਰਕ ਕਰੋ:- 07533 362911**

## ਬੇਨਤੀ ਕਰਤਾ - ਪ੍ਰਬੰਧਕ ਕਮੇਟੀ ਤੇ ਸਾਧ ਸੰਗਤ ਗੁਰਦੁਆਰਾ ਸਿੰਘ ਸਭਾ ਡਰਬੀ

ਪ੍ਰਧਾਨ - ਰਘਬੀਰ ਸਿੰਘ, ਜ: ਸਕੱਤਰ - ਰਾਜਿੰਦਰ ਸਿੰਘ ਪੁਰੇਵਾਲ, ਖਜ਼ਾਨਚੀ - ਅਜੀਤ ਸਿੰਘ, ਬਲਬੀਰ ਸਿੰਘ ਚੀਮਾ, ਸਤਨਾਮ ਸਿੰਘ

GURDWARA SRI GURU SINGH SABHA, PRINCES STREET, DERBY, DE23 8NT. TEL: 01332 773010

---

## Gurdwara Aid proudly presents: Empowering Gurdwaras for the Future

## Conference Featuring the official launch of The Gurdwara Handbook

## ਗੁਰਦੁਆਰਾ ਏਡ ਵੱਲੋਂ ਯੂ ਕੇ ਦੇ ਗੁਰਦੁਆਰਾ ਸਾਹਿਬਾਨ ਵਾਸਤੇ ਇੱਕ ਵਿਸ਼ੇਸ਼ ਕਿਤਾਬ ਤਿਆਰ

## 28 ਜੂਨ 2025 ਸ਼ਨਿੱਚਰਵਾਰ ਨੂੰ ਦੁਪਹਿਰ 12 ਵਜੇ ਗੁਰਦੁਆਰਾ ਸਿੰਘ ਸਭਾ ਡਰਬੀ ਵਿਖੇ ਜਾਰੀ ਕੀਤੀ ਜਾਵੇਗੀ

### ਤੁਹਾਡੀ ਗੁਰਦੁਆਰਾ ਕਮੇਟੀ ਦਾ ਇਥੇ ਆਉਣਾ ਕਿਉਂ ਜ਼ਰੂਰੀ ਹੈ

ਗੁਰਦੁਆਰੇ ਗੁਰਬਾਣੀ, ਧਰਮ ਪ੍ਰਚਾਰ ਅਤੇ ਸੇਵਾ 'ਤੇ ਆਧਾਰਿਤ ਹਨ।

ਪਰ ਅੱਜ ਦੀਆਂ ਕਮੇਟੀਆਂ ਨੂੰ ਪ੍ਰਬੰਧਾਂ ਅਤੇ ਸੁਰੱਖਿਆ ਤੋਂ ਲੈ ਕੇ ਆਰਥਿਕ ਅਤੇ ਨਾਲ-ਨਾਲ ਵਧਦੇ ਨਵੇਂ ਕਾਨੂੰਨਾਂ ਦੀ ਪਾਲਣਾ ਤੱਕ - ਗੁੰਝਲਦਾਰ ਚੁਣੌਤੀਆਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ।

ਇਹ ਕਾਨਫਰੰਸ ਅਤੇ ਹੈਂਡ ਬੁੱਕ ਤੁਹਾਡੇ ਗੁਰਦੁਆਰਾ ਸਾਹਿਬ ਲਈ ਅਧਿਆਤਮਕ ਤਾਕਤ ਅਤੇ ਵਧੀਆ ਪ੍ਰਬੰਧ ਕਰਨ ਵਿੱਚ ਮਦਦਗਾਰ ਹੋ ਸਕਦੀ ਹੈ।

1. ਇਸ ਹੈਂਡ ਬੁੱਕ ਨਾਲ ਗੁਰਦੁਆਰਾ ਪ੍ਰਬੰਧਾਂ ਵਿੱਚ ਸੁਧਾਰ ਆਵੇਗਾ


ਅਸੀਂ ਇੱਕ ਸ਼ਕਤੀਸ਼ਾਲੀ ਨਵਾਂ ਔਜਾਰ ਲਿਆ ਰਹੇ ਹਾਂ - ਜੋ ਮਾਹਿਰਾਂ ਦੀ ਮਿਹਨਤ ਨਾਲ ਵਿਕਸਤ ਕੀਤਾ ਗਿਆ ਹੈ, ਤਾਂ ਜੋ ਤੁਹਾਡੀ ਕਮੇਟੀ ਨੂੰ ਕਾਨੂੰਨਾਂ ਤੇ ਨਿਯਮਾਂ ਦੀ ਪਾਲਣਾ, ਜਵਾਬਦੇਹੀ ਅਤੇ ਸੁਯੋਗਤਾ ਵਿੱਚ ਸੁਧਾਰ ਕਰਨ ਵਿੱਚ ਮਦਦ ਮਿਲ ਸਕੇ।

2. ਆਰਥਿਕ ਸਥਿਰਤਾ ਨੂੰ ਮਜ਼ਬੂਤ ਬਨਾਉਣਾ

ਗੁਰਦੁਆਰਾ ਸਾਹਿਬ ਦੇ ਪ੍ਰਬੰਧਕੀ ਖਰਚਿਆਂ ਨੂੰ ਘਟਾਉਣ ਅਤੇ ਆਮਦਨ ਨੂੰ ਵਧਾਉਣ ਦੇ ਵਿਹਾਰਕ ਤਰੀਕੇ ਅਪਨਾਉਣ ਬਾਰੇ ਜਾਣਕਾਰੀ ਪ੍ਰਦਾਨ ਕਰਨਾ।

3. ਯੂ ਕੇ ਗੁਰਦੁਆਰਿਆਂ ਦੇ ਭਵਿੱਖ ਲਈ ਇੱਕ ਸਾਂਝੇ ਦ੍ਰਿਸ਼ਟੀਕੋਣ ਦੀ ਪੜਚੋਲ ਕਰੋ।

ਸਾਡੀ ਟੀਮ ਅਤੇ ਭਾਈਵਾਲਾਂ ਨਾਲ ਸਿੱਧੇ ਤੌਰ 'ਤੇ ਗੱਲ ਕਰੋ
ਯੂ ਕੇ ਭਰ ਦੇ ਗੁਰਦੁਆਰਿਆਂ ਦੇ ਆਗੂਆਂ ਨਾਲ ਸੰਪਰਕ ਕਰੋ।
ਹੈਂਡਬੁੱਕ ਦੀ ਆਪਣੀ ਮੁਫਤ ਕਾਪੀ ਹਾਸਲ ਕਰੋ




### Why Your Gurdwara Committee Should Attend:

Gurdwaras are grounded in **Gurbani, Dharm Parchar and Seva.**

But today's committees also face complex challenges - from governance and safeguarding to finance and compliance - alongside an increasing number of new Laws.

This conference and handbook are designed to help your Gurdwara lead with **spiritual strength and operational excellence.**

**1. Improve governance with The Gurdwara Handbook**

We're launching a powerful new tool – developed with input from **specialists**, to help your committee improve **compliance, accountability, and efficiency.**

**2. Boost Financial Sustainability**

Learn how to reduce Gurdwara operating costs and generate ethical income through an award-winning, environmentally friendly initiative.

**3. Explore a shared vision for the future of UK Gurdwaras**

Speak directly with our team and partners
Network with Gurdwara leaders from across the UK
Collect your complimentary copy of the Handbook

**Please arrive by 12:00pm**

**VENUE: Banda Singh Bahadur Hall, Sri Guru Singh Sabha Gurdwara, Princes Street, Derby DE23 8NT**

Gurdwara Aid Better Together

**For more information: contact- Email:Info@GurdwaraAid.org**
**Mandip Singh 07974 811298 / Jagtar Singh 07956 838413**

# ਸ਼ਹੀਦੀ ਸਮਾਗਮ ਦੌਰਾਨ ਜਥੇਦਾਰ ਗੜਗੱਜ ਦਾ ਵਿਰੋਧ ਦਮਦਮੀ ਟਕਸਾਲ ਤੇ ਦਲ ਖ਼ਾਲਸਾ ਵਲੋਂ ਕਿਉਂ ?

## ✪ ਟਕਸਾਲ ਤੇ ਦਲ ਖਾਲਸਾ ਦਾ ਐਲਾਨ ਗਿਆਨੀ ਗੜਗੱਜ ਨੂੰ ਸੰਦੇਸ਼ ਜਾਰੀ ਕਰਨ ਦੀ ਇਜਾਜ਼ਤ ਨਹੀਂ ਦੇਣਗੇ ✪ ਰਘਬੀਰ ਸਿੰਘ ਨੂੰ ਜ਼ਿੰਮੇਵਾਰੀ ਸੌਂਪਣ ਦਾ ਸੁਝਾਅ ਅਤੇ ਸ਼੍ਰੋਮਣੀ ਕਮੇਟੀ ਦੀ ਚੁੱਪੀ : ਕੀ ਬਚੇਗੀ ਸ਼ਹੀਦੀ ਸਮਾਗਮ ਦੀ ਪਵਿੱਤਰਤਾ ? ✪ ਧਾਮੀ ਦੀ ਅਗਵਾਈ 'ਚ ਉੱਚ ਪਧਰੀ ਵਫ਼ਦ ਵਲੋਂ ਦਮਦਮੀ ਟਕਸਾਲ ਮੁਖੀ ਨਾਲ ਮੁਲਾਕਾਤ

**ਕਵਰ ਸਟੋਰੀ**

ਜੂਨ 1984 ਦੇ ਘੱਲੂਘਾਰੇ ਦੀ 41ਵੀਂ ਵਰ੍ਹੇਗੰਢ ਮੌਕੇ, 6 ਜੂਨ ਨੂੰ ਹੋਣ ਵਾਲੇ ਸ਼ਹੀਦੀ ਸਮਾਗਮ ਨੂੰ ਲੈ ਕੇ ਦਮਦਮੀ ਟਕਸਾਲ, ਦਲ ਖ਼ਾਲਸਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਨਿਯੁਕਤੀ ਦਾ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ ਤੇ ਧਮਕੀ ਦਿਤੀ ਜਾ ਰਹੀ ਹੈ ਕਿ ਜਥੇਦਾਰ ਨੂੰ ਸੰਦੇਸ਼ ਨਹੀਂ ਦੇਣ ਦਿੱਤਾ ਜਾਵੇਗਾ। ਇਹ ਵਿਵਾਦ ਸ਼ਹੀਦੀ ਸਮਾਗਮ ਦੀ ਪਵਿੱਤਰਤਾ ਅਤੇ ਸਿੱਖ ਪੰਥ ਦੀ ਏਕਤਾ 'ਤੇ ਡੂੰਘੇ ਸਵਾਲ ਖੜ੍ਹੇ ਕਰ ਰਿਹਾ ਹੈ। ਇਥੇ ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਸਦੀਆਂ ਤੋਂ ਸੰਗਤ ਦੀ ਸਾਂਝੇ ਸਲਾਹ-ਮਸ਼ਵਰੇ ਦੀ ਪਰੰਪਰਾ 'ਤੇ ਆਧਾਰਿਤ ਰਹੀ ਹੈ। ਪਰ ਪਿਛਲੇ ਕੁਝ ਦਹਾਕਿਆਂ ਵਿੱਚ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਸਿਆਸਤ ਦੀ ਕਥਿਤ ਰਾਜਨੀਤਕ ਦਖਲਅੰਦਾਜ਼ੀ ਨੇ ਇਸ ਪ੍ਰਕਿਰਿਆ ਨੂੰ ਵਿਵਾਦਾਂ ਦੇ ਘੇਰੇ ਵਿੱਚ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਨਿਯੁਕਤੀ ਨੂੰ ਦਮਦਮੀ ਟਕਸਾਲ, ਦਲ ਖ਼ਾਲਸਾ, ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਕਮੇਟੀ ਅਤੇ ਹੋਰ ਪੰਥਕ ਧਿਰਾਂ ਨੇ ਪ੍ਰਵਾਨ ਨਹੀਂ ਕੀਤਾ।ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਹੁਣ ਸਪੱਸ਼ਟ ਸ਼ਬਦਾਂ ਵਿੱਚ ਐਲਾਨ ਕੀਤਾ ਹੈ ਕਿ ਉਹ ਜਥੇਦਾਰ ਗੜਗੱਜ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੰਦੇਸ਼ ਜਾਰੀ ਕਰਨ ਦੀ ਇਜਾਜ਼ਤ ਨਹੀਂ ਦੇਣਗੇ। ਟਕਸਾਲ ਦਾ ਮੰਨਣਾ ਹੈ ਕਿ ਜਥੇਦਾਰ ਦੀ ਨਿਯੁਕਤੀ ਸਮੁੱਚੇ ਪੰਥ ਦੀ ਸਹਿਮਤੀ ਨਾਲ ਹੋਣੀ ਚਾਹੀਦੀ ਹੈ ।

ਇਸ ਵਿਰੋਧ ਵਿੱਚ ਦਮਦਮੀ ਟਕਸਾਲ ਦੇ ਨਾਲ-ਨਾਲ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ ਅਤੇ ਭਾਈ ਇੰਦਰਜੀਤ ਸਿੰਘ ਨੇ ਵੀ ਸ਼ਾਮਲ ਹੋ ਕੇ ਵੱਡਾ ਫੈਸਲਾ ਲਿਆ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਉਹ 6 ਜੂਨ ਨੂੰ ਜਥੇਦਾਰ ਗੜਗੱਜ ਤੋਂ ਸਨਮਾਨ ਸਵੀਕਾਰ ਨਹੀਂ ਕਰਨਗੇ, ਕਿਉਂਕਿ ਉਨ੍ਹਾਂ ਨੂੰ ਪੰਥ ਵੱਲੋਂ ਪ੍ਰਵਾਨਿਤ ਜਥੇਦਾਰ ਨਹੀਂ ਮੰਨਿਆ ਜਾਂਦਾ।



### ਧਾਮੀ ਵਲੋਂ ਬਾਬਾ ਧੁੰਮਾ ਨੂੰ ਮਨਾਉਣ ਕੋਸ਼ਿਸ਼

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਸੰਕਟ ਨੂੰ ਹੱਲ ਕਰਨ ਦੀ ਕੋਸ਼ਿਸ਼ ਵਜੋਂ ਦਮਦਮੀ ਟਕਸਾਲ ਦੇ ਹੈਡਕੁਆਰਟਰ ਮਹਿਤਾ ਚੌਕ ਵਿਖੇ ਬਾਬਾ ਹਰਨਾਮ ਸਿੰਘ ਖ਼ਾਲਸਾ ਨਾਲ ਬੰਦ ਕਮਰੇ ਵਿੱਚ ਮੁਲਾਕਾਤ ਕੀਤੀ। ਇਸ ਵਫ਼ਦ ਵਿੱਚ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਸੁਰਜੀਤ ਸਿੰਘ ਭਿੱਟੇਵੱਡ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਆਦਿ ਸ਼ਾਮਲ ਸਨ। ਇਹ ਮੁਲਾਕਾਤ ਡੇਢ ਘੰਟੇ ਤੱਕ ਚੱਲੀ, ਪਰ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਸਪੱਸ਼ਟ ਕੀਤਾ ਕਿ ਜੇਕਰ ਸ਼੍ਰੋਮਣੀ ਕਮੇਟੀ ਨੇ ਜਥੇਦਾਰ ਗੜਗੱਜ ਨੂੰ ਸੰਦੇਸ਼ ਜਾਰੀ ਕਰਨ ਜਾਂ ਸ਼ਹੀਦ ਪਰਿਵਾਰਾਂ ਨੂੰ ਸਨਮਾਨਿਤ ਕਰਨ ਦੀ ਜ਼ਿੰਮੇਵਾਰੀ ਸੌਂਪੀ, ਤਾਂ 6 ਜੂਨ ਨੂੰ ਸਖ਼ਤ ਵਿਰੋਧ ਕੀਤਾ ਜਾਵੇਗਾ।

ਧਾਮੀ ਨੇ ਮੁਲਾਕਾਤ ਉਪਰੰਤ ਮੀਡੀਆ ਨੂੰ ਕਿਹਾ ਕਿ ਉਹ ਆਸ ਕਰਦੇ ਹਨ ਕਿ ਇੱਕ-ਦੋ ਦਿਨਾਂ ਵਿੱਚ ਵਿਵਾਦ ਦਾ ਸੁਖਾਵਾਂ ਹੱਲ ਨਿਕਲ ਆਵੇਗਾ। ਪਰ ਟਕਸਾਲ ਦੇ ਸਖ਼ਤ ਸਟੈਂਡ ਨੂੰ ਵੇਖਦਿਆਂ, ਇਹ ਸੰਕਟ ਅਸਾਨੀ ਨਾਲ ਹੱਲ ਹੁੰਦਾ ਨਜ਼ਰ ਨਹੀਂ ਆ ਰਿਹਾ। ਦਲ ਖ਼ਾਲਸਾ ਦੇ ਸਕੱਤਰ ਜਨਰਲ ਕੰਵਰਪਾਲ ਸਿੰਘ ਨੇ ਸੁਝਾਅ ਦਿੱਤਾ ਕਿ ਸ਼੍ਰੋਮਣੀ ਕਮੇਟੀ ਨੂੰ ਇਸ ਵਾਰ ਸ਼ਹੀਦੀ ਸਮਾਗਮ ਦੀ ਜ਼ਿੰਮੇਵਾਰੀ ਸਾਬਕਾ ਜਥੇਦਾਰ ਅਤੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੂੰ ਸੌਂਪਣੀ ਚਾਹੀਦੀ। ਇਹ ਸੁਝਾਅ ਇੱਕ ਸਮਝੌਤੇ ਦੀ ਪੇਸ਼ਕਸ਼ ਹੈ, ਪਰ ਸਵਾਲ ਇਹ ਹੈ ਕਿ ਕੀ ਗਿਆਨੀ ਰਘਬੀਰ ਸਿੰਘ ਪੰਥਕ ਭਾਵਨਾਵਾਂ ਅਨੁਸਾਰ ਅਕਾਲ ਤਖ਼ਤ ਦੀ ਜ਼ਿੰਮੇਵਾਰੀ ਨਿਭਾਉਣ ਦੀ ਸਮਰੱਥਾ ਰੱਖਦੇ ਹਨ ? ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਗਿਆਨੀ ਰਘਬੀਰ ਸਿੰਘ ਨੇ ਪਹਿਲਾਂ ਵੀ ਪੰਥਕ ਹੁਕਮਨਾਮਿਆਂ ਨੂੰ ਪੂਰੀ ਤਰ੍ਹਾਂ ਨਿਭਾਉਣ ਵਿੱਚ ਅਸਮਰੱਥਤਾ ਦਿਖਾਈ ਹੈ।

### ਸਿਮਰਨਜੀਤ ਸਿੰਘ ਮਾਨ ਅਤੇ ਧੁੰਮੇ ਦੇ ਟਕਰਾਅ ਦੀ ਸੰਭਾਵਨਾ

ਇਸ ਵਿਵਾਦ ਨੂੰ ਹੋਰ ਗੁੰਝਲਦਾਰ ਬਣਾਉਂਦੇ ਹੋਏ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੁਖੀ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਉਹ ਬਾਬਾ ਹਰਨਾਮ ਸਿੰਘ ਧੁੰਮੇ ਦੀਆਂ "ਹਰਕਤਾਂ" ਨੂੰ ਬਰਦਾਸ਼ਤ ਨਹੀਂ ਕਰਨਗੇ ਅਤੇ ਜੇਕਰ ਧੁੰਮੇ ਨੇ ਜਥੇਦਾਰ ਗੜਗੱਜ ਦਾ ਵਿਰੋਧ ਕੀਤਾ, ਤਾਂ ਉਹ ਰੋਕਣ ਲਈ ਸਾਹਮਣੇ ਆਉਣਗੇ। ਇਸ ਦੇ ਜਵਾਬ ਵਿੱਚ, ਦਮਦਮੀ ਟਕਸਾਲ ਨੇ ਮਾਨ ਨੂੰ ਸਖ਼ਤ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਹ ਟਕਸਾਲ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਟਕਸਾਲ ਉਸ ਦਾ ਸਖ਼ਤ ਜਵਾਬ ਦੇਵੇਗੀ।

ਇਸ ਤਰ੍ਹਾਂ, ਸ੍ਰੀ ਅਕਾਲ ਤਖ਼ਤ ਦੀ ਪਵਿੱਤਰ ਧਰਤੀ 'ਤੇ ਮਾਨ ਅਤੇ ਧੁੰਮੇ ਦੇ ਵਿਚਕਾਰ ਸੰਭਾਵੀ ਟਕਰਾਅ ਦੀ ਸੰਭਾਵਨਾ ਨੇ ਸਿੱਖ ਸੰਗਤ ਵਿੱਚ ਚਿੰਤਾ ਵਧਾ ਦਿੱਤੀ ਹੈ।

ਬਾਦਲ ਅਕਾਲੀ ਨੇਤਾ ਪਰਮਬੰਸ ਸਿੰਘ ਰੋਮਾਣਾ ਨੇ ਵੀ ਇਸ ਮੁੱਦੇ 'ਤੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਦੀ ਮਰਿਆਦਾ ਨੂੰ ਢਾਹ ਲਗਾਉਣ ਦੀ ਕੋਸ਼ਿਸ਼ ਨੂੰ ਸ਼੍ਰੋਮਣੀ ਅਕਾਲੀ ਦਲ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਨੇ ਬਾਬਾ ਹਰਨਾਮ ਸਿੰਘ 'ਤੇ ਦੋਸ਼ ਲਗਾਇਆ ਕਿ ਉਹ ਕੇਂਦਰੀ ਏਜੰਸੀਆਂ ਦੇ ਇਸ਼ਾਰੇ 'ਤੇ ਸ਼ਹੀਦੀ ਸਮਾਗਮ ਵਿੱਚ ਖਲਲ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਦੋਸ਼ ਨੇ ਵਿਵਾਦ ਨੂੰ ਹੋਰ ਗੰਭੀਰ ਕਰ ਦਿੱਤਾ ਹੈ।

ਸੰਗਤਾਂ ਦਾ ਮੰਨਣਾ ਹੈ ਕਿ ਹਰ ਸਾਲ 6 ਜੂਨ ਨੂੰ ਮਨਾਇਆ ਜਾਣ ਵਾਲਾ ਸ਼ਹੀਦੀ ਸਮਾਗਮ ਸਿਰਫ਼ ਇੱਕ ਰਸਮ ਨਹੀਂ, ਸਗੋਂ ਸਿੱਖ ਸ਼ਹੀਦੀ ਦੀ ਰਵਾਇਤ ਦਾ ਪ੍ਰਤੀਕ ਹੈ। ਪਰ ਇਸ ਵਾਰ, ਜਥੇਦਾਰ ਗੜਗੱਜ ਦੀ ਨਿਯੁਕਤੀ ਨੂੰ ਲੈ ਕੇ ਵਿਵਾਦ ਨੇ ਸ਼ਹੀਦੀ ਸਮਾਗਮ ਦੀ ਪਵਿੱਤਰਤਾ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਜੇਕਰ 6 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ, ਤਾਂ ਇਹ ਸਿੱਖ ਪੰਥ ਦੀ ਏਕਤਾ ਅਤੇ ਸ੍ਰੀ ਅਕਾਲ ਤਖ਼ਤ ਦੀ ਮਰਿਆਦਾ ਨੂੰ ਡੂੰਘੀ ਸੱਟ ਮਾਰ ਸਕਦੀ ਹੈ।

### ਸ਼੍ਰੋਮਣੀ ਕਮੇਟੀ ਲਈ ਸੁਝਾਅ

ਸ਼੍ਰੋਮਣੀ ਕਮੇਟੀ ਨੂੰ ਸਮੇਂ ਦੀ ਮੰਗ ਅਨੁਸਾਰ ਕਦਮ ਚੁੱਕਣ ਦੀ ਲੋੜ ਹੈ। ਇਸ ਵਿਵਾਦ ਨੇ ਸਿੱਖ ਸੰਗਤ ਵਿੱਚ ਅਸੰਤੁਸ਼ਟੀ ਪੈਦਾ ਕੀਤੀ ਹੈ, ਅਤੇ ਇਸ ਦਾ ਸਾਰਥਕ ਹੱਲ ਲੱਭਣ ਲਈ ਸੰਗਤ ਦੀ ਸਾਂਝੀ ਸਲਾਹ-ਮਸ਼ਵਰੇ ਦੀ ਜ਼ਰੂਰਤ ਹੈ। ਸ਼੍ਰੋਮਣੀ ਕਮੇਟੀ ਨੂੰ ਇਸ ਮੌਕੇ 'ਤੇ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕੰਮ ਕਰਨਾ ਚਾਹੀਦਾ।

* ਸ਼੍ਰੋਮਣੀ ਕਮੇਟੀ ਨੂੰ ਉੱਚ ਪੱਧਰੀ ਵਿਦਿਅਕ ਅਤੇ ਤਕਨੀਕੀ ਸੰਸਥਾਵਾਂ ਸਥਾਪਤ ਕਰਨੀਆਂ ਚਾਹੀਦੀਆਂ, ਜਿਥੇ ਆਰਥਿਕ ਤੌਰ 'ਤੇ ਕਮਜ਼ੋਰ ਸਿੱਖ ਨੌਜਵਾਨਾਂ ਨੂੰ ਮੁਫ਼ਤ ਜਾਂ ਘੱਟ ਖਰਚੇ 'ਤੇ ਸਿੱਖਿਆ ਮੁਹੱਈਆ ਕਰਵਾਈ ਜਾਵੇ।

* ਗਰੀਬ ਸਿੱਖ ਪਰਿਵਾਰਾਂ ਲਈ ਮੁਫ਼ਤ ਸਿਹਤ ਸਹੂਲਤਾਂ ਦੀ ਵਿਵਸਥਾ ਕੀਤੀ ਜਾਵੇ, ਜੋ ਸਿੱਖੀ ਦੀ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰੇਗੀ। ਸਿੱਖੀ ਦੇ ਪ੍ਰਚਾਰ ਲਈ ਸੰਗਠਿਤ ਪ੍ਰਚਾਰਕ ਸ਼੍ਰੇਣੀ ਤਿਆਰ ਕੀਤੀ ਜਾਵੇ, ਜੋ ਗੁਰਬਾਣੀ ਦੇ ਸੁਨੇਹੇ ਨੂੰ ਸੋਸ਼ਲ ਮੀਡੀਆ ਅਤੇ ਹੋਰ ਮਾਧਿਅਮਾਂ ਰਾਹੀਂ ਵਿਸ਼ਵ ਭਰ ਵਿੱਚ ਪਹੁੰਚਾਏ।

* ਵਿਸ਼ਵ ਪੱਧਰੀ ਪੰਥਕ ਕੌਂਸਲ ਸਥਾਪਤ ਕੀਤੀ ਜਾਵੇ, ਜਿਸ ਵਿੱਚ ਸਾਬਕਾ ਜੱਜ, ਵਕੀਲ, ਇਤਿਹਾਸਕਾਰ ਅਤੇ ਪੱਤਰਕਾਰ ਸ਼ਾਮਲ ਹੋਣ। ਸਿੱਖ ਵਿਰੋਧੀ ਨੈਰੇਟਿਵ ਨੂੰ ਚੁਣੌਤੀ ਦੇਣ ਅਤੇ ਸਿੱਖੀ ਦੀਆਂ ਪ੍ਰਾਪਤੀਆਂ ਨੂੰ ਪ੍ਰਮੋਟ ਕਰਨ ਲਈ ਸੰਗਠਿਤ ਸੋਸ਼ਲ ਮੀਡੀਆ ਟੀਮ ਬਣਾਈ ਜਾਵੇ।

### ਜਥੇਦਾਰ ਗੜਗੱਜ ਦੀ ਅਪੀਲ ਇਸ ਵਿਵਾਦ ਦੇ ਵਿਚਕਾਰ

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੰਗਤ ਨੂੰ ਪੰਥਕ ਏਕਤਾ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ 1 ਜੂਨ ਤੋਂ ਸ਼ੁਰੂ ਹੋਣ ਵਾਲੇ ਸ਼ਹੀਦੀ ਹਫ਼ਤੇ ਸਬੰਧੀ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਿਆਨ ਜਾਰੀ ਕਰਕੇ ਕਿਹਾ ਕਿ ਸਮੁੱਚੀ ਸਿੱਖ ਕੌਮ ਨੂੰ ਪੰਥਕ ਇਕਜੁੱਟਤਾ ਦੀ ਭਾਵਨਾ ਨਾਲ ਸ਼ਹੀਦਾਂ ਨੂੰ ਸਤਿਕਾਰ ਭੇਟ ਕਰਨਾ ਚਾਹੀਦਾ। ਜਥੇਦਾਰ ਗੜਗੱਜ ਨੇ ਸੰਗਤ ਨੂੰ ਅਪੀਲ ਕੀਤੀ ਕਿ ਵਿਸ਼ਵ ਭਰ ਵਿੱਚ ਵਿਸ਼ੇਸ਼ ਗੁਰਮਤਿ ਸਮਾਗਮ, ਲੈਕਚਰ ਅਤੇ ਸੈਮੀਨਾਰ ਕਰਵਾਏ ਜਾਣ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਸ਼ਹੀਦਾਂ ਦੇ ਜੀਵਨ 'ਤੇ ਖੋਜ ਕਰਕੇ ਦਸਤਾਵੇਜ਼ ਅਤੇ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਜਾਣ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਇਤਿਹਾਸ ਸੰਭਾਲ ਕੇ ਮਿਲੇ।

### ਸਰਬਤ ਖਾਲਸਾ: ਸੰਕਟ ਦਾ ਸੁਖਾਵਾਂ ਹੱਲ

ਇਸ ਵਿਵਾਦ ਦਾ ਹੱਲ ਸਿਰਫ਼ ਅਸਥਾਈ ਸਮਝੌਤਿਆਂ ਵਿੱਚ ਨਹੀਂ, ਸਗੋਂ ਸਿੱਖ ਪੰਥ ਦੀ ਸਰਬਉੱਚ ਪਰੰਪਰਾ-ਸਰਬਤ ਖਾਲਸਾ-ਦੇ ਸਿਧਾਂਤ ਵਿੱਚ ਹੈ। ਸਰਬਤ ਖਾਲਸਾ ਸੰਗਤ ਦੀ ਸਾਂਝੀ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਹੈ, ਜਿਸ ਰਾਹੀਂ ਪੰਥਕ ਮਸਲਿਆਂ ਦਾ ਸਾਰਥਕ ਹੱਲ ਕੱਢਿਆ ਜਾਂਦਾ ਹੈ। ਸ਼ਹੀਦੀ ਸਮਾਗਮ ਤੋਂ ਬਾਅਦ, ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਨੁਮਾਇੰਦਾ ਪੰਥਕ ਇਕਠ ਕਰਕੇ ਸਰਬਤ ਖਾਲਸਾ ਦਾ ਐਲਾਨ ਕੀਤਾ ਜਾਣਾ ਚਾਹੀਦਾ। ਇਸ ਵਿੱਚ ਸ੍ਰੀ ਅਕਾਲ ਤਖ਼ਤ ਅਤੇ ਬਾਕੀ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾ-ਮੁਕਤੀ ਅਤੇ ਮਰਿਆਦਾ ਸਬੰਧੀ ਇੱਕ ਸਪੱਸ਼ਟ ਢਾਂਚਾ ਘੜਿਆ ਜਾਣਾ ਚਾਹੀਦਾ। ਇਸ ਢਾਂਚੇ ਵਿੱਚ ਸਿੱਖ ਸੰਗਤ, ਪੰਥਕ ਜਥੇਬੰਦੀਆਂ, ਵਿਦਵਾਨ, ਇਤਿਹਾਸਕਾਰ, ਸਾਬਕਾ ਜੱਜ, ਵਕੀਲ, ਅਤੇ ਸਮਾਜ ਦੇ ਹਰ ਵਰਗ ਦੀ ਸ਼ਮੂਲੀਅਤ ਹੋਣੀ ਚਾਹੀਦੀ। ਸਰਬਤ ਖਾਲਸਾ ਦੀ ਪਰੰਪਰਾ ਨੂੰ ਮੁੜ ਜਗਾਉਣ ਨਾਲ ਨਾ ਸਿਰਫ਼ ਇਸ ਵਿਵਾਦ ਦਾ ਹੱਲ ਨਿਕਲੇਗਾ, ਸਗੋਂ ਸ੍ਰੀ ਅਕਾਲ ਤਖ਼ਤ ਦੀ ਸਰਬਉੱਚਤਾ ਅਤੇ ਸਿੱਖ ਪੰਥ ਦੀ ਏਕਤਾ ਨੂੰ ਵੀ ਮਜ਼ਬੂਤੀ ਮਿਲੇਗੀ।

# ਸ਼੍ਰੋਮਣੀ ਕਮੇਟੀ ਧਰਮੀ ਫੌਜੀਆਂ ਦੀ ਨਹੀਂ ਲੈ ਰਹੀ ਸਾਰ

## ✪ ਸ਼੍ਰੋਮਣੀ ਕਮੇਟੀ ਦੇ ਵਾਅਦੇ ਨਹੀਂ ਕੀਤੇ ਪੂਰੇ, ਧਰਮੀ ਫੌਜੀ ਨਰਾਜ਼ ✪ 6 ਜੂਨ ਨੂੰ ਐਸੋਸੀਏਸ਼ਨ ਵਲੋਂ ਅੰਦੋਲਨ ਦਾ ਐਲਾਨ





**ਖਾਸ ਖਬਰ** 1984 ਦੇ ਦਰਬਾਰ ਸਾਹਿਬ ’ਤੇ ਫੌਜੀ ਹਮਲੇ ਦੇ ਵਿਰੋਧ ਵਿਚ ਬਗਾਵਤ ਕਰਨ ਵਾਲੇ ਸਿੱਖ ਫੌਜੀਆਂ, ਜਿਨ੍ਹਾਂ ਨੂੰ “ਧਰਮੀ ਫੌਜੀ” ਦਾ ਮਾਣਮੱਤਾ ਨਾਮ ਦਿੱਤਾ ਗਿਆ, ਅੱਜ ਵੀ ਆਪਣੀ ਮਾਨਤਾ ਅਤੇ ਸਨਮਾਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਤੋਂ ਨਿਰਾਸ਼ ਹਨ। ਸਮੁੱਚੇ ਸਿੱਖ ਧਰਮੀ ਫੌਜੀ ਜੂਨ 1984 ਪਰਿਵਾਰ ਵੈਲਫੇਅਰ ਐਸੋਸੀਏਸ਼ਨ ਦਾ ਦੋਸ਼ ਹੈ ਕਿ ਸ਼੍ਰੋਮਣੀ ਕਮੇਟੀ ਨੇ ਨਾ ਸਿਰਫ ਉਨ੍ਹਾਂ ਦੇ ਯੋਗਦਾਨ ਨੂੰ ਅਣਡਿੱਠ ਕੀਤਾ, ਸਗੋਂ ਵਾਅਦਿਆਂ ਨੂੰ ਵੀ ਹਵਾ ਵਿਚ ਉਡਾ ਦਿੱਤਾ।

ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਦਾ ਦਾਅਵਾ ਹੈ ਕਿ ਜੂਨ 1984 ਵਿਚ ਫੌਜ ਛੱਡਣ ਵਾਲੇ ਸਿੱਖ ਸਿਪਾਹੀਆਂ ਦੀ ਗਿਣਤੀ 2,875 ਸੀ, ਜਦਕਿ ਸ਼੍ਰੋਮਣੀ ਕਮੇਟੀ 309 ਦੀ ਗੱਲ ਕਰਦੀ ਹੈ। ਇਹ ਅੰਕੜਿਆਂ ਦਾ ਅੰਤਰ ਸਿਰਫ ਸੰਖਿਆਵਾਂ ਦੀ ਗੱਲ ਨਹੀਂ, ਸਗੋਂ ਸਿੱਖ ਕੌਮ ਦੇ ਸੰਘਰਸ਼ ਅਤੇ ਕੁਰਬਾਨੀ ਦੀ ਮਾਨਤਾ ਦਾ ਸਵਾਲ ਹੈ। ਸੱਚ ਨੂੰ ਸਾਹਮਣੇ ਲਿਆਉਣ ਦੀ ਜ਼ਰੂਰਤ ਹੈ, ਪਰ ਸ਼੍ਰੋਮਣੀ ਕਮੇਟੀ ਇਹ ਤਥ ਕਿਉਂ ਲੁਕਾ ਰਹੀ ਹੈ?

ਧਰਮੀ ਫੌਜੀਆਂ ਨੂੰ ਨਾ ਸਿਰਫ ਭਾਰਤ ਸਰਕਾਰ ਨੇ ਪੈਨਸ਼ਨ ਜਾਂ ਰੁਜ਼ਗਾਰ ਦੇਣ ਵਿਚ ਅਣਗਹਿਲੀ ਕੀਤੀ, ਸਗੋਂ ਸ਼੍ਰੋਮਣੀ ਕਮੇਟੀ ਵੀ ਉਨ੍ਹਾਂ ਦੀ ਸਹਾਇਤਾ ਵਿਚ ਨਾਕਾਮ ਰਹੀ। ਸਿਰਫ ਜੇਲ੍ਹ ਕੱਟਣ ਵਾਲਿਆਂ ਨੂੰ 50,000 ਅਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 1 ਲੱਖ ਰੁਪਏ ਦੇ ਮੁਆਵਜ਼ੇ ਨਾਲ ਕੀ ਸਿੱਖ ਸੰਘਰਸ਼ ਦੀ ਕੀਮਤ ਚੁਕਾਈ ਜਾ ਸਕਦੀ ਹੈ? ਸ਼੍ਰੋਮਣੀ ਕਮੇਟੀ ਦੀ ਇਸ ਬੇਰੁਖੀ ਨੇ ਸਿੱਖ ਸਿਪਾਹੀਆਂ ਦੇ ਜਜ਼ਬਾਤਾਂ ਨੂੰ ਠੇਸ ਪਹੁੰਚਾਈ ਹੈ। 6 ਜੂਨ ਨੂੰ ਸਮੁੱਚੇ ਸਿੱਖ ਧਰਮੀ ਫੌਜੀ ਜੂਨ 1984 ਪਰਿਵਾਰ ਵੈਲਫੇਅਰ ਐਸੋਸੀਏਸ਼ਨ ਦਾ ਅੰਦੋਲਨ ਸ਼੍ਰੋਮਣੀ ਕਮੇਟੀ ਨੂੰ ਝੰਜੋੜਨ ਦੀ ਤਿਆਰੀ ਵਿਚ ਹੈ। ਇਹ ਅੰਦੋਲਨ ਸਿਰਫ ਮਾਨਤਾ ਦੀ ਮੰਗ ਨਹੀਂ, ਸਗੋਂ ਸਿੱਖ ਕੌਮ ਦੇ ਸੰਘਰਸ਼ ਨੂੰ ਸਨਮਾਨ ਦੇਣ ਦੀ ਇੱਕ ਹੱਡਬੀਤੀ ਪੁਕਾਰ ਹੈ।

ਜੂਨ 1984 ’ਚ ਸ੍ਰੀ ਦਰਬਾਰ ਸਾਹਿਬ ’ਤੇ ਭਾਰਤੀ ਫੌਜ ਦੇ ਹਮਲੇ ਦੇ ਵਿਰੋਧ ਵਿਚ ਲਗਭਗ 4,500 ਸਿੱਖ ਸਿਪਾਹੀਆਂ ਨੇ ਭਾਰਤੀ ਫੌਜ ਛੱਡ ਦਿੱਤੀ ਸੀ। ਸਮੁੱਚੇ ਸਿੱਖ ਧਰਮੀ ਫੌਜੀ ਜੂਨ 1984 ਪਰਿਵਾਰ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਦੇ ਅਨੁਸਾਰ, 2,875 ਸਿਪਾਹੀਆਂ ਨੇ ਬਗਾਵਤ ਕੀਤੀ, ਜਦਕਿ ਸ਼੍ਰੋਮਣੀ ਕਮੇਟੀ ਸਿਰਫ 309 ਦੀ ਗਿਣਤੀ ਦੱਸਦੀ ਹੈ। ਇਹ ਅੰਕੜਿਆਂ ਦਾ ਅੰਤਰ ਸਿੱਖ ਸੰਘਰਸ਼ ਦੀ ਮਾਨਤਾ ਅਤੇ ਸੱਚਾਈ ਨੂੰ ਸਾਹਮਣੇ ਲਿਆਉਣ ਵਿਚ ਰੁਕਾਵਟ ਬਣਿਆ ਹੈ।

ਭਾਰਤ ਸਰਕਾਰ ਨੇ ਧਰਮੀ ਫੌਜੀਆਂ ਨੂੰ ਪੈਨਸ਼ਨ ਜਾਂ ਕੋਈ ਵਿੱਤੀ ਸਹਾਇਤਾ ਨਹੀਂ ਦਿੱਤੀ। ਇਨ੍ਹਾਂ ਸਿਪਾਹੀਆਂ ਨੂੰ ਬਗਾਵਤ ਦੇ ਦੋਸ਼ ਵਿਚ ਸਜ਼ਾਵਾਂ ਭੁਗਤਣੀਆਂ ਪਈਆਂ, ਜਿਸ ’ਚ ਜੇਲ੍ਹ ਸਜ਼ਾਵਾਂ ਅਤੇ ਨੌਕਰੀਆਂ ਗੁਆਉਣਾ ਸ਼ਾਮਲ ਸੀ। ਸਰਕਾਰ ਨੇ ਇਨ੍ਹਾਂ ਸਿਪਾਹੀਆਂ ਦੇ ਧਾਰਮਿਕ ਜਜ਼ਬੇ ਨੂੰ ਨਜ਼ਰਅੰਦਾਜ਼ ਕਰਦਿਆਂ ਉਨ੍ਹਾਂ ਨੂੰ ਕੋਈ ਮੁਆਵਜ਼ਾ ਜਾਂ ਮੁੜ ਵਸੇਬਾ ਸਹੂਲਤ ਨਹੀਂ ਪ੍ਰਦਾਨ ਕੀਤੀ।

ਧਰਮੀ ਫੌਜੀਆਂ ਨੂੰ ਰੁਜ਼ਗਾਰ ਦੇ ਮਾਮਲੇ ਵਿਚ ਵੀ ਕੋਈ ਸਹਾਇਤਾ ਨਹੀਂ ਮਿਲੀ। ਫੌਜ ਛੱਡਣ ਤੋਂ ਬਾਅਦ ਬਹੁਤ ਸਾਰੇ ਸਿਪਾਹੀਆਂ ਨੂੰ ਜੇਲ੍ਹ ਸਜ਼ਾਵਾਂ ਅਤੇ ਵਿੱਤੀ ਸੰਕਟ ਦਾ ਸਾਹਮਣਾ ਕਰਨਾ ਪਿਆ। ਸ਼੍ਰੋਮਣੀ ਕਮੇਟੀ ਅਤੇ ਸਰਕਾਰੀ ਪੱਧਰ ’ਤੇ ਇਨ੍ਹਾਂ ਫੌਜੀਆਂ ਦੇ ਪੁਨਰਵਾਸ ਲਈ ਕੋਈ ਠੋਸ ਯੋਜਨਾ ਨਹੀਂ ਬਣੀ, ਜਿਸ ਕਾਰਨ ਉਨ੍ਹਾਂ ਦੇ ਪਰਿਵਾਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

### ਸ਼੍ਰੋਮਣੀ ਕਮੇਟੀ ਦੇ ਵਾਅਦੇ

ਸ਼੍ਰੋਮਣੀ ਕਮੇਟੀ ਨੇ ਧਰਮੀ ਫੌਜੀਆਂ ਨੂੰ ਮਾਨਤਾ ਅਤੇ ਸਹਾਇਤਾ ਦੇਣ ਦੇ ਵਾਅਦੇ ਕੀਤੇ ਸਨ, ਪਰ ਐਸੋਸੀਏਸ਼ਨ ਦੇ ਦੋਸ਼ਾਂ ਅਨੁਸਾਰ, ਇਹ ਵਾਅਦੇ ਅਧੂਰੇ ਰਹੇ। ਸਿਰਫ ਜੇਲ੍ਹ ਸਜ਼ਾ ਕੱਟਣ ਵਾਲਿਆਂ ਨੂੰ 50,000 ਅਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 1 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਗਿਆ, ਜੋ ਐਸੋਸੀਏਸ਼ਨ ਮੁਤਾਬਕ ਨਾਕਾਫੀ ਹੈ। ਸ਼੍ਰੋਮਣੀ ਕਮੇਟੀ ਨੇ ਨਾ ਤਾਂ ਸਾਰੇ ਧਰਮੀ ਫੌਜੀਆਂ ਦੀ ਸਹੀ ਗਿਣਤੀ ਨੂੰ ਮਾਨਤਾ ਦਿੱਤੀ ਅਤੇ ਨਾ ਹੀ ਉਨ੍ਹਾਂ ਦੇ ਸਨਮਾਨ ਲਈ ਕੋਈ ਵਿਸ਼ੇਸ਼ ਉਪਰਾਲਾ ਕੀਤਾ।

ਸ਼੍ਰੋਮਣੀ ਕਮੇਟੀ ਦਾ ਅਧਿਕਾਰਤ ਤੌਰ ’ਤੇ ਕੋਈ ਨਵਾਂ ਪੱਖ ਸਾਹਮਣੇ ਨਹੀਂ ਆਇਆ। ਐਸੋਸੀਏਸ਼ਨ ਦੇ ਦੋਸ਼ਾਂ ’ਤੇ ਸ਼੍ਰੋਮਣੀ ਕਮੇਟੀ ਦੀ ਚੁੱਪੀ ਸਵਾਲ ਖੜੇ ਕਰਦੀ ਹੈ। ਸੰਭਾਵੀ ਕਾਰਨਾਂ ’ਚ ਸਿਆਸੀ ਦਬਾਅ, ਵਿੱਤੀ ਸੀਮਾਵਾਂ, ਅਤੇ ਅੰਦਰੂਨੀ ਪ੍ਰਬੰਧਕੀ ਮੁੱਦੇ ਸ਼ਾਮਲ ਹੋ ਸਕਦੇ ਹਨ। ਸ਼੍ਰੋਮਣੀ ਕਮੇਟੀ ਦੀ ਅਣਗਹਿਲੀ ਨੇ ਧਰਮੀ ਫੌਜੀਆਂ ਦੇ ਜਜ਼ਬਾਤਾਂ ਨੂੰ ਠੇਸ ਪਹੁੰਚਾਈ ਹੈ, ਅਤੇ ਇਸ ਨੇ ਸਿੱਖ ਸੰਗਤ ਵਿਚ ਵੀ ਨਾਰਾਜ਼ਗੀ ਨੂੰ ਜਨਮ ਦਿੱਤਾ ਹੈ। 6 ਜੂਨ ਨੂੰ ਐਸੋਸੀਏਸ਼ਨ ਦਾ ਅੰਦੋਲਨ ਸ਼੍ਰੋਮਣੀ ਕਮੇਟੀ ’ਤੇ ਦਬਾਅ ਵਧਾ ਸਕਦਾ ਹੈ, ਪਰ ਕੀ ਇਹ ਅੰਦੋਲਨ ਸੱਚਮੁੱਚ ਵਾਅਦਿਆਂ ਨੂੰ ਪੂਰਾ ਕਰਵਾਏਗਾ, ਇਹ ਵਕਤ ਹੀ ਦੱਸੇਗਾ।

# ਭਾਈ ਰੋਡੇ ਦੇ ਪ੍ਰਬੰਧਾਂ ਹੇਠ ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਨ ਮੌਕੇ ਹੋਇਆ ਵਿਸ਼ਾਲ ਇਕੱਠ

ਸਮਾਲਸਰ (ਮੋਗਾ)-ਵੀਹਵੀਂ ਸਦੀ ਦੇ ਮਹਾਨ ਜਰਨੈਲ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ ਜਨਮ ਦਿਹਾੜਾ ਉਨ੍ਹਾਂ ਦੇ ਜੱਦੀ ਪਿੰਡ ਰੋਡੇ (ਮੋਗਾ) ਵਿਖੇ ਮਨਾਇਆ ਗਿਆ। ਇਸ ਮੌਕੇ ਗਿਆਨੀ ਰਘਬੀਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਰੋਡੇ ਉਹ ਨਗਰ ਹੈ ਜਿਸ ਨਗਰ ਵਿਚ ਪਿਤਾ ਜੋਗਿੰਦਰ ਸਿੰਘ ਦੇ ਗ੍ਰਹਿ ਵਿਖੇ ਇਕ ਪਿਆਰੀ ਰੂਹ 2 ਜੂਨ 1947 ਨੂੰ ਪ੍ਰਗਟ ਹੋਈ।




ਇਸ ਰੂਹ ਨੇ ਮਹਾਨ ਸੰਤ ਜਰਨੈਲ ਸਿੰਘ ਖਾਲਸਾ ਦੇ ਰੂਪ ਵਿਚ ਦਮਦਮੀ ਟਕਸਾਲ ਦੇ 14ਵੇਂ ਮੁਖੀ ਵਜੋਂ ਸਨਮਾਨ ਪ੍ਰਾਪਤ ਕੀਤਾ। ਜਿਹੜੇ ਕਾਰਜ ਸੰਤਾਂ ਨੇ ਕੀਤੇ ਉਹ ਇਕ ਚਾਨਣ ਮੁਨਾਰੇ ਦੀ ਤਰ੍ਹਾਂ ਹਨ ਅਤੇ ਇਹ ਕਾਰਜ ਇਤਿਹਾਸ ਦੇ ਪੰਨਿਆਂ ’ਚ ਹਮੇਸ਼ਾ ਕਾਇਮ ਰਹਿਣਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੰਤ ਸਿਪਾਹੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਕਹਿਣੀ ਤੇ ਕਰਨੀ ਦੇ ਇਕ ਸਨ ।ਉਨ੍ਹਾਂ ਕਿਹਾ ਕਿ ਸੰਤਾਂ ਦੀ ਕੁਰਬਾਨੀ ਕੋਈ ਨਿੱਜੀ ਮੰਤਵ ਲਈ ਨਹੀਂ ਸੀ ਬਲਕਿ ਉਨ੍ਹਾਂ ਨੇ ਆਪਣੀ ਸ਼ਹਾਦਤ ਸਮੁੱਚੀ ਸਿੱਖ ਕੌਮ ਵਾਸਤੇ ਦਿੱਤੀ ਹੈ। ਗਿਆਨੀ ਗੁਰਬਿੰਦਰ ਸਿੰਘ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਨੇ ਆਪਣੇ ਸੰਬੋਧਨ ਵਿਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਜੀਵਨ ਉੱਪਰ ਰੌਸ਼ਨੀ ਪਾਈ। ਗਿਆਨੀ ਕੇਵਲ ਸਿੰਘ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਜਿਨ੍ਹਾਂ ਸ਼ਹੀਦਾਂ ਨੇ ਸਿੱਖ ਕੌਮ ਲਈ ਆਪਣਾ ਖੂਨ ਵਹਾਇਆ ਤੇ ਸ਼ਹਾਦਤਾਂ ਦਿੱਤੀਆਂ ਉਨ੍ਹਾਂ ਵਿਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਸ਼ਹਾਦਤ ਸੁਨਹਿਰੇ ਅੱਖਰਾਂ ਵਿਚ ਲਿਖੀ ਗਈ ਹੈ। ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ ਵਾਲਿਆਂ ਨੇ ਕਿਹਾ ਕਿ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਸਿੱਖ ਕੌਮ ਨੂੰ ਬਹੁਤ ਵੱਡੀ ਦੇਣ ਹੈ। ਬੀਬੀ ਸਤਵੰਤ ਕੌਰ ਸਪੁੱਤਰੀ ਭਾਈ ਅਮਰੀਕ ਸਿੰਘ ਨੇ ਆਪਣੇ ਸੰਬੋਧਨ ’ਚ ਕਿਹਾ ਕਿ ਸੰਤਾਂ ਦੇ ਜੀਵਨ ਬਾਰੇ ਮੇਰੇ ਤੋਂ ਪਹਿਲਾਂ ਪ੍ਰਮੁੱਖ ਸ਼ਖਸੀਅਤਾਂ ਵਲੋਂ ਰੌਸ਼ਨੀ ਪਾਈ ਗਈ ਹੈ। ਇਸ ਮੌਕੇ ਭਾਈ ਜਸਵੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਪਣੇ ਜ਼ਜ਼ਬਾਤੀ ਸੰਬੋਧਨ ਵਿਚ ਕਿਹਾ ਕਿ ਅੱਜ ਮਹਿਸੂਸ ਹੁੰਦਾ ਹੈ ਕਿ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਵਰਗਾ ਹੋਰ ਕੋਈ ਆਗੂ ਪੈਦਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਅਨੰਦਪੁਰ ਸਾਹਿਬ ਦਾ ਮਤਾ ਸੰਘੀ ਢਾਂਚੇ ਤੋਂ ਵੱਖਰਾ ਨਹੀਂ ਹੈ। ਲੋਕਤੰਤਰ ਤੇ ਸੰਘੀ ਢਾਂਚਾ ਅਨੰਦਪੁਰ ਸਾਹਿਬ ਦਾ ਮਤਾ ਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਨੇ ਸੋਚੀ ਸਮਝੀ ਸਕੀਮ ਤਹਿਤ ਸਿੱਖ ਕੌਮ ਦੀ ਨਸਲਕੁਸ਼ੀ ਕੀਤੀ। ਇਸ ਮੌਕੇ ਸਿੰਘ ਸਾਹਿਬਾਨ, ਸਿੱਖ ਸੰਪਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ, ਉਦਾਸੀਨ ਸੰਪਰਦਾਇ, ਨਿਰਮਲ ਸੰਪਰਦਾਇ, ਕਿਸਾਨ ਜਥੇਬੰਦੀਆਂ, ਰਾਜਨੀਤਕ ਜਥੇਬੰਦੀਆਂ, ਨੌਜਵਾਨ ਜਥੇਬੰਦੀਆਂ ਤੇ ਸਮਾਗਮ ਵਿਚ ਪੁੱਜੀਆਂ ਹੋਰ ਸੰਸਥਾਵਾਂ ਤੇ ਸ਼ਖਸੀਅਤਾਂ ਦਾ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਅਤੇ ਸੰਤ ਚਰਨਜੀਤ ਸਿੰਘ ਜੱਸੋਵਾਲ ਵਲੋਂ ਮਾਣ-ਸਨਮਾਨ ਕੀਤਾ ਗਿਆ।

# ਕੇਜਰੀਵਾਲ ਦਾ ਪੰਜਾਬ 'ਤੇ ਵਧਦਾ ਦਬਦਬਾ, ਦਿੱਲੀ ਦੀ ਟੀਮ ਦੀ ਪੰਜਾਬ ਵਿਚ ਐਂਟਰੀ

ਨਿਊਜ਼ ਵਿਸ਼ਲੇਸ਼ਣ

## ✪ ਕੌਣ ਹੈ ਪੰਜਾਬ ਦਾ ਅਸਲੀ ਮੁੱਖ ਮੰਤਰੀ ਭਗਵੰਤ ਮਾਨ ਜਾਂ ਕੇਜਰੀਵਾਲ ✪ ਕੀ ਪੰਜਾਬ ਦਾ ਪੈਸਾ ਕੇਜਰੀਵਾਲ ਦੇ ਹੈਲੀਕਾਪਟਰ ਯਾਤਰਾਵਾਂ 'ਤੇ ਹੋ ਰਿਹਾ ਖਰਚ ?

ਆਪ ਸੁਪਰੀਮੋ ਅਰਵਿੰਦ ਕੇਜਰੀਵਾਲ, ਜੋ ਕਦੇ ਦਿੱਲੀ ਦੇ ਮੁੱਖ ਮੰਤਰੀ ਵਜੋਂ 'ਆਮ ਆਦਮੀ' ਦੀ ਅਵਾਜ਼ ਬਣਕੇ ਉਭਰੇ ਸਨ, ਅੱਜ ਪੰਜਾਬ ਦੀ ਸਿਆਸੀ ਸਮੀਕਰਨ ਵਿੱਚ ਇੱਕ ਅਜਿਹਾ ਸੁਪਰ ਕਿਰਦਾਰ ਬਣ ਰਹੇ ਹਨ, ਜਿਸ ਨੂੰ ਵਿਰੋਧੀ ਪਾਰਟੀਆਂ 'ਅਸਲ ਮੁੱਖ ਮੰਤਰੀ' ਦਾ ਨਾਂ ਦੇ ਰਹੀਆਂ ਹਨ। ਦੂਜੇ ਪਾਸੇ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਚੁੱਪੀ ਅਤੇ ਉਨ੍ਹਾਂ ਦੀ ਸੀਮਤ ਸਰਗਰਮੀ ਨੇ ਇਸ ਬਹਿਸ ਨੂੰ ਹੋਰ ਤਿੱਖਾ ਕਰ ਦਿੱਤਾ ਹੈ। ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਸੱਤਾ ਗੁਆਉਣ ਤੋਂ ਬਾਅਦ ਕੇਜਰੀਵਾਲ ਦਾ ਧਿਆਨ ਪੰਜਾਬ ਵੱਲ ਮੁੜਿਆ ਹੈ, ਜਿੱਥੇ 'ਆਪ' ਸੱਤਾ ਵਿਚ ਹੈ।

ਮਾਰਚ 2025 ਵਿਚ ਹੁਸ਼ਿਆਰਪੁਰ ਤੋਂ ਕੇਜਰੀਵਾਲ ਨੇ ਪੰਜਾਬ ਵਿਚ ਲਗਭਗ ਹਰ ਹਫ਼ਤੇ ਨਵੀਂ ਮੁਹਿੰਮ, ਕੇਂਦਰਾਂ ਦੇ ਉਦਘਾਟਨ ਅਤੇ ਨੀਂਹ-ਪੱਥਰ ਰੱਖਣ ਦੀਆਂ ਸਰਗਰਮੀਆਂ ਵਿਚ ਹਿੱਸਾ ਲਿਆ ਸੀ। ਜਿੱਥੇ ਦਿੱਲੀ ਵਿਚ ਉਹ ਸਿਰਫ਼ ਤਿੰਨ ਵਾਰ ਜਨਤਕ ਤੌਰ 'ਤੇ ਨਜ਼ਰ ਆਏ, ਉੱਥੇ ਪੰਜਾਬ ਵਿਚ ਉਨ੍ਹਾਂ ਨੇ ਇੱਕ ਦਰਜਨ ਤੋਂ ਵੱਧ ਸਰਗਰਮੀਆਂ ਵਿਚ ਮੌਜੂਦ ਰਹੇ ਸਨ।

ਮੁੱਖ ਮੰਤਰੀ ਭਗਵੰਤ ਮਾਨ ਨਾਲ ਹੈਲੀਕਾਪਟਰ ਵਿਚ ਸਫ਼ਰ, ਸਰਕਾਰੀ ਅਧਿਕਾਰੀਆਂ ਨਾਲ ਬੈਠਕਾਂ ਅਤੇ 'ਆਪ' ਵਿਧਾਇਕਾਂ ਦੇ ਘਰਾਂ ਵਿਚ ਰਹਿਣ ਦੀਆਂ ਖ਼ਬਰਾਂ ਨੇ ਸਿਆਸੀ ਹਲਕਿਆਂ ਵਿਚ ਹਲਚਲ ਮਚਾ ਦਿੱਤੀ ਹੈ ਕੇਜਰੀਵਾਲ ਦੀ ਇਹ ਵਧਦੀ ਮੌਜੂਦਗੀ ਸਿਰਫ਼ ਜਨਤਕ ਸਮਾਗਮਾਂ ਤੱਕ ਸੀਮਤ ਨਹੀਂ।

ਸਰਕਾਰੀ ਸੂਤਰਾਂ ਅਨੁਸਾਰ, ਪੰਜਾਬ ਦੇ ਪ੍ਰਸ਼ਾਸਨ 'ਤੇ ਉਨ੍ਹਾਂ ਦਾ ਕੰਟਰੋਲ ਸਪਸ਼ਟ ਤੌਰ 'ਤੇ ਵਧ ਰਿਹਾ ਹੈ। ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਸਾਬਕਾ ਮੁੱਖ ਸਕੱਤਰ ਅਨੁਰਾਗ ਵਰਮਾ ਵਰਗੇ ਸੀਨੀਅਰ ਅਧਿਕਾਰੀਆਂ ਦੀਆਂ



ਨਿਯੁਕਤੀਆਂ ਵਿਚ ਕੇਜਰੀਵਾਲ ਦੀ ਸਿੱਧੀ ਦਖ਼ਲਅੰਦਾਜ਼ੀ ਦੀਆਂ ਚਰਚਾਵਾਂ ਹਨ। ਸਿਹਤ ਅਤੇ ਸਿੱਖਿਆ ਵਰਗੇ ਵਿਭਾਗਾਂ ਵਿਚ ਮਨੀਸ਼ ਸਿਸੋਦੀਆ, ਸਤਯੇਂਦਰ ਜੈਨ ਅਤੇ ਅਨੁਰਾਗ ਕੁੰਡੂ ਵਰਗੇ ਦਿੱਲੀ ਦੇ ਆਗੂਆਂ ਦੀ ਸਰਗਰਮੀ ਨੇ ਪੰਜਾਬ ਦੇ ਸਥਾਨਕ 'ਆਪ' ਵਰਕਰਾਂ ਵਿਚ ਨਾਰਾਜ਼ਗੀ ਪੈਦਾ ਕੀਤੀ ਹੈ। ਪੰਜਾਬ ਵਿਕਾਸ ਕਮਿਸ਼ਨ ਵਰਗੀਆਂ ਸੰਸਥਾਵਾਂ ਵਿਚ ਵੀ ਦਿੱਲੀ ਦੀ ਟੀਮ ਦਾ ਦਬਦਬਾ ਸਪਸ਼ਟ ਹੈ।

ਇਸ ਦੇ ਮੈਂਬਰਾਂ ਵਿਚ ਪੰਜਾਬ ਦਾ ਕੋਈ ਵੀ 'ਆਪ' ਮੈਂਬਰ ਸ਼ਾਮਲ ਨਹੀਂ, ਜੋ ਸਥਾਨਕ ਸਿਆਸੀਆਂ ਦੀ ਅਣਦੇਖੀ ਨੂੰ ਦਰਸਾਉਂਦਾ ਹੈ। ਨਾ ਸਿਰਫ਼ ਅਧਿਕਾਰੀ, ਸਗੋਂ ਵੱਖ-ਵੱਖ ਬੋਰਡਾਂ ਅਤੇ ਨਿਗਮਾਂ ਵਿਚ ਦਿੱਲੀ ਦੀ 'ਆਪ' ਟੀਮ ਦੇ ਮੈਂਬਰਾਂ ਦੀਆਂ ਨਿਯੁਕਤੀਆਂ ਨੇ ਵੀ ਵਿਰੋਧੀਆਂ ਨੂੰ ਹਥਿਆਰ ਦੇ ਦਿੱਤੇ ਹਨ।

### ਭਗਵੰਤ ਮਾਨ ਚੁੱਪ ਕਿਉਂ ?

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਜੋ ਕਦੇ ਆਪਣੀ ਬੇਬਾਕੀ ਅਤੇ ਜਨਤਕ ਸੰਪਰਕ ਨਾਲ ਜਾਣੇ ਜਾਂਦੇ ਸਨ, ਅੱਜ ਇੱਕ ਅਜਿਹੇ ਸਿਆਸੀ ਕਿਰਦਾਰ ਵਿਚ ਬਦਲਦੇ ਜਾ ਰਹੇ ਹਨ, ਜਿਨ੍ਹਾਂ ਦੀ ਮੌਜੂਦਗੀ ਸਿਰਫ਼ ਕੇਜਰੀਵਾਲ ਦੇ ਨਾਲ-ਨਾਲ ਸਮਾਗਮਾਂ ਵਿਚ ਹੀ ਨਜ਼ਰ ਆਉਂਦੀ ਹੈ। ਅਜਿਹੇ ਮੌਕਿਆਂ 'ਤੇ ਮੁੱਖ ਸਕੱਤਰ ਵਰਗੇ ਸੀਨੀਅਰ ਅਧਿਕਾਰੀਆਂ ਦਾ ਕੇਜਰੀਵਾਲ ਨੂੰ ਸਿੱਧੇ ਰਿਪੋਰਟ ਕਰਨਾ ਅਤੇ ਉਨ੍ਹਾਂ ਤੋਂ ਨਿਰਦੇਸ਼ ਲੈਣਾ, ਮਾਨ ਦੀ ਸੱਤਾ 'ਤੇ ਸਵਾਲ ਖੜ੍ਹੇ ਕਰਦਾ ਹੈ। ਵਿਰੋਧੀ ਪਾਰਟੀਆਂ, ਖ਼ਾਸ ਕਰਕੇ ਕਾਂਗਰਸ ਅਤੇ ਅਕਾਲੀ ਦਲ, ਨੇ ਇਸ ਸਥਿਤੀ 'ਤੇ ਤਿੱਖੀ ਆਲੋਚਨਾ ਕੀਤੀ ਹੈ।

ਕਾਂਗਰਸ ਵਿਧਾਇਕ ਪਰਗਟ ਸਿੰਘ ਨੇ ਐਕਸ 'ਤੇ ਲਿਖਿਆ ਕਿ "ਮੰਤਰੀਆਂ, ਅਧਿਕਾਰੀਆਂ ਅਤੇ ਸਾਰੀ ਮਸ਼ੀਨਰੀ ਲਈ ਕੇਜਰੀਵਾਲ ਨੂੰ ਵਾਸਤਵਿਕ ਮੁੱਖ ਮੰਤਰੀ ਮੰਨਣਾ ਆਮ ਗੱਲ ਹੋ ਗਈ ਹੈ।"

ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਵੀ ਕੇਜਰੀਵਾਲ ਦੀਆਂ ਨਿਯੁਕਤੀਆਂ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਇਹ ਪੰਜਾਬ 'ਤੇ ਦਿੱਲੀ ਦੀ ਸੱਤਾ ਦਾ ਸਪਸ਼ਟ ਸੰਕੇਤ ਹੈ।

ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੀ ਪੰਜਾਬ ਦੇ 'ਆਪ' ਵਰਕਰਾਂ ਨੂੰ ਹਾਸ਼ੀਏ 'ਤੇ ਧੱਕਣ ਅਤੇ ਬਾਹਰੀਆਂ ਨੂੰ ਅਹਿਮ ਅਹੁਦਿਆਂ 'ਤੇ ਬਿਠਾਉਣ ਦੀ ਆਲੋਚਨਾ ਕੀਤੀ।

ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਕੇਜਰੀਵਾਲ ਪੰਜਾਬ ਦੇ ਉਦਯੋਗ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਵਿਚ ਹਨ।

ਹਾਲਾਂਕਿ, 'ਆਪ' ਦੇ ਸਮਰਥਕ ਇਸ ਨੂੰ ਇੱਕ ਸੁਧਾਰਕ ਪਹੁੰਚ ਦੱਸਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਕੇਜਰੀਵਾਲ ਦੀ ਮੌਜੂਦਗੀ ਅਤੇ ਦਿੱਲੀ ਮਾਡਲ ਦੀਆਂ ਨੀਤੀਆਂ ਪੰਜਾਬ ਵਿਚ ਸੁਧਾਰ ਲਿਆਉਣ ਦੀ ਕੋਸ਼ਿਸ਼ ਹਨ।

### ਪੰਜਾਬ ਦਾ ਪੈਸਾ: ਹੈਲੀਕਾਪਟਰ ਯਾਤਰਾਵਾਂ ਜਾਂ ਸੁਧਾਰਾਂ 'ਤੇ ?

ਕੇਜਰੀਵਾਲ ਦੀਆਂ ਪੰਜਾਬ ਦੀਆਂ ਵਾਰ-ਵਾਰ ਯਾਤਰਾਵਾਂ ਅਤੇ ਸਰਕਾਰੀ ਹੈਲੀਕਾਪਟਰ ਦੀ ਵਰਤੋਂ ਨੇ ਵੀ ਵਿਵਾਦ ਨੂੰ ਜਨਮ ਦਿੱਤਾ ਹੈ। ਵਿਰੋਧੀ ਪਾਰਟੀਆਂ ਦਾ ਇਲਜ਼ਾਮ ਹੈ ਕਿ ਪੰਜਾਬ ਦੇ ਖ਼ਜ਼ਾਨੇ ਦਾ ਪੈਸਾ ਕੇਜਰੀਵਾਲ ਦੀਆਂ ਇਨ੍ਹਾਂ ਯਾਤਰਾਵਾਂ 'ਤੇ ਬੇਕਾਰ ਖ਼ਰਚ ਹੋ ਰਿਹਾ ਹੈ। ਸੁਖਬੀਰ ਸਿੰਘ ਬਾਦਲ ਨੇ ਐਕਸ 'ਤੇ ਲਿਖਿਆ ਕਿ "ਦਿੱਲੀ ਦਾ 'ਆਪ' ਲੀਡਰਸ਼ਿਪ ਪੰਜਾਬ ਦੇ ਉਦਯੋਗ ਨੂੰ ਲੁੱਟਣਾ ਅਤੇ ਆਪਣੀਆਂ ਤਿਜੋਰੀਆਂ ਭਰਨਾ ਚਾਹੁੰਦਾ ਹੈ।"

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਕੇਜਰੀਵਾਲ ਦੀ ਵਧਦੀ ਮੌਜੂਦਗੀ ਅਤੇ ਦਿੱਲੀ ਦੀ ਟੀਮ ਦੀ ਪੰਜਾਬ ਵਿਚ ਐਂਟਰੀ ਨੇ ਜਿੱਥੇ 'ਆਪ' ਦੀ ਸਿਆਸੀ ਰਣਨੀਤੀ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਉੱਥੇ ਸਥਾਨਕ ਵਰਕਰਾਂ ਅਤੇ ਆਮ ਪੰਜਾਬੀਆਂ ਵਿਚ ਨਾਰਾਜ਼ਗੀ ਵੀ ਪੈਦਾ ਕੀਤੀ ਹੈ। ਭਗਵੰਤ ਮਾਨ ਦੀ ਚੁੱਪੀ ਅਤੇ ਸੀਮਤ ਭੂਮਿਕਾ ਨੇ ਸਵਾਲ ਖੜ੍ਹੇ ਕੀਤੇ ਹਨ ਕਿ ਕੀ ਪੰਜਾਬ ਦੀ ਸੱਤਾ ਕੇਜਰੀਵਾਲ ਚਲਾ ਰਿਹਾ ਹੈ ਜਾਂ ਭਗਵੰਤ ਮਾਨ। ਕੀ ਪੰਜਾਬ ਦੀ ਸੱਤਾ ਸੱਚਮੁੱਚ ਪੰਜਾਬੀਆਂ ਦੇ ਹੱਥਾਂ ਵਿਚ ਹੈ, ਜਾਂ ਇਹ ਦਿੱਲੀ ਦੇ 'ਆਪ' ਸੁਪਰੀਮੋ ਦੇ ਹੈਲੀਕਾਪਟਰ ਵਿਚ ਉਡਾਰੀਆਂ ਮਾਰ ਰਹੀ ਹੈ ?

# ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਕਾਂਗਰਸ ਵਿਚ ਮੁੜ ਸ਼ਾਮਲ



ਮੁੱਲਾਂਪੁਰ-ਦਾਖਾ (ਲੁਧਿਆਣਾ)-ਪਿਛਲੇ ਸਾਲ ਲੋਕ ਸਭਾ ਚੋਣ ਤੋਂ ਪਹਿਲਾਂ ਕਾਂਗਰਸ ਪਾਰਟੀ ਵਲੋਂ ਜਲੰਧਰ ਦੇ ਸਾਬਕਾ ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ ਦੀ ਧਰਮ ਪਤਨੀ ਕਰਮਜੀਤ ਕੌਰ ਚੌਧਰੀ ਨੂੰ ਪਾਰਟੀ ਵਲੋਂ ਟਿਕਟ ਨਾ ਮਿਲਣ 'ਤੇ ਪਾਰਟੀ ਉਮੀਦਵਾਰ ਚਰਨਜੀਤ ਸਿੰਘ ਚੰਨੀ ਦੇ ਵਿਰੋਧ ਵਿਚ ਰਹੇ ਯੂਥ ਕਾਂਗਰਸ ਪੰਜਾਬ ਸਾਬਕਾ ਪ੍ਰਧਾਨ, ਵਿਧਾਇਕ ਵਿਰਕਮਜੀਤ ਸਿੰਘ ਚੌਧਰੀ ਨੂੰ ਕਾਂਗਰਸ ਦੀ ਅਨੁਸ਼ਾਸ਼ਨੀ ਕਮੇਟੀ ਵਲੋਂ ਮੁਅੱਤਲ (ਸਸਪੈਂਡ) ਕਰ ਦਿੱਤਾ ਸੀ । ਕਾਂਗਰਸ ਵਲੋਂ ਇਕ ਸਾਲ ਤੋਂ ਸਸਪੈਂਡ ਚੱਲੇ ਆ ਰਹੇ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਦੀ ਮੁਅੱਤਲੀ ਰੱਦ ਕਰਕੇ ਬਹਾਲ ਕਰ ਦਿੱਤਾ ਗਿਆ।

# ਅਮਰੀਕਨ ਕਾਰੋਬਾਰੀ ਸਿੱਖ ਹਰਜੀਤ ਸਿੰਘ ਢੱਡਾ ਦੇ ਕਤਲ ਵਿੱਚ ਦੋ ਭਾਰਤੀ ਨਾਗਰਿਕ ਪੁਲਿਸ ਵੱਲੋਂ ਕਾਬੂ

ਅਮਰੀਕਾ ਦੇ ਸਿੱਖ ਕਾਰੋਬਾਰੀ ਹਰਜੀਤ ਸਿੰਘ ਢੱਡਾ ਦੇ ਮਿਸੀਸਾਗਾ ਵਿਖੇ ਦਿਨ ਦਿਹਾੜੇ ਹੋਏ ਕਤਲ ਦੇ ਮਾਮਲੇ ਵਿੱਚ ਦੋ ਭਾਰਤੀ ਨਾਗਰਿਕਾਂ ਦਿਗਵਿਜੈ ਅਤੇ ਅਮਨ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਹ ਦੋਵੇਂ ਦੋਸ਼ੀ ਡੈਲਟਾ, ਬ੍ਰਿਟਿਸ਼ ਕੋਲੰਬੀਆ ਵਿੱਚੋਂ ਗ੍ਰਿਫਤਾਰ ਕੀਤੇ ਗਏ ਹਨ।



ਗ੍ਰਿਫ਼ਤਾਰ ਕੀਤੇ ਗਏ ਅਮਨ ਅਤੇ ਦਿਗਵਿਜੇ

ਇਹ ਗ੍ਰਿਫਤਾਰੀਆਂ ਡੈਲਟਾ ਪੁਲਿਸ ਵਿਭਾਗ, ਐਬਟਸਫੋਰਡ ਪੁਲਿਸ, ਸਰੀ ਪੁਲਿਸ ਅਤੇ ਆਰ. ਸੀ. ਐੱਮ. ਪੀ. ਦੇ ਸਹਿਯੋਗ ਨਾਲ ਸੰਭਵ ਹੋਈਆਂ ਹਨ। ਹੁਣ ਇਨ੍ਹਾਂ ਪਿੱਛੇ ਕਿਸ ਦਾ ਹੱਥ ਹੈ ਪੁਲਿਸ ਜਾਂਚ ਕਰ ਰਹੀ ਹੈ

# ਵਿਧਾਇਕ ਰਮਨ ਅਰੋੜਾ ਨੂੰ ਭੇਜਿਆ ਜੇਲ, ਵਿਜੀਲੈਂਸ ਦੁਬਾਰਾ ਮੰਗ ਸਕਦੀ ਏ ਦੁਬਾਰਾ ਰਿਮਾਂਡ

## ✪ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲਗੇ, ਚਾਰ ਸਾਥੀਆਂ ਦੀ ਹੋ ਚੁੱਕੀ ਏ ਗ੍ਰਿਫਤਾਰੀ





ਜਲੰਧਰ-ਜਲੰਧਰ ਦੇ ਕੇਂਦਰੀ ਹਲਕੇ ਦੇ ਵਿਧਾਇਕ ਰਮਨ ਅਰੋੜਾ ਦੇ ਖਿਲਾਫ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਨੇ ਪੰਜਾਬ ਦੀ ਸਿਆਸਤ ਵਿੱਚ ਹਲਚਲ ਮਚਾਈ ਹੋਈ ਹੈ। ਇਹ ਮਾਮਲਾ ਇੰਨਾ ਸੰਗੀਨ ਹੈ ਕਿ ਨਾ ਸਿਰਫ ਵਿਧਾਇਕ ਨੂੰ ਜੇਲ੍ਹ ਦੀ ਹਵਾ ਖਾਣੀ ਪੈ ਰਹੀ ਹੈ, ਸਗੋਂ ਉਸ ਦੇ ਕਈ ਕਰੀਬੀ ਸਾਥੀ ਵੀ ਵਿਜੀਲੈਂਸ ਦੀ ਗ੍ਰਿਫਤ ਵਿੱਚ ਆ ਚੁੱਕੇ ਹਨ। ਰਮਨ ਅਰੋੜਾ ਦੇ ਮਾਮਲੇ ਵਿੱਚ ਹੁਣ ਤੱਕ ਵਿਜੀਲੈਂਸ ਨੇ ਕਈ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।

ਸਭ ਤੋਂ ਪਹਿਲਾਂ ਵਿਧਾਇਕ ਰਮਨ ਅਰੋੜਾ ਨੂੰ 23 ਮਈ 2025 ਨੂੰ ਉਸ ਦੇ ਘਰੋਂ ਗ੍ਰਿਫਤਾਰ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਉਸ ਦੇ ਕਰੀਬੀ ਸਾਥੀ ਮਹੇਸ਼ ਮਖੀਜਾ ਨੂੰ ਵੀ ਪੁਲਿਸ ਨੇ ਹਿਰਾਸਤ ਵਿੱਚ ਲਿਆ ਸੀ। ਨਗਰ ਨਿਗਮ ਦੀ ਇੱਕ ਮਹਿਲਾ ਬਿਲਡਿੰਗ ਇੰਸਪੈਕਟਰ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ਨੂੰ ਅਦਾਲਤ ਨੇ ਜੇਲ੍ਹ ਭੇਜ ਦਿੱਤਾ ਸੀ।

ਸੂਤਰਾਂ ਅਨੁਸਾਰ, ਰਮਨ ਅਰੋੜਾ ਦੇ ਇੱਕ ਹੋਰ ਸਾਥੀ, ਰਾਜੂ ਮਦਾਨ, ਨੂੰ ਵੀ ਪੁਲਿਸ ਨੇ ਹਿਰਾਸਤ ਵਿੱਚ ਲਿਆ ਹੈ, ਹਾਲਾਂਕਿ ਉਸ ਦੀ ਗ੍ਰਿਫਤਾਰੀ ਦੀ ਅਧਿਕਾਰਤ ਪੁਸ਼ਟੀ ਹਾਲੇ ਨਹੀਂ ਹੋਈ।

ਨਗਰ ਨਿਗਮ ਦੇ ਬਿਲਡਿੰਗ ਵਿਭਾਗ ਦੇ ਅਸਿਸਟੈਂਟ ਟਾਊਨ ਪਲੈਨਰ (ਏ.ਟੀ.ਪੀ.) ਸੁਖਦੇਵ ਵਸ਼ਿਸ਼ਟ ਨੂੰ ਵੀ ਇਸ ਮਾਮਲੇ ਵਿੱਚ ਸਭ ਤੋਂ ਪਹਿਲਾਂ ਗ੍ਰਿਫਤਾਰ ਕੀਤਾ ਗਿਆ ਸੀ। ਇਸ ਤਰ੍ਹਾਂ, ਹੁਣ ਤੱਕ ਘੱਟੋ-ਘੱਟ ਚਾਰ ਵਿਅਕਤੀਆਂ ਦੀ ਗ੍ਰਿਫਤਾਰੀ ਦੀ ਪੁਸ਼ਟੀ ਹੋ ਚੁੱਕੀ ਹੈ, ਜਦਕਿ ਰਾਜੂ ਮਦਾਨ ਦੀ ਗ੍ਰਿਫਤਾਰੀ ਦੀ ਜਾਣਕਾਰੀ ਸੂਤਰਾਂ ਤੋਂ ਮਿਲੀ ਹੈ।

### ਰਮਨ ਅਰੋੜਾ 'ਤੇ ਕੀ ਦੋਸ਼ ਲੱਗੇ ?

ਰਮਨ ਅਰੋੜਾ 'ਤੇ ਭ੍ਰਿਸ਼ਟਾਚਾਰ ਦੇ ਕਈ ਗੰਭੀਰ ਦੋਸ਼ ਲੱਗੇ ਹਨ। ਵਿਜੀਲੈਂਸ ਦੀ ਜਾਂਚ ਅਨੁਸਾਰ, ਉਸ ਨੇ ਪੈਸੇ ਕਮਾਉਣ ਲਈ ਇੱਕ ਪੂਰੀ ਟੀਮ ਬਣਾਈ ਹੋਈ ਸੀ, ਜੋ ਜਲੰਧਰ ਦੇ ਸੈਂਟਰਲ ਹਲਕੇ ਵਿੱਚ ਗੈਰ-ਕਾਨੂੰਨੀ ਕਾਰੋਬਾਰਾਂ ਦੀ ਜਾਣਕਾਰੀ ਇਕੱਠੀ ਕਰਦੀ ਸੀ। ਇਸ ਜਾਣਕਾਰੀ ਦੇ ਅਧਾਰ 'ਤੇ ਰਮਨ ਅਰੋੜਾ ਵੱਲੋਂ ਕਾਰੋਬਾਰੀਆਂ ਨੂੰ ਧਮਕੀਆਂ ਦੇ ਕੇ ਵੱਡੀਆਂ ਰਕਮਾਂ ਵਸੂਲੀਆਂ ਜਾਂਦੀਆਂ ਸਨ। ਖਾਸ ਮਾਮਲੇ ਵਿੱਚ, ਸ਼ੇਖਾਂ ਬਾਜ਼ਾਰ ਦੇ ਪਤੰਗ ਵਪਾਰੀਆਂ (ਤਿੰਨ ਭਰਾਵਾਂ) 'ਤੇ ਚਾਈਨਾ ਡੋਰ ਬਣਾਉਣ ਅਤੇ ਸਪਲਾਈ ਕਰਨ ਦੇ ਦੋਸ਼ ਲਗਾ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਵਾਇਆ ਗਿਆ ਸੀ । ਉਨ੍ਹਾਂ ਨੂੰ ਜੇਲ੍ਹ ਭੇਜਣ ਅਤੇ ਕਾਰੋਬਾਰ ਬੰਦ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ, ਜਿਸ ਤੋਂ ਬਾਅਦ ਹਰੇਕ ਭਰਾ ਨੇ 7 ਲੱਖ ਰੁਪਏ ਦੇ ਕੇ ਆਪਣੀ ਜਾਨ ਛੁਡਾਈ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਚਾਈਨਾ ਡੋਰ 'ਤੇ ਪਾਬੰਦੀ ਹੋਣ ਦੇ ਬਾਵਜੂਦ, ਰਮਨ ਅਰੋੜਾ ਦੀ ਸ਼ਹਿ 'ਤੇ ਨਾ ਸਿਰਫ ਜਲੰਧਰ, ਸਗੋਂ ਪੰਜਾਬ ਦੇ ਹੋਰ ਸ਼ਹਿਰਾਂ ਵਿੱਚ ਵੀ ਇਸ ਦੀ ਵਿਕਰੀ ਜਾਰੀ ਰਹੀ। ਇਸ ਤੋਂ ਇਲਾਵਾ, ਵਿਧਾਇਕ ਨੇ ਰੇਹੜੀ ਵਾਲਿਆਂ ਤੋਂ ਵੀ ਮਹੀਨਾਵਾਰ 10 ਹਜ਼ਾਰ ਰੁਪਏ ਦੀ ਵਸੂਲੀ ਕਰਨ ਦੀ ਸਕੀਮ ਚਲਾਈ। ਇੱਕ ਡੋਸੇ ਵਾਲੇ ਨੂੰ ਪ੍ਰਤੀ ਡੋਸਾ ਕਮੀਸ਼ਨ ਦੇਣ ਦੀ ਗੱਲ ਕੀਤੀ ਗਈ, ਪਰ ਬਾਅਦ ਵਿੱਚ ਮਹੀਨਾਵਾਰ ਫੀਸ ਤੈਅ ਕਰ ਲਈ ਗਈ।

ਰਮਨ ਅਰੋੜਾ ਦੇ ਦਫਤਰ ਦੇ ਬਾਹਰ ਲੱਗਣ ਵਾਲੀ ਭਟੂਰੇ ਦੀ ਰੇਹੜੀ ਤੋਂ ਵੀ ਮਹੀਨਾਵਾਰ ਪੈਸੇ ਵਸੂਲੇ ਜਾਂਦੇ ਸਨ। ਇੱਕ ਹੋਰ ਵੱਡਾ ਦੋਸ਼ ਇਹ ਹੈ ਕਿ ਜਦੋਂ ਵੀ ਰਮਨ ਅਰੋੜਾ ਕਿਸੇ ਸ਼ੋਅਰੂਮ ਦਾ ਉਦਘਾਟਨ ਕਰਨ ਜਾਂਦਾ, ਉਹ ਇਮਾਰਤ ਦੀਆਂ ਕਮੀਆਂ 'ਤੇ ਨਜ਼ਰ ਰੱਖਦਾ ਸੀ। ਜੇਕਰ ਕਮੀ ਨਾ ਵੀ ਹੁੰਦੀ, ਤਾਂ ਉਸ ਦੇ ਜਾਣ ਤੋਂ ਕੁਝ ਘੰਟਿਆਂ ਬਾਅਦ ਨਗਰ ਨਿਗਮ ਦੀ ਟੀਮ ਨੋਟਿਸ ਲੈ ਕੇ ਪਹੁੰਚ ਜਾਂਦੀ ਅਤੇ ਫਿਰ ਵਿਧਾਇਕ ਦੀ ਮੁੜ ਐਂਟਰੀ ਨਾਲ ਪੈਸੇ ਵਸੂਲੇ ਜਾਂਦੇ। ਅਜਿਹਾ ਹੀ ਮਾਮਲਾ ਫਗਵਾੜਾ ਗੇਟ ਅਤੇ ਚਹਾਰ ਬਾਗ ਵਿੱਚ ਵਾਪਰਿਆ, ਜਿੱਥੇ ਸ਼ੋਅਰੂਮ ਮਾਲਕਾਂ ਤੋਂ ਪੈਸੇ ਵਸੂਲੇ ਗਏ ਸਨ ਅਤੇ ਉਦਘਾਟਨ ਦੀਆਂ ਸ਼ਰਤਾਂ ਵੀ ਰੱਖੀਆਂ ਗਈਆਂ ਸਨ।

### ਕਿੰਨੀ ਸਜਾ ਹੋ ਸਕਦੀ ਹੈ ?

ਰਮਨ ਅਰੋੜਾ 'ਤੇ ਭ੍ਰਿਸ਼ਟਾਚਾਰ ਨਿਵਾਰਨ ਐਕਟ ਦੀਆਂ ਵੱਖ-ਵੱਖ ਧਾਰਾਵਾਂ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ। ਇਸ ਐਕਟ ਦੀ ਧਾਰਾ 7 ਅਧੀਨ, ਜੇਕਰ ਕੋਈ ਜਨਤਕ ਸੇਵਕ ਰਿਸ਼ਵਤ ਲੈਂਦਾ ਜਾਂ ਲੈਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸ ਨੂੰ 3 ਤੋਂ 7 ਸਾਲ ਦੀ ਕੈਦ ਅਤੇ ਜੁਰਮਾਨਾ ਹੋ ਸਕਦਾ ਹੈ। ਇਸ ਮਾਮਲੇ ਵਿੱਚ, ਰਮਨ ਅਰੋੜਾ 'ਤੇ ਸੰਗਠਿਤ ਭ੍ਰਿਸ਼ਟਾਚਾਰ ਦੇ ਦੋਸ਼ ਹਨ, ਜਿਸ ਵਿੱਚ ਕਈ ਵਿਅਕਤੀਆਂ ਦੀ ਸਾਂਝ ਸਾਹਮਣੇ ਆਈ ਹੈ। ਜੇਕਰ ਅਦਾਲਤ ਵਿੱਚ ਦੋਸ਼ ਸਾਬਤ ਹੋ ਜਾਂਦੇ ਹਨ, ਤਾਂ ਵਿਧਾਇਕ ਨੂੰ 7 ਸਾਲ ਤੱਕ ਦੀ ਸਜਾ ਹੋ ਸਕਦੀ ਹੈ, ਨਾਲ ਹੀ ਵੱਡਾ ਜੁਰਮਾਨਾ ਵੀ ਲੱਗ ਸਕਦਾ ਹੈ। ਹੋਰ ਗ੍ਰਿਫਤਾਰ ਵਿਅਕਤੀਆਂ, ਜਿਵੇਂ ਸੁਖਦੇਵ ਵਸ਼ਿਸ਼ਟ ਅਤੇ ਮਹੇਸ਼ ਮਖੀਜਾ, ਨੂੰ ਵੀ ਸਮਾਨ ਧਾਰਾਵਾਂ ਅਧੀਨ ਸਜਾ ਹੋ ਸਕਦੀ ਹੈ, ਪਰ ਉਨ੍ਹਾਂ ਦੀ ਸਜਾ ਦਾ ਦਾਇਰਾ ਉਨ੍ਹਾਂ ਦੀ ਭੂਮਿਕਾ 'ਤੇ ਨਿਰਭਰ ਕਰੇਗਾ। ਰਮਨ ਅਰੋੜਾ ਨੂੰ 2 ਜੂਨ 2025 ਨੂੰ ਅਦਾਲਤ ਨੇ 14 ਦਿਨਾਂ ਦੀ ਜੁਡੀਸ਼ੀਅਲ ਹਿਰਾਸਤ ਵਿੱਚ ਨਾਭਾ ਦੀ ਹਾਈ ਸਕਿਓਰਿਟੀ ਜੇਲ੍ਹ ਭੇਜ ਦਿੱਤਾ। ਕਪੂਰਥਲਾ ਜੇਲ੍ਹ ਪ੍ਰਸ਼ਾਸਨ ਨੇ ਸੁਰੱਖਿਆ ਕਾਰਨਾਂ ਕਰਕੇ ਉਸ ਨੂੰ ਰੱਖਣ ਤੋਂ ਇਨਕਾਰ ਕਰ ਦਿੱਤਾ ਸੀ। ਵਿਜੀਲੈਂਸ ਨੇ ਅਗਲੇ 40 ਦਿਨਾਂ ਵਿੱਚ ਮੁੜ ਰਿਮਾਂਡ ਦੀ ਮੰਗ ਕਰਨ ਦਾ ਸੰਕੇਤ ਦਿੱਤਾ ਹੈ।

# ਸੁਖਬੀਰ ਬਾਦਲ ਨੂੰ ਤਖਤ ਸ੍ਰੀ ਪਟਨਾ ਸਾਹਿਬ ਵਿਖੇ 10 ਜੂਨ ਤੱਕ ਪੇਸ਼ ਹੋਣ ਦਾ ਆਦੇਸ਼

## ✪ ਪੰਜ ਪਿਆਰਿਆਂ ਨੇ ਸੁਖਬੀਰ 'ਤੇ ਮਰਿਯਾਦਾ ਦੀ ਉਲੰਘਣਾ ਦਾ ਦੋਸ਼ ਲਾਇਆ ✪ ਆਦੇਸ਼ ਦੀ ਅਣਦੇਖੀ 'ਤੇ ਸਖਤ ਪੰਥਕ ਕਾਰਵਾਈ ਦੀ ਚਿਤਾਵਨੀ



ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਨੇ 10 ਜੂਨ ਤੱਕ ਪੇਸ਼ ਹੋਣ ਦਾ ਅੰਤਿਮ ਫੁਰਮਾਨ ਜਾਰੀ ਕੀਤਾ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ 21 ਮਈ ਦੇ ਆਦੇਸ਼ਾਂ ਤੋਂ ਬਾਅਦ, ਪਟਨਾ ਸਾਹਿਬ ਦੇ ਪੰਜ ਪਿਆਰਿਆਂ ਨੇ ਸੁਖਬੀਰ ਨੂੰ ਦਸ ਦਿਨਾਂ ਅੰਦਰ ਪੇਸ਼ ਹੋਣ ਦਾ ਹੁਕਮ ਦਿੱਤਾ ਸੀ, ਪਰ ਉਹ ਪੇਸ਼ ਨਹੀਂ ਹੋਏ। ਹੁਣ ਪੰਜ ਪਿਆਰਿਆਂ ਨੇ ਘੱਲੂਘਾਰਾ ਸ਼ਹੀਦੀ ਸਮਾਗਮਾਂ ਦੇ ਮੱਦੇਨਜ਼ਰ ਸੁਖਬੀਰ ਨੂੰ 10 ਜੂਨ ਤੱਕ ਆਖਰੀ ਮੌਕਾ ਦਿੱਤਾ ਹੈ, ਜਿਸ ਵਿੱਚ ਉਨ੍ਹਾਂ ਨੂੰ ਨਿੱਜੀ ਰੂਪ ਵਿੱਚ ਹਾਜ਼ਰ ਹੋ ਕੇ ਆਪਣਾ ਪੱਖ ਰੱਖਣ ਲਈ ਕਿਹਾ ਗਿਆ ਹੈ।

ਸੁਖਬੀਰ 'ਤੇ ਦੋਸ਼-ਸੁਖਬੀਰ ਸਿੰਘ ਬਾਦਲ 'ਤੇ ਮੁੱਖ ਦੋਸ਼ ਅਕਾਲੀ ਸਰਕਾਰ (2007-2017) ਦੌਰਾਨ ਹੋਈਆਂ ਘਟਨਾਵਾਂ ਨਾਲ ਜੁੜੇ ਹਨ। ਇਨ੍ਹਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਹਿਬਲ ਕਲਾਂ ਗੋਲੀਕਾਂਡ, ਅਤੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫੀ ਦੇਣ ਦੇ ਮਾਮਲੇ ਸ਼ਾਮਲ ਹਨ। ਇਲਜ਼ਾਮ ਹੈ ਕਿ ਸੁਖਬੀਰ ਨੇ ਸਿਆਸੀ ਹਿੱਤਾਂ ਲਈ ਜਥੇਦਾਰਾਂ 'ਤੇ ਦਬਾਅ ਪਾਇਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗੋਲਕ ਦੇ ਪੈਸੇ ਇਸ਼ਤਿਹਾਰਬਾਜ਼ੀ 'ਤੇ ਖਰਚ ਕੀਤੇ ਗਏ।

ਸੁਖਬੀਰ ਪੇਸ਼ ਹੋਣਗੇ ?: ਸੁਖਬੀਰ ਦੀ ਪੇਸ਼ੀ ਨੂੰ ਲੈ ਕੇ ਸਸਪੈਂਸ ਬਣਿਆ ਹੋਇਆ ਹੈ। ਪਹਿਲਾਂ ਵੀ ਉਹ 10 ਦਿਨਾਂ ਦੇ ਨੋਟਿਸ 'ਤੇ ਪੇਸ਼ ਨਹੀਂ ਹੋਏ, ਜਿਸ ਕਾਰਨ ਪੰਜ ਪਿਆਰਿਆਂ ਨੇ ਅੰਤਿਮ ਮੌਕਾ ਦਿੱਤਾ। ਸੁਖਬੀਰ ਨੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋ ਕੇ ਮੁਆਫੀਨਾਮਾ ਦਿੱਤਾ ਸੀ ਅਤੇ ਧਾਰਮਿਕ ਸਜ਼ਾ ਵਜੋਂ ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ ਵੀ ਨਿਭਾਈ, ਪਰ ਪਟਨਾ ਸਾਹਿਬ ਦੇ ਆਦੇਸ਼ 'ਤੇ ਉਨ੍ਹਾਂ ਦੀ ਹਾਜ਼ਰੀ ਅਜੇ ਅਨਿਸ਼ਚਿਤ ਹੈ।

ਸੰਭਾਵੀ ਕਾਰਵਾਈ-ਜੇ ਸੁਖਬੀਰ 10 ਜੂਨ ਤੱਕ ਪੇਸ਼ ਨਹੀਂ ਹੁੰਦੇ, ਤਾਂ ਪੰਜ ਪਿਆਰੇ ਪੰਥਕ ਰਵਾਇਤ ਅਨੁਸਾਰ ਸਖਤ ਕਾਰਵਾਈ ਕਰ ਸਕਦੇ ਹਨ। ਇਸ ਵਿੱਚ ਉਨ੍ਹਾਂ ਨੂੰ ਪੰਥ ਵਿੱਚੋਂ ਛੇਕਣ (ਬਰਖਾਸਤ ਕਰਨ) ਜਾਂ ਹੋਰ ਧਾਰਮਿਕ ਸਜ਼ਾ ਦੇਣ ਦੀ ਸੰਭਾਵਨਾ ਸ਼ਾਮਲ ਹੈ।

# ਪੰਜਾਬ 'ਚ ਕਿਸਾਨਾਂ ਤੇ 'ਆਪ' ਸਰਕਾਰ ਵਿਚਾਲੇ ਟਕਰਾਅ ਤੇਜ

## ✪ 'ਆਪ' ਨੂੰ ਕੀ ਹੋਵੇਗਾ ਰਾਜਨੀਤਕ ਨੁਕਸਾਨ ? ✪ ਕਿਸਾਨ ਸਰਕਾਰ ਦੇ ਪੁਤਲੇ ਸਾੜਨ ਲੱਗੇ



ਚੰਡੀਗੜ੍ਹ-ਪੰਜਾਬ 'ਚ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਅਤੇ ਆਮ ਆਦਮੀ ਪਾਰਟੀ (ਆਪ) ਸਰਕਾਰ ਵਿਚਾਲੇ ਤਣਾਅ ਇਕ ਵਾਰ ਫਿਰ ਤੋਂ ਉਭਰਿਆ ਹੈ। ਸੂਬੇ ਦੇ ਵੱਖ-ਵੱਖ ਹਿੱਸਿਆਂ 'ਚ ਕਿਸਾਨਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਪੁਤਲੇ ਸਾੜ ਕੇ ਆਪਣਾ ਰੋਸ ਪ੍ਰਗਟ ਕੀਤਾ। ਇਸ ਦੇ ਨਾਲ ਹੀ, ਕਿਸਾਨ ਆਗੂਆਂ ਨੇ ਸਰਕਾਰ 'ਤੇ ਕਿਸਾਨਾਂ ਨੂੰ ਤੰਗ-ਪ੍ਰੇਸ਼ਾਨ ਕਰਨ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਅਣਗੌਲਿਆਂ ਕਰਨ ਦਾ ਦੋਸ਼ ਲਗਾਇਆ ਹੈ।

### ਟਕਰਾਅ ਦਾ ਕਾਰਨ ਕੀ ਹੈ ?

ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਨੇ ਬਠਿੰਡਾ ਜ਼ਿਲ੍ਹੇ ਦੀ ਮੌੜ ਮੰਡੀ 'ਚ ਸੀਵਰੇਜ ਦੇ ਪਾਣੀ ਦੀ ਨਿਕਾਸੀ ਲਈ ਲਸਾੜਾ ਡਰੇਨ ਤੱਕ ਜ਼ਮੀਨਦੋਜ਼ ਪਾਈਪ ਲਾਈਨ ਵਿਛਾਉਣ ਦਾ ਵਿਰੋਧ ਕੀਤਾ। ਇਸ ਦੌਰਾਨ ਪਿੰਡ ਘਸੋਖਾਨਾ 'ਚ ਪਾਈਪ ਲਾਈਨ ਦੇ ਵਿਰੋਧ ਕਾਰਨ ਪੁਲਿਸ ਨੇ ਕਿਸਾਨ ਆਗੂ ਕਾਕਾ ਸਿੰਘ ਕੋਟੜਾ, ਬਲਦੇਵ ਸਿੰਘ ਸੰਦੋਹਾ, ਅਤੇ ਰੇਸ਼ਮ ਸਿੰਘ ਯਾਤਰੀ ਨੂੰ ਗ੍ਰਿਫਤਾਰ ਕਰ ਲਿਆ। ਕਿਸਾਨ ਜਥੇਬੰਦੀਆਂ ਨੇ ਇਨ੍ਹਾਂ ਆਗੂਆਂ ਦੀ ਫੌਰੀ ਰਿਹਾਈ ਦੀ ਮੰਗ ਕੀਤੀ ਹੈ। ਕਿਸਾਨ ਆਗੂਆਂ ਦਾ ਦੋਸ਼ ਹੈ ਕਿ ਪੰਜਾਬ ਦੀ 'ਆਪ' ਸਰਕਾਰ ਸੱਤਾ ਦੇ ਨਸ਼ੇ ਵਿਚ ਡੁੱਬੀ ਹੋਈ ਹੈ ਅਤੇ ਕਿਸਾਨਾਂ 'ਤੇ ਜ਼ਬਰ ਢਾਹ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਕਿਸਾਨਾਂ ਦੀਆਂ ਜਾਇਜ਼ ਮੰਗਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਇਸ ਤੋਂ ਇਲਾਵਾ, ਹਰਿਆਣਾ ਸਰਕਾਰ ਵੱਲੋਂ ਕਿਸਾਨ ਅੰਦੋਲਨ ਦੌਰਾਨ ਦਰਜ ਕੀਤੇ ਗਏ ਕੇਸਾਂ ਸਬੰਧੀ ਨੋਟਿਸ ਭੇਜੇ ਜਾਣ ਨੂੰ ਵੀ ਕਿਸਾਨਾਂ ਨੇ ਤੰਗ-ਪ੍ਰੇਸ਼ਾਨੀ ਦਾ ਹਿੱਸਾ ਦੱਸਿਆ।

ਸੰਯੁਕਤ ਕਿਸਾਨ ਮੋਰਚਾ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਅੰਦੋਲਨ ਦੌਰਾਨ ਦਰਜ ਕੀਤੇ ਗਏ ਸਾਰੇ ਪੁਲਿਸ ਕੇਸ ਰੱਦ ਕੀਤੇ ਜਾਣ।ਕਿਸਾਨ ਆਗੂਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਮੰਗਾਂ ਪੂਰੀਆਂ ਨਾ ਹੋਈਆਂ ਅਤੇ ਕੇਸ ਰੱਦ ਨਾ ਕੀਤੇ ਗਏ ਤਾਂ ਉਹ ਕੇਂਦਰ ਅਤੇ ਸੂਬਾ ਸਰਕਾਰ ਵਿਰੁੱਧ ਮੁੜ ਤੋਂ ਸੰਘਰਸ਼ ਸ਼ੁਰੂ ਕਰਨਗੇ।

ਅੰਮ੍ਰਿਤਸਰ ਵਿਖੇ ਕਿਸਾਨ ਲੀਡਰ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਭਾਜਪਾ ਫਿਰਕੂਪੁਣੇ ਦੀ ਸਿਆਸਤ ਨਾਲ ਚੋਣਾਂ ਜਿੱਤਦੀ ਹੈ, ਜਦਕਿ ਪੰਜਾਬ ਸਰਕਾਰ ਵੀ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਕਿਸਾਨ-ਮਜ਼ਦੂਰਾਂ ਨੂੰ ਸ਼ਹਿਰੀਆਂ ਅਤੇ ਵਪਾਰੀਆਂ ਦੇ ਮੁਕਾਬਲੇ ਖੜ੍ਹਾ ਕਰਕੇ ਲੁਧਿਆਣਾ ਦੀਆਂ ਚੋਣਾਂ ਜਿੱਤਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਨੇ ਲੁਧਿਆਣਾ ਵਿੱਚ 24311 ਏਕੜ ਜ਼ਮੀਨ ਐਕਵਾਇਰ ਕਰਨ ਲਈ ਲਿਆਂਦੀ ਲੈਂਡ ਪੂਲਿੰਗ ਨੀਤੀ ਦੀ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਇਸ ਨੀਤੀ ਨੂੰ ਚੰਗਾ ਦੱਸਣ ਲਈ ਕਰੋੜਾਂ ਰੁਪਏ ਦਾ ਪ੍ਰਚਾਰ ਕਰ ਰਹੀ ਹੈ, ਪਰ ਅਸਲ ਵਿੱਚ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ।

ਸਰਕਾਰ ਦੀ ਯੋਜਨਾ ਮੁਤਾਬਕ, ਇੱਕ ਏਕੜ ਦੇ ਬਦਲੇ 1000 ਗਜ਼ ਰਿਹਾਇਸ਼ੀ ਪਲਾਟ (30 ਹਜ਼ਾਰ ਰੁਪਏ ਪ੍ਰਤੀ ਗਜ਼) ਅਤੇ 200 ਗਜ਼ ਕਮਰਸ਼ੀਅਲ ਪਲਾਟ (60 ਹਜ਼ਾਰ ਰੁਪਏ ਪ੍ਰਤੀ ਗਜ਼) ਦਿੱਤੇ ਜਾਣਗੇ, ਪਰ ਇਸ ਨਾਲ ਕਿਸਾਨਾਂ ਦੀ 16.2 ਕਰੋੜ ਰੁਪਏ ਦੀ ਲੁੱਟ ਹੋਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਖੇਤੀ ਲਾਹੇਵੰਦ ਬਣਾਉਣ ਵਾਲੀਆਂ ਨੀਤੀਆਂ ਦੀ ਲੋੜ ਹੈ, ਨਾ ਕਿ ਬਹੁਮੁੱਲੀ ਜ਼ਮੀਨਾਂ ਨੂੰ ਕੰਕਰੀਟ ਦੇ ਜੰਗਲਾਂ ਵਿੱਚ ਬਦਲਣ ਦੀ।

ਉਨ੍ਹਾਂ ਮੁੱਖ ਮੰਤਰੀ ਦੇ ਚਰਚਾ ਦੇ ਚੈਲੰਜ ਨੂੰ ਕਬੂਲ ਕਰਦਿਆਂ ਕਿਹਾ ਕਿ ਉਹ ਇਸ ਨੀਤੀ 'ਤੇ ਸਵਾਲ ਚੁੱਕਣਗੇ। ਸਰਕਾਰ ਦੇ ਵਾਅਦਿਆਂ 'ਤੇ ਭਰੋਸਾ ਨਹੀਂ, ਕਿਉਂਕਿ ਐਮਐਸਪੀ, ਭਾਰਤ ਮਾਲਾ ਪ੍ਰੋਜੈਕਟ ਅਤੇ ਹੋਰ ਵਾਅਦੇ ਪੂਰੇ ਨਹੀਂ ਹੋਏ।

### ਕੀ 'ਆਪ' ਦਾ ਰਾਜਨੀਤਕ ਨੁਕਸਾਨ ਹੋਵੇਗਾ ?

ਕਿਸਾਨਾਂ ਅਤੇ 'ਆਪ' ਸਰਕਾਰ ਵਿਚਾਲੇ ਵਧਦਾ ਟਕਰਾਅ ਸਿਆਸੀ ਤੌਰ 'ਤੇ ਆਮ ਆਦਮੀ ਪਾਰਟੀ ਲਈ ਚੁਣੌਤੀਆਂ ਪੈਦਾ ਕਰ ਸਕਦਾ ਹੈ। ਪੰਜਾਬ ਵਿਚ ਕਿਸਾਨ ਇਕ ਅਹਿਮ ਵੋਟ ਬੈਂਕ ਹਨ ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਨੇ ਕਿਸਾਨਾਂ ਦੇ ਮੁੱਦਿਆਂ ਨੂੰ ਲੈ ਕੇ ਵੱਡੇ ਵਾਅਦੇ ਕੀਤੇ ਸਨ, ਜਿਸ ਵਿਚ ਫਸਲਾਂ ਦੀ ਐਮਐਸਪੀ 'ਤੇ ਖਰੀਦ ਅਤੇ ਕਰਜ਼ਾ ਮੁਆਫੀ ਵਰਗੇ ਮੁੱਦੇ ਸ਼ਾਮਲ ਸਨ। ਹੁਣ, ਕਿਸਾਨ ਜਥੇਬੰਦੀਆਂ ਦਾ ਦਾਅਵਾ ਹੈ ਕਿ ਸਰਕਾਰ ਇਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ ਵਿਚ ਨਾਕਾਮ ਰਹੀ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਕਿਸਾਨਾਂ ਦਾ ਵਿਰੋਧ ਅਤੇ ਪੁਤਲੇ ਸਾੜਨ ਵਰਗੀਆਂ ਘਟਨਾਵਾਂ 'ਆਪ' ਦੀ ਇਮੇਜ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ। ਜੇਕਰ ਕਿਸਾਨ ਅੰਦੋਲਨ ਤਿੱਖਾ ਹੁੰਦਾ ਹੈ ਅਤੇ ਸਰਕਾਰ ਮੰਗਾਂ ਪੂਰੀਆਂ ਕਰਨ ਵਿਚ ਅਸਫਲ ਰਹਿੰਦੀ ਹੈ, ਤਾਂ ਇਸ ਨਾਲ 'ਆਪ' ਦਾ ਰਾਜਨੀਤਕ ਨੁਕਸਾਨ ਹੋ ਸਕਦਾ ਹੈ, ਖਾਸਕਰ ਅਗਲੀਆਂ ਚੋਣਾਂ ਵਿਚ।

# 'ਸਾਡਾ ਪਿੰਡ ਵਿਕਾਊ ਹੈ', ਡਰੱਗ ਸਮਗਲਰਾਂ ਤੋਂ ਪਰੇਸ਼ਾਨ ਲੋਕਾਂ ਨੇ ਪਿੰਡ ਵਿਚ ਲਾਏ ਪੋਸਟਰ

## ✪ ਪੋਸਟਰ ਲਗਾਉਣ ਵਾਲੇ ਉਪਰ ਗੁੰਡਿਆਂ ਵਲੋਂ ਹਮਲਾ, ਗੁੱਸੇ ਅਤੇ ਉਸ ਦੀਆਂ ਦੋਵੇਂ ਲੱਤਾਂ ਤੋੜੀਆਂ

ਬਠਿੰਡਾ-ਪਿੰਡ ਵਿੱਚ ਵਿਕ ਰਹੀਆਂ ਨਸ਼ੀਲੀਆਂ ਦਵਾਈਆਂ ਤੋਂ ਦੁਖੀ ਇੱਕ ਸਾਬਕਾ ਸੈਨਿਕ ਨੇ ਪਿੰਡ ਵਿੱਚ ਪੋਸਟਰ ਲਗਾਏ ਕਿ 'ਸਾਡਾ ਪਿੰਡ ਵਿਕਾਊ ਹੈ।' ਇਸ ਤੋਂ ਗੁੱਸੇ ਵਿੱਚ ਆ ਕੇ ਨਸ਼ਾ ਤਸਕਰਾਂ ਨੇ ਉਸ ਸਾਬਕਾ ਫੌਜੀ ਰਣਵੀਰ ਸਿੰਘ 'ਤੇ ਜਾਨਲੇਵਾ ਹਮਲਾ ਕਰ ਦਿੱਤਾ ਅਤੇ ਉਸ ਦੀਆਂ ਦੋਵੇਂ ਲੱਤਾਂ ਤੋੜ ਦਿੱਤੀਆਂ। ਉਸਦਾ ਇੱਕ ਨਿੱਜੀ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ।

ਇਸਦਾ ਇੱਕੋ ਇੱਕ ਕਾਰਨ ਇਹ ਹੈ ਕਿ ਉਕਤ ਸਾਬਕਾ ਫ਼ੌਜੀ ਪਿੰਡ ਦੇ ਨੌਜਵਾਨਾਂ ਨੂੰ ਸਹੀ ਰਸਤਾ ਦਿਖਾਉਂਦਾ ਸੀ ਅਤੇ ਨਸ਼ਿਆਂ ਦੀ ਦਲਦਲ ਤੋਂ ਦੂਰ ਰਹਿ ਕੇ ਉਨ੍ਹਾਂ ਨੂੰ ਸਹੀ ਰਸਤਾ ਚੁਣਨ ਲਈ ਪ੍ਰੇਰਿਤ ਕਰਦਾ ਸੀ, ਜਦੋਂ ਕਿ ਪਿੰਡ ਵਿੱਚ ਨਸ਼ੇ ਵੇਚਣ ਵਾਲੇ ਤਸਕਰਾਂ ਨੂੰ ਇਹ ਪਸੰਦ ਨਹੀਂ ਸੀ। ਇਸ ਘਟਨਾ ਤੋਂ ਬਾਅਦ




ਪਿੰਡ ਵਿੱਚ ਦਹਿਸ਼ਤ ਦਾ ਮਾਹੌਲ ਹੈ ਅਤੇ ਪਿੰਡ ਵਾਸੀ ਡਰ ਕੇ ਆਪਣੇ ਘਰ ਛੱਡ ਰਹੇ ਹਨ। ਕਿਉਂਕਿ ਨਸ਼ਾ ਤਸਕਰ ਪਿੰਡ ਵਿੱਚ ਬਹੁਤ ਗੁੰਡਾਗਰਦੀ ਕਰ ਰਹੇ ਹਨ ਅਤੇ ਨਸ਼ਿਆਂ ਵਿਰੁੱਧ ਆਵਾਜ਼ ਚੁੱਕਣ ਵਾਲਿਆਂ ਨੂੰ ਜਾਨਲੇਵਾ ਹਮਲੇ ਕਰਕੇ ਚੁੱਪ ਕਰਵਾਇਆ ਜਾਂਦਾ ਹੈ।

ਇਸ ਘਟਨਾ ਤੋਂ ਬਾਅਦ ਲੋਕ ਘਬਰਾਹਟ ਵਿੱਚ ਹਨ ਕਿ ਹੁਣ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ। ਕਿਉਂਕਿ ਹੁਣ ਉਨ੍ਹਾਂ ਲਈ ਆਪਣੇ ਬੱਚਿਆਂ ਨੂੰ ਇਨ੍ਹਾਂ ਨਸ਼ਾ ਤਸਕਰਾਂ ਤੋਂ ਬਚਾਉਣਾ ਮੁਸ਼ਕਲ ਹੋ ਗਿਆ ਹੈ। ਇਸ ਕਾਰਨ ਹੁਣ ਉਨ੍ਹਾਂ ਲਈ ਇੱਕੋ ਇੱਕ ਵਿਕਲਪ ਬਚਿਆ ਹੈ ਕਿ ਉਹ ਪਿੰਡ ਛੱਡ ਕੇ ਕਿਤੇ ਹੋਰ ਰਹਿਣ। ਕਿਉਂਕਿ ਉਹ ਇਨ੍ਹਾਂ ਤਸਕਰਾਂ ਨਾਲ ਨਹੀਂ ਲੜ ਸਕਦੇ।

ਭਾਵੇਂ ਇਸ ਮਾਮਲੇ ਵਿੱਚ ਸ਼ਾਮਲ ਦੋਵੇਂ ਤਸਕਰ ਫੜੇ ਗਏ ਹਨ, ਪਰ ਪਿੰਡ ਵਿੱਚ ਹੋਰ ਵੀ ਬਹੁਤ ਸਾਰੇ ਲੋਕ ਹਨ ਜੋ ਨਸ਼ਾ ਤਸਕਰੀ ਕਰਦੇ ਹਨ। ਇਸ ਕਾਰਨ ਲੋਕਾਂ ਵਿੱਚ ਡਰ ਦਾ ਮਾਹੌਲ ਹੈ ਅਤੇ ਪਿੰਡ ਵਾਸੀ ਆਪਣੇ ਘਰਾਂ ਤੋਂ ਬਾਹਰ ਨਿਕਲਣ ਤੋਂ ਵੀ ਡਰਦੇ ਹਨ। ਸਾਬਕਾ ਸੈਨਿਕ ਰਣਵੀਰ ਦੇ ਪੁੱਤਰ ਲਖਵੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਪਿੰਡ ਹੁਣ ਗੁੰਡਿਆਂ ਦੇ ਦਹਿਸ਼ਤ ਦੇ ਪਰਛਾਵੇਂ ਹੇਠ ਜੀਅ ਰਿਹਾ ਹੈ, ਇਸ ਲਈ ਭਾਈ ਬਖਤੌਰ, ਉਹ ਪਿੰਡ ਜਿਸਨੇ ਪੰਜਾਬ ਵਿੱਚ ਸਭ ਤੋਂ ਵੱਧ ਸੈਨਿਕ ਪੈਦਾ ਕੀਤੇ ਹਨ, ਵਿਕ ਰਿਹਾ ਹੈ। ਅਸੀਂ ਨਿਰਾਸ਼ਾ ਦੇ ਮਾਰੇ ਆਪਣਾ ਜੱਦੀ ਪਿੰਡ ਅਤੇ ਘਰ ਵੇਚ ਰਹੇ ਹਾਂ। ਪਿੰਡ ਹੁਣ ਸੁਰੱਖਿਅਤ ਨਹੀਂ ਹੈ।

ਦੂਜੇ ਪਾਸੇ, ਐੱਸਐੱਸਪੀ ਬਠਿੰਡਾ ਅਮਨੀਤ ਕੌਂਡਲ ਦਾ ਕਹਿਣਾ ਹੈ ਕਿ ਪਿੰਡ ਦੇ ਲੋਕਾਂ ਨੂੰ ਕਿਸੇ ਵੀ ਨਸ਼ਾ ਤਸਕਰ ਤੋਂ ਡਰਨ ਦੀ ਲੋੜ ਨਹੀਂ ਹੈ, ਸਗੋਂ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜਾਰੀ ਕੀਤੇ ਗਏ ਵਟਸਐਪ ਨੰਬਰ 'ਤੇ ਜਾਣਕਾਰੀ ਦੇਣੀ ਚਾਹੀਦੀ ਹੈ। ਪੁਲਿਸ ਤਸਕਰਾਂ ਨਾਲ ਸਖ਼ਤੀ ਨਾਲ ਪੇਸ਼ ਆ ਰਹੀ ਹੈ।

**ਵਿਚਾਰ :–** ਮੌਕਾ ਹੱਥੋਂ ਗੁਆ ਕੇ ਹੰਝੂਆਂ ਦੀ ਬਰਸਾਤ ਨਾ ਲਗਾਓ ਸਗੋਂ ਆਪਣੀਆਂ ਅੱਖਾਂ ਅਗਲੇ ਮੌਕੇ ਵਾਸਤੇ ਪੂਰੀ ਤਰਾਂ ਸਾਫ ਅਤੇ ਖੁਲ੍ਹੀਆਂ ਰੱਖੋ ਤਾਂ ਕਿ ਅਗਲਾ ਮੌਕਾ ਵੀ ਕਿਤੇ ਨਾ ਖੁਸ ਜਾਵੇ ।



ਰਜਿੰਦਰ ਸਿੰਘ ਪੁਰੇਵਾਲ

# ਸਾਕਾ ਜੂਨ 84 : ਸ਼ਹੀਦੀ ਅਰਦਾਸ ਦਾ ਸਤਿਕਾਰ ਕਰੋ

ਦਮਦਮੀ ਟਕਸਾਲ ਤੇ ਨਿਹੰਗ ਸਿੰਘ ਜਥੇਬੰਦੀਆਂ ਦਾ ਸਿੱਖ ਘਲੂਘਾਰੇ ਦੀ ਬਰਸੀ ਦੌਰਾਨ ਜਥੇਦਾਰ ਅਕਾਲ ਤਖਤ ਦਾ ਵਿਰੋਧ ਕਰਨਾ, ਸ਼ਹੀਦੀ ਅਰਦਾਸ ਦਾ ਅਪਮਾਨ ਹੈ, ਜਦੋਂ ਕਿ ਇਸ ਦਿਨ ਸਿੱਖ ਜਗਤ ਹੱਥ ਜੋੜ ਕੇ ਅਰਦਾਸ ਕਰ ਰਿਹਾ ਹੈਵੇਗਾ, ਸ਼ਹੀਦਾਂ ਨੂੰ ਸਰਧਾਂਜਲੀ ਭੇਟ ਕਰ ਰਿਹਾ ਹੋਵੇਗਾ। ਇਹ ਕਿਸ ਤਰ੍ਹਾਂ ਦਾ ਦ੍ਰਿਸ਼ ਹੈ, ਜਿੱਥੇ ਇਕ ਪਾਸੇ ਸਿੱਖ ਪੰਥ ਦੇ ਦਿਲ ਵਿੱਚ ਦੁਖਾਂਤਕ ਯਾਦਾਂ ਦਾ ਸਮੁੰਦਰ ਉਛਲ ਰਿਹਾ ਹੋਵੇਗਾ, ਸ਼ਹੀਦਾਂ ਦੀ ਤਪਸਿਆ ਨੂੰ ਸਿਜਦਾ ਕਰ ਰਿਹਾ ਹੋਵੇਗਾ, ਅਤੇ ਦੂਜੇ ਪਾਸੇ ਧੜੇਬੰਦੀ ਦੀਆਂ ਤਲਵਾਰਾਂ ਖੜਕ ਰਹੀਆਂ ਹੋਣਗੀਆਂ, ਅਰਦਾਸ ਦੇ ਪਵਿੱਤਰ ਪਲਾਂ ਨੂੰ ਖੰਡਿਤ ਕਰ ਰਹੀਆਂ ਹੋਣਗੀਆਂ ? ਸਾਕਾ ਜੂਨ 1984 ਦਾ ਉਹ ਖੂਨੀ ਅਧਿਆਇ, ਜਦੋਂ ਸ੍ਰੀ ਦਰਬਾਰ ਸਾਹਿਬ ਦੀ ਪਾਵਨ ਧਰਤੀ ਨੂੰ ਫੌਜੀ ਬੂਟਾਂ ਨੇ ਕੁਚਲਿਆ ਤਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ ਤੇ ਸੈਂਕੜੇ ਸ਼ਰਧਾਲੂਆਂ ਨੇ ਦਰਬਾਰ ਸਾਹਿਬ ਦੀ ਰਖਿਆ ਲਈ ਆਪਣਾ ਲਹੂ ਡੋਲਿਆ ,ਸ਼ਹਾਦਤਾਂ ਪਾਈਆਂ। ਇਸ ਦੀ 41ਵੀਂ ਬਰਸੀ 6 ਜੂਨ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਮਨਾਈ ਜਾ ਰਹੀ ਹੈ। ਪਰ ਕੀ ਅਸੀਂ, ਸਿੱਖ ਪੰਥ ਦੇ ਵਾਰਸ, ਇਸ ਪਵਿੱਤਰ ਸਮਾਗਮ ਨੂੰ ਏਕਤਾ ਦਾ ਪ੍ਰਤੀਕ ਬਣਾਉਣ ਦੀ ਥਾਂ, ਮਤਭੇਦਾਂ ਦੀ ਅੱਗ ਵਿੱਚ ਝੋਕ ਰਹੇ ਹਾਂ ?

ਇਹ ਠੀਕ ਹੈ ਕਿ ਜਥੇਦਾਰ ਦੀ ਨਿਯੁਕਤੀ ਤੇ ਸੇਵਾ-ਮੁਕਤੀ ਦਾ ਨਿਯਮ ਬਣਨਾ ਚਾਹੀਦਾ ਹੈ। ਇਸ ਸੰਬੰਧ ਵਿੱਚ ਇੱਕ ਵਿਸ਼ਵ ਕੌਂਸਲ ਬਣੇ, ਜਿਸ ਵਿੱਚ ਚਿੰਤਕ, ਸਾਬਕਾ ਜੱਜ, ਇਤਿਹਾਸਕਾਰ, ਪੰਥਕ ਆਗੂ ਸ਼ਾਮਲ ਹੋਣ।ਇਹ ਇੱਕ ਅਜਿਹਾ ਮੰਚ ਹੋਵੇ, ਜੋ ਲੋਕਤੰਤਰਿਕ ਢੰਗ ਨਾਲ, ਸਿੱਖ ਪੰਥ ਦੀ ਆਵਾਜ਼ ਨੂੰ ਸੁਣੇ, ਨਿਯਮ ਘੜੇ, ਅਤੇ ਜਥੇਦਾਰ ਦੀ ਚੋਣ ਨੂੰ ਸਰਬਸੰਮਤੀ ਦਾ ਜਾਮਾ ਪਹਿਨਾਵੇ। ਪਰ ਅੱਜ, ਜਦੋਂ ਜਥੇਦਾਰ ਕੁਲਦੀਪ ਸਿੰਘ ਗੜਗੱਜ, ਗਰੀਬ ਸਿੱਖਾਂ ਨੂੰ ਜੋੜ ਰਿਹਾ ਹੈ, ਦਬੇ-ਕੁਚਲੇ ਲੋਕਾਂ ਦੀਆਂ ਬਸਤੀਆਂ ਵਿੱਚ ਜਾ ਰਿਹਾ ਹੈ, ਉਸ ਦਾ ਸਤਿਕਾਰ ਕਿਉਂ ਨਹੀਂ ਕੀਤਾ ਜਾ ਰਿਹਾ ? ਉਹ ਉਨ੍ਹਾਂ ਦੀਆਂ ਝੁੱਗੀਆਂ ਵਿੱਚ ਗੁਰਮਤਿ ਦਾ ਦੀਵਾ ਬਾਲ ਰਿਹਾ ਹੈ, ਉਨ੍ਹਾਂ ਦੇ ਦੁੱਖਾਂ ਨੂੰ ਸਾਂਝਾ ਕਰ ਰਿਹਾ ਹੈ, ਗੁਰੂ ਨਾਨਕ ਦੇ ਸੰਦੇਸ਼ ਨੂੰ ਨੀਵੇਂ ਵਿਹੜਿਆਂ, ਪਿੰਡਾਂ-ਗਲੀਆਂ ਤੱਕ ਪਹੁੰਚਾ ਰਿਹਾ ਹੈ। ਉਸਦਾ ਵਿਰੋਧ ਕਿਉਂ ?

ਜਥੇਦਾਰ ਪੁਜਾਰੀ ਨਹੀਂ, ਸਿੱਖ ਪ੍ਰਚਾਰਕ ਤੇ ਵਿਦਵਾਨ ਹੋਣਾ ਚਾਹੀਦਾ-ਇੱਕ ਅਜਿਹਾ ਸ਼ਖਸ, ਜਿਸ ਦੀ ਬਾਣੀ ਤੇ ਕਿਰਿਆ ਤੋਂ ਸਿੱਖ ਤੇ ਆਮ ਲੋਕ ਪ੍ਰਭਾਵਿਤ ਹੋ ਕੇ ਨਾਨਕ ਪੰਥ ਨਾਲ ਜੁੜਨ, ਗੁਰੂ ਦੇ ਰਾਹ 'ਤੇ ਚੱਲਣ। ਪਰ ਅਸੀਂ ਉਸ ਦੀ ਇਸ ਯੋਗਤਾ ਦੀ ਪ੍ਰਸੰਸਾ ਕਰਨ ਦੀ ਥਾਂ, ਧੜੇਬੰਦੀ ਦੀਆਂ ਲਕੀਰਾਂ ਵਿੱਚ ਉਲਝ ਰਹੇ ਹਾਂ ?

ਸਿੱਖ ਪੰਥ ਅੱਜ ਰਾਜਨੀਤਕ, ਧਾਰਮਿਕ ਤੇ ਸਮਾਜਿਕ ਚੁਣੌਤੀਆਂ ਦੇ ਤੂਫਾਨ ਵਿੱਚ ਘਿਰਿਆ ਹੋਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤਖਤ ਸ੍ਰੀ ਹਜ਼ੂਰ ਸਾਹਿਬ, ਹਰਿਆਣਾ ਗੁਰਦੁਆਰਾ ਕਮੇਟੀ, ਤਖਤ ਸ੍ਰੀ ਪਟਨਾ ਸਾਹਿਬ-ਇਹ ਸੰਸਥਾਵਾਂ, ਜੋ ਸਿੱਖ ਹਿੱਤਾਂ ਦੀ ਰਾਖੀ ਤੇ ਧਰਮ ਪ੍ਰਚਾਰ ਦਾ ਝੰਡਾ ਚੁੱਕਣ ਲਈ ਬਣੀਆਂ, ਅੱਜ ਆਪਸੀ ਮਤਭੇਦਾਂ ਦੀ ਭੇਂਟ ਚੜ੍ਹ ਰਹੀਆਂ ਹਨ। ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਵਿਚਕਾਰ ਤਿੱਖਾ ਵਿਵਾਦ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ "ਤਨਖਾਹੀਆ" ਕਹਿਣ ਦਾ ਇਲਜ਼ਾਮ-ਇਹ ਸਭ ਇੱਕ ਅਜਿਹਾ ਚੱਕਰਵਿਊ ਹੈ, ਜਿਸ ਵਿੱਚ ਪੰਥ ਦੀ ਏਕਤਾ ਖੰਡਿਤ ਹੋ ਰਹੀ ਹੈ। ਸ਼੍ਰੋਮਣੀ ਕਮੇਟੀ ਦਾ ਵਫ਼ਦ ਪਟਨਾ ਗਿਆ, ਪੰਜ ਪਿਆਰਿਆਂ ਨੇ ਸੁਖਬੀਰ ਸਿੰਘ ਨੂੰ 10 ਜੂਨ ਤੱਕ ਪੇਸ਼ ਹੋਣ ਦਾ ਹੁਕਮ ਦਿੱਤਾ, ਪਰ ਮਸਲਾ ਹੱਲ ਨਾ ਹੋਇਆ। ਇਸ ਦਰਮਿਆਨ, ਸ਼੍ਰੋਮਣੀ ਅਕਾਲੀ ਦਲ ਖੁਦ ਧੜਿਆਂ ਵਿੱਚ ਵੰਡਿਆ ਹੋਇਆ ਹੈ-2 ਦਸੰਬਰ ਨੂੰ ਸਿੰਘ ਸਾਹਿਬਾਨ ਦੇ ਯਤਨ ਵੀ ਨਾਕਾਮ ਰਹੇ, ਤਿੰਨ ਤਖਤਾਂ ਦੇ ਜਥੇਦਾਰਾਂ ਦੀ ਤਬਦੀਲੀ ਨੇ ਵਿਵਾਦ ਨੂੰ ਹੋਰ ਉਛਾਲ ਦਿੱਤਾ। ਇਸ ਕਾਰਣ ਪੰਥ ਦੀਆਂ ਰਾਜਨੀਤਕ ਤੇ ਧਾਰਮਿਕ ਸੰਸਥਾਵਾਂ 'ਤੇ ਲੋਕਾਂ ਦਾ ਵਿਸ਼ਵਾਸ ਡੋਲ ਰਿਹਾ ਹੈ। ਇਸ ਪ੍ਰਸੰਗ ਵਿੱਚ, ਸਾਕਾ ਨੀਲਾ ਤਾਰਾ ਦੀ 41ਵੀਂ ਬਰਸੀ ਦਾ ਮਸਲਾ ਸਿੱਖ ਪੰਥ ਲਈ ਇੱਕ ਹੋਰ ਚਿੰਤਾ ਦਾ ਸਬੱਬ ਬਣ ਗਿਆ ਹੈ। ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਖਾਲਸਾ ਨੇ ਚੌਂਕ ਮਹਿਤਾ ਵਿੱਚ ਪ੍ਰੈਸ ਕਾਨਫਰੰਸ ਕਰ ਕੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਕਿ 6 ਜੂਨ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਸੰਦੇਸ਼ ਜਾਰੀ ਕਰਨ ਜਾਂ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕਰਨ ਤੋਂ ਰੋਕਿਆ ਜਾਵੇ, ਕਿਉਂਕਿ ਉਹ "ਸਰਬ ਪ੍ਰਵਾਨਤ ਜਥੇਦਾਰ" ਨਹੀਂ।

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸਪੁੱਤਰ ਈਸ਼ਰ ਸਿੰਘ ਤੇ ਇੰਦਰਜੀਤ ਸਿੰਘ ਨੇ ਵੀ ਐਲਾਨ ਕੀਤਾ ਕਿ ਉਹ 6 ਜੂਨ ਨੂੰ ਕੁਲਦੀਪ ਸਿੰਘ ਤੋਂ ਸਨਮਾਨ ਨਹੀਂ ਲੈਣਗੇ। ਇਹ ਮਤਭੇਦ, ਇਹ ਟਕਰਾਅ, ਸਿੱਖ ਪੰਥ ਦੇ ਦਿਲ ਨੂੰ ਚੀਰ ਰਿਹਾ ਹੈ। ਸਿੱਖ ਪੰਥ ਦੀ ਇਸ ਦੁਰਦਸ਼ਾ ਵਿੱਚ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇੱਕ ਉਸਾਰੂ ਪਹਿਲ ਕੀਤੀ, ਚੌਂਕ ਮਹਿਤਾ ਜਾ ਕੇ ਹਰਨਾਮ ਸਿੰਘ ਖਾਲਸਾ ਨਾਲ ਵਿਚਾਰ-ਚਰਚਾ ਕੀਤੀ, ਪਰ ਮਸਲਾ ਹੱਲ ਨਾ ਹੋਇਆ। ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਪਟਿਆਲਾ ਜੇਲ੍ਹ ਵਿੱਚ ਬਲਵੰਤ ਸਿੰਘ ਰਾਜੋਆਣਾ ਨੂੰ ਮਿਲ ਕੇ ਕਿਹਾ ਕਿ ਰਾਜੋਆਣਾ ਵੀ ਚਾਹੁੰਦੇ ਹਨ ਕਿ 6 ਜੂਨ ਦਾ ਸਮਾਗਮ ਪੁਰਅਮਨ ਹੋਵੇ। ਸ਼ਹੀਦਾਂ ਦੀ ਅਰਦਾਸ ਤੇ ਬਰਸੀ ਇੱਕ ਸੰਵੇਦਨਸ਼ੀਲ ਪਲ ਹੈ-ਸਿੱਖ ਹਿਰਦਿਆਂ ਵਿੱਚ ਦੁਖਾਂਤਕ ਯਾਦਾਂ ਦਾ ਸਾਗਰ ਉਛਲਦਾ ਹੈ, ਦੁੱਖ ਦੀਆਂ ਲਹਿਰਾਂ ਉਸਦੇ ਹਿਰਦੇ ਨੂੰ ਵਲੂੰਧਰੀਆਂ ਹਨ। ***ਬਾਕੀ ਹਿਸਾ ਸਫਾ 9 ਤੇ ਪੜ੍ਹੋ*** ⟶

## NEWS & VIEWS

# 1984 When Darbar Sahib Was Treated as *Enemy Territory*



Gurmukh Singh OBE

***Darbar Sahib (Golden Temple complex) was effectively treated as enemy territory during Operation Blue Star in 1984.*** (Google source)

**Key events in the history of nations do not happen in isolation. Traumatic episodes like Ghalughara III, 1984, were the result of earlier history; and history is decided by such episodes. The future direction of a theo-political entity like the Khalsa Panth is decided and guided by such events.**

**However, the tendency is to look at such episodes in isolation. Much time and print space is given to personal eye-witness accounts, analysis and views about what happened during and immediately before or after an episode like the invasion of Darbar Sahib by the Indian Army. The blame-game is played according to personal experience and motivations. Lead players are seen as heroes or villains. The real root causes going back in history are missed out.**

**That difference in approach divides Sikh journalists, historians, scholars, politicians and ordinary people. For similar reasons, different interests and approaches divide the affluent business community Sikhs who differ from the average grass-roots Sikh activists about the reasons for Ghalughara 1984. The business Sikhs prefers to be much more pragmatic and conciliatory regarding future direction of the Panth than the latter who point to the historical trend since 1947. Sikh Indians and many diaspora Sikhs differ regarding the Sikh right to self-determination as a distinct people.**

**For the Sikhs, an essential part of the broad historical trend in their post 1947 struggle is their pre-condition to be treated as a distinct political entity as evidenced by their ideology, culture and history. Following the partition of the Indian subcontinent they chose, or were forced to choose by Sikh demographics, to remain with the Republic of India in 1947.**

**Certain promises were made by the leaders of Brahmanic Hinduism which dominated the Indian National Congress Party. Akali Party leaders accepted the assurances in good faith. However, the UK Parliamentary debates of the time show that British politicians knew what lay ahead for the Sikhs. They foresaw that the Sikh future was insecure and expressed much regret in the Parliament.**

**Ghalughara III was waiting to happen when we follow the treatment of the Sikhs by those in power in Delhi from 1947. Brahmanic Hinduism gained political power and resumed the ideological war with the egalitarian Khalsa Panth. Within an year, Panjab was betrayed and discriminated against on the Panjabi language issue. Simple and just Sikh demands from the start of the Panjabi Suba agitation, were continually rejected and the Sikh case became *a running sore.* Prime Minister Indira Gandhi had her own grudge against the Sikhs who opposed her bid to become an authoritarian ruler of India. Regardless of who the lead personalities were, Ghalughara III was the outcome of differential treatment of Panjab and the Sikhs since 1947.**

**It started with the invasion of Darbar Sahib and the siege of Panjab by the Indian Army from June 1984. It continued with the massacre of Sikhs in Delhi and nationwide in November 1984 and the extra-judicial killings of young Sikhs in Panjab for the next 10 years. It was not just Darbar Sahib but the whole of Panjab State which was treated as *enemy territory* by the Indian Army, as directed by Delhi administration.**

**Forty-one years after Ghalughara III, the global existential objective for the Sikhs is Sikhi activism which promotes Sikh image and egalitarian values at all levels.**

**Gurmukh Singh OBE,** Ret'd Principal Civil Servant (UK) sewauk2005@yahoo.co.uk

# ਕਿਵੇਂ ਬਣ ਸਕਦਾ ਹੈ ਸ੍ਰੀ ਅੰਮ੍ਰਿਤਸਰ ਸਾਹਿਬ 'ਨੋ ਵਾਰ ਜ਼ੋਨ' ਅਤੇ 'ਨੋ-ਫਲਾਈ ਜ਼ੋਨ' ?

## ✪ ਕਾਂਗਰਸ ਦੇ ਸੀਨੀਅਰ ਨੇਤਾ ਐਮਪੀ ਔਜਲਾ ਅਤੇ ਰੰਧਾਵਾ ਨੇ ਪ੍ਰਧਾਨ ਮੰਤਰੀ ਕੋਲ ਉਠਾਈ ਮੰਗ ✪ ਕੀ ਹਨ ਇਸ ਦੇ ਨਿਯਮ ਅਤੇ ਮੋਦੀ ਸਰਕਾਰ ਕੀ ਕਰ ਸਕਦੀ ਹੈ ? ✪ ਸਿੱਖ ਜਗਤ ਵਿਸ਼ਵ ਪੱਧਰ ਉਪਰ ਕੀ ਭੂਮਿਕਾ ਨਿਭਾਵੇ ?





ਦਰਬਾਰ ਸਾਹਿਬ, ਸਿੱਖੀ ਦੀ ਧੜਕਦੀ ਰੂਹ, ਸ਼ਾਂਤੀ ਦਾ ਸਰਬਸਾਂਝਾ ਆਸਰਾ, ਜਿੱਥੇ ਮਨੁੱਖਤਾ ਦਾ ਦਿਲ ਧੜਕਦਾ ਹੈ, ਉਸ ਪਵਿੱਤਰ ਅਸਥਾਨ ਤੇ ਗੁਰੂ ਨਗਰੀ ਅੰਮ੍ਰਿਤਸਰ ਨੂੰ ਜੰਗ ਦੇ ਕਾਲੇ ਪਰਛਾਵਿਆਂ ਤੋਂ ਮੁਕਤ ਕਰਨ ਦੀ ਮੰਗ ਉੱਠੀ ਹੈ। ਇਹ ਮੰਗ ਕੋਈ ਸਾਧਾਰਨ ਅਪੀਲ ਨਹੀਂ, ਸਗੋਂ ਸਦੀਆਂ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਦੀਆਂ ਪਵਿੱਤਰ ਧਰਤੀ ਵਿੱਚ ਗੂੰਜਦਾ ਸ਼ਾਂਤੀ ਦਾ ਗੁਰੂ ਸਾਹਿਬਾਨ ਵਲੋਂ ਪ੍ਰਗਟ ਕੀਤਾ ਸੁਨੇਹਾ ਹੈ। ਇਹ ਅੰਮ੍ਰਿਤਸਰ ਨਗਰੀ ਤੇ ਗੁਰੂ ਗ੍ਰੰਥ ਸਾਹਿਬ ਦਾ ਸੁਨੇਹਾ ਹੈ ਕਿ ਅੱਜ ਵਿਸ਼ਵ ਭਰ ਦੀਆਂ ਸੁਪਰੀਮ ਤਾਕਤਾਂ ਜੰਗਾਂ ਛੱਡਣ ਤੇ ਰੋਕਣ, ਲੋਕਾਂ ਦਾ ਭਲਾ ਕਰਨ, ਵਿਕਾਸ ਦੇ ਰਾਹ ਪੈਣ ਅਤੇ ਅਮਨ ਨੂੰ ਅਪਣਾਉਣ।

ਕਾਂਗਰਸ ਦੇ ਸੀਨੀਅਰ ਨੇਤਾ ਐਮਪੀ ਗੁਰਜੀਤ ਸਿੰਘ ਔਜਲਾ ਅਤੇ ਸੁਖਜਿੰਦਰ ਸਿੰਘ ਰੰਧਾਵਾ ਵਰਗੇ ਆਗੂਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਰਾਹੀਂ ਇਸ ਪਵਿੱਤਰ ਮੰਗ ਨੂੰ ਉਜਾਗਰ ਕੀਤਾ, ਕਿ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ 'ਨੋ ਵਾਰ ਜ਼ੋਨ' ਐਲਾਨਿਆ ਜਾਵੇ। ਇਹ ਸਿਰਫ਼ ਇੱਕ ਰਾਜਸੀ ਮੰਗ ਨਹੀਂ, ਸਗੋਂ ਸਿੱਖੀ ਦੇ ਮੂਲ ਸਿਧਾਂਤ 'ਸਰਬੱਤ ਦਾ ਭਲਾ' ਦੀ ਰਾਖੀ ਦਾ ਪ੍ਰਗਟਾਵਾ ਹੈ। ਭਾਰਤ -ਪਾਕਿਸਤਾਨ ਇਸ ਦਾਰਸ਼ਨਿਕ ਵਿਚਾਰ ਨਾਲ ਇਕ ਦੂਜੇ ਦੇ ਨੇੜੇ ਆ ਸਕਦੇ ਹਨ। ਦੋਹਾਂ ਦੇਸਾਂ ਦੀ ਆਪਸੀ ਮਿਲਵਰਤਨ ਨਾਲ ਅੱਤਵਾਦੀ ਮੁਹਿੰਮ ਭਾਰਤ ਵਿਰੁਧ ਖਤਮ ਹੋ ਸਕਦੀ ਹੈ ਜੋ ਦੋ ਦੇਸ਼ਾਂ ਦੇ ਟਕਰਾਅ ਦਾ ਕਾਰਣ ਹੈ। ਬਾਕੀ ਮਸਲੇ ਟੇਬਲ ਉਪਰ ਹੀ ਹੱਲ ਹੋਣੇ ਹਨ। ਜੰਗ ਕੋਈ ਹੱਲ ਨਹੀਂ।

ਭਾਰਤੀ ਫੌਜ ਦੇ ਦਾਅਵਿਆਂ ਅਨੁਸਾਰ, ਪਾਕਿਸਤਾਨ ਨੇ ਡਰੋਨ ਅਤੇ ਮਿਸਾਈਲਾਂ ਰਾਹੀਂ ਸ੍ਰੀ ਦਰਬਾਰ ਸਾਹਿਬ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਭਾਰਤ ਦੇ ਮਜ਼ਬੂਤ ਏਅਰ ਡਿਫੈਂਸ ਸਿਸਟਮ ਨੇ ਨਾਕਾਮ ਕਰ ਦਿੱਤਾ। ਇਸ ਘਟਨਾ ਨੇ ਸਿੱਖ ਭਾਈਚਾਰੇ ਦੇ ਦਿਲਾਂ ਵਿੱਚ ਇੱਕ ਡੂੰਘੀ ਚਿੰਤਾ ਪੈਦਾ ਕੀਤੀ ਸੀ, ਅਤੇ 'ਨੋ ਵਾਰ ਜ਼ੋਨ' ਦੀ ਮੰਗ ਨੂੰ ਹੋਰ ਤਰਕਸੰਗਤ ਬਣਾਇਆ।

'ਨੋ ਵਾਰ ਜ਼ੋਨ' ਅਤੇ 'ਨੋ-ਫਲਾਈ ਜ਼ੋਨ' ਦਾ ਸੰਕਲਪ ਕੋਈ ਨਵਾਂ ਨਹੀਂ, ਪਰ ਇਸ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਸਾਕਾਰ ਕਰਨਾ ਇੱਕ ਮਹਾਨ ਉਦੇਸ਼ ਹੈ। 'ਨੋ ਵਾਰ ਜ਼ੋਨ' ਦਾ ਮਤਲਬ ਹੈ ਇੱਕ ਅਜਿਹਾ ਖੇਤਰ, ਜਿੱਥੇ ਜੰਗ ਦੀਆਂ ਕਾਰਵਾਈਆਂ-ਚਾਹੇ ਫੌਜੀ ਹਮਲੇ ਹੋਣ, ਬੰਬਾਰੀ ਹੋਵੇ, ਜਾਂ ਹਥਿਆਰਬੰਦ ਟਕਰਾਅ-ਨੂੰ ਪੂਰੀ ਤਰ੍ਹਾਂ ਰੋਕ ਦਿੱਤਾ ਜਾਵੇ। ਇਸੇ ਤਰ੍ਹਾਂ, 'ਨੋ-ਫਲਾਈ ਜ਼ੋਨ' ਇੱਕ ਅਜਿਹਾ ਇਲਾਕਾ ਹੁੰਦਾ ਹੈ, ਜਿੱਥੇ ਕਿਸੇ ਵੀ ਕਿਸਮ ਦੇ ਹਵਾਈ ਜਹਾਜ਼, ਡਰੋਨ, ਜਾਂ ਮਿਸਾਈਲ ਨੂੰ ਉੱਡਣ ਦੀ ਇਜਾਜ਼ਤ ਨਹੀਂ ਹੁੰਦੀ। ਅੰਤਰਰਾਸ਼ਟਰੀ ਕਾਨੂੰਨ ਅਧੀਨ, ਅਜਿਹੀ ਘੋਸ਼ਣਾ ਲਈ ਸੰਯੁਕਤ ਰਾਸ਼ਟਰ (ਯੂਐਨ) ਦੀ ਸੁਰੱਖਿਆ ਪਰਿਸ਼ਦ ਦੀ ਸਹਿਮਤੀ ਜ਼ਰੂਰੀ ਹੁੰਦੀ ਹੈ। ਯੂਐਨ ਚਾਰਟਰ ਦੀ ਧਾਰਾ 39 ਤੋਂ 51 ਅਧੀਨ, ਸੁਰੱਖਿਆ ਪਰਿਸ਼ਦ ਨੂੰ ਅਮਨ ਅਤੇ ਸੁਰੱਖਿਆ ਬਣਾਈ ਰੱਖਣ ਦਾ ਅਧਿਕਾਰ ਹੈ, ਅਤੇ ਇਸੇ ਤਹਿਤ 'ਨੋ ਵਾਰ ਜ਼ੋਨ' ਜਾਂ 'ਨੋ-ਫਲਾਈ ਜ਼ੋਨ' ਦੀ ਸਥਾਪਨਾ ਕੀਤੀ ਜਾ ਸਕਦੀ ਹੈ।

ਉਦਾਹਰਣ ਵਜੋਂ, 1991 ਵਿੱਚ ਇਰਾਕ ਦੇ ਕੁਰਦਿਸਤਾਨ ਖੇਤਰ ਵਿੱਚ 'ਨੋ-ਫਲਾਈ ਜ਼ੋਨ' ਸਥਾਪਿਤ ਕੀਤਾ ਗਿਆ, ਜਿਸ ਨੇ ਸਥਾਨਕ ਲੋਕਾਂ ਨੂੰ ਸਦਾਮ ਹੁਸੈਨ ਦੀ ਫੌਜ ਤੋਂ ਬਚਾਇਆ। ਵੈਟੀਕਨ ਸਿਟੀ, ਜੋ ਕਿ ਈਸਾਈ ਧਰਮ ਦਾ ਕੇਂਦਰ ਹੈ, ਨੂੰ ਵੀ ਅੰਤਰਰਾਸ਼ਟਰੀ ਪੱਧਰ 'ਤੇ ਇੱਕ ਸ਼ਾਂਤੀ ਖੇਤਰ ਵਜੋਂ ਮਾਨਤਾ ਪ੍ਰਾਪਤ ਹੈ। ਇਟਲੀ ਸਰਕਾਰ ਨੇ ਵੈਟੀਕਨ ਨੂੰ 1929 ਦੀ ਲੈਟਰਨ ਸੰਧੀ ਰਾਹੀਂ ਇੱਕ ਸੁਤੰਤਰ ਰਾਜ ਦਾ ਦਰਜਾ ਦਿੱਤਾ, ਅਤੇ ਇਸ ਦੀ ਸੁਰੱਖਿਆ ਲਈ ਵਿਸ਼ੇਸ਼ ਇੰਤਜਾਮ ਕੀਤੇ। ਵੈਟੀਕਨ ਦਾ ਆਸਮਾਨ 'ਨੋ-ਫਲਾਈ ਜ਼ੋਨ' ਹੈ, ਜਿੱਥੇ ਬਿਨਾਂ ਇਜਾਜ਼ਤ ਕੋਈ ਹਵਾਈ ਜਹਾਜ਼ ਨਹੀਂ ਉੱਡ ਸਕਦਾ। ਇਸ ਦੀ ਸੁਰੱਖਿਆ ਇਟਲੀ ਦੀ ਫੌਜ ਅਤੇ ਸਵਿਸ ਗਾਰਡ ਨੂੰ ਸੌਂਪੀ ਗਈ ਹੈ।

ਸ੍ਰੀ ਅੰਮ੍ਰਿਤਸਰ ਸਾਹਿਬ ਲਈ ਵੀ ਅਜਿਹਾ ਮਾਡਲ ਅਪਣਾਇਆ ਜਾ ਸਕਦਾ ਹੈ, ਪਰ ਇਸ ਲਈ ਕਈ ਪੱਧਰਾਂ 'ਤੇ ਸੰਘਰਸ਼ ਦੀ ਲੋੜ ਹੈ। ਭਾਰਤ ਸਰਕਾਰ ਨੂੰ ਸੰਯੁਕਤ ਰਾਸ਼ਟਰ ਨਾਲ ਸੰਵਾਦ ਸ਼ੁਰੂ ਕਰਨਾ ਹੋਵੇਗਾ, ਜਿੱਥੇ ਸੁਰੱਖਿਆ ਪਰਿਸ਼ਦ ਦੀ ਮਨਜ਼ੂਰੀ ਲਈ ਇੱਕ ਪ੍ਰਸਤਾਵ ਪੇਸ਼ ਕੀਤਾ ਜਾ ਸਕੇ। ਇਸ ਪ੍ਰਸਤਾਵ ਵਿੱਚ ਸ੍ਰੀ ਦਰਬਾਰ ਸਾਹਿਬ ਦੀ ਰੂਹਾਨੀ ਮਹੱਤਤਾ, ਸ਼ਾਂਤੀ ਦੇ ਸੁਨੇਹੇ ਅਤੇ ਜੰਗ ਦੇ ਖ਼ਤਰਿਆਂ ਨੂੰ ਉਜਾਗਰ ਕਰਨਾ ਹੋਵੇਗਾ। ਪਰ ਇਹ ਰਾਹ ਔਖਾ ਹੈ, ਕਿਉਂਕਿ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪਰਿਸ਼ਦ ਦੇ ਪੰਜ ਸਥਾਈ ਮੈਂਬਰਾਂ-ਅਮਰੀਕਾ, ਰੂਸ, ਚੀਨ, ਬਰਤਾਨੀਆ, ਅਤੇ ਫਰਾਂਸ-ਦੀ ਸਹਿਮਤੀ ਜ਼ਰੂਰੀ ਹੈ, ਅਤੇ ਕਿਸੇ ਇੱਕ ਦੇ ਵੀਟੋ ਨਾਲ ਇਹ ਪ੍ਰਸਤਾਵ ਰੱਦ ਹੋ ਸਕਦਾ ਹੈ। ਪਰ ਇਸ ਬਾਰੇ ਯਤਨ ਬਹੁਤ ਜ਼ਰੂਰੀ ਹਨ।

ਸ੍ਰੀ ਅੰਮ੍ਰਿਤਸਰ ਸਾਹਿਬ ਨੂੰ 'ਨੋ ਵਾਰ ਜ਼ੋਨ' ਅਤੇ 'ਨੋ-ਫਲਾਈ ਜ਼ੋਨ' ਬਣਾਉਣ ਵਿੱਚ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਦਾ ਰੋਲ ਬਹੁਤ ਮਹੱਤਵਪੂਰਨ ਹੈ। ਮੋਦੀ ਸਰਕਾਰ, ਜੋ ਦੇਸ਼ ਦੀ ਸੱਤਾ ਦਾ ਸਿਰਮੌਰ ਅਤੇ ਨੀਤੀਆਂ ਦਾ ਸਿਰਜਣਹਾਰ ਹੈ, ਕੋਲ ਸੰਵਿਧਾਨਕ ਤਾਕਤ ਹੈ ਕਿ ਉਹ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸੁਰੱਖਿਆ ਲਈ ਪੁਖਤਾ ਇੰਤਜਾਮ ਕਰੇ। ਭਾਰਤ ਸਰਕਾਰ ਨੂੰ ਸਰਹੱਦੀ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਲਈ ਆਧੁਨਿਕ ਤਕਨੀਕ-ਜਿਵੇਂ ਐਂਟੀ-ਡਰੋਨ ਸਿਸਟਮ, ਰਾਡਾਰ, ਅਤੇ ਮਿਸਾਈਲ ਡਿਫੈਂਸ-ਦਾ ਜਾਲ ਬੁਣਨਾ ਹੋਵੇਗਾ। ਨਾਲ ਹੀ, ਕੂਟਨੀਤਕ ਪੱਧਰ 'ਤੇ ਪਾਕਿਸਤਾਨ ਨਾਲ ਸੰਵਾਦ ਸ਼ੁਰੂ ਕਰਨਾ ਜ਼ਰੂਰੀ ਹੈ। ਪਾਕਿਸਤਾਨ ਨੂੰ ਇਸ ਮੰਗ ਦੀ ਰੂਹਾਨੀ ਅਤੇ ਨੈਤਿਕ ਮਹੱਤਤਾ ਨੂੰ ਸਮਝਣਾ ਹੋਵੇਗਾ, ਅਤੇ ਸ਼ਾਂਤੀ ਦੇ ਇਸ ਸੁਨੇਹੇ ਨੂੰ ਭਾਰਤ ਨਾਲ ਸਾਂਝੇ ਤੌਰ 'ਤੇ ਅੱਗੇ ਵਧਾਉਣ ਲਈ ਸਹਿਮਤ ਹੋਣਾ ਪਵੇਗਾ। ਦੋਵੇਂ ਦੇਸ਼ਾਂ ਨੂੰ ਮਿਲ ਕੇ ਸੰਯੁਕਤ ਰਾਸ਼ਟਰ ਸਾਹਮਣੇ ਇੱਕ ਸਾਂਝਾ ਪ੍ਰਸਤਾਵ ਪੇਸ਼ ਕਰਨਾ ਚਾਹੀਦਾ ਹੈ, ਜਿਸ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ 'ਨੋ ਵਾਰ ਜ਼ੋਨ' ਅਤੇ 'ਨੋ-ਫਲਾਈ ਜ਼ੋਨ' ਐਲਾਨਣ ਦੀ ਮੰਗ ਹੋਵੇ।

ਸਿੱਖ ਜਗਤ ਦਾ ਫਰਜ਼ ਅਤੇ ਵਿਸ਼ਵ ਭਾਈਚਾਰੇ ਦਾ ਸੰਘਰਸ਼ਸ੍ਰੀ ਅੰਮ੍ਰਿਤਸਰ ਸਾਹਿਬ ਨੂੰ 'ਨੋ ਵਾਰ ਜ਼ੋਨ' ਅਤੇ ਵੈਟੀਕਨ ਸਿਟੀ ਵਰਗਾ ਰੁਤਬਾ ਦਿਵਾਉਣ ਦਾ ਸੁਪਨਾ ਸਿਰਫ਼ ਸਰਕਾਰਾਂ ਦੇ ਹੱਥ ਨਹੀਂ, ਸਗੋਂ ਸਿੱਖ ਜਗਤ ਅਤੇ ਵਿਸ਼ਵ ਭਾਈਚਾਰੇ ਦੇ ਸਾਂਝੇ ਸੰਘਰਸ਼ ਦਾ ਵੀ ਹਿੱਸਾ ਹੈ। ਸਿੱਖ ਜਥੇਬੰਦੀਆਂ-ਜਿਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਪੰਥਕ ਜਥੇਬੰਦੀਆਂ ਅਤੇ ਅਕਾਲ ਤਖ਼ਤ ਦੇ ਜਥੇਦਾਰ-ਨੂੰ ਇਸ ਮੰਗ ਨੂੰ ਬੁਲੰਦ ਕਰਨ ਲਈ ਇੱਕਜੁਟ ਹੋਣਾ ਪਵੇਗਾ। ਇਹ ਸਿੱਖੀ ਦੇ ਮੂਲ ਸਿਧਾਂਤ 'ਸਰਬੱਤ ਦਾ ਭਲਾ' ਦੀ ਰਾਖੀ ਦਾ ਸਵਾਲ ਹੈ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਿੱਤੀ ਸਿੱਖਿਆ ਦਾ ਜੀਵੰਤ ਰੂਪ ਹੈ। ਸਿੱਖ ਸੰਗਤ ਨੂੰ ਵਿਸ਼ਵ ਭਰ ਵਿੱਚ ਇਸ ਆਵਾਜ਼ ਨੂੰ ਉਠਾਉਣਾ ਹੋਵੇਗਾ-ਚਾਹੇ ਸੋਸ਼ਲ ਮੀਡੀਆ ਰਾਹੀਂ, ਚਾਹੇ ਅਰਦਾਸਾਂ ਦੀ ਗੂੰਜ ਰਾਹੀਂ, ਚਾਹੇ ਵਿਸ਼ਵ ਪੱਧਰ 'ਤੇ ਸੈਮੀਨਾਰ ਅਤੇ ਰੈਲੀਆਂ ਰਾਹੀਂ।

ਵਿਸ਼ਵ ਭਾਈਚਾਰੇ ਦਾ ਸਮਰਥਨ ਵੀ ਇਸ ਲਹਿਰ ਨੂੰ ਮਜ਼ਬੂਤ ਕਰੇਗਾ। ਸਿੱਖ ਡਾਇਸਪੋਰਾ-ਅਮਰੀਕਾ, ਕੈਨੇਡਾ, ਬਰਤਾਨੀਆ, ਅਤੇ ਆਸਟ੍ਰੇਲੀਆ ਵਿੱਚ ਰਹਿਣ ਵਾਲੇ ਸਿੱਖ-ਇਸ ਮੰਗ ਨੂੰ ਅੰਤਰਰਾਸ਼ਟਰੀ ਮੰਚਾਂ 'ਤੇ ਉਜਾਗਰ ਕਰ ਸਕਦੇ ਹਨ। ਗੈਰ-ਸਿੱਖ ਸੰਸਥਾਵਾਂ, ਮਾਨਵ ਅਧਿਕਾਰ ਜਥੇਬੰਦੀਆਂ, ਅਤੇ ਸ਼ਾਂਤੀ ਪਸੰਦ ਸਮੂਹਾਂ ਨੂੰ ਵੀ ਇਸ ਸੰਘਰਸ਼ ਵਿੱਚ ਸ਼ਾਮਲ ਕਰਨਾ ਹੋਵੇਗਾ।

ਸੰਯੁਕਤ ਰਾਸ਼ਟਰ ਦੇ ਸਾਹਮਣੇ ਇੱਕ ਮਜ਼ਬੂਤ ਪਟੀਸ਼ਨ, ਵਿਸ਼ਵ ਭਰ ਦੇ ਲੋਕਾਂ ਦੇ ਦਸਤਖਤ, ਅਤੇ ਸ਼ਾਂਤੀ ਦੇ ਸੁਨੇਹੇ ਨੂੰ ਗੂੰਜਦਾ ਕਰਨ ਵਾਲੀ ਇੱਕ ਲਹਿਰ, ਇਸ ਸੁਪਨੇ ਨੂੰ ਸਾਕਾਰ ਕਰ ਸਕਦੀ ਹੈ। ਇਹ ਸੁਪਨਾ, ਜੋ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਅਤੇ ਸ਼ਾਂਤੀ ਦੇ ਸੁਨੇਹੇ ਨੂੰ ਸਦਾ ਲਈ ਕਾਇਮ ਰੱਖੇਗਾ, ਸਾਨੂੰ ਸਾਰਿਆਂ ਨੂੰ ਇੱਕ ਨਵੇਂ ਰਾਹ ਵੱਲ ਲੈ ਜਾਵੇਗਾ-ਜਿੱਥੇ ਜੰਗ ਦੀਆਂ ਲਾਟਾਂ ਬੁਝ ਜਾਣ, ਅਤੇ ਸ਼ਾਂਤੀ ਦਾ ਚਾਨਣ ਸਦਾ ਲਈ ਚਮਕੇ।

## ਸਾਕਾ ਜੂਨ 84–8 ਸਫ਼ੇ ਦੀ ਬਾਕੀ

ਅਜਿਹੇ ਵਿੱਚ, ਟਕਰਾਅ ਤੇ ਮਤਭੇਦ ਸਿੱਖ ਪੰਥ ਨੂੰ ਹੋਰ ਦੁਖੀ ਕਰਦੇ ਹਨ, ਇਸ ਦੀ ਇਤਿਹਾਸਕ ਮਾਨਤਾ ਨੂੰ ਠੇਸ ਪਹੁੰਚਾਉਂਦੇ ਹਨ। ਸਾਨੂੰ, ਸਿੱਖ ਪੰਥ ਦੇ ਸਾਰੇ ਧਾਰਮਿਕ ਤੇ ਰਾਜਨੀਤਕ ਜਥੇਬੰਦੀਆਂ-ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਦਲ ਖਾਲਸਾ, ਦਮਦਮੀ ਟਕਸਾਲ-ਨੂੰ ਤਿਆਗ ਤੇ ਕੁਰਬਾਨੀ ਦੀ ਭਾਵਨਾ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ। ਸ਼੍ਰੋਮਣੀ ਕਮੇਟੀ ਨੂੰ ਸਾਰੀਆਂ ਧਿਰਾਂ ਨਾਲ ਸੰਵਾਦ ਕਰਨਾ ਚਾਹੀਦਾ। ਕਿਸੇ ਵੀ ਧਿਰ ਨੂੰ ਕੋਈ ਅਜਿਹਾ ਕਾਰਜ ਨਹੀਂ ਕਰਨਾ, ਜੋ ਪੰਥ ਵਿੱਚ ਟਕਰਾਅ ਨੂੰ ਹਵਾ ਦੇਵੇ।ਆਓ, ਸਿੱਖ ਪੰਥ ਦੇ ਵਾਰਸੋ, ਗੁਰੂ ਨਾਨਕ ਦੇ ਸੰਦੇਸ਼ ਨੂੰ ਦਿਲ ਵਿੱਚ ਧਾਰੀਏ-ਸਰਬੱਤ ਦਾ ਭਲਾ, ਏਕਤਾ ਦਾ ਸੁਰ, ਸ਼ਹੀਦੀ ਯਾਦਾਂ ਦਾ ਸਤਿਕਾਰ। 6 ਜੂਨ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ, ਇੱਕ ਦੀਵੇ ਵਾਂਗ ਜਗਮਗਾਈਏ, ਨਾ ਕਿ ਅੱਗ ਦੀਆਂ ਲਪਟਾਂ ਵਾਂਗ ਇਕ-ਦੂਜੇ ਨੂੰ ਸਾੜੀਏ। ਇਸ ਵਿੱਚ ਹੀ ਪੰਥ ਤੇ ਪੰਜਾਬ ਦੀ ਬਿਹਤਰੀ ਹੈ, ਇਸ ਵਿੱਚ ਹੀ ਗੁਰੂ ਤੇ ਸ਼ਹੀਦਾਂ ਦਾ ਸੁਪਨਾ ਸਾਕਾਰ ਹੈ।

-ਰਜਿੰਦਰ ਸਿੰਘ ਪੁਰੇਵਾਲ

# ਐਮ ਪੀ ਡਾ: ਅਮਰ ਸਿੰਘ ਦਾ ਪੰਜਾਬੀ ਭਾਈਚਾਰੇ ਵੱਲੋਂ ਲੰਡਨ ਵਿੱਚ ਸਨਮਾਨ






ਐਮ ਪੀ ਡਾ: ਅਮਰ ਸਿੰਘ ਨਾਲ ਐਮ ਪੀ ਸ਼ਰਮਾਂ, ਗੁਰਮਿੰਦਰ ਕੌਰ ਅਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬ ਦੇ ਹਲਕਾ ਫਤਹਿਗੜ੍ਹ ਸਾਹਿਬ ਦੇ ਸੰਸਦ ਮੈਂਬਰ ਡਾ: ਅਮਰ ਸਿੰਘ ਦਾ ਲੰਡਨ ਵਿੱਚ ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਅਤੇ ਪੰਜਾਬੀ ਭਾਈਚਾਰੇ ਵੱਲੋਂ ਐਮ ਪੀ ਵਰਿੰਦਰ ਸ਼ਰਮਾਂ, ਗੁਰਮਿੰਦਰ ਕੌਰ ਰੰਧਾਵਾ, ਬਲਜਿੰਦਰ ਸਿੰਘ ਜੈਨਪੁਰੀ, ਨਛੱਤਰ ਕਲਸੀ, ਸ਼ਿਵਦੀਪ ਕੌਰ ਢੇਸੀ, ਗੁਰਚਰਨ ਸਿੰਘ ਸੁਜਾਪੁਰ, ਕੁਲਦੀਪ ਸਿੰਘ ਬਰੈਸਟਰ, ਮਨਜੀਤ ਭੰਵਰਾ ਆਦਿ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਬੀਤੇ ਦਿਨੀ ਭਾਰਤ ਵੱਲੋਂ ਅੱਤਵਾਦ ਵਿਰੁੱਧ ਕੀਤੇ ਸੰਧੂਰ ਅਪ੍ਰੇਸ਼ਨ ਨੂੰ ਲੈ ਕੇ ਲੰਡਨ ਪਹੁੰਚੇ ਬਹੁ ਪਾਰਟੀ ਸੰਸਦ ਮੈਂਬਰਾਂ ਦੇ 9 ਮੈਂਬਰੀ ਵਫਦ ਵਿੱਚ ਸ਼ਾਮਿਲ ਡਾ: ਅਮਰ ਸਿੰਘ ਨੇ ਪੰਜਾਬੀਆਂ ਨੂੰ ਸੰਬੋਧਨ ਕਰਦਿਆਂ ਭਾਰਤ ਵੱਲੋਂ ਕੀਤੇ ਗਏ ਸਫ਼ਲ ਅਪ੍ਰੇਸ਼ਨ ਸੰਦੂਰ ਬਾਰੇ ਜਾਣਕਾਰੀ ਸਾਂਝੀ ਕੀਤੀ। ਉਹਨਾਂ ਕਿਹਾ ਕਿ ਦੇਸ਼ ਤੇ ਹੋਣ ਵਾਲੇ ਕਿਸੇ ਵੀ ਬਾਹਰੀ ਹਮਲੇ ਦਾ ਮੂੰਹ ਤੋੜ ਜਵਾਬ ਦੇਣ ਲਈ ਅਸੀਂ ਸਭ ਇੱਕ ਹਾਂ। ਉਹਨਾਂ ਕਿਹਾ ਕਿ ਅਸੀਂ ਵਿਦੇਸ਼ੀ ਸਰਕਾਰਾਂ ਅਤੇ ਵਿਦੇਸ਼ੀ ਧਰਤੀ ਤੇ ਵੱਸਦੇ ਆਪਣਿਆਂ ਅਤੇ ਹੋਰਾਂ ਭਾਈਚਾਰਿਆਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਭਾਰਤ ਬਹੁ ਧਰਮੀ ਅਤੇ ਬਹੁ ਸੱਭਿਆਚਾਰੀ ਦੇਸ਼ ਹੈ ਅਤੇ ਦੇਸ਼ ਦੀ ਅਖੰਡਤਾ ਲਈ ਅਸੀਂ ਸਭ ਇਕੱਠੇ ਹਾਂ। ਇਸ ਮੌਕੇ ਵੱਡੀ ਗਿਣਤੀ ਵਿੱਚ ਭਾਰਤੀ ਭਾਈਚਾਰੇ ਦੇ ਲੋਕ ਹਾਜ਼ਰ ਸਨ।

# ਡਾ. ਅੰਬੇਡਕਰ ਦੇ ਬੁੱਤ ਦੀ ਮੁੜ ਬੇਅਦਬੀ

## ✪ ਪੰਨੂ ਦੀ ਖਾਲਿਸਤਾਨ ਜਥੇਬੰਦੀ ਨੇ ਜ਼ਿੰਮੇਵਾਰੀ ਲਈ



ਫਿਲੌਰ-ਫਿਲੌਰ ਦੇ ਪਿੰਡ ਨੰਗਲ ਦੇ ਮੁੱਖ ਗੇਟ ਕੋਲ ਸਥਿਤ ਡਾ. ਬੀਆਰ ਅੰਬੇਡਕਰ ਦੇ ਬੁੱਤ ਦੀ 2 ਜੂਨ, 2025 ਦੀ ਰਾਤ ਨੂੰ ਅਣਪਛਾਤੇ ਵਿਅਕਤੀ ਦੁਆਰਾ ਮੁੜ ਬੇਅਦਬੀ ਕੀਤੀ ਗਈ। ਬੁੱਤ ’ਤੇ ਕਾਲਖ਼ ਮਲੀ ਗਈ ਅਤੇ ਪਿੱਛੇ ‘ਐੱਸਐੱਫਜੇ’ ਲਿਖਿਆ ਹੋਇਆ ਸੀ। ਨਾਲ ਲੱਗਦੇ ਸਕੂਲ ਦੀਆਂ ਕੰਧਾਂ ’ਤੇ ‘ਖਾਲਿਸਤਾਨ ਜਿੰਦਾਬਾਦ’ ਦੇ ਨਾਅਰੇ ਵੀ ਲਿਖੇ ਗਏ। ਬੁੱਤ ਨੂੰ ਸਾਫ਼ ਕਰ ਦਿੱਤਾ ਗਿਆ ਅਤੇ ਨਾਅਰੇ ਮਿਟਾਏ ਗਏ। ਸਿੱਖ ਫਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂ ਨੇ ਵੀਡੀਓ ਜਾਰੀ ਕਰਕੇ ਜ਼ਿੰਮੇਵਾਰੀ ਲਈ, ਦਾਅਵਾ ਕੀਤਾ ਕਿ 1984 ਦਾ ਅਕਾਲ ਤਖ਼ਤ ’ਤੇ ਹਮਲਾ ਅੰਬੇਡਕਰ ਦੇ ਸੰਵਿਧਾਨ ਕਾਰਨ ਹੋਇਆ। ਪੁਲੀਸ ਨੇ ਪਹਿਲਾਂ ਵੀ ਇਸ ਤਰ੍ਹਾਂ ਦੀ ਘਟਨਾ ਦੇ ਦੋਸ਼ੀਆਂ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ ਸੀ, ਪਰ ਮੁੜ ਘਟਨਾ ਵਾਪਰੀ।

# ਅੰਮ੍ਰਿਤਸਰ ਵਿੱਚ ਧਰਮ ਪਰਿਵਰਤਨ ਨੂੰ ਲੈ ਕੇ ਵਿਵਾਦ ਇਸਾਈ ਦੀ ਲਾਸ਼ ਦਫਨਾਉਣ ’ਤੇ ਰੋਕ ਲਗਾਈ



ਅੰਮ੍ਰਿਤਸਰ-ਇਥੋਂ ਦੇ ਪਿੰਡ ਮੂਡਲ ਵਿੱਚ ਈਸਾਈ ਭਾਈਚਾਰੇ ਨਾਲ ਸਬੰਧਤ ਇੱਕ ਵਿਅਕਤੀ ਦੀ ਲਾਸ਼ ਨੂੰ ਦਫਨਾਉਣ ਨੂੰ ਲੈ ਕੇ ਵਿਵਾਦ ਹੋਇਆ। ਪਿੰਡ ਵਾਸੀਆਂ ਨੇ ਧਰਮ ਪਰਿਵਰਤਨ ਦੇ ਮੁੱਦੇ ’ਤੇ ਲਾਸ਼ ਦਫਨਾਉਣ ਦੀ ਇਜਾਜ਼ਤ ਨਹੀਂ ਦਿੱਤੀ, ਜਿਸ ਕਾਰਨ ਲਾਸ਼ ਤਿੰਨ ਘੰਟੇ ਕਬਰਸਤਾਨ ਵਿੱਚ ਪਈ ਰਹੀ। ਈਸਾਈ ਆਗੂਆਂ ਅਤੇ ਪੁਲਿਸ ਦੇ ਦਖਲ ਤੋਂ ਬਾਅਦ ਲਾਸ਼ ਨੂੰ ਦਫਨਾਇਆ ਗਿਆ।

# ਰੈਸਟੋਰੈਂਟ ਮਾਲਕ ਗੁਰਵਿੰਦਰ ਸਿੰਘ ਜੌਹਲ ਦੇ ਦਿਨ ਦਿਹਾੜੇ ਕੀਤੇ ਕਤਲ ਵਿੱਚ ਡਰਬੀ ਦਾ ਸੋਮਾਲੀਅਨ ਕੀਤਾ ਚਾਰਜ

ਡਰਬੀ (ਪੰਜਾਬ ਟਾਈਮਜ਼) – ਇਥੇ ਪਿਛਲੇ ਮਹੀਨੇ 6 ਮਈ 2025 ਨੂੰ ਦਿਨ ਦਿਹਾੜੇ ਢਾਈ ਕੁ ਵਜੇ ਦੇ ਕਰੀਬ ਡਰਬੀ ਟਾਊਨ ਸੈਂਟਰ ਵਿੱਚ ਸੈਂਟ ਪੀਟਰਸ ਸਟ੍ਰੀਟ ’ਤੇ ਸਥਿੱਤ ਲੌਇਡਜ਼ ਬੈਂਕ ਦੇ ਅੰਦਰ ਗੁਰਵਿੰਦਰ ਸਿੰਘ ਜੌਹਲ ਉਤੇ ਤੇਜ਼ ਧਾਰ ਹਥਿਆਰ ਨਾਲ ਹਮਲਾ ਕਰਕੇ ਉਸ ਨੂੰ ਗੰਭੀਰ ਜਖਮੀ ਕਰ ਦਿੱਤਾ ਗਿਆ ਸੀ। ਗੁਰਵਿੰਦਰ ਜੌਹਲ ਉਮਰ 37 ਸਾਲ ਦੀ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਮੌਤ ਹੋ ਗਈ ਸੀ । ਉਸ ਦੇ ਕਤਲ ਦੇ ਦੋਸ਼ ਤਹਿਤ ਇਕ 47 ਸਾਲਾ ਸੋਮਾਲੀਅਨ ਪਿਛੋਕੜ ਦੇ ਹੇਬੀ ਕੈਬਡੀਰੇਕਸਮਾਨ ਨੂਰ ਜੋ ਕਿ ਵੈਸਟਰਨ ਰੋਡ ਨੌਰਮੈਂਟਨ ਡਰਬੀ ਦਾ ਰਹਿਣ ਵਾਲਾ ਹੈ ਨੂੰ ਚਾਰਜ ਕਰਕੇ ਪੁਲਿਸ ਨੇ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਪੇਸ਼ ਕੀਤਾ ਸੀ। ਇਸੇ ਘਟਨਾ ਦੇ ਸਬੰਧ ਵਿੱਚ ਇਕ ਹੋਰ 30 ਸਾਲਾ ਆਦਮੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਨੂੰ ਬਾਅਦ ਵਿੱਚ ਬਿਨਾ ਕਿਸੇ ਕਾਰਵਾਈ ਦੇ ਛੱਡ ਦਿੱਤਾ ਗਿਆ।

ਲੋਕਾਂ ਵੱਲੋਂ ਮੀਡੀਆ ਨੂੰ ਦੱਸਿਆ ਗਿਆ ਕਿ ਰੈਸਟੋਰੈਂਟ ਦਾ ਮਾਲਕ ਗੁਰਵਿੰਦਰ ਜੌਹਲ ਬੜੇ ਹੱਸਮੁੱਖ ਤੇ ਚੰਗੇ ਸੁਭਾਅ ਦਾ ਨੌਜਵਾਨ ਸੀ। ਉਹ ਆਪਣੀ



ਮ੍ਰਿਤਕ ਗੁਰਵਿੰਦਰ ਸਿੰਘ ਜੌਹਲ

ਪਤਨੀ ਅਤੇ ਬੱਚਿਆਂ ਨਾਲ ਭਾਰਤ ਦੀ ਯਾਤਰਾ ਤੋਂ ਵਾਪਸ ਆਇਆ ਹੀ ਸੀ ਕਿ ਜਦੋਂ ਉਸ ਨਾਲ ਇਹ ਹਾਦਸਾ ਵਾਪਰ ਗਿਆ। ਵੈਸਟਬ੍ਰਾਮਵਿਚ ਦੇ ਸੈਂਡਵੈਲ ਵੈਲੀ ਵਿਖੇ ਉਸ ਦੇ ਅੰਤਿਮ ਸੰਸਕਾਰ ਸਮੇਂ ਉਹਨਾਂ ਦਾ ਪਰਿਵਾਰ, ਨਜ਼ਦੀਕੀ ਰਿਸ਼ਤੇਦਾਰ ਅਤੇ ਚਾਹੁਣ ਵਾਲੇ ਵੱਡੀ ਗਿਣਤੀ ਵਿੱਚ ਪਹੁੰਚੇ ਅਤੇ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਅਖੀਰ ਗੁਰਦੁਆਰਾ ਬਾਬਾ ਸੰਗ ਵਿਖੇ ਆਤਮਕ ਸ਼ਾਂਤੀ ਲਈ ਪਾਠ ਦਾ ਭੋਗ ਅੰਤਿਮ ਅਰਦਾਸ ਕੀਤੀ ਗਈ।

# ਸ: ਸੁਖਦੇਵ ਸਿੰਘ ਢੀਂਡਸਾ ਦੇ ਅਕਾਲ ਚਲਾਣੇ ਤੇ ਇੰਗਲੈਂਡ ਦੇ ਪੰਜਾਬੀ ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਬਕਾ ਕੇਂਦਰੀ ਮੰਤਰੀ ਅਤੇ ਉੱਘੇ ਸਿਆਸਤਦਾਨ ਸ: ਸੁਖਦੇਵ ਸਿੰਘ ਢੀਂਡਸਾ ਦੇ ਅਕਾਲ ਚਲਾਣੇ ਤੇ ਇੰਗਲੈਂਡ ਦੇ ਸਿਆਸੀ, ਧਾਰਮਿਕ ਅਤੇ ਸਮਾਜ ਸੇਵੀ ਸ਼ਖ਼ਸੀਅਤਾਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸਾਬਕਾ ਐਮ ਪੀ ਵਰਿੰਦਰ ਸ਼ਰਮਾ, ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਅਤੇ ਯੂਰਪ ਦੇ ਕਨਵੀਨਰ ਦਲਜੀਤ ਸਿੰਘ ਸਹੋਤਾ, ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸਾਬਕਾ ਪ੍ਰਧਾਨ ਗੁਰਮੇਲ ਸਿੰਘ ਮੱਲੀ ਅਤੇ ਸਾਬਕਾ ਜਨਰਲ ਸਕੱਤਰ ਹਰਪਾਲ ਸਿੰਘ ਬਰਾੜ, ਸਮਾਜ ਸੇਵੀ ਅਵਤਾਰ ਸਿੰਘ ਕੰਗ ਨੇ ਕਿਹਾ ਕਿ ਸ: ਢੀਂਡਸਾ ਨੇ ਪੰਜਾਬ ਦੀ ਸਿਆਸਤ ਦੇ ਨਾਲ ਨਾਲ ਪੰਜਾਬ ਅਤੇ ਦੇਸ਼ ਦੇ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਵੀ ਅਹਿਮ ਰੋਲ ਅਦਾ ਕੀਤਾ ਹੈ। ਉਨ੍ਹਾਂ ਦੀਆਂ ਸੂਬੇ ਅਤੇ ਦੇਸ਼ ਲਈ ਭਾਈਚਾਰਕ ਸਾਂਝਾਂ ਮਜ਼ਬੂਤ ਕਰਨ ਲਈ ਦਿੱਤੀਆਂ ਸੇਵਾਵਾਂ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ।

# ਦਰਬਾਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਖ਼ਾਲਸਾ ਚਲ ਵਸੇ



ਸਾਨ ਫਰਾਂਸਿਸਕੋ-ਸਿੱਖ ਪੰਥ ਦੇ ਮਹਾਨ ਕੀਰਤਨੀਏ ਤੇ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਖਾਲਸਾ ਦੇ ਅਕਾਲ ਚਲਾਣੇ ’ਤੇ ਸਿੱਖ ਸੰਗਤਾਂ ’ਚ ਬਹੁਤ ਉਦਾਸੀ ਦਾ ਆਲਮ ਹੈ। ਪਟਿਆਲਾ ਜਿਲ੍ਹੇ ਦੀ ਰਾਜਪੁਰਾ ਤਹਿਸੀਲ ਦੇ ਪਿੰਡ ਕਹਿਲ ਮਾਜਰਾ ਦੇ ਜੰਮਪਲ ਭਾਈ ਇੰਦਰਜੀਤ ਸਿੰਘ ਲੰਬਾ ਸਮਾਂ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਕੀਰਤਨ ਦੀ ਸੇਵਾ ਕਰਦੇ ਰਹੇ ਤੇ ਉਹ ਪਿਛਲੇ ਕਾਫੀ ਅਰਸੇ ਤੋਂ ਅਮਰੀਕਾ ਵਿਚ ਪਰਿਵਾਰ ਸਮੇਤ ਰਹਿ ਰਹੇ ਸਨ ਤੇ ਉਨ੍ਹਾਂ ਦੇ ਵੱਡੇ ਭਰਾ ਭਾਈ ਜਸਵਿੰਦਰ ਸਿੰਘ ਵੀ ਉਨ੍ਹਾਂ ਨਾਲ ਇਥੇ ਹੀ ਰਹਿ ਰਹੇ ਸਨ। ਗੁਰਮਤਿ ਸੰਗੀਤ ਨਾਲ ਇਸ ਪਰਿਵਾਰ ਦੀ ਵਿਰਾਸਤੀ ਸਾਂਝ ਹੈ ਤੇ ਉਨ੍ਹਾਂ ਦੇ ਪਿਤਾ ਗਿਆਨੀ ਤਰਲੋਕ ਸਿੰਘ ਸ੍ਰੀ ਨਨਕਾਣਾ ਸਾਹਿਬ ’ਚ ਬਹੁਤ ਸਮਾਂ ਕੀਰਤਨ ਦੀ ਸੇਵਾ ਕਰਦੇ ਰਹੇ। ਉਹ ਪਿਛਲੇ ਹਫਤੇ ਹੀ ਇੰਗਲੈਂਡ ’ਚ ਗੁਰਬਾਣੀ ਦੇ ਪ੍ਰਚਾਰ ਲਈ ਗਏ ਸਨ ਤੇ ਕੈਂਟ ਹਲਕੇ ਵਿਚ ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾਂ ਦਾ ਦਿਹਾਂਤ ਹੋ ਗਿਆ। ਉਹ ਕਰੀਬ 68 ਸਾਲਾ ਦੇ ਸਨ।

# ਨਰਿੰਦਰਦੀਪ ਸਿੰਘ ਦੀ ਹਿਰਾਸਤੀ ਮੌਤ : ਪੋਸਟਮਾਰਟਮ ਰਿਪੋਰਟ ਵਿਚ 16 ਸੱਟਾਂ ਦਾ ਖੁਲਾਸਾ

**ਖਾਸ ਰਿਪੋਟ** ✪ ਬਠਿੰਡਾ ਸੀਆਈਏ-2 ਦੀ ਹਿਰਾਸਤ 'ਚ ਤਸ਼ੱਦਦ : ਪੁਲਿਸ 'ਤੇ ਸਵਾਲ ਖੜੇ ਹੋਏ

ਜਦੋਂ ਕਾਨੂੰਨ ਦੇ ਰਾਖੇ ਖੁਦ ਜ਼ੁਲਮ ਦੀ ਚਾਦਰ ਓੜ੍ਹ ਲੈਣ, ਤਾਂ ਇਨਸਾਫ਼ ਦੀ ਆਸ ਕਿਥੋਂ ਜਾਗੇ ? ਬਠਿੰਡਾ ਦੇ ਨਰਿੰਦਰਦੀਪ ਸਿੰਘ ਦੀ ਹਿਰਾਸਤੀ ਮੌਤ ਨੇ ਪੰਜਾਬ ਦੀ ਸੀਆਈਏ ਪੁਲਿਸ ਦੇ ਕਾਲੇ ਕਾਰਨਾਮਿਆਂ ਨੂੰ ਇੱਕ ਵਾਰ ਫਿਰ ਨੰਗਾ ਕਰ ਦਿੱਤਾ। 10 ਪੇਜਾਂ ਦੀ ਪੋਸਟਮਾਰਟਮ ਰਿਪੋਰਟ ਇੱਕ ਚੀਕਦੀ ਸੱਚਾਈ ਹੈ-16 ਸੱਟਾਂ, ਸਰੀਰ 'ਤੇ ਨੀਲ, ਖੂਨ ਦੇ ਧੱਬੇ, ਜੀਭ 'ਤੇ ਕੱਟ, ਅੱਖਾਂ ਵਿਚ ਲਹੂ-ਇਹ ਸਭ ਕੋਈ ਕਹਾਣੀ ਨਹੀਂ, ਸਗੋਂ ਪੁਲਿਸ ਦੀ ਬੇਰਹਿਮੀ ਦਾ ਜ਼ਾਲਮਾਨਾ ਸਬੂਤ ਹੈ। ਛੇ ਘੰਟਿਆਂ ਦੀ ਕੁੱਟਮਾਰ ਨੇ ਇੱਕ ਨੌਜਵਾਨ ਦੀ ਜਾਨ ਲੈ ਲਈ, ਪਰ ਸਵਾਲ ਇਹ ਹੈ-ਕੀ ਇਸ ਜ਼ੁਲਮ ਦੇ ਜ਼ਿੰਮੇਵਾਰਾਂ ਨੂੰ ਸਜ਼ਾ ਮਿਲੇਗੀ, ਜਾਂ ਇਹ ਵੀ ਲਵਾਰਸ ਲਾਸ਼ਾਂ ਵਾਂਗ ਫਾਈਲਾਂ ਵਿਚ ਦਫ਼ਨ ਹੋ ਜਾਵੇਗਾ ?





### ਨਰਿੰਦਰਦੀਪ ਸਿੰਘ ਕੌਣ ਸੀ ?

ਨਰਿੰਦਰਦੀਪ ਸਿੰਘ ਗੋਨਿਆਣਾ, ਬਠਿੰਡਾ ਦਾ ਇੱਕ ਨੌਜਵਾਨ ਅਧਿਆਪਕ ਸੀ। ਉਸ ਦੀ ਪਛਾਣ ਇੱਕ ਸਾਧਾਰਨ ਪਰਿਵਾਰਕ ਵਿਅਕਤੀ ਵਜੋਂ ਸੀ, ਜੋ ਸਥਾਨਕ ਲੋਕਾਂ ਵਿੱਚ ਜਾਣਿਆ-ਪਛਾਣਿਆ ਸੀ। ਉਸ ਦੇ ਪਰਿਵਾਰ ਵਿੱਚ ਮਾਤਾ-ਪਿਤਾ, ਪਤਨੀ ਨੈਨਸੀ ਅਤੇ ਹੋਰ ਨਜ਼ਦੀਕੀ ਸਨ, ਜੋ ਹੁਣ ਉਸ ਦੀ ਮੌਤ ਤੋਂ ਬਾਅਦ ਨਿਆਂ ਦੀ ਮੰਗ ਕਰ ਰਹੇ ਹਨ।

### ਪੁਲਿਸ ਨੇ ਕਿਉਂ ਫੜਿਆ ?

ਨਰਿੰਦਰਦੀਪ ਸਿੰਘ ਨੂੰ ਬਠਿੰਡਾ ਸੀਆਈਏ-2 (ਕ੍ਰਿਮੀਨਲ ਇਨਵੈਸਟੀਗੇਸ਼ਨ ਏਜੰਸੀ) ਦੀ ਪੁਲਿਸ ਨੇ ਹਿਰਾਸਤ ਵਿੱਚ ਲਿਆ ਸੀ। ਹਾਲਾਂਕਿ, ਸਪੱਸ਼ਟ ਤੌਰ 'ਤੇ ਇਹ ਨਹੀਂ ਦੱਸਿਆ ਗਿਆ ਕਿ ਉਸ ਨੂੰ ਕਿਸ ਅਪਰਾਧ ਦੇ ਸ਼ੱਕ 'ਤੇ ਫੜਿਆ ਗਿਆ। ਸੀਆਈਏ ਦੀ ਜਾਂਚ ਸ਼ਾਖਾ ਅਕਸਰ ਗੰਭੀਰ ਅਪਰਾਧਾਂ ਜਿਵੇਂ ਨਸ਼ਿਆਂ, ਹਥਿਆਰਾਂ ਜਾਂ ਹੋਰ ਅਪਰਾਧਿਕ ਗਤੀਵਿਧੀਆਂ ਨਾਲ ਜੁੜੇ ਮਾਮਲਿਆਂ ਦੀ ਪੜਤਾਲ ਕਰਦੀ ਹੈ। ਪਰਿਵਾਰ ਅਤੇ ਸਥਾਨਕ ਸਮਾਜ ਮੁਤਾਬਕ, ਨਰਿੰਦਰਦੀਪ 'ਤੇ ਕੋਈ ਠੋਸ ਦੋਸ਼ ਨਹੀਂ ਸਨ, ਅਤੇ ਉਸ ਦੀ ਹਿਰਾਸਤ 'ਚ ਮੌਤ ਨੇ ਪੁਲਿਸ ਦੀ ਕਾਰਵਾਈ 'ਤੇ ਸਵਾਲ ਖੜ੍ਹੇ ਕੀਤੇ ਹਨ।

ਏਮਜ਼ ਬਠਿੰਡਾ ਦੀ 10 ਪੰਨਿਆਂ ਦੀ ਪੋਸਟਮਾਰਟਮ ਰਿਪੋਰਟ ਮੁਤਾਬਕ, ਨਰਿੰਦਰਦੀਪ ਦੇ ਸਰੀਰ 'ਤੇ 16 ਸੱਟਾਂ ਦੇ ਨਿਸ਼ਾਨ ਮਿਲੇ, ਜਿਨ੍ਹਾਂ ਵਿੱਚ ਨੀਲ, ਖੂਨ ਦੇ ਧੱਬੇ, ਜੀਭ 'ਤੇ ਕੱਟ ਅਤੇ ਅੱਖਾਂ ਵਿੱਚ ਲਹੂ ਸ਼ਾਮਲ ਸਨ। ਇਹ ਸੱਟਾਂ ਬਲੰਟ ਫੋਰਸ (ਡੰਡਿਆਂ, ਮੁੱਕਿਆਂ ਜਾਂ ਲੱਤਾਂ) ਨਾਲ ਲੱਗੀਆਂ ਸਨ, ਜੋ ਮੌਤ ਤੋਂ 6 ਘੰਟੇ ਪਹਿਲਾਂ ਦੀਆਂ ਸਨ। ਰਿਪੋਰਟ ਤੋਂ ਸਾਫ਼ ਹੈ ਕਿ ਉਸ ਦੀ ਮੌਤ ਸੀਆਈਏ-2 ਦੀ ਹਿਰਾਸਤ ਵਿੱਚ ਤਸ਼ੱਦਦ ਕਾਰਨ ਹੋਈ ਸੀ।

ਸੀਆਈਏ-2 ਦੇ ਇੰਚਾਰਜ ਕਰਨਦੀਪ ਸਿੰਘ ਸੰਧੂ 'ਤੇ ਕਤਲ ਦਾ ਦੋਸ਼ ਹੈ, ਪਰ ਅਜੇ ਤੱਕ ਕੋਈ ਸਪੱਸ਼ਟ ਕਾਰਵਾਈ ਨਹੀਂ ਹੋਈ। ਪਰਿਵਾਰ ਅਤੇ ਸਮਾਜਿਕ ਜਥੇਬੰਦੀਆਂ ਦੋਸ਼ੀਆਂ ਵਿਰੁੱਧ ਕਤਲ ਦਾ ਮੁਕੱਦਮਾ ਦਰਜ ਕਰਨ ਦੀ ਮੰਗ ਕਰ ਰਹੀਆਂ ਹਨ। ਪਰ ਸਰਕਾਰ ਦਾ ਰਵੱਈਆ ਅਜੇ ਵੀ ਢਿੱਲਾ-ਢਾਲਾ ਹੈ। ਹੁਣ ਤੱਕ ਕੋਈ ਦੋਸ਼ੀ ਪੁਲਿਸ ਅਧਿਕਾਰੀ ਗ੍ਰਿਫਤਾਰ ਨਹੀਂ ਹੋਇਆ, ਨਾ ਹੀ ਸਰਕਾਰ ਨੇ ਕੋਈ ਸਖ਼ਤ ਨੋਟਿਸ ਲਿਆ।

ਨਰਿੰਦਰਦੀਪ ਦੀ ਪਤਨੀ ਨੈਨਸੀ, ਪਿਤਾ ਰਣਜੀਤ ਸਿੰਘ ਤੇ ਮਾਮਾ ਡਾ. ਨਵਦੀਪ ਸਿੰਘ ਨੇ ਗੋਨਿਆਣਾ ਵਿਚ ਰੋਸ ਧਰਨੇ ਨਾਲ ਨਿਆਂ ਦੀ ਲੜਾਈ ਸ਼ੁਰੂ ਕਰ ਦਿੱਤੀ। ਸ਼ਹਿਰ ਬੰਦ, ਮੈਡੀਕਲ ਸਟੋਰਾਂ ਦੀ ਹੜਤਾਲ ਤੇ ਕਿਸਾਨ-ਵਪਾਰੀ ਜਥੇਬੰਦੀਆਂ ਦਾ ਸਮਰਥਨ-ਇਹ ਸਭ ਦੱਸਦਾ ਹੈ ਕਿ ਲੋਕਾਂ ਦਾ ਸਬਰ ਜਵਾਬ ਦੇ ਰਿਹਾ। ਪਰਿਵਾਰ ਦੀ ਮੰਗ ਹੈ ਕਿ ਦੋਸ਼ੀਆਂ 'ਤੇ ਕਤਲ ਦਾ ਮੁਕੱਦਮਾ ਦਰਜ ਹੋਵੇ।

ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਦਾ ਕਹਿਣਾ ਸੱਚ ਨੂੰ ਝੰਜੋੜਦਾ ਹੈ-ਸੀਆਈਏ ਪੰਜਾਬ ਪੁਲਿਸ ਦੀ 'ਤਸੀਹੇ ਦੀ ਮਸ਼ੀਨ' ਹੈ, ਜਿੱਥੇ ਵਿਗਿਆਨਕ ਜਾਂਚ ਦੀ ਥਾਂ ਤਸ਼ੱਦਦ ਹੀ ਢੰਗ ਹੈ। ਉਹ ਮੰਗ ਕਰਦੇ ਹਨ ਕਿ ਸੀਆਈਏ ਨੂੰ ਖ਼ਤਮ ਕਰਕੇ ਇਸ ਦੇ ਜ਼ਾਲਮ ਅਫਸਰਾਂ 'ਤੇ ਸਖ਼ਤ ਕਾਰਵਾਈ ਹੋਵੇ।

ਰਾਜਨੀਤਕ ਪਾਰਟੀਆਂ ਦੀ ਗੱਲ ਕਰੀਏ, ਤਾਂ ਇਹ ਮਾਮਲਾ ਸਿਆਸਤ ਦੀ ਭੇਂਟ ਵੀ ਚੜ੍ਹ ਰਿਹਾ। ਭਾਜਪਾ ਆਪ 'ਤੇ ਮਾਮਲੇ ਨੂੰ ਦਬਾਉਣ ਦਾ ਦੋਸ਼ ਲਾ ਰਹੀ, ਜਦਕਿ ਸਥਾਨਕ ਆਗੂਆਂ ਨੇ ਧਰਨੇ ਵਿਚ ਸ਼ਮੂਲੀਅਤ ਕਰਕੇ ਪਰਿਵਾਰ ਨੂੰ ਸਮਰਥਨ ਦਿੱਤਾ। ਸੀਨੀਅਰ ਕਾਂਗਰਸ ਆਗੂ ਸਖਮੰਦਰ ਸਿੰਘ ਬਰਾੜ ਵੀ ਧਰਨੇ 'ਚ ਸ਼ਾਮਲ ਸਨ, ਪਰ ਪਾਰਟੀ ਦਾ ਸਪੱਸ਼ਟ ਰੁਖ ਸਾਹਮਣੇ ਨਹੀਂ ਆਇਆ।

ਨਿਆਂ ਦੀ ਇਹ ਲੜਾਈ ਸਿਰਫ਼ ਨਰਿੰਦਰਦੀਪ ਦੀ ਨਹੀਂ, ਸਗੋਂ ਹਰ ਉਸ ਇਨਸਾਨ ਦੀ ਹੈ, ਜੋ ਜ਼ੁਲਮ ਦੀ ਚੁੰਗਲ 'ਚ ਫਸ ਕੇ ਦਮ ਤੋੜਦਾ।

ਸੁਖਬੀਰ ਸਿੰਘ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੇ ਨਰਿੰਦਰਦੀਪ ਦੀ ਮੌਤ 'ਤੇ ਦੁੱਖ ਜਤਾਇਆ ਅਤੇ ਪਰਿਵਾਰ ਨੂੰ ਨਿਆਂ ਦੀ ਲੜਾਈ 'ਚ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ। ਉਨ੍ਹਾਂ ਨੇ ਪੰਜਾਬ ਨੂੰ 'ਪੁਲਿਸ ਸਟੇਟ' ਵਿੱਚ ਤਬਦੀਲ ਹੋਣ ਦੀ ਚਿੰਤਾ ਜਤਾਈ।

## ਦਰਬਾਰ ਸਾਹਿਬ ਕੰਪਲੈਕਸ ਦੇ ਨੇੜੇ ਗੁਰਬਾਣੀ ਦੀ ਬੇਅਦਬੀ ਕਰਨ ਦੀ ਘਟਨਾ ਵਾਪਰੀ

ਅੰਮ੍ਰਿਤਸਰ-ਸ੍ਰੀ ਦਰਬਾਰ ਸਾਹਿਬ ਕੰਪਲੈਕਸ ਗੁਰੂ ਅਰਜਨ ਦੇਵ ਨਿਵਾਸ ਸਰਾਂ ਦੇ ਨੇੜੇ ਇੱਕ ਵਾਰ ਮੁੜ ਗੁਰਬਾਣੀ ਦੀ ਬੇਅਦਬੀ ਕਰਨ ਦੀ ਘਟਨਾ ਵਾਪਰੀ ਹੈ। ਇਸ ਵਿਅਕਤੀ ਨੂੰ ਅਜਿਹਾ ਕਰਦਿਆਂ ਸੰਗਤ ਅਤੇ ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਨੇ ਕਾਬੂ ਕਰ ਲਿਆ। ਉਸ ਦੀ ਮਾਰਕੁੱਟ ਵੀ ਕੀਤੀ ਗਈ ਅਤੇ ਬਾਅਦ ਵਿੱਚ ਪੁਲੀਸ ਨੂੰ ਸੌਂਪ ਦਿੱਤਾ ਗਿਆ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਗੁਟਕਾ ਸਾਹਿਬ ਦੀ ਬੇਅਦਬੀ ਕਰਨ ਵਾਲੇ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਸਬੰਧ ਵਿੱਚ ਗ੍ਰਿਫਤਾਰ ਕੀਤੇ ਗਏ ਵਿਅਕਤੀ ਦੀ ਸ਼ਨਾਖਤ ਗੁਰਪ੍ਰੀਤ ਸਿੰਘ ਵਜੋਂ ਹੋਈ ਹੈ, ਜਿਸ ਨੂੰ ਮਾਨਸਿਕ ਤੌਰ 'ਤੇ ਪਰੇਸ਼ਾਨ ਵਿਅਕਤੀ ਦੱਸਿਆ ਜਾ ਰਿਹਾ ਹੈ। ਇਸ ਮਾਮਲੇ ਵਿੱਚ ਕੇਸ ਦਰਜ ਕਰਕੇ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਘਟਨਾ ਦੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਵੱਲੋਂ ਸਖ਼ਤ ਨਿੰਦਾ ਕੀਤੀ ਗਈ ਹੈ।




## ਅਕਾਲ ਤਖ਼ਤ ਦੇ ਜਥੇਦਾਰ ਗੜਗਜ ਜੇਲ ਵਿਚ ਭਾਈ ਰਾਜੋਆਣਾ ਨੂੰ ਮਿਲੇ

✪ ਸ਼ਹੀਦੀ ਸਮਾਗਮ ਵਿਚ ਜਥੇਦਾਰ ਦਾ ਵਿਰੋਧ ਨਾ ਹੋਵੇ-ਭਾਈ ਰਾਜੋਆਣਾ

ਪਟਿਆਲਾ-ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਪਟਿਆਲਾ ਜੇਲ੍ਹ ਵਿੱਚ ਫਾਂਸੀ ਦੀ ਸਜ਼ਾ ਤਹਿਤ ਬੰਦ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕੀਤੀ। ਜਿਸ ਦੌਰਾਨ ਰਾਜੋਆਣਾ ਵੱਲੋਂ ਆਪਣੇ ਫ਼ਾਂਸੀ ਸਬੰਧੀ ਕੇਸ ਦਾ ਜਲਦੀ ਨਿਪਟਾਰਾ ਕਰਵਾਉਣ ਲਈ ਕਾਨੂੰਨੀ ਚਾਰਾਜੋਈ ਤੇਜ ਕਰਨ ਦੀ ਅਪੀਲ ਕੀਤੀ ਗਈ। ਇਸ ਦੌਰਾਨ ਰਾਜੋਆਣਾ ਨੇ ਸਿੰਘ ਸਾਹਿਬ ਦੇ ਰਾਹੀਂ ਸਮੁੱਚੀ ਸਿੰਘ ਸਿੱਖ ਸੰਗਤ ਦੇ ਨਾਮ ਸੁਨੇਹਾ ਵੀ ਭੇਜਿਆ ਹੈ। ਇਸ ਵਿਚ 6 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋ ਰਹੇ ਸਮਾਗਮ ਵਿੱਚ ਸਮੂਹ ਪੰਥ ਸਿੱਖ ਸੰਗਤਾਂ ਸ਼ਿਰਕਤ ਕਰਨ ਅਤੇ ਇਸ ਦਾ ਕਿਸੇ ਨੂੰ ਵੀ ਵਿਰੋਧ ਨਾ ਕਰਨ ਬਾਰੇ ਕਿਹਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜੀ ਤੇ ਜਥੇਦਾਰ ਰਵਿੰਦਰ ਸਿੰਘ ਖਾਲਸਾ, ਮੈਂਬਰ ਜਥੇਦਾਰ ਜਸਮੇਰ ਸਿੰਘ ਲਾਛੜੂ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਦੇ ਮੈਨੇਜਰ ਭਾਗ ਸਿੰਘ ਰਾਜਪੁਰਾ ਖਾਲਸਾ ਅਤੇ ਹੈਡ ਗ੍ਰੰਥੀ ਗਿਆਨੀ ਪ੍ਰਨਾਮ ਸਿੰਘ ਮੌਜੂਦ ਸਨ।



## -ਮਾਮਲਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ-

# ਪੰਥਕ ਜਥੇਬੰਦੀਆਂ ਵੱਲੋਂ ਮੁੱਖ ਮੰਤਰੀ ਦੀ ਰਿਹਾਇਸ਼ ਘੇਰਨ ਦੀ ਚਿਤਾਵਨੀ ਦਿੱਤੀ



**ਕੋਟਕਪੂਰਾ**-ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਉਸ ਮਗਰੋਂ ਵਾਪਰੇ ਗੋਲੀ ਕਾਂਡ ਦੀ ਯਾਦ ਵਿੱਚ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਅਤੇ ਪੰਥਕ ਜਥੇਬੰਦੀਆਂ ਦੇ ਆਗੂਆਂ ਨੇ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ (ਜਿੱਥੋਂ ਬੇਅਦਬੀ ਦੀਆਂ ਘਟਨਾਵਾਂ ਸ਼ੁਰੂ ਹੋਈਆਂ ਸਨ) ਤੋਂ ਲੈ ਕੇ ਕੋਟਕਪੂਰਾ ਚੌਕ (ਜਿੱਥੇ ਗੋਲੀ ਕਾਂਡ ਵਾਪਰਿਆ) ਤੱਕ ਰੋਸ ਮਾਰਚ ਕੀਤਾ। ਆਗੂਆਂ ਨੇ ਕਿਹਾ ਕਿ ਇਨ੍ਹਾਂ ਘਟਨਾਵਾਂ ਨੂੰ 10 ਸਾਲ ਬੀਤ ਗਏ ਹਨ ਪਰ ਹਾਲੇ ਤੱਕ ਕਿਸੇ ਨੂੰ ਇਨਸਾਫ ਨਹੀਂ ਮਿਲਿਆ। ਆਗੂਆਂ ਨੇ ਸਰਕਾਰ ਨੂੰ ਇਕ ਮਹੀਨੇ ਦਾ ਅਲਟੀਮੇਟਮ ਦਿੰਦਿਆਂ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨ ਦਾ ਐਲਾਨ ਕੀਤਾ।

ਸਤਿਕਾਰ ਕਮੇਟੀ ਦੇ ਆਗੂ ਸੁਖਜੀਤ ਸਿੰਘ ਖੋਸਾ ਅਤੇ ਸੁਖਰਾਜ ਸਿੰਘ ਨਿਆਮੀਵਾਲਾ ਨੇ ਕਿਹਾ ਕਿ ਬੇਅਦਬੀ ਅਤੇ ਗੋਲੀ ਕਾਂਡ ਨੂੰ 10 ਸਾਲ ਬੀਤ ਗਏ ਹਨ ਅਤੇ ਦੋ ਸਰਕਾਰਾਂ ਵੀ ਇਨਸਾਫ ਦੇਣ ਦਾ ਵਾਅਦਾ ਕਰਕੇ ਬਣੀਆਂ ਪਰ ਹਾਲੇ ਤੱਕ ਕਿਸੇ ਨੂੰ ਇਨਸਾਫ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਸਰਕਾਰ ਡੇਰਾ ਸਿਰਸਾ ਦੇ ਮੁਖੀ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਪੰਜਾਬ ਲਿਆ ਕੇ ਪੁੱਛਗਿੱਛ ਕਰੇ ਤਾਂ ਹੀ ਬੇਅਦਬੀਆਂ ਦਾ ਸੱਚ ਸਾਹਮਣੇ ਆ ਸਕਦਾ ਹੈ। ਪੰਥਕ ਆਗੂਆਂ ਨੇ ਕਿਹਾ ਕਿ ਇਸ ਮਾਮਲੇ ਵਿੱਚ ਸਰਕਾਰ ਦੀ ਭੂਮਿਕਾ ਪੂਰੀ ਤਰ੍ਹਾਂ ਸ਼ੱਕੀ ਹੈ ਕਿਉਂਕਿ ਇਸ ਨੇ ਕੋਈ ਠੋਸ ਕਾਨੂੰਨੀ ਕਾਰਵਾਈ ਨਹੀਂ ਕੀਤੀ। ਉਨ੍ਹਾਂ ਮੰਗ ਕੀਤੀ ਕਿ ਕੇਸਾਂ ਨੂੰ ਫਾਸਟ ਟਰੈਕ 'ਤੇ ਲਿਆ ਕੇ ਜਲਦੀ ਇਨਸਾਫ ਦੇਣ ਵੱਲ ਕਦਮ ਵਧਾਇਆ ਜਾਵੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਮਹੀਨੇ ਦੇ ਅੰਦਰ ਅੰਦਰ ਬਹਿਬਲ ਗੋਲੀ ਕਾਂਡ ਦੇ ਦੋਸ਼ੀਆਂ ਦਾ ਚਲਾਨ ਪੇਸ਼ ਨਹੀਂ ਕੀਤਾ ਗਿਆ ਤਾਂ ਮੁੱਖ ਮੰਤਰੀ ਭਵਗੰਤ ਮਾਨ ਦੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ।

## ਬਰਨਾਲਾ ਦੇ ਇਸ ਪਿੰਡ ਗਹਿਲ ਵਿਚ ਹੋਈ ਬੇਅਦਬੀ ਦੀ ਕੋਸ਼ਿਸ਼



**ਬਰਨਾਲਾ**-ਬਰਨਾਲਾ ਦੇ ਇਤਿਹਾਸਿਕ ਪਿੰਡ ਗਹਿਲ ਵਿਖੇ ਇਕ ਵਿਅਕਤੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਕੋਸ਼ਿਸ਼ ਕੀਤੀ ਹੈ ਹਾਲਾਂਕਿ ਉਸਨੂੰ ਮੌਕੇ ਤੇ ਕਾਬੂ ਕਰ ਲਿਆ ਗਿਆ। ਜਾਣਕਾਰੀ ਅਨੁਸਾਰ ਬੀਤੇ ਦਿਨੀਂ ਪਿੰਡ ਗਹਿਲ ਦੇ ਗੁਰਦੁਆਰਾ ਭਾਈ ਭਗਤੂਆਣਾ ਸਾਹਿਬ ਵਿਖੇ ਇਕ ਵਿਅਕਤੀ ਦਰਬਾਰ ਸਾਹਿਬ ਵਿਚ ਗਿਆ ਸੀ ਅਤੇ ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਉੱਪਰ ਪਾਏ ਰੁਮਾਲਾ ਸਾਹਿਬ ਨੂੰ ਚੁੱਕ ਦਿੱਤਾ ਅਤੇ ਸੇਵਾਦਾਰ ਵਲੋ ਲਲਕਾਰਨ 'ਤੇ ਉਕਤ ਵਿਅਕਤੀ ਨੇ ਰੁਮਾਲਾ ਮੁੜ ਰੱਖ ਦਿੱਤਾ ਅਤੇ ਉਕਤ ਵਿਅਕਤੀ ਨੂੰ ਪਿੰਡ ਵਾਸੀਆਂ ਨੇ ਪੁਲਿਸ ਹਵਾਲੇ ਕਰ ਦਿੱਤਾ। ਪੁਲਿਸ ਇਸ ਘਟਨਾ ਦੀ ਜਾਂਚ ਕਰ ਰਹੀ ਹੈ।

## ਸ਼ਹੀਦ ਭਾਈ ਮਹਿੰਗਾ ਸਿੰਘ ਬੱਬਰ ਸਮੇਤ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਸਮਾਗਮ ਕਰਵਾਇਆ

**✪ ਸ਼ਹੀਦ ਪਰਿਵਾਰਾਂ ਨੂੰ ਕੀਤਾ ਸਨਮਾਨਿਤ ਕਈ ਪੰਥਕ ਆਗੂ ਸ਼ਾਮਲ ਹੋਏ**



**ਅੰਮ੍ਰਿਤਸਰ**-ਜਥੇਦਾਰ ਹਵਾਰਾ ਕਮੇਟੀ ਨੇ ਸ਼੍ਰੋਮਣੀ ਕਮੇਟੀ, ਮੈਨੇਜਰ ਸ੍ਰੀ ਦਰਬਾਰ ਸਾਹਿਬ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਜੂਨ '84 ਦੇ ਫ਼ੌਜੀ ਹਮਲੇ ਦੇ ਪਹਿਲੇ ਸ਼ਹੀਦ ਭਾਈ ਮਹਿੰਗਾ ਸਿੰਘ ਬੱਬਰ ਅਤੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਸਮਾਗਮ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਵਿਖੇ ਕਰਵਾਇਆ। ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਹਰਿਸਿਮਰਨਜੀਤ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪ੍ਰਵਿੰਦਰਪਾਲ ਸਿੰਘ ਨੇ ਭਾਈ ਮਹਿੰਗਾ ਸਿੰਘ ਬੱਬਰ ਅਤੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿਚ ਦਵਿੰਦਰ ਸਿੰਘ ਭਰਾਤਾ ਸ਼ਹੀਦ ਭਾਈ ਮਹਿੰਗਾ ਸਿੰਘ, ਬੇਅੰਤ ਸਿੰਘ ਭਰਾਤਾ ਸ਼ਹੀਦ ਜਨਰਲ ਸ਼ਬੇਗ ਸਿੰਘ, ਕੁਲਦੀਪ ਸਿੰਘ ਪੁੱਤਰ ਸ਼ਹੀਦ ਮੇਜਰ ਸਿੰਘ ਨਾਗੋਕੇ, ਸਤਵੰਤ ਸਿੰਘ ਪੁੱਤਰ ਸ਼ਹੀਦ ਕੇਹਰ ਸਿੰਘ, ਹਰਦੀਪ ਸਿੰਘ ਭਰਾਤਾ ਸ਼ਹੀਦ ਅਨੋਖ ਸਿੰਘ ਬੱਬਰ ਸ਼ਾਮਿਲ ਸਨ। ਉਪਰੰਤ ਸੰਗਤਾਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਈਆਂ ਜਿੱਥੇ ਸਿੰਘ ਸਾਹਿਬ ਮਲਕੀਤ ਸਿੰਘ ਮੁੱਖ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸ਼ਹੀਦਾਂ ਨਮਿਤ ਅਰਦਾਸ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਹਵਾਰਾ ਕਮੇਟੀ ਦੇ ਪ੍ਰੋ: ਬਲਜਿੰਦਰ ਸਿੰਘ, ਸਤਨਾਮ ਸਿੰਘ ਖੰਡਾ, ਗਿਆਨੀ ਤੇਜਬੀਰ ਸਿੰਘ ਟਕਸਾਲ, ਮਹਾਂਬੀਰ ਸਿੰਘ ਸੁਲਤਾਨਵਿੰਡ, ਜੁਗਰਾਜ ਸਿੰਘ ਪੱਟੀ ਆਦਿ ਹਾਜ਼ਰ ਸਨ

## ਪ੍ਰੇਮ ਵਿਆਹ ਕਰਵਾਉਣ ਵਾਲੀ ਕੁੜੀ ਨੂੰ ਉਸ ਦੇ ਹੀ ਪਰਿਵਾਰਕ ਮੈਂਬਰਾਂ ਵੱਲੋਂ ਬੁਰੀ ਤਰ੍ਹਾਂ ਵੱਢ-ਟੁੱਕਿਆ

**ਟਾਂਡਾ ਉੜਮੁੜ**-ਆਪਣੀ ਮਰਜ਼ੀ ਨਾਲ ਵਿਆਹ ਕਰਵਾਉਣ ਵਾਲੀ ਇਕ ਕੁੜੀ ਨੂੰ ਉਸ ਦੇ ਹੀ ਪਰਿਵਾਰਕ ਮੈਂਬਰਾਂ ਵੱਲੋਂ ਬੁਰੀ ਤਰ੍ਹਾਂ ਵੱਢ-ਟੁੱਕ ਕੇ ਕਤਲ ਕਰਨ ਦੀ ਨੀਅਤ ਨਾਲ ਬੇਟ ਖੇਤਰ ਦੇ ਪਿੰਡ ਰੜਾ ਵਿੱਚ ਸੁੱਟ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਮਾਮਲਾ ਬੀਤੇ ਦਿਨੀਂ ਉਸ ਸਮੇਂ ਸਾਹਮਣੇ ਆਇਆ ਜਦੋਂ ਪਿੰਡ ਰੜਾ ਦੇ ਇਕ ਧਾਰਮਿਕ ਸਥਾਨ ਨਜ਼ਦੀਕ ਪਿੰਡ ਦੀ ਹੀ ਪੰਚਾਇਤ ਮੈਂਬਰ ਨੇ ਗੰਭੀਰ ਜ਼ਖ਼ਮੀ ਹਾਲਤ ਵਿੱਚ ਵਿਆਹੁਤਾ ਨੂੰ ਵੇਖਣ ਉਪਰੰਤ ਪਿੰਡ ਸਰਪੰਚ ਨੂੰ ਸੂਚਿਤ ਕਰਨ ਦੇ ਨਾਲ-ਨਾਲ ਬਸਤੀ ਬੋਹੜਾਂ ਪੁਲਸ ਚੌਂਕੀ ਵਿੱਚ ਸੂਚਨਾ ਦਿੱਤੀ ਗਈ।

ਇਸ ਦੇ ਬਾਅਦ ਚੌਂਕੀ ਇੰਚਾਰਜ ਰਾਜੇਸ਼ ਕੁਮਾਰ ਦੀ ਟੀਮ ਨੇ ਗੰਭੀਰ ਜ਼ਖ਼ਮੀ ਹਾਲਤ ਵਿੱਚ ਕੁੜੀ ਨੂੰ ਸਰਕਾਰੀ ਹਸਪਤਾਲ ਟਾਂਡਾ ਪਹੁੰਚਾਇਆ। ਜ਼ਖ਼ਮੀ ਹੋਈ ਕੁੜੀ ਦੀ ਪਛਾਣ ਮਨਪ੍ਰੀਤ ਕੌਰ ਪੁੱਤਰੀ ਰਸ਼ਪਾਲ ਸਿੰਘ ਵਾਸੀ ਪਿੰਡ ਅਬਦਾਲ ਥਾਣਾ ਕਥੂ ਨੰਗਲ ਜ਼ਿਲ੍ਹਾ ਅੰਮ੍ਰਿਤਸਰ ਵਜੋਂ ਹੋਈ ਹੈ। ਟਾਂਡਾ ਪੁਲਸ ਨੇ ਵਿਆਹੁਤਾ ਦੇ ਬਿਆਨ ਦਰਜ ਕੀਤੇ ਹਨ ਅਤੇ ਹੋਰ ਮਾਮਲੇ ਦੀ ਤਫ਼ਤੀਸ਼ ਲਈ ਉਸ ਦੇ ਪਰਿਵਾਰਿਕ ਮੈਂਬਰਾਂ ਨੂੰ ਬੁਲਾਇਆ ਗਿਆ ਹੈ।

## ਸੁਲਤਾਨਵਿੰਡ ਦੋਬੁਰਜੀ ਲਿੰਕ ਰੋਡ 'ਤੇ ਗੈਂਗਸਟਰ ਨਾਲ ਪੁਲੀਸ ਮੁਕਾਬਲਾ

**✪ 30 ਬੋਰ ਦਾ ਪਿਸਤੌਲ ਤੇ ਇਕ ਜ਼ਿੰਦਾ ਰੌਂਦ ਬਰਾਮਦ**

**ਸੁਲਤਾਨਵਿੰਡ**-ਥਾਣਾ ਸੁਲਤਾਨਵਿੰਡ ਦੇ ਅਧੀਨ ਆਉਂਦੇ ਇਲਾਕੇ ਦੋਬੁਰਜੀ ਲਿੰਕ ਰੋਡ 'ਤੇ ਪੁਲਿਸ ਵਲੋਂ ਇਕ ਗੈਂਗਸਟਰ ਦਾ ਐਨਕਾਊਂਟਰ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪੁਲਿਸ ਥਾਣਾ ਬੀ ਡਵੀਜ਼ਨ ਦੇ ਮੁਖੀ ਇੰਸਪੈਕਟਰ ਸੁਖਬੀਰ ਸਿੰਘ ਅਤੇ ਥਾਣਾ ਸੁਲਤਾਨਵਿੰਡ ਦੇ ਇੰਸਪੈਕਟਰ ਰਾਜਿੰਦਰ ਕੁਮਾਰ ਨੇ ਦੱਸਿਆ ਗੁਰੂ ਅਰਜਨ ਦੇਵ ਕਾਲੋਨੀ ਗੋਇੰਦਵਾਲ ਸਾਹਿਬ ਦੇ ਇਕ ਗੈਂਗਸਟਰ ਗੁਰਲਾਲ ਸਿੰਘ ਹਰਮਨ ਨੂੰ ਪਿੰਡ ਸੁਲਤਾਨਵਿੰਡ ਇਲਾਕੇ ਵਿਚ ਪਿਸਤੌਲ ਦੀ ਬਰਾਮਦੀ ਕਰਨ ਲਈ ਲਿਆਂਦਾ ਸੀ ਤਾਂ ਗੁਰਲਾਲ ਸਿੰਘ ਨੇ ਬਰਾਮਦੀ ਮੌਕੇ ਪੁਲਿਸ ਪਾਰਟੀ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆ ਅਤੇ ਪੁਲਿਸ ਦੀ ਜਵਾਬੀ ਕਾਰਵਾਈ ਦੌਰਾਨ ਲੱਤ ਵਿਚ ਗੋਲੀ ਲੱਗਣ ਕਾਰਨ ਉਹ ਜ਼ਖ਼ਮੀ ਹੋ ਗਿਆ ਤੇ ਇਲਾਜ ਲਈ ਅੰਮ੍ਰਿਤਸਰ ਦੇ ਇਕ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਪੁਲਿਸ ਅਧਿਕਾਰੀਆ ਨੇ ਦੱਸਿਆ ਕਿ ਗੈਂਗਸਟਰ ਗੁਰਲਾਲ ਸਿੰਘ ਦੇ ਕਬਜ਼ੇ ਵਿਚੋਂ 30 ਬੋਰ ਦਾ ਪਿਸਤੌਲ ਅਤੇ ਇਕ ਜ਼ਿੰਦਾ ਰੌਂਦ ਬਰਾਮਦ ਹੋਇਆ ਹੈ।

# ਘੱਲੂਘਾਰੇ ਦੀ ਯਾਦ ਵਿੱਚ ਹਜਾਰਾਂ ਸਿੱਖ ਸੰਗਤਾਂ ਨੇ ਲੰਡਨ ਵਿਖੇ ਰੋਸ ਮੁਜਾਹਰੇ ਵਿੱਚ ਸ਼ਮੂਲੀਅਤ ਕੀਤੀ ਪਾਕਿਸਤਾਨ ਵਿੱਚ ਅਕਾਲ ਚਲਾਣਾ ਕਰ ਗਏ ਜਲਾਵਤਨੀ ਯੋਧਿਆਂ ਤੇ ਧਰਮੀ ਫੌਜੀਆਂ ਨੂੰ ਕੀਤਾ ਗਿਆ ਯਾਦ



***ਲੰਡਨ– ਜੂਨ 1984 ਦੌਰਾਨ ਸਿੱਖ ਤਵਾਰੀਖ ਵਿੱਚ ਵਾਪਰਿਆ ਤੀਸਰਾ ਖੂਨੀ ਘੱਲੂਘਾਰਾ ਅਜਿਹਾ ਕਹਿਰ ਹੈ ਜਿਸ ਨੂੰ ਸਿੱਖ ਕੌਮ ਕਦੇ ਵੀ ਭੁਲਾ ਨਹੀਂ ਸਕਦੀ। ਬਲਕਿ ਇਸ ਘੱਲੂਘਾਰੇ ਨਾਲ ਸਿਰਜੇ ਗਏ ਆਜਾਦ ਸਿੱਖ ਰਾਜ ਖਾਲਿਸਤਾਨ ਰੂਪੀ ਕੌਮੀ ਨਿਸ਼ਾਨੇ ਦੀ ਪੂਰਤੀ ਵਾਸਤੇ ਸਿੱਖ ਕੌਮ ਯਤਨਸ਼ੀਲ ਰਹੇਗੀ । ਜਿਸ ਵਾਸਤੇ ਅਣਗਿਣਤ ਸਿੱਖਾਂ ਦੀਆਂ ਸ਼ਹਾਦਤਾਂ ਹੋ ਚੁੱਕੀਆਂ ਹਨ। ਭਾਰਤੀ ਫੌਜ ਨੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਟੈਂਕਾਂ ਤੋਪਾਂ ਨਾਲ ਅੱਤ ਵਹਿਸ਼ੀ ਹਮਲਾ ਕਰਨ ਤੋਂ ਇਲਾਵਾ 40 ਤੋਂ ਵੱਧ ਹੋਰ ਗੁਰਦਵਾਰਿਆਂ ਤੇ ਭਾਰਤੀ ਫੌਜ ਨੇ ਦਾਖਲ ਹੋ ਕੇ ਸਿੱਖ ਸੰਗਤਾਂ ਤੇ ਜ਼ੁਲਮ ਕੀਤੇ ਸਨ ।***

ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਵਲੋਂ ਲੰਡਨ ਵਿੱਚ ਘੱਲੂਘਾਰਾ ਜੂਨ 1984 ਦੀ ਯਾਦ ਨੂੰ ਸਮਰਪਿਤ ਭਾਰੀ ਰੋਸ ਮੁਜਾਹਰਾ ਐਤਵਾਰ ਵਾਲੇ ਦਿਨ ਕੀਤਾ ਕੀਤਾ ਗਿਆ, ਜਿਸ ਵਿੱਚ ਹਜਾਰਾਂ ਸਿੱਖ ਸੰਗਤਾਂ ਨੇ ਸ਼ਮੂਲੀਅਤ ਕਰਕੇ ਦਰਸਾ ਦਿੱਤਾ ਕਿ ਸਿੱਖ ਕੌਮ ਘੱਲੂਘਾਰੇ ਦੇ ਦਰਦ ਨੂੰ ਉਵੇਂ ਹੀ ਮਹਿਸੂਸ ਕਰਦੀ ਹੈ ਜਿਵੇਂ 41 ਸਾਲ ਪਹਿਲਾਂ ਮਹਿਸੂਸ ਕਰਦੀ ਸੀ।

ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ਨਜ਼ ਯੂ, ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ , ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਜਾਰੀ ਪ੍ਰੈੱਸ ਰਿਲੀਜ਼ ਵਿੱਚ ਆਖਿਆ ਕਿ ਗਿਆਰਾਂ ਵਜੇ ਯੂ,ਕੇ ਭਰ ਤੋਂ ਸਿੱਖ ਸੰਗਤਾਂ ਕਾਰਾਂ ,ਕੋਚਾਂ ਰਾਹੀਂ ਗਿਆਰਾਂ ਵਜੇ ਵਲਿੰਗਟਨ ਆਰਚ ਵਿੱਚ ਇਕੱਤਰ ਹੋਣੀਆਂ ਅਰੰਭ ਹੋ ਗਈਆਂ ਸਨ ਅਤੇ ਇੱਕ ਵਜੇ ਪੰਜ ਸਿੰਘਾਂ ਦੀ ਅਗਵਾਈ ਵਿੱਚ ਰੋਸ ਮਾਰਚ ਸ਼ੁਰੂ ਹੋਇਆ। ਖਾਲਿਸਤਾਨ ਜਿੰਦਾਬਾਦ, ਸੰਤ ਭਿੰਡਰਾਂਵਾਲਿਆਂ ਦੀ ਸੋਚ ਤੇ ਪਹਿਰਾ ਦਿਆਂਗੇ ਠੋਕ ਕੇ ਵਰਗੇ ਅਕਾਸ਼ ਗੁੰਜਾਊ ਨਾਹਰੇ ਲਗਾਉਂਦਿਆ ਹੋਇਆ ਟਰਫਾਲਗਰ ਸੁਕਏਅਰ ਪੁੱਜਿਆ। ਜਿੱਥੇ ਪੰਜ ਵਜੇ ਤੱਕ ਸੱਚ, ਇਨਸਾਫ ਅਤੇ ਆਜ਼ਾਦੀ ਤੇ ਅਧਾਰਿਤ ਰੈਲੀ ਕੀਤੀ ਗਈ। ਵਲਿੰਗਟਨ ਆਰਚ ਅਤੇ ਟਰਫਾਲਗਰ ਸੁਕਏਅਰ ਵਿਖੇ ਲੱਗੀਆਂ ਸਟੇਜਾਂ ਤੋਂ ਸਿੱਖ ਆਗੂਆਂ ਨੇ ਸੰਬੋਧਨ ਕਰਦਿਆਂ ਘੱਲੂਘਾਰੇ ਦੀ ਯਾਦ, ਸਿੱਖ ਕੌਮ ਨਾਲ ਲਗਾਤਾਰ ਹੋ ਰਹੀਆਂ ਧੱਕੇਸ਼ਾਹੀਆਂ, ਚੱਲ ਰਹੇ ਖਾਲਿਸਤਾਨ ਦੇ ਸੰਘਰਸ਼ ਬਾਰੇ ਵਿਚਾਰਾਂ ਦੀ ਸਾਂਝ ਪਾਈ । ਵਿਸ਼ੇਸ਼ ਤੌਰ ਤੇ ਘੱਲੂਘਾਰੇ ਵਿੱਚ ਬ੍ਰਿਟਿਸ਼ ਸਰਕਾਰ ਦੀ ਨਿਭਾਈ ਭੂਮਿਕਾ ਬਾਰੇ ਨਿਰਪੱਖ ਜਾਂਚ ਦੀ ਆਵਾਜ਼ ਬੁਲੰਦ ਕੀਤੀ ਗਈ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਨੂੰ ਪਹਿਲੀ ਅਗਸਤ ਤੱਕ ਅਲਟੀਮੇਟਮ ਦਿੱਤਾ ਗਿਆ। ਘੱਲੂਘਾਰੇ ਅਤੇ ਖਾਲਿਸਤਾਨ ਦੀ ਜੰਗੇ ਆਜਾਦੀ ਦੇ ਸ਼ਹੀਦਾਂ ਸਮੇਤ ਪਾਕਿਸਤਾਨ ਵਿੱਚ ਗੁੰਮਨਾਮੀ ਦੀ ਜਿੰਦਗੀ ਬਤੀਤ ਕਰਦਿਆਂ ਅਕਾਲ ਚਲਾਣਾ ਗਏ ਭਾਈ ਮਹਿਲ ਸਿੰਘ ਬੱਬਰ, ਬੀਬੀ ਚਰਨਜੀਤ ਕੌਰ ਜੰਮੂ, ਭਾਈ ਬਲਵੀਰ ਸਿੰਘ ਸੰਧੂ, ਭਾਈ ਗਜਿੰਦਰ ਸਿੰਘ ਦਲ ਖਾਲਸਾ, ਭਾਈ ਲਖਬੀਰ ਸਿੰਘ ਰੋਡੇ, ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ, ਸ਼ਹੀਦ ਭਾਈ ਹਰਮੀਤ ਸਿੰਘ ਪੀ.ਐਚ.ਡੀ ਅਤੇ ਡਾਕਟਰ ਪ੍ਰੀਤਮ ਸਿੰਘ ਸੇਖੋਂ ਸਮੇਤ ਘੱਲੂਘਾਰੇ ਦੀ ਖਬਰ ਸੁਣਦਿਆਂ ਬੈਰਕਾਂ ਛੱਡਣ ਵਾਲੇ ਧਰਮੀ ਫੌਜੀਆਂ ਨੂੰ ਯਾਦ ਕਰਦਿਆਂ ਸਿੱਜਦਾ ਕੀਤਾ ਗਿਆ ਅਤੇ ਪ੍ਰਣ ਦੁਹਰਾਇਆ ਗਿਆ ਕਿ ਖਾਲਿਸਤਾਨ ਦਾ ਸੰਘਰਸ਼ ਫਤਿਹ ਤੱਕ ਜਾਰੀ ਰਹੇਗਾ। ਸਿੱਖ ਸੰਗਤਾਂ ਨੂੰ ਹੋਰਨਾਂ ਤੋਂ ਇਲਾਵਾ ਅਮਰੀਕਾ ਤੋ ਪੁੱਜੇ ਡਾਕਟਰ ਗੁਰਤੇਜ ਸਿੰਘ, ਕੈਨੇਡਾ ਤੋਂ ਆਏ ਭਾਈ ਮਨਿੰਦਰ ਸਿੰਘ, ਵਰਲਡ ਸਿੱਖ ਪਾਰਲੀਮੈਂਟ ਦੇ ਭਾਈ ਮਨਪ੍ਰੀਤ ਸਿੰਘ, ਸਿੱਖ ਫੈਡਰੇਸ਼ਨ ਯੂ,ਕੇ ਦੇ ਭਾਈ ਦਵਿੰਦਰਜੀਤ ਸਿੰਘ, ਭਾਈ ਜਸ ਸਿੰਘ, ਭਾਈ ਨਰਿੰਦਰਜੀਤ ਸਿੰਘ, ਬੀਬੀ ਬਸੰਤ ਕੌਰ, ਬੀਬੀ ਪਰਦੀਪ ਕੌਰ, ਬੀਬੀ ਸੁਰਿੰਦਰ ਕੌਰ, ਭਾਈ ਬਲਵਿੰਦਰ ਸਿੰਘ ਵੁਲਵਰਹੈਂਪਟਨ, ਭਾਈ ਅਮਰੀਕ ਸਿੰਘ ਸਹੋਤਾ, ਭਾਈ ਜਗਰੂਪ ਸਿੰਘ, ਭਾਈ ਟਹਿਲ ਸਿੰਘ, ਭਾਈ ਕਰਨਦੀਪ ਸਿੰਘ ਲਾਂਡਾ, ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਜੋਗਾ ਸਿੰਘ, ਬਾਦਲਕਿਆਂ ਵਲੋਂ ਸੱਚ ਬੋਲਣ ਕਰਕੇ ਬਰਖਾਸਤ ਕੀਤੇ ਗਏ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਦੇ ਸੇਵਾ ਨਿਭਾਉਣ ਵਾਲੇ ਭਾਈ ਸਤਨਾਮ ਸਿੰਘ, ਸ਼ਹੀਦ ਭਾਈ ਮੇਜਰ ਸਿੰਘ ਨਾਗੋਕੇ ਦੇ ਪੋਤਰੇ, ਭਾਈ ਅਮਰੀਕ ਸਿੰਘ ਗਿੱਲ, ਭਾਈ ਗੁਰਚਰਨ ਸਿੰਘ, ਭਾਈ ਦਇਆਪਾਲ ਸਿੰਘ ਆਦਿ ਨੇ ਸੰਬੋਧਨ ਕੀਤਾ।

ਜਿਕਰਯੋਗ ਹੈ ਕਿ ਜੂਨ 1984 ਦੇ ਖੂਨੀ ਘੱਲੂਘਾਰੇ ਦੌਰਾਨ ਭਾਰਤੀ ਫੌਜ ਨੇ ਅਜਿਹੇ ਜ਼ੁਲਮ ਕੀਤੇ ਹਨ ਜਿਹਨਾਂ ਸਾਹਮਣੇ ਮੀਰ ਮੰਨੂ, ਅਬਦਾਲੀ, ਜਕਰੀਏ ਵਰਗਿਆਂ ਦੇ ਜ਼ੁਲਮ ਵੀ ਬੌਣੇ ਪੈ ਗਏ । ਭਾਰਤੀ ਫੌਜ ਨੇ ਛੋਟੇ ਛੋਟੇ ਬੱਚਿਆਂ ਤੋਂ ਲੈ ਕੇ ਬੀਬੀਆਂ, ਬਜੁਰਗ ਅਤੇ ਨੌਜਵਾਨਾਂ ਨੂੰ ਵੱਡੀ ਗਿਣਤੀ ਵਿੱਚ ਸ਼ਹੀਦ ਕੀਤਾ ਗਿਆ। ਦਮਦਮੀ ਟਕਸਾਲ ਦੇ ਜਥੇਦਾਰ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ,ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਜੀ,ਮਹਾਨ ਜਰਨੈਲ ਜਨਰਲ ਸ਼ਾਬੇਗ ਸਿੰਘ ਜੀ ਦੀ ਅਗਵਾਈ ਵਿੱਚ ਜੁਝਾਰੂ ਸਿੰਘਾਂ ਨੇ ਭਾਰਤੀ ਫੌਜ ਦਾ ਆਖਰੀ ਦਮ ਤੱਕ ਮੁਕਾਬਲਾ ਕੀਤਾ ਅਤੇ ਜੂਝ ਕੇ ਸ਼ਹਾਦਤਾਂ ਪਾਈਆਂ । ਇੱਕ ਅਜਿਹੀ ਆਸਾਵੀਂ ਜੰਗ ਲੜਦਿਆਂ ਸਿੰਘਾਂ ਨੇ ਚਮਕੌਰ ਦੀ ਗੜ੍ਹੀ ਦਾ ਇਤਿਹਾਸ ਦੁਹਰਾ ਦਿੱਤਾ ਜਿਸ ਤੇ ਸਿੱਖ ਕੌਮ ਨੂੰ ਸਦਾ ਮਾਣ ਰਹੇਗਾ ।

## ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਦਾ ਸਿੱਖ ਮਿਸ਼ਨਰੀ ਸੁਸਾਇਟੀ ਯੂ ਕੇ ਵੱਲੋਂ ਸਨਮਾਨ



ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਕੌਂਮ ਦੀ ਮਹਾਨ, ਮਾਣਮੱਤੀ ਅਤਿ ਸਤਿਕਾਰਯੋਗ ਸਖਸ਼ੀਅਤ ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਫਤਿਹਗੜ ਸਾਹਿਬ ਵਾਲਿਆਂ ਦਾ ਸਿੱਖ ਮਿਸ਼ਨਰੀ ਸੁਸਾਇਟੀ ਯੂ ਕੇ ਵਿਖੇ ਰੱਖੇ ਗਏ ਵਿਸ਼ੇਸ਼ ਸਮਾਗਮ ਵਿੱਚ ਹਾਜ਼ਰੀ ਭਰਨ ਉਪਰੰਤ ਉਹਨਾਂ ਨੂੰ ਸਿੱਖ ਮਿਸ਼ਨਰੀ ਸੁਸਾਇਟੀ ਸਾਊਥਾਲ ਯੂ ਕੇ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵੱਲੋਂ ਵਿਸ਼ੇਸ਼ ਸਨਮਾਨ ਭੇਂਟ ਕੀਤਾ ਗਿਆ। ਭਾਈ ਬਲਵਿੰਦਰ ਸਿੰਘ ਪੱਟੀ ਨੇ ਕਿਹਾ ਕਿ ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਜੀ ਦੀ ਕੌਂਮ ਬਹੁਤ ਵੱਡੀ ਦੇਣ ਹੈ ਉਹਨਾਂ ਨੇ ਵਿਰਸੇ ਦੇ ਵਾਰਿਸ ਨੌਜਵਾਨਾਂ ਨੂੰ ਸਾਹਿਬਜ਼ਾਦਿਆਂ ਦੇ ਦਰਸਾਏ ਮਾਰਗ ਤੇ ਚੱਲਣ ਅਤੇ ਉਹਨਾਂ ਪ੍ਰਤੀ ਸ਼ਰਧਾ ਭਾਵਨਾ ਪੈਦਾ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਭਾਈ ਸਾਹਿਬ ਦੀਆਂ ਪੰਥਕ ਸੇਵਾਵਾਂ ਨੂੰ ਵੇਖਦਿਆਂ ਹੀ ਸਿੱਖਾਂ ਦੇ ਕੇਂਦਰੀ ਅਸਥਾਨ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਭਾਈ ਮਨਸੁੱਖ ਪੁਰਸਕਾਰ ਦੇ ਨਾਲ ਅਤੇ ਭਾਈ ਸਾਹਿਬ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ ਹੈ, ਜੋ ਬੜੀ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ। ਇਸ ਮੌਕੇ ਸਿੱਖ ਮਿਸ਼ਨਰੀ ਸੁਸਾਇਟੀ ਦੇ ਜਨਰਲ ਸੈਕਟਰੀ ਸ੍ਰ ਗੁਰਬਚਨ ਸਿੰਘ ਅਠਵਾਲ, ਸ੍ਰ ਹਰਬੰਸ ਸਿੰਘ ਕੁਲਾਰ, ਸ੍ਰ ਚਰਨਜੀਤ ਸਿੰਘ, ਸ੍ਰ ਅਮਰਜੀਤ ਸਿੰਘ ਢਿੱਲੋਂ, ਸ੍ਰ ਜਗਜੀਤ ਸਿੰਘ, ਸ੍ਰ ਹਰਦੀਪ ਸਿੰਘ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਕਬੱਡੀ ਕਲੱਬ ਵੱਲੋਂ ਕਰਵਾਏ ਗਏ ਸ਼ਾਨਦਾਰ ਕਬੱਡੀ ਟੂਰਨਾਮੈਂਟ ਦਾ ਹਜ਼ਾਰਾਂ ਦਰਸ਼ਕਾਂ ਨੇ ਮਾਣਿਆਂ ਅਨੰਦ

## ਸੰਦੀਪ ਨੰਗਲ ਅੰਬੀਆਂ ਟੈਲਫੋਰਡ ਨੇ ਜਿੱਤਿਆ ਕੱਪ ਸਲੋਹ/ਇਕਨਹਮ ਉੱਪ ਜੇਤੂ ਰਹੀ

ਰਿਪੋਰਟ: ਮਨਪ੍ਰੀਤ ਸਿੰਘ ਬੱਧਨੀ ਕਲਾਂ
ਪੰਜਾਬ ਟਾਈਮਜ਼ ਪ੍ਰਤੀਨਿੱਧ ਯੂ ਕੇ
ਫੋਨ: 07899798363
ਈ ਮੇਲ: msbadhni@yahoo.co.uk









ਸਾਊਥਾਲ ਪੰਜਾਬੀਆਂ ਦਾ ਵੱਡਾ ਗੜ੍ਹ ਹੈ, ਜਿੱਥੋਂ ਪੰਜਾਬੀਆਂ ਦੀ ਸਿਆਸਤ ਚੱਲਦੀ ਵੀ ਹੈ ਅਤੇ ਦੁਨੀਆਂ ਭਰ ਦੇ ਪੰਜਾਬੀਆਂ ਦੀ ਨਜ਼ਰ ਸਾਊਥਾਲ ਤੇ ਰਹਿੰਦੀ ਹੈ। ਸਾਊਥਾਲ ਦੀ ਕਬੱਡੀ ਇਸ ਵਾਰ ਇਸ ਕਰਕੇ ਵੀ ਸਪੈਸ਼ਲ ਹੈ ਕਿਉਂਕਿ ਇਸ ਵਾਰ ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਪ੍ਰਧਾਨਗੀ ਸਾਊਥਾਲ ਕਬੱਡੀ ਕਲੱਬ ਕੋਲ ਹੈ। ਕਬੱਡੀ ਖੇਡਣ ਤੋਂ ਲੈ ਕੇ ਖਿਡਾਉਣ ਤੱਕ ਜਿੰਦਗੀ ਦੇ ਕਈ ਦਹਾਕੇ ਸੇਵਾਵਾਂ ਦੇਣ ਵਾਲਾ ਕਰਮਜੀਤ ਸਿੰਘ ਕੰਮਾਂ ਔਜਲਾ ਬਤੌਰ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਆਪਣੀ ਜਿੰਮੇਂਵਾਰੀ ਨਿਭਾ ਰਿਹਾ ਹੈ। ਜਿਸ ਕਰਕੇ ਸਾਊਥਾਲ ਦੇ ਟੂਰਨਾਮੈਂਟ ਨੂੰ ਸੁੱਖ ਸਵੀਲੀ ਨਾਲ ਸਿਰੇ ਚਾੜ੍ਹਨ ਦੀ ਜਿੰਮੇਂਵਾਰੀ ਕਲੱਬ ਤੇ ਬਾਕੀਆਂ ਨਾਲੋਂ ਜਿਆਦਾ ਬਣ ਜਾਂਦੀ ਹੈ। ਜਿਸ ਨੂੰ ਸਾਊਥਾਲ ਕਬੱਡੀ ਕਲੱਬ ਦੇ ਪ੍ਰਧਾਨ ਪਾਲਾ ਬਾਜਵਾ, ਚੇਅਰਮੈਨ ਗੁਰਮੀਤ ਰੰਧਾਵਾ ਅਤੇ ਉਹਨਾਂ ਦੇ ਸਾਥੀਆਂ ਨੇ ਬਾਖੂਬੀ ਨਿਭਾਇਆ।

ਕਲੱਬ ਦੇ ਸਰਪ੍ਰਸਤਾਂ ਪ੍ਰਮਜੀਤ ਸਿੰਘ ਪੰਮੀ ਰੰਧਾਵਾ, ਬਿੰਦਾ ਸੰਘਾ, ਅਵਤਾਰ ਸਿੰਘ ਚੌਹਾਨ, ਪਾਲੀ ਸੰਘਾ, ਸੁਖਜੀਤ ਧਾਲੀਵਾਲ, ਪ੍ਰਤਾਪ ਮੋਮੀ, ਸ਼ੀਪਾ ਚਕਰ, ਬੀਰਾ ਪ੍ਰਮਾਰ ਦੇ ਨਾਲ ਜਨਰਲ ਸਕੱਤਰ ਜਸਪਾਲ ਜੱਸੀ, ਸਤਨਾਮ ਛੀਨਾ, ਰਾਜਵਿੰਦਰ ਖਿੰਡਾ, ਹਰਜੀਤ ਕੰਗ, ਬਲਦੇਵ ਔਜਲਾ ਬੁਲਟ, ਲਵਲੀ ਰੰਧਾਵਾ, ਕੇਸਰ ਸਿੰਘ ਧਾਲੀਵਾਲ, ਮਹਿੰਦਰ ਗਿੱਲ, ਰਣਜੀਤ ਵੜੈਚ, ਪਲਵਿੰਦਰ ਸਿੰਘ, ਹਰਜਿੰਦਰ ਬੱਲ, ਸਾਬੀ ਸ਼ਾਹਕੋਟ, ਇਸ਼ਟਮੀਤ ਫੁੱਲ, ਕਰਨ ਬੁਟਰ, ਹਰਮਨ ਕਪੂਰਥਲਾ, ਸੋਨੂੰ ਥਿੰਦ, ਟੀ ਜਿੰਦਰ, ਵਿੱਕੀ ਰੂਫਰ, ਬਲਜਿੰਦਰ ਜੈਨਪੁਰੀਆ, ਕਮਲ ਠੇਕੇਦਾਰ, ਦੀਪਾ ਸਿੰਘ, ਚਮਕੌਰ ਘੁੰਮਣ, ਦਲਜੀਤ ਗਿੱਲ ਮੋਨਾ ਆਦਿ ਨੇ ਅਹਿਮ ਯੋਗਦਾਨ ਪਾਇਆ।

ਟੂਰਨਾਮੈਂਟ ਦੀ ਸ਼ੁਰੂਆਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਹੋਈ, ਉਪਰੰਤ ਬੀ ਟੀਮਾਂ ਦੇ ਮੈਚ ਸ਼ੁਰੂ ਹੋਏ ਜਿਸ ਵਿੱਚ ਬਾਬਾ ਦੀਪ ਸਿੰਘ ਕਲੱਬ ਨੇ ਮਿਡਲੈਂਡ ਟਾਈਗਰ ਨੂੰ 36.5/26 ਅੰਕਾਂ ਦੇ ਫਰਕ ਨਾਲ ਹਰਾਇਆ ਅਤੇ ਦੂਜੇ ਮੈਚ ਵਿੱਚ ਮੌੜ ਕਲੱਬ ਨੇ ਲੰਡਨ ਟਾਈਗਰ ਨੂੰ 42/35.5 ਦੇ ਫਰਕ ਨਾਲ ਹਟ ਪਿੱਛੇ ਕਿਹਾ। ਅੱਜ ਕਬੱਡੀ ਦਾ ਅਨੰਦ ਮਾਨਣ ਲਈ ਪਹੁੰਚੇ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਅਤੇ ਸਾਬਕਾ ਕਬੱਡੀ ਖਿਡਾਰੀ ਹਿੰਮਤ ਸਿੰਘ ਸੋਹੀ, ਕੌਂਸਲਰ ਜਗਜੀਤ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ, ਇਸ ਤੋਂ ਇਲਾਵਾ ਇੰਦਰਜੀਤ ਸਿੰਘ ਬੱਲ, ਅਸ਼ੋਕ ਸ਼ਰਮਾਂ, ਬਾਈ ਚੀਮਾ ਵੀ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ।

ਏ ਗਰੁੱਪ ਦੀਆਂ ਟੀਮਾਂ ਦੇ ਮੈਚ ਸ਼ੁਰੂ ਹੋਏ ਤਾਂ ਸਲੋਹ/ਇਕਨਹਮ ਅਤੇ ਸਿੱਖ ਟੈਂਪਲ ਵੁਲਵਰਹੈਂਪਟਨ/ਮਿਡਵੇ ਆਹਮੋ ਸਾਹਮਣੇ ਹੋਏ ਨਾਥ ਨੇ ਪਹਿਲੀ ਰੇਡ ਤੇ ਨੰਬਰ ਲੈ ਕੇ ਪੱਟ ‘ਤੇ ਥਾਪੀ ਮਾਰੀ, ਨਾਲ ਹੀ ਮੇਸ਼ੀ ਹਰਖੋਵਾਲ, ਛੋਟਾ ਦੁੱਲਾ, ਕਲੀਮ ਓਲਾ ਜੱਟ ਉੱਡਣੇ ਸੱਪ ਵਾਂਗੂੰ ਉੱਡ ਲੱਗੇ। ਸ਼ੀਰਾ ਔਲਖ, ਸੋਨੀ, ਸਾਬੀ ਸੰਧੂ, ਸੁਖਜਿੰਦਰ ਸਮਰਾ, ਜੋਗਿੰਦਰ ਦੁਸਾਂਝ, ਅੰਮ੍ਰਿਤ ਬਰਮੀ, ਡਾਂਸੀਵਾਲ, ਅਤੇ ਸਾਥੀ ਖਿਡਾਰੀਆਂ ਦੇ ਪ੍ਰਦਰਸ਼ਨ ਤੋਂ ਖੁਸ਼ ਨਹੀਂ ਸਨ, ਕਿਉਂਕਿ ਪਹਿਲੇ ਅੱਧ ਤੱਕ 9 ਅੰਕਾਂ ਦਾ ਵੱਡਾ ਫਰਕ ਪੈ ਗਿਆ ਸੀ। ਦੂਜੇ ਪਾਸੇ ਰੇਸ਼ਮ ਸਲੀਨਾ ਕਿਸੇ ਦੇ ਹੱਥ ਨਹੀਂ ਲੱਗ ਰਿਹਾ ਸੀ, ਡੀਲਾ ਜਾਂਗਲੀ, ਪੰਕਜ ਪੈਲਾਂ ਪਾਉਂਦੇ ਫਿਰ ਰਹੇ ਸੀ। ਸ਼ੀਰਾ ਸੰਮੀਪੁਰ ਜਦੋਂ ਗਰਾਉਂਡ ਵਿੱਚ ਹੋਵੇ ਤਾਂ ਕੁਝ ਵੀ ਹੋ ਸਕਦਾ ਵਾਲੀ ਗੱਲ ਹੋ ਜਾਣੀ ਸੁਭਾਵਿਕ ਹੁੰਦੀ ਹੈ, ਬਾਹਰੋਂ ਅਮਰਜੀਤ, ਲੱਡੂ, ਪਰਮਜੀਤ ਗਿੱਲ, ਗੋਲਡੀ ਸੰਧੂ, ਕੁਲਵੰਤ ਚੱਠਾ, ਪ੍ਰਮਿੰਦਰ, ਕੇਵਲ ਰਣਦੇਵਾ, ਸੁੱਖਾ, ਬਲਜੀਤ ਮੱਲੀ, ਜਸਕਰਨ ਜੌਹਲ, ਬਿੱਲਾ ਗਿੱਲ, ਰਣੀਆ, ਤਾਰੀ, ਮੰਤਾ, ਹਰਜੀਤ ਸਭ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕਰ ਰਹੇ ਸੀ। ਇਹ ਮੈਚ ਸਲੋਹ ਇਕਨਹਮ ਨੇ 37/27.5 ਦੇ ਫਰਕ ਨਾਲ ਜਿੱਤਿਆ।

ਈਰਥ ਵੂਲਿਚ ਸਾਊਥਾਲ ਅਤੇ ਗ੍ਰੇਵਜ਼ੈਂਡ ਬਾਰਕਿੰਗ ਦਾ ਮੈਚ ਸ਼ੁਰੂ ਹੋਇਆ ਤਾਂ ਦਰਸ਼ਕ ਗਰਾਊਂਡ ਦੇ ਦੁਆਲੇ ਇਕੱਠੇ ਹੋਣੇ ਸ਼ੁਰੂ ਹੋ ਗਏ, ਸਾਊਥਾਲ ਵਾਲਿਆਂ ਦੇ ਘਰ ਦਾ ਟੂਰਨਾਮੈਂਟ ਹੋਣ ਕਰਕੇ ਕੁਝ ਜਿਆਦਾ ਹੀ ਉਤਸ਼ਾਹਿਤ ਸਨ, ਕੰਮਾ ਅਤੇ ਪਾਲਾ ਬਾਜਵਾ ਅੱਜ ਦੂਹਰੀਆਂ ਜਿੰਮੇਂਵਾਰੀਆਂ ਨਿਭਾਅ ਰਹੇ ਸੀ, ਹੁਣ ਨਾਲ ਮੈਚ ਦਾ ਫਿਕਰ ਵੀ ਆ ਗਿਆ। ਗੁਰਮੀਤ ਰੰਧਾਵਾ ਆਪਣੇ ਸਾਥੀਆਂ ਨਾਲ ਚਿੱਟੀ ਲਾਇਨ ਦੇ ਕੋਲ ਖੜ੍ਹੋ ਕੇ ਜੇਬ ‘ਚ ਹੱਥ ਪਾ ਕੇ ਖੜ੍ਹਾ ਸੀ। ਸੁਰਿੰਦਰ ਮਾਣਕ ਤਾਂ ਘਰੋਂ ਲਿਆਂਦੇ ਅਟੈਚੀ ਨੂੰ ਮੈਚ ਦੌਰਾਨ ਇਕੱਲੇ ਇਕੱਲੇ ਜੱਫੇ ਤੇ ਦਿਲ ਖੋਲ ਕੇ ਪੌਂਡ ਨਿਸ਼ਾਵਰ ਕਰਦੈ। ਸੱਤਾ ਮੁਠੱਡਾ, ਪਾਲਾ ਸਹੋਤਾ, ਕੁਲਵਿੰਦਰ, ਰਾਣਾ ਪੱਡਾ, ਅਜਮੇਰ ਮੇਲਾ ਆਪਣੇ ਖਿਡਾਰੀਆਂ ਨੂੰ ਪੂਰੀਆਂ ਆਰਾਂ ਲਾ ਕਿ ਮੈਦਾਨ ਵਿੱਚ ਪਹੁੰਚੇ। ਅੱਧੇ ਸਮੇਂ ਤੱਕ ਤਾਂ ਸਾਊਥਾਲ/ਈਰਥ ਵੂਲਿਚ ਵਾਲਿਆਂ ਦਾ ਪੂਰਾ ਦਬਦਬਾ ਚੱਲਿਆ, ਡੇਢ ਅੰਕ ਤੇ ਅੱਗੇ ਹੋਣ ਦੇ ਬਾਵਜੂਦ ਦੂਜੇ ਅੱਧ ਵਿੱਚ ਪਾਸਾ ਪਲਟ ਗਿਆ, ਆਖਿਰ 39/33.5 ਅੰਕਾਂ ਨਾਲ ਗ੍ਰੇਵਜ਼ੈਂਡ ਬਾਰਕਿੰਗ ਨੂੰ ਜਿੱਤ ਪ੍ਰਾਪਤ ਹੋਈ। ਇਸ ਮੈਚ ਵਿੱਚ ਧਾਕ ਝਨੇ 3 ਜੱਫੇ, ਰਾਜਾ ਪੱਧਰੀ ਤੇ ਬੂਟੇ ਨੇ 2-2, ਸਾਜ਼ੀ ਨੇ 10, ਦੀਪਕ ਕਾਸ਼ੀਪੁਰੀਏ ਨੇ ਤੇ ਮਾਹਲੇ ਨੇ 11-11 ਅੰਕ ਪ੍ਰਾਪਤ ਕੀਤੇ। ਗਗਨ ਜੋਗੇਵਾਲ ਵੀ ਕਿਸੇ ਦੇ ਹੱਥ ਨਾ ਆਇਆ, ਜਿੱਤ ਤੋਂ ਟੀਮ ਦੂਰ ਰਹੀ।

ਪੰਜਵੇਂ ਮੈਚ ਦੇ ਸ਼ੁਰੂ ਤੋਂ ਹੀ ਹੇਜ਼/ਡਰਬੀ ਦੀ ਟੀਮ ਦੇ ਖਿਡਾਰੀ ਲੈਸਟਰ/ਬਰੈਡਫੋਰਡ ਤੇ ਭਾਰੂ ਰਹੇ, ਕੁਲਵੰਤ ਸੰਘਾ, ਨਿਰਮਲ ਲੱਡੂ, ਕੁਲਬੀਰ ਖੱਖ, ਦਲਬੀਰ ਸੈਂਹਬੀ ਅਤੇ ਸਾਥੀਆਂ ਦੀ ਟੀਮ ਦੇ ਪੱਬ ਨਹੀਂ ਲੱਗਣ ਦਿੱਤੇ, ਪਰ ਉਹਨਾਂ ਦਾ ਧਾਵੀ ਆਤੀ 11 ਕੌਡੀਆਂ ਪਾ ਕੇ ਵੀ ਕਾਬੂ ਨਹੀਂ ਆਇਆ। ਦੂਜੇ ਪਾਸੇ ਅਰਸ਼ ਬਰਨਾਲਾ ਅਤੇ ਇੰਦੂ ਰੁੜਕਾ ਇਸ ਮੈਚ ਵਿੱਚ ਇੱਕ ਵਾਰ ਵੀ ਫੜ੍ਹੇ ਨਹੀਂ ਗਏ, ਪਰ ਬਿੱਲੇ ਦੇ ਚਾਰ ਜੱਫੇ, ਇੰਦਰ ਪੰਜਗਰਾਈਂ ਦੇ ਦੋ ਅਤੇ ਅਰਸ਼ ਲੁਹਾਰਾ, ਹਰਮਨ ਘੋਲੀਏ ਦੇ ਇੱਕ ਇੱਕ ਜੱਫੇ ਨੇ ਸ਼ੀਪਾ ਚਕਰ, ਭਿੰਡਰ, ਸੋਖਾ, ਬੋਈ ਅਤੇ ਸਾਥੀਆਂ ਨੂੰ ਪੂਰਾ ਖੁਸ਼ ਕੀਤਾ। ਜਸਕਰਨ ਜੌਹਲ ਵੀ ਸੌ ਪੌਂਡ ਜੱਫੇ ਦਾ ਇਨਾਮ ਲਾ ਗਿਆ। ਆਖਿਰ ਹੇਜ਼/ਡਰਬੀ ਨੇ 41/31.5 ਅੰਕਾਂ ਦੇ ਫਰਕ ਨਾਲ ਲੈਸਟਰ/ਬਰੈਡਫੋਰਡ ਨੂੰ ਹਰਾ ਕੇ ਅੱਗੇ ਵੱਧ ਗਈ।

ਸੰਦੀਪ ਨੰਗਲ ਅੰਬੀਆਂ ਟੈਲਫੋਰਡ ਅਤੇ ਬ੍ਰਮਿੰਘਮ/ਕਵੈਂਟਰੀ ਵਿਚਕਾਰ ਹੋਏ ਛੇਵੇਂ ਮੈਚ ਦਾ ਨਜ਼ਾਰਾ ਵੀ ਵੇਖਣ ਵਾਲਾ ਸੀ, ਅੱਧੇ ਸਮੇਂ ਤੱਕ ਦੋਵੇਂ ਟੀਮਾਂ ਲੱਗਭੱਗ ਬਰਾਬਰ ਚੱਲ ਰਹੀਆਂ ਸੀ। ਮਨਜੀਤ, ਸਤਨਾਮ ਗਿੱਲ, ਬਲਵਿੰਦਰ ਦੂਲੇ ਟੀਮ ਨੂੰ ਹੱਲਾਸ਼ੇਰੀ ਦੇ ਰਹੇ ਸੀ, ਉਹਨਾਂ ਦੇ ਖਿਡਾਰੀ ਮੰਨੂ ਨੇ 3, ਅਮਨ ਖੱਤਰੀ ਨੇ ਕੁਲਵਿੰਦਰ ਸਮੇਤ ਦੋ ਜੱਫੇ ਕੱਢੇ, ਹਿੰਦਾ ਖੀਰਾਂਵਾਲੀ ਸਿਰਫ ਇੱਕ ਵਾਰ ਹੀ ਹੱਥ ਲੱਗਿਆ, ਪਰ ਚੇਅਰਮੈਨ ਬਲਵਿੰਦਰ ਚੱਠਾ, ਸੁੱਖੀ ਬੈਂਸ, ਗੁਰਜੀਤ ਸੰਧੂ ਦੀ ਟੀਮ ਇਸ ਵਾਰ ਕਿੱਥੇ ਨੇੜੇ ਲੱਗਣ ਦੇ ਰਹੀ ਹੈ। ਖੁਸ਼ੀ ਦੁੱਗਾ ਜਿੱਥੇ ਜੱਫੇ ਲਾ ਕੇ ਦੱਸ ਰਿਹਾ ਹੇ ਕਿ ਉਸਤਾਦ ਕਿਉਂ ਕਹਿ ਰਹੇ ਹਨ, ਉੱਥੇ ਟੀਮ ਨੂੰ ਲੀਡ ਕਰ ਰਿਹਾ ਹੈ, ਲੰਬੜ ਨੇ ਇਸ ਮੈਚ ਵਿੱਚ 4 ਜੱਫੇ ਕੱਢੇ, ਆਖਿਰ 39.5/31 ਦੇ ਅੰਕਾਂ ਨਾਲ ਟੈਲਫੋਰਡ ਜਿੱਤ ਕੇ ਔਹ ਗਈ।

ਪਹਿਲੇ ਸੈਮੀਫਾਈਨਲ ਮੈਚ ਵਿੱਚ ਇਕਨਹਮ/ਸਲੋਹ ਅਤੇ ਹੇਜ਼।ਡਰਬੀ ਆਹਮੋ ਸਾਹਮਣੇ ਹੋਈਆਂ। ਇਸ ਮੈਚ ਵਿੱਚ ਖਿਡਾਰੀਆਂ ਨਾਲੋਂ ਕਿਤੇ ਵੱਧ ਪ੍ਰਮੋਟਰਾਂ ਅਤੇ ਉਹਨਾਂ ਦੇ ਹਮਾਇਤੀਆਂ ਦਾ ਲੱਗਾ ਹੋਇਆ ਸੀ। ਨੋਟਾਂ ਦੇ ਵਰਦੇ ਮੀਂਹ ਵਿੱਚ ਕਬੱਡੀ ਕਬੱਡੀ ਹੋ ਰਹੀ ਸੀ। ਸਲੋਹ/ਇਕਨਹਮ ਵੱਲੋਂ ਪੰਕਜ਼ ਨੇ 16 ਕੌਡੀਆਂ ਪਾ ਕੇ 14 ਅੰਕ, ਰੇਸ਼ਮ ਸਲੀਨਾ ਨੇ 12 ਚੋਂ 10, ਡੀਲਾ ਨੇ 12 ‘ਚੋਂ 10 ਅੰਕ ਲਏ, ਫਰਿਆਦ ਨੇ ਲੱਡਾ ਰੋਕਿਆ ਅਤੇ ਨਾਲ ਹੀ ਦੋ ਹੋਰ ਜੱਫੇ ਲਾ ਕੇ ਦੱਸ ਦਿੱਤਾ ਕਿ ਵਲੈਤ ਦੀ ਧਰਤੀ ਦਾ ਘਿਉ ਵੀ ਅਸਰਦਾਇਕ ਹੈ। ਗੋਲ ਸਿੱਧਵਾਂ ਨੇ 4 ਅਤੇ ਬਿੱਲਾ ਬਨੂੜ ਨੇ 3 ਜੱਫੇ ਕੱਢੇ, ਜਦ ਕਿ ਹੇਜ਼ ਡਰਬੀ ਵੱਲੋਂ ਲੱਡਾ ਤੇ ਸੁਖਵੀਰ ਗੁਰੂਸਰ ਨੇ 12 ਚੋਂ ਦਸ ਦਸ, ਇੰਦੂ ਰੁੜਕਾ ਨੇ 11 ‘ਚੋਂ 9 ਅੰਕ ਲਏ, ਬਿੱਲੇ ਨੇ 4 ਅਤੇ ਇੰਦਰ ਨੇ 2 ਜੱਫੇ ਲਾਏ। ਬਿੱਲਾ ਗਿੱਲ ਦੀਨੇਵਾਲੀਆ, ਸੁੱਖਾ, ਬਲਜੀਤ ਮੱਲੀ, ਕੇਵਲ ਰਣਦੇਵਾ ਨੇ ਟੀਮ ਦੀ ਜਿੱਤ ਤੇ 11 ਸੌ ਪੌਂਡ ਦਾ ਇਨਾਮ ਰੱਖਿਆ, ਜਦ ਕਿ ਸ਼ੀਰਾ ਸੰਮੀਪੁਰ, ਗੋਲਡੀ, ਕੁਲਵੰਤ ਚੱਠਾ, ਪ੍ਰਮਿੰਦਰ ਸਾਹੋਸਾਹੀ ਹੋਏ ਖਿਡਾਰੀਆਂ ਦੀ ਖੇਡ ਤੋਂ ਖੁਸ਼ ਹੋ ਰਹੇ ਸੀ। ਆਖਿਰ ਸਲੋਹ/ਇਕਨਹਮ ਨੇ ਹੇਜ਼/ਡਰਬੀ ਨੂੰ 49.5/41 ਅੰਕਾਂ ਨਾਲ ਹਰਾ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ।


ਬਾਕੀ ਹਿਸਾ ਸਫਾ 40 ’ਤੇ ਪੜ੍ਹੋ →

# ਦਮਦਮੀ ਟਕਸਾਲ ਤੇ ਦਲ ਖਾਲਸਾ ਜਥੇਦਾਰ ਦਾ ਵਿਰੋਧ ਕਰਨ ਦੀ ਥਾਂ ਸਾਥ ਦੇਣ-ਪੁਰੇਵਾਲ ,ਰਘਬੀਰ ਸਿੰਘ

ਡਰਬੀ-ਰਜਿੰਦਰ ਸਿੰਘ ਪੁਰੇਵਾਲ ਚੇਅਰਮੈਨ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਮਿਊਜ਼ੀਅਮ ਡਰਬੀ,ਰਘਬੀਰ ਸਿੰਘ ਪ੍ਰਧਾਨ ਸਿੰਘ ਸਭਾ ਗੁਰਦੁਆਰਾ ਡਰਬੀ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ, ਸਿੱਖ ਪੰਥ ਦੀ ਸਰਬਉੱਚ ਸੰਸਥਾ, ਜਿਸ ਦੀ ਪਵਿੱਤਰ ਧਰਤੀ ਤੇ ਜੂਨ 1984 ਦੇ ਘੱਲੂਘਾਰੇ ਦੇ ਜ਼ਖ਼ਮ ਅਜੇ ਵੀ ਸਿੱਖ ਪੰਥ ਦੇ ਹਿਰਦਿਆਂ ਵਿੱਚ ਤਾਜ਼ੇ ਹਨ। 41 ਸਾਲ ਬੀਤ ਜਾਣ ਦੇ ਬਾਵਜੂਦ, ਉਹ ਦੁਖਦਾਈ ਯਾਦਾਂ ਪੰਥਕ ਹਿਰਦੇ ਅੰਦਰ ਜੀਉਂਦੀਆਂ ਹਨ, ਸਾਨੂੰ ਏਕਤਾ ਦਾ, ਸਿਦਕ ਦਾ, ਸੰਜੀਦਗੀ ਦਾ ਅਤੇ ਪੰਥਕ ਚੜ੍ਹਦੀ ਕਲਾ ਦਾ ਸੁਨੇਹਾ ਦਿੰਦੀਆਂ ਹਨ।ਹਰ ਸਾਲ 6 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਹੀਦੀ ਸਮਾਗਮ ਮਨਾਇਆ ਜਾਂਦਾ ਹੈ, ਜੋ ਸਿਰਫ਼ ਇੱਕ ਰਸਮ ਨਹੀਂ, ਸਗੋਂ ਸਿੱਖ ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਯਾਦ ਦਾ ਪ੍ਰਤੀਕ ਹੈ। ਪਰ ਇਸ ਵਾਰ, 2025 ਦੇ ਸ਼ਹੀਦੀ ਸਮਾਗਮ ਨੂੰ ਲੈ ਕੇ ਦਮਦਮੀ ਟਕਸਾਲ, ਦਲ ਖ਼ਾਲਸਾ ਅਤੇ ਹੋਰ ਪੰਥਕ ਜਥੇਬੰਦੀਆਂ ਵੱਲੋਂ ਜਥੇਦਾਰ ਅਕਾਲ ਤਖ਼ਤ ਸਾਹਿਬ, ਗਿਆਨੀ ਕੁਲਦੀਪ ਸਿੰਘ ਗੜਗਜ, ਦੀ ਨਿਯੁਕਤੀ ਤੇ ਉਨ੍ਹਾਂ ਦੇ ਅਕਾਲ ਤਖਤ ਸਾਹਿਬ ਤੋਂ ਸੰਦੇਸ਼ ਦੇਣ ਦਾ ਵਿਰੋਧ ਕੀਤਾ ਜਾ ਰਿਹਾ ਹੈ। ਇਸ ਵਿਰੋਧ ਨੇ ਸ੍ਰੀ ਅਕਾਲ ਤਖ਼ਤ ਦੀ ਮਰਿਆਦਾ ਅਤੇ ਸ਼ਹੀਦੀ ਸਮਾਗਮ ਦੀ ਪਵਿੱਤਰਤਾ ਤੇ ਪੰਥਕ ਅਕਸ ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਦੋਹਾਂ ਪੰਥਕ ਆਗੂਆਂ ਨੇ ਦਲ ਖ਼ਾਲਸਾ ਤੇ ਦਮਦਮੀ ਟਕਸਾਲ ਨੂੰ ਅਪੀਲ ਕੀਤੀ ਹੈ ਕਿ ਇਸ ਵਿਰੋਧ ਨੂੰ ਛੱਡ ਕੇ ਸੰਗਤਾਂ ਨੂੰ ਏਕਤਾ ਲਈ ਇੱਕਜੁਟ ਕਰਨਾ ਚਾਹੀਦਾ ਤੇ ਸ਼ਹੀਦੀ ਸਮਾਗਮ ਤੇ ਅਰਦਾਸ ਨੂੰ ਸ਼ਾਤਮਈ ਢੰਗ ਨਾਲ ਨੇਪਰੇ ਚੜ੍ਹਾਉਣਾ ਚਾਹੀਦਾ ਹੈ। ਇਹ ਸਮਾਗਮ ਸਾਡੀ ਏਕਤਾ ਦਾ ਪ੍ਰਤੀਕ ਹੈ, ਸਾਡੇ ਸਿਦਕ ਦਾ ਇਕਰਾਰ ਹੈ, ਸਾਡੇ ਪੰਥਕ ਜਜ਼ਬੇ ਦੀ ਝਲਕ ਹੈ। ਜੇ ਅਸੀਂ ਆਪਣੇ ਹੀ ਜਥੇਦਾਰ ਦੇ ਵਿਰੁੱਧ ਰੋਸ ਮੁਜਾਹਰੇ ਕਰਦੇ ਹਾਂ, ਤਾਂ ਅਸੀਂ ਸ਼ਹੀਦਾਂ ਦੀ ਰੂਹ ਨੂੰ ਕੀ ਸੁਨੇਹਾ ਦੇਵਾਂਗੇ? ਅਸੀਂ ਵਿਰੋਧੀਆਂ ਨੂੰ ਕੀ ਜਵਾਬ ਦੇਵਾਂਗੇ, ਜੋ ਸਾਡੀ ਏਕਤਾ ਦੀ ਕਮਜ਼ੋਰੀ ਤੇ ਹੱਸਣਗੇ?

ਦੋਹਾਂ ਪੰਥਕ ਆਗੂਆਂ ਨੇ ਸਪੱਸ਼ਟ ਰੂਪ ਵਿਚ ਕਿਹਾ ਕਿ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਸਿੱਖੀ ਦੀ ਲਹਿਰ ਨੂੰ ਆਮ ਲੋਕਾਂ ਵਿੱਚ ਲੈ ਕੇ ਜਾ ਰਹੇ ਹਨ।




ਸ :ਰਘਬੀਰ ਸਿੰਘ ਸ: ਰਜਿੰਦਰ ਸਿੰਘ ਪੁਰੇਵਾਲ

ਉਹ ਪਖੰਡੀ ਪਾਸਟਰਾਂ, ਬਾਬਿਆਂ ਅਤੇ ਡੇਰੇਦਾਰਾਂ ਦੇ ਵਿਰੁੱਧ ਪ੍ਰਚਾਰ ਕਰ ਰਹੇ ਹਨ, ਜੋ ਸਿੱਖੀ ਦੇ ਸਿਧਾਂਤਾਂ ਨੂੰ ਵਿਗਾੜਦੇ ਹਨ ਅਤੇ ਲੋਕਾਂ ਦੀ ਅਗਿਆਨਤਾ ਅਤੇ ਗਰੀਬੀ ਦਾ ਫਾਇਦਾ ਉਠਾਉਂਦੇ ਹਨ। ਗਿਆਨੀ ਕੁਲਦੀਪ ਸਿੰਘ ਨੇ ਦਬੇ-ਕੁਚਲੇ ਵਰਗਾਂ ਨੂੰ ਸਿੱਖੀ ਨਾਲ ਜੋੜਨ ਦਾ ਇਤਿਹਾਸਕ ਕਾਰਜ ਸ਼ੁਰੂ ਕੀਤਾ ਹੈ, ਜੋ ਪਹਿਲਾਂ ਕਿਸੇ ਵੀ ਜਥੇਦਾਰ ਨੇ ਨਹੀਂ ਕੀਤਾ। ਇੰਗਲੈਂਡ ਦੀਆਂ ਸੰਗਤਾਂ ਸਮੇਤ ਵਿਦੇਸ਼ੀ ਸਿੱਖ ਸੰਗਤਾਂ ਨੇ ਉਨ੍ਹਾਂ ਦੇ ਇਸ ਕਾਰਜ ਦੀ ਸ਼ਲਾਘਾ ਕੀਤੀ ਹੈ। ਸਰਦਾਰ ਸਿਮਰਨਜੀਤ ਸਿੰਘ ਮਾਨ ਵਰਗੇ ਪੰਥਕ ਆਗੂਆਂ ਨੇ ਵੀ ਉਨ੍ਹਾਂ ਦੀ ਹਮਾਇਤ ਕਰਕੇ ਉਸਾਰੂ ਭੂਮਿਕਾ ਨਿਭਾਈ ਹੈ।

ਦੋਹਾਂ ਆਗੂਆਂ ਨੇ ਕਿਹਾ ਕਿ ਦਮਦਮੀ ਟਕਸਾਲ ਅਤੇ ਦਲ ਖ਼ਾਲਸਾ ਸਿੱਖ ਪੰਥ ਦੀਆਂ ਮਹੱਤਵਪੂਰਨ ਜਥੇਬੰਦੀਆਂ ਹਨ, ਜਿਨ੍ਹਾਂ ਨੇ ਸਿੱਖੀ ਦੀ ਰਵਾਇਤ ਅਤੇ ਸ਼ਹੀਦੀ ਜਜ਼ਬੇ ਨੂੰ ਜੀਵਤ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਦਮਦਮੀ ਟਕਸਾਲ, ਜੋ ਸਿੱਖੀ ਦੀ ਵਿਦਿਅਕ ਅਤੇ ਰੂਹਾਨੀ ਸਿੱਖਿਆ ਦਾ ਕੇਂਦਰ ਰਹੀ ਹੈ, ਨੇ ਸਿੱਖ ਸਿਧਾਂਤਾਂ ਨੂੰ ਪ੍ਰਚਾਰਨ ਵਿੱਚ ਅਹਿਮ ਯੋਗਦਾਨ ਪਾਇਆ ਹੈ। ਇਸੇ ਤਰ੍ਹਾਂ, ਦਲ ਖ਼ਾਲਸਾ ਨੇ ਸਿੱਖ ਪੰਥ ਦੀ ਰਾਜਸੀ ਅਤੇ ਸਮਾਜਿਕ ਚੇਤਨਤਾ ਨੂੰ ਜਗਾਉਣ ਵਿੱਚ ਮੋਹਰੀ ਰਹੀ ਹੈ। ਪਰ, ਜਥੇਦਾਰ ਅਕਾਲ ਤਖ਼ਤ ਦੀ ਨਿਯੁਕਤੀ ਨੂੰ ਲੈ ਕੇ ਇਨ੍ਹਾਂ ਜਥੇਬੰਦੀਆਂ ਦਾ ਵਿਰੋਧ ਪੰਥਕ ਏਕਤਾ ਤੇ ਸਵਾਲ ਖੜ੍ਹੇ ਕਰਦਾ ਹੈ ਜੋ ਕਿ ਇਨ੍ਹਾਂ ਜਥੇਬੰਦੀਆਂ ਲਈ ਵਾਜਿਬ ਨਹੀਂ।ਉਨ੍ਹਾਂ ਕਿਹਾ ਕਿ ਸਾਡਾ ਪੰਥ ਸਤਿਗੁਰੂ ਦਾ ਸਿਰਜਿਆ ਰੂਹਾਨੀ ਸੰਗੀਤ ਹੈ, ਜੋ ਸੰਘਰਸ਼ਾਂ ਅਤੇ ਘੱਲੂਘਾਰਿਆਂ ਦੇ ਵਿਚਕਾਰ ਵੀ ਸੁਰੀਲੀ ਅਵਾਜ਼ ਵਿੱਚ ਵਾਹਿਗੁਰੂ ਜੀ ਦੇ ਨਾਦ ਵਿਚ ਗੂੰਜਦਾ ਹੈ। ਦਮਦਮੀ ਟਕਸਾਲ ਅਤੇ ਦਲ ਖ਼ਾਲਸਾ ਨੂੰ ਇਸ ਸੁਰੀਲੇ ਸੰਗੀਤ ਨੂੰ ਹੋਰ ਮਜ਼ਬੂਤ ਕਰਨ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ। ਉਨ੍ਹਾਂ ਨੂੰ ਜਥੇਦਾਰ ਦੇ ਵਿਰੋਧ ਦੀ ਥਾਂ, ਉਨ੍ਹਾਂ ਦੇ ਕਾਰਜ ਵਿੱਚ ਸਹਿਯੋਗ ਦੇਣਾ ਚਾਹੀਦਾ, ਜੋ ਸਿੱਖੀ ਦੀ ਲਹਿਰ ਨੂੰ ਆਮ ਲੋਕਾਂ ਵਿੱਚ ਲਿਜਾ ਰਿਹਾ ਹੈ।

## ਭਾਰਤ ਵਿੱਚ ਐਕਟਿਵ 2,710 ਕਰੋਨਾ ਕੇਸ 1,170 ਮਿਲੀ ਛੁੱਟੀ, 7 ਮੌਤਾਂ: ਸਿਹਤ ਮੰਤਰਾਲਾ

ਕੇਂਦਰੀ ਸਿਹਤ ਮੰਤਰਾਲੇ ਦੇ ਅਨੁਸਾਰ ਭਾਰਤ ਵਿਚ ਕਰੋਨਾ ਦੇ ਐਕਟਿਵ ਕੇਸਾਂ ਦੀ ਗਿਣਤੀ 2,710 ਤੱਕ ਪਹੁੰਚ ਗਈ ਹੈ, ਜਿਨ੍ਹਾਂ ਵਿੱਚੋਂ 1,170 ਮਰੀਜ਼ਾਂ ਨੂੰ ਛੁੱਟੀ ਦੇ ਦਿੱਤੀ ਗਈ ਹੈ। ਸੂਬਿਆਂ ਦੇ ਅੰਕੜਿਆਂ ਤੇ ਝਾਤ ਮਾਰੀਏ ਤਾਂ ਕੁੱਲ ਸੱਤ ਮੌਤਾਂ ਹੋਈਆਂ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮਾਮਲਿਆਂ ਵਿੱਚ ਮਰੀਜ਼ ਹੋਰ ਗੰਭੀਰ ਬਿਮਾਰੀਆਂ ਤੋਂ ਵੀ ਪੀੜਤ ਸੀ। ਸਿਹਤ ਮੰਤਰਾਲੇ ਦੇ ਅਨੁਸਾਰ ਦਿੱਲੀ, ਗੁਜਰਾਤ, ਕਰਨਾਟਕ, ਪੰਜਾਬ, ਤਾਮਿਲਨਾਡੂ ਸੂਬਿਆਂ ਵਿੱਚ ਇੱਕ-ਇੱਕ ਅਤੇ ਮਹਾਰਾਸ਼ਟਰ ਵਿਚ ਦੋ ਮੌਤਾਂ ਦਰਜ ਕੀਤੀਆਂ ਗਈਆਂ ਹਨ। ਕੇਰਲ 1,147 ਸਰਗਰਮ ਮਾਮਲਿਆਂ ਨਾਲ ਮੋਹਰੀ ਹੈ।


ਐਸ ਐਸ ਧਾਲੀਵਾਲ ਕੇਟਰਿੰਗ, ਗਰੀਨਫੋਰਡ

ਪੀਜ਼ਾ ਅਤੇ ਲਜ਼ੀਜ਼ ਦੇਸੀ/ਪੰਜਾਬੀ ਖਾਣੇ





EST: 35 YEARS
Gary of GREENFORD
Open 7 Days a week: 1:00pm to 10:00pm
Now on Just Eat and Uber Eats
Collection Only
Buy One Pizza Get One FREE





Weddings - Anniversaries, Birthdays- Engagements, Receptions - Corporate Events, Exhibitions - Private Parties

ਵਿਆਹ, ਜਨਮ ਦਿਨ, ਵਰ੍ਹੇਗੰਢ, ਮੰਗਣੀ/ ਕੁੜਮਾਈ ਅਤੇ ਹਰ ਤਰ੍ਹਾਂ ਦੀਆਂ ਵੱਡੀਆਂ ਛੋਟੀਆਂ ਪਾਰਟੀਆਂ ਲਈ ਕੇਟਰਿੰਗ ਕਰਦੇ ਹਾਂ:

ਬੁੱਕ ਕਰਨ ਤੇ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

SS DHALIWAL CATERING

Tel: 0208 575 3600 / Mo: 07910 922 879

65 Marnham Crescent, Greenford, Middx, UB6 9SP



VACANCIES

JSR Contracts Ltd.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**

**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਲੁਧਿਆਣਾ ਪੱਛਮੀ ਉਪ ਚੋਣ: ਸਿਆਸੀ ਪਾਰਟੀਆਂ ਲਈ ਅਗਨੀ ਪ੍ਰੀਖਿਆ

## ✪ 'ਆਪ', ਕਾਂਗਰਸ ਤੇ ਭਾਜਪਾ ਵਿਚਕਾਰ ਤਿਕੋਣੀ ਟੱਕਰ ਹੋਣ ਦੀ ਸੰਭਾਵਨਾ




ਚੰਡੀਗੜ੍ਹ-ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਦੀ ਉਪ ਚੋਣ 19 ਜੂਨ ਨੂੰ ਹੋਣ ਜਾ ਰਹੀ ਐ, ਜਿਸ ਨਾਲ ਸਿਆਸੀ ਪਾਰਟੀਆਂ ਦੀਆਂ ਧੜਕਣਾਂ ਤੇਜ਼ ਹੋ ਗਈਆਂ ਨੇ। ਇਹ ਚੋਣ ਸਾਰੀਆਂ ਪਾਰਟੀਆਂ ਲਈ ਅਗਨੀ ਪ੍ਰੀਖਿਆ ਵਰਗੀ ਹੈ, ਜਿਸ ਦਾ ਨਤੀਜਾ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਰਾਹ ਵੀ ਪੱਧਰਾ ਕਰੇਗਾ। ਲੁਧਿਆਣਾ ਪੱਛਮੀ, ਜੋ ਕਿ ਨਿਰੋਲ ਸ਼ਹਿਰੀ ਅਤੇ ਹਿੰਦੂ ਬਹੁਗਿਣਤੀ ਵਾਲਾ ਹਲਕਾ ਐ, ਵਿੱਚ ਸੱਤਾਧਾਰੀ 'ਆਪ', ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਸਮੇਤ ਕਈ ਪਾਰਟੀਆਂ ਆਪਣੀ ਕਿਸਮਤ ਅਜ਼ਮਾ ਰਹੀਆਂ ਨੇ।

### ਕਿਸ ਨੇ ਖੜੇ ਕੀਤੇ ਉਮੀਦਵਾਰ ?

'ਆਪ' ਨੇ ਅਜੇ ਤੱਕ ਆਪਣੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ, ਪਰ ਮੁੱਖ ਮੰਤਰੀ ਭਗਵੰਤ ਮਾਨ ਅਤੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। 2022 ਵਿੱਚ ਇਸ ਸੀਟ 'ਤੇ 'ਆਪ' ਨੇ 34.47% ਵੋਟਾਂ ਨਾਲ ਜਿੱਤ ਹਾਸਲ ਕੀਤੀ ਸੀ, ਜਿਸ ਕਰਕੇ ਇਹ ਸੀਟ ਉਹਨਾਂ ਲਈ ਵੱਕਾਰ ਦਾ ਸਵਾਲ ਹੈ।

ਕਾਂਗਰਸ ਨੇ ਭਾਰਤ ਭੂਸ਼ਣ ਆਸ਼ੂ ਨੂੰ ਮੈਦਾਨ ਵਿੱਚ ਉਤਾਰਿਆ ਹੈ, ਜੋ ਆਪਣੀ ਹਮਲਾਵਰ ਪ੍ਰਚਾਰ ਸ਼ੈਲੀ ਲਈ ਜਾਣੇ ਜਾਂਦੇ ਨੇ। ਪਾਰਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਧਾਇਕ ਰਾਣਾ ਗੁਰਜੀਤ ਸਿੰਘ ਵੀ ਪੂਰੀ ਵਾਹ ਲਾ ਰਹੇ ਨੇ, ਪਰ ਪਾਰਟੀ ਦੀ ਅੰਦਰੂਨੀ ਧੜੇਬੰਦੀ ਚੁਣੌਤੀ ਬਣ ਸਕਦੀ ਹੈ। ਅਕਾਲੀ ਦਲ ਨੇ ਪਰਉਪਕਾਰ ਸਿੰਘ ਘੁੰਮਣ ਨੂੰ ਟਿਕਟ ਦਿੱਤੀ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਸ ਸੀਟ 'ਤੇ ਜਿੱਤ ਲਈ ਪੂਰਾ ਜ਼ੋਰ ਲਾ ਰਹੇ ਨੇ, ਪਰ ਪਾਰਟੀ ਦੀ ਸਥਿਤੀ ਕਮਜ਼ੋਰ ਮੰਨੀ ਜਾ ਰਹੀ ਹੈ।

ਭਾਰਤੀ ਜਨਤਾ ਪਾਰਟੀ ਨੇ ਹਾਲੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ, ਪਰ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਲਈ ਇਹ ਸੀਟ ਵੱਕਾਰ ਦਾ ਮੁੱਦਾ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਬਿੱਟੂ ਨੇ ਇਸ ਹਲਕੇ ਵਿਚੋਂ 45,424 ਵੋਟਾਂ ਹਾਸਲ ਕੀਤੀਆਂ ਸਨ, ਜੋ ਸਭ ਤੋਂ ਵੱਧ ਸੀ।

### ਕਿਸ ਦਾ ਪਲੜਾ ਭਾਰੀ ?

ਲੁਧਿਆਣਾ ਪੱਛਮੀ ਨਿਰੋਲ ਸ਼ਹਿਰੀ ਅਤੇ ਹਿੰਦੂ ਬਹੁਗਿਣਤੀ ਵਾਲਾ ਹਲਕਾ ਹੈ, ਜਿੱਥੇ 15.07% ਦਲਿਤ ਵੋਟਰ ਵੀ ਨੇ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੇ ਰਵਨੀਤ ਸਿੰਘ ਬਿੱਟੂ ਨੇ ਸਭ ਤੋਂ ਵੱਧ ਵੋਟਾਂ ਲਈਆਂ, ਜਿਸ ਕਰਕੇ ਭਾਜਪਾ ਦਾ ਪਲੜਾ ਸਭ ਤੋਂ ਭਾਰੀ ਜਾਪਦਾ ਹੈ।

'ਆਪ' ਦੀ ਸੱਤਾਧਾਰੀ ਪਾਰਟੀ ਹੋਣ ਦੀ ਸਹੂਲਤ ਅਤੇ ਪਿਛਲੀ ਜਿੱਤ ਕਾਰਨ ਮਜ਼ਬੂਤ ਸਥਿਤੀ ਐ, ਪਰ ਕਾਂਗਰਸ ਦੇ ਆਸ਼ੂ ਦੀ ਹਮਲਾਵਰ ਮੁਹਿੰਮ ਵੀ ਮੁਕਾਬਲੇ ਨੂੰ ਸਖ਼ਤ ਕਰ ਰਹੀ ਹੈ। ਅਕਾਲੀ ਦਲ ਦੀ ਸਥਿਤੀ ਸਭ ਤੋਂ ਕਮਜ਼ੋਰ ਮੰਨੀ ਜਾ ਰਹੀ ਹੈ, ਕਿਉਂਕਿ 2022 ਵਿੱਚ ਉਹਨਾਂ ਨੂੰ ਸਿਰਫ 8.59% ਵੋਟਾਂ ਮਿਲੀਆਂ ਸਨ।

### ਅਕਾਲੀ ਦਲ ਦੀ ਸਥਿਤੀ

ਸ਼੍ਰੋਮਣੀ ਅਕਾਲੀ ਦਲ ਦੀ ਸਥਿਤੀ ਇਸ ਉਪ ਚੋਣ ਵਿੱਚ ਕਾਫੀ ਕਮਜ਼ੋਰ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਨੂੰ ਇਸ ਸੀਟ 'ਤੇ ਸਿਰਫ 8.59% ਵੋਟਾਂ ਮਿਲੀਆਂ, ਜੋ ਕਿ 'ਆਪ', ਕਾਂਗਰਸ ਅਤੇ ਭਾਜਪਾ ਤੋਂ ਕਾਫੀ ਘੱਟ ਸੀ। ਹਲਕੇ ਦਾ ਸ਼ਹਿਰੀ ਅਤੇ ਹਿੰਦੂ ਬਹੁਗਿਣਤੀ ਵਾਲਾ ਹੋਣਾ ਵੀ ਅਕਾਲੀ ਦਲ ਦੀਆਂ ਮੁਸ਼ਕਲਾਂ ਵਧਾ ਰਿਹਾ ਐ, ਕਿਉਂਕਿ ਪਾਰਟੀ ਦਾ ਪ੍ਰਭਾਵ ਜ਼ਿਆਦਾਤਰ ਪੇਂਡੂ ਅਤੇ ਸਿੱਖ ਵੋਟਰਾਂ 'ਤੇ ਰਿਹਾ ਹੈ।

ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਪਾਰਟੀ ਪੂਰੀ ਕੋਸ਼ਿਸ਼ ਕਰ ਰਹੀ ਐ, ਪਰ ਮਾਹਿਰਾਂ ਮੁਤਾਬਕ ਉਹਨਾਂ ਦੀ ਜਿੱਤ ਦੀ ਸੰਭਾਵਨਾ ਘੱਟ ਹੈ। ਇਸ ਤੋਂ ਇਲਾਵਾ, ਅਕਾਲੀ ਦਲ ਦੀ ਅੰਦਰੂਨੀ ਕਲੇਸ਼ ਅਤੇ ਬਾਗੀ ਧੜੇ ਦੀ ਸਰਗਰਮੀ ਵੀ ਪਾਰਟੀ ਲਈ ਚੁਣੌਤੀ ਬਣ ਰਹੀ ਹੈ।

### ਕੀ ਤਿੰਨ ਧਿਰੀ ਟਕਰ ਹੋਵੇਗੀ

ਇਸ ਉਪ ਚੋਣ ਵਿੱਚ ਮੁੱਖ ਮੁਕਾਬਲਾ 'ਆਪ', ਕਾਂਗਰਸ ਅਤੇ ਭਾਜਪਾ ਵਿਚਕਾਰ ਹੋਣ ਦੀ ਸੰਭਾਵਨਾ ਐ। 'ਆਪ' ਦੀ ਸੱਤਾ ਅਤੇ ਪ੍ਰਚਾਰ ਸ਼ਕਤੀ, ਕਾਂਗਰਸ ਦੀ ਹਮਲਾਵਰ ਰਣਨੀਤੀ ਅਤੇ ਭਾਜਪਾ ਦੀ ਪਿਛਲੀ ਵੋਟ ਸ਼ਕਤੀ ਮੁਕਾਬਲੇ ਨੂੰ ਤਿਕੋਣੀ ਬਣਾ ਰਹੀ ਐ। ਅਕਾਲੀ ਦਲ ਦੀ ਸੀਮਤ ਪਕੜ ਕਾਰਨ ਉਹ ਮੁੱਖ ਟਕਰਾਅ ਵਿੱਚ ਪਿੱਛੇ ਰਹਿ ਸਕਦੇ ਨੇ।

## ਕੈਨੇਡਾ ਦੀ ਪੀਆਰ ਅਤੇ ਆਰਜ਼ੀ ਵੀਜ਼ਿਆਂ ਵਿੱਚ ਕਟੌਤੀ ਨੇ ਪ੍ਰਵਾਸੀਆਂ ਨੂੰ ਝਟਕਾ ਦਿੱਤਾ

### ✪ ਪੀਆਰ ਅਤੇ ਆਰਜ਼ੀ ਵੀਜ਼ਿਆਂ ਵਿੱਚ 15-20% ਕੀਤੀ ਕਟੌਤੀ

**ਖਾਸ ਖਬਰ**

ਕੈਨੇਡਾ ਸਰਕਾਰ ਨੇ 2025-2027 ਲਈ ਇਮੀਗ੍ਰੇਸ਼ਨ ਟੀਚਿਆਂ ਵਿੱਚ ਵੱਡੀ ਕਟੌਤੀ ਦਾ ਐਲਾਨ ਕੀਤਾ ਹੈ, ਜਿਸ ਨਾਲ ਸਥਾਈ ਨਿਵਾਸ ਅਤੇ ਆਰਜ਼ੀ ਵੀਜ਼ਿਆਂ ਦੀ ਉਮੀਦ ਰੱਖਣ ਵਾਲੇ ਹਜ਼ਾਰਾਂ ਪ੍ਰਵਾਸੀਆਂ ਨੂੰ ਨਿਰਾਸ਼ਾ ਹੱਥ ਲੱਗੀ ਹੈ।

'ਨੈਸ਼ਨਲ ਪੋਸਟ' ਦੀ ਰਿਪੋਰਟ ਅਨੁਸਾਰ, ਵਿਜ਼ਟਰ ਵੀਜ਼ਾ, ਸਟੱਡੀ ਵੀਜ਼ਾ, ਅਤੇ ਵਰਕ ਪਰਮਿਟ ਵਿੱਚ ਕਟੌਤੀ ਤੋਂ ਬਾਅਦ, ਪੀਆਰ ਲਈ ਨਵੇਂ ਪ੍ਰਵਾਸੀਆਂ ਦੀ ਗਿਣਤੀ ਵਿੱਚ ਲਗਭਗ 20,000 ਦੀ ਕਮੀ ਆਈ ਹੈ। 2025 ਵਿੱਚ ਪੀਆਰ ਦਾ ਟੀਚਾ 5 ਲੱਖ ਤੋਂ ਘਟਾ ਕੇ 395,000 ਕਰ ਦਿੱਤਾ ਗਿਆ ਹੈ, ਜਦਕਿ 2026 ਵਿੱਚ 380,000 ਅਤੇ 2027 ਵਿੱਚ 365,000 ਦਾ ਟੀਚਾ ਰੱਖਿਆ ਗਿਆ ਹੈ।

ਇਸ ਦੇ ਨਾਲ ਹੀ, ਆਰਜ਼ੀ ਵੀਜ਼ਿਆਂ ਦਾ ਟੀਚਾ 2025 ਵਿੱਚ 673,650, 2026 ਵਿੱਚ 516,600, ਅਤੇ 2027 ਵਿੱਚ 543,600 ਰੱਖਿਆ ਗਿਆ ਹੈ।

ਇਹ ਫੈਸਲਾ ਰਿਹਾਇਸ਼ੀ ਅਤੇ ਸਿਹਤ ਸੰਭਾਲ ਸੇਵਾਵਾਂ ਉੱਤੇ ਦਬਾਅ ਨੂੰ ਘਟਾਉਣ ਦੀ ਕੋਸ਼ਿਸ਼ ਦਾ ਹਿੱਸਾ ਹੈ ਸਟੈਟਕੈਨ ਦੇ ਅੰਕੜਿਆਂ ਮੁਤਾਬਕ, 1 ਜਨਵਰੀ, 2025 ਨੂੰ ਕੈਨੇਡਾ ਦੀ ਆਬਾਦੀ 41.5 ਮਿਲੀਅਨ (4 ਕਰੋੜ 15 ਲੱਖ) ਤੱਕ ਪੁੱਜ ਗਈ, ਪਰ 2024 ਦੀ ਅੰਤਿਮ ਤਿਮਾਹੀ ਵਿੱਚ ਵਸੋਂ ਵਾਧਾ 0.2% ਰਿਹਾ, ਜੋ ਪਿਛਲੇ ਚਾਰ ਸਾਲਾਂ ਵਿੱਚ ਸਭ ਤੋਂ ਹੇਠਲਾ ਪੱਧਰ ਹੈ।

2024 ਦੀ ਅਕਤੂਬਰ-ਦਸੰਬਰ ਤਿਮਾਹੀ ਵਿੱਚ ਆਬਾਦੀ ਵਿੱਚ ਸਿਰਫ 63,382 ਦਾ ਵਾਧਾ ਹੋਇਆ, ਜਦਕਿ ਪਿਛਲੀਆਂ ਦੋ ਤਿਮਾਹੀਆਂ ਵਿੱਚ 1.76 ਲੱਖ ਅਤੇ 1.699 ਲੱਖ ਦਾ ਵਾਧਾ ਦਰਜ ਕੀਤਾ ਗਿਆ ਸੀ।

ਇਸ ਦਰਮਿਆਨ, 2024 ਵਿੱਚ 2.35 ਮਿਲੀਅਨ ਆਰਜ਼ੀ ਵੀਜ਼ਾ ਅਰਜ਼ੀਆਂ ਰੱਦ ਕੀਤੀਆਂ ਗਈਆਂ, ਜੋ 2023 ਦੇ 1.8 ਮਿਲੀਅਨ ਦੇ ਮੁਕਾਬਲੇ 50% ਰਿਹਾਇਸ਼ੀ ਅਰਜ਼ੀਆਂ ਦੀ ਰਿਜੈਕਸ਼ਨ ਦਰ ਨੂੰ ਦਰਸਾਉਂਦੀ ਹੈ।

ਵਿਜ਼ਟਰ ਵੀਜ਼ਿਆਂ ਦੀ ਰਿਜੈਕਸ਼ਨ ਦਰ 54% ਅਤੇ ਸਟੱਡੀ ਪਰਮਿਟ ਦੀ 52% ਰਹੀ, ਜੋ 2023 ਵਿੱਚ ਕ੍ਰਮਵਾਰ 40% ਅਤੇ 38% ਸੀ। ਖਾਸ ਤੌਰ 'ਤੇ, ਭਾਰਤ, ਹਾਂਗਕਾਂਗ, ਘਾਨਾ, ਅਤੇ ਬ੍ਰਾਜ਼ੀਲ ਵਰਗੇ ਦੇਸ਼ਾਂ ਤੋਂ ਸਟੱਡੀ ਪਰਮਿਟ ਅਰਜ਼ੀਆਂ ਵਿੱਚ 20% ਦੀ ਗਿਰਾਵਟ ਦੇਖੀ ਗਈ। 2025 ਦੇ ਪਹਿਲੇ ਤਿੰਨ ਮਹੀਨਿਆਂ ਵਿੱਚ 159,000 ਸਟੱਡੀ ਵੀਜ਼ਾ ਅਰਜ਼ੀਆਂ ਅਤੇ 396,000 ਵਰਕ ਪਰਮਿਟ ਅਰਜ਼ੀਆਂ ਦੀ ਪ੍ਰੋਸੈਸਿੰਗ ਕੀਤੀ ਗਈ।

ਇਸ ਦੇ ਬਾਵਜੂਦ, ਵਿਜ਼ਟਰ ਵੀਜ਼ਿਆਂ ਰਾਹੀਂ ਕੈਨੇਡਾ ਪੁੱਜਣ ਵਾਲੇ ਲੋਕ ਵੀਜ਼ਾ ਮਿਆਦ ਵਧਾਉਣ ਨੂੰ ਤਰਜੀਹ ਦੇ ਰਹੇ ਹਨ, ਜਿਸ ਦੀ ਗਿਣਤੀ 2019 ਵਿੱਚ 197,000 ਤੋਂ ਵਧ ਕੇ 2024 ਵਿੱਚ 390,000 ਤੱਕ ਪੁੱਜ ਗਈ।

ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਦੀਆਂ ਸਖ਼ਤ ਨੀਤੀਆਂ ਨੇ ਪ੍ਰਵਾਸੀਆਂ ਲਈ ਚੁਣੌਤੀਆਂ ਵਧਾ ਦਿੱਤੀਆਂ ਹਨ। ਸਟੱਡੀ ਪਰਮਿਟ ਲਈ ਲੋੜੀਂਦੀ ਗਾਰੰਟੀਡ ਇਨਵੈਸਟਮੈਂਟ ਸਰਟੀਫਿਕੇਟ ਦੀ ਰਕਮ 2023 ਦੇ ਕੈਨੇਡੀਅਨ ਡਾਲਰ 10,000 ਤੋਂ ਵਧਾ ਕੇ ਕੈਨੇਡੀਅਨ ਡਾਰ 20,635 ਕਰ ਦਿੱਤੀ ਗਈ ਹੈ, ਜਿਸ ਨੇ ਮੱਧ ਵਰਗੀ ਪਰਿਵਾਰਾਂ ਲਈ ਵਿੱਤੀ ਬੋਝ ਵਧਾਇਆ ਹੈ।

ਸਰਕਾਰ ਦਾ ਟੀਚਾ 2026 ਤੱਕ ਅਸਥਾਈ ਨਿਵਾਸੀਆਂ ਦੀ ਸੰਖਿਆ ਨੂੰ ਕੁੱਲ ਆਬਾਦੀ ਦੇ 5% ਤੱਕ ਘਟਾਉਣਾ ਹੈ, ਜਿਸ ਕਾਰਨ ਅਗਲੇ ਸਾਲਾਂ ਵਿੱਚ ਹੋਰ ਸਖ਼ਤੀ ਦੀ ਸੰਭਾਵਨਾ ਹੈ। ਇਹ ਸਥਿਤੀ ਨਾ ਸਿਰਫ਼ ਪ੍ਰਵਾਸੀਆਂ ਦੀਆਂ ਯੋਜਨਾਵਾਂ ਨੂੰ ਪ੍ਰਭਾਵਿਤ ਕਰ ਰਹੀ ਹੈ, ਸਗੋਂ ਕੈਨੇਡਾ ਦੀ ਆਰਥਿਕਤਾ ਅਤੇ ਸਮਾਜਿਕ ਸੰਤੁਲਨ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ।

# ਤਾਂਤਰਿਕ ਠੱਗੀਆਂ ਦਾ ਪੰਜਾਬ ਵਿਚ ਕਿਉਂ ਵਧ ਰਿਹਾ ਏ ਜਾਲ ?

## ✪ ਪੰਜਾਬ ਵਿਚ ਅੰਧਵਿਸ਼ਵਾਸ ਦੇ ਨਾਂ 'ਤੇ ਕੀਤੀ ਜਾ ਰਹੀ ਏ ਲੁੱਟ ✪ ਕਰਦੇ ਹਨ ਔਰਤਾਂ ਦਾ ਆਰਥਿਕ ਤੇ ਸਰੀਰਕ ਸ਼ੋਸ਼ਣ



### ਵਿਸ਼ੇਸ਼ ਰਿਪੋਟ

ਪੰਜਾਬ ਪਿਛਲੇ ਕੁਝ ਸਮੇਂ ਤੋਂ ਤਾਂਤਰਿਕ ਠੱਗੀਆਂ ਦੇ ਮਕੜਜਾਲ ਵਿਚ ਫਸਦਾ ਜਾ ਰਿਹਾ ਹੈ। ਅੰਧਵਿਸ਼ਵਾਸ ਦਾ ਸਹਾਰਾ ਲੈ ਕੇ ਠੱਗ ਤੇ ਪਖੰਡੀ ਲੋਕ ਔਰਤਾਂ ਨੂੰ, ਆਪਣੇ ਜਾਲ ਵਿਚ ਫਸਾ ਰਹੇ ਹਨ। ਹਾਲ ਹੀ ਵਿਚ ਲੁਧਿਆਣਾ ਵਿਖੇ ਵਾਪਰੀ ਇਕ ਘਟਨਾ ਨੇ ਇਸ ਮੁੱਦੇ ਨੂੰ ਹੋਰ ਉਜਾਗਰ ਕੀਤਾ ਹੈ। ਇਸ ਘਟਨਾ ਵਿਚ ਤਿੰਨ ਵਿਅਕਤੀਆਂ ਨੇ ਆਪਣੇ ਆਪ ਨੂੰ ਤਾਂਤਰਿਕ ਦੱਸ ਕੇ ਇਕ ਔਰਤ ਨੂੰ ਨਸ਼ੀਲੀ ਵਸਤੂ ਸੁੰਘਾ ਕੇ ਅਰਧ-ਬੇਹੋਸ਼ ਕਰ ਦਿੱਤਾ ਅਤੇ ਉਸ ਦੇ ਘਰ ਵਿਚੋਂ ਸੋਨੇ-ਚਾਂਦੀ ਦੇ ਗਹਿਣੇ ਅਤੇ ਨਕਦੀ ਲੁੱਟ ਲਈ। ਇਹ ਘਟਨਾ ਸਿਰਫ਼ ਇਕ ਉਦਾਹਰਣ ਹੈ, ਜੋ ਦਰਸਾਉਂਦੀ ਹੈ ਕਿ ਪੰਜਾਬ ਵਿਚ ਅੰਧਵਿਸ਼ਵਾਸ ਦੇ ਨਾਂ 'ਤੇ ਕਿਵੇਂ ਲੋਕਾਂ ਦੀਆਂ ਜਾਨ-ਮਾਲ ਨੂੰ ਖਤਰੇ ਵਿਚ ਪਾਇਆ ਜਾ ਰਿਹਾ ਹੈ।

ਲੁਧਿਆਣਾ ਦੇ ਸੈਕਟਰ 32ਏ ਦੀ ਰਹਿਣ ਵਾਲੀ ਨੀਤੂ ਕੁਮਾਰੀ ਨਾਲ ਵਾਪਰੀ ਘਟਨਾ ਨੇ ਸਮਾਜ ਵਿਚ ਅੰਧਵਿਸ਼ਵਾਸ ਦੀ ਡੂੰਘੀ ਜੜ੍ਹ ਨੂੰ ਉਜਾਗਰ ਕੀਤਾ। ਨੀਤੂ ਨੇ ਪੁਲਿਸ ਨੂੰ ਦੱਸਿਆ ਕਿ ਉਹ ਸਵੇਰੇ ਘਰੇਲੂ ਸਮਾਨ ਖਰੀਦਣ ਤੋਂ ਬਾਅਦ ਸੰਜੇ ਗਾਂਧੀ ਕਾਲੋਨੀ ਦੇ ਟੀ-ਪੁਆਇੰਟ 'ਤੇ ਪਹੁੰਚੀ। ਉੱਥੇ ਤਿੰਨ ਨੌਜਵਾਨਾਂ ਨੇ ਉਸ ਨਾਲ ਸੰਪਰਕ ਕੀਤਾ ਅਤੇ ਆਪਣੇ ਆਪ ਨੂੰ ਤਾਂਤਰਿਕ ਦੱਸਿਆ। ਉਨ੍ਹਾਂ ਨੇ ਨੀਤੂ ਨੂੰ ਡਰਾਇਆ ਕਿ ਉਸ 'ਤੇ ਕਾਲੇ ਜਾਦੂ ਦਾ ਪਰਛਾਵਾਂ ਹੈ ਅਤੇ ਉਸ ਨੂੰ ਬਚਾਉਣ ਲਈ ਖਾਸ ਪੂਜਾ ਦੀ ਲੋੜ ਹੈ। ਗੱਲਾਂ ਵਿਚ ਫਸਾ ਕੇ ਮੁਲਜ਼ਮਾਂ ਨੇ ਉਸ ਨੂੰ ਨਸ਼ੀਲੀ ਵਸਤੂ ਸੁੰਘਾਈ, ਜਿਸ ਨਾਲ ਉਹ ਅਰਧ-ਬੇਹੋਸ਼ ਹੋ ਗਈ। ਇਸ ਹਾਲਤ ਵਿਚ ਮੁਲਜ਼ਮਾਂ ਨੇ ਨੀਤੂ ਨੂੰ ਆਟੋ ਵਿਚ ਬਿਠਾਇਆ ਅਤੇ ਉਸ ਦੇ ਘਰ ਪਹੁੰਚ ਗਏ। ਘਰ ਵਿਚ ਪੇਟੀ ਵਿਚੋਂ ਉਨ੍ਹਾਂ ਨੇ ਸੋਨੇ ਦੀਆਂ ਵਾਲੀਆਂ, ਲੌਕਟ, ਨੱਕ ਦਾ ਕੋਕਾ, ਚਾਂਦੀ ਦੀ ਮੁੰਦਰੀ ਅਤੇ 11,000 ਰੁਪਏ ਦੀ ਨਕਦੀ ਚੋਰੀ ਕਰ ਲਈ।

ਜਦੋਂ ਨੀਤੂ ਦਾ ਪਤੀ ਹੀਰਾ ਕੁਮਾਰ ਆਵਾਜ਼ ਸੁਣ ਕੇ ਪਿਛਲੇ ਕਮਰੇ ਤੋਂ ਬਾਹਰ ਆਇਆ, ਤਾਂ ਮੁਲਜ਼ਮ ਬਿਨਾਂ ਨੰਬਰੀ ਆਟੋ ਵਿਚ ਫਰਾਰ ਹੋ ਗਏ। ਨੀਤੂ ਦੀ ਅਰਧ-ਬੇਹੋਸ਼ੀ ਦੀ ਹਾਲਤ ਦੇਖ ਕੇ ਪਤੀ ਉਸ ਨੂੰ ਤੁਰੰਤ ਹਸਪਤਾਲ ਲੈ ਗਿਆ।ਥਾਣਾ ਡਿਵੀਜ਼ਨ ਨੰਬਰ 7 ਦੀ ਪੁਲਿਸ ਨੇ ਨੀਤੂ ਦੀ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕਰਦਿਆਂ ਮੁਲਜ਼ਮਾਂ ਅਬਦੁਲ ਹਸਨ, ਜਮਾਲੁਦੀਨ (ਦੋਵੇਂ ਡਾਬਾ ਰੋਡ ਦੇ ਵਾਸੀ) ਅਤੇ ਪਰਮਿੰਦਰ ਬੱਗਾ (ਸ਼ਿਵਾਜੀ ਨਗਰ) ਨੂੰ ਵਰਧਮਾਨ ਮਿਲ ਨੇੜੇ ਨਾਕਾਬੰਦੀ ਦੌਰਾਨ ਗ੍ਰਿਫਤਾਰ ਕਰ ਲਿਆ।

ਜਾਂਚ ਅਧਿਕਾਰੀ ਏਐਸਆਈ ਮਲਕੀਤ ਸਿੰਘ ਨੇ ਦੱਸਿਆ ਕਿ ਮੁਢਲੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਪਹਿਲਾਂ ਵੀ ਅਜਿਹੀਆਂ 14 ਵਾਰਦਾਤਾਂ ਨੂੰ ਅੰਜਾਮ ਦੇ ਚੁੱਕੇ ਹਨ। ਪੁਲਿਸ ਨੇ ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਹਾਸਲ ਕਰਨ ਦੀ ਤਿਆਰੀ ਕੀਤੀ ਹੈ, ਤਾਂ ਜੋ ਹੋਰ ਖੁਲਾਸੇ ਕੀਤੇ ਜਾ ਸਕਣ।

### ਪੰਜਾਬ ਵਿਚ ਅੰਧਵਿਸ਼ਵਾਸ ਦਾ ਜਾਲ

ਪੰਜਾਬ ਵਿਚ ਤਾਂਤਰਿਕ ਠੱਗੀਆਂ ਦੀਆਂ ਘਟਨਾਵਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਜ਼ਿਆਦਾਤਰ ਮੁਲਜ਼ਮ ਬਿਹਾਰ, ਰਾਜਸਥਾਨ, ਅਤੇ ਉੱਤਰ ਪ੍ਰਦੇਸ਼ ਵਰਗੇ ਸੂਬਿਆਂ ਨਾਲ ਸਬੰਧਤ ਹੁੰਦੇ ਹਨ। ਇਹ ਠੱਗ ਆਮ ਤੌਰ 'ਤੇ ਕਾਲੇ ਜਾਦੂ, ਭੂਤ-ਪ੍ਰੇਤ, ਜਾਂ ਅਨਹੋਣੀ ਦਾ ਡਰ ਵਿਖਾ ਕੇ ਲੋਕਾਂ ਨੂੰ ਆਪਣੇ ਜਾਲ ਵਿਚ ਫਸਾਉਂਦੇ ਹਨ। ਔਰਤਾਂ ਇਨ੍ਹਾਂ ਠੱਗਾਂ ਦਾ ਸਭ ਤੋਂ ਆਸਾਨ ਨਿਸ਼ਾਨਾ ਬਣਦੀਆਂ ਹਨ, ਕਿਉਂਕਿ ਇਹ ਮੁਲਜ਼ਮ ਉਨ੍ਹਾਂ ਦੀਆਂ ਭਾਵਨਾਵਾਂ ਅਤੇ ਅੰਧਵਿਸ਼ਵਾਸ ਨਾਲ ਖਿਲਵਾੜ ਕਰਦੇ ਹਨ। ਕਈ ਮਾਮਲਿਆਂ ਵਿਚ ਨਾ ਸਿਰਫ਼ ਜਾਨ-ਮਾਲ ਦਾ ਨੁਕਸਾਨ ਹੁੰਦਾ ਹੈ, ਸਗੋਂ ਔਰਤਾਂ ਦੀ ਇੱਜ਼ਤ ਵੀ ਖਤਰੇ ਵਿਚ ਪੈਂਦੀ ਹੈ।

ਪ੍ਰਵਾਸੀ ਮੀਡੀਆ ਵਿਚ ਇਸ਼ਤਿਹਾਰਬਾਜ਼ੀ ਦੇ ਜ਼ਰੀਏ ਵੀ ਅਜਿਹੇ ਤਾਂਤਰਿਕ ਪ੍ਰਵਾਸੀ ਭਾਰਤੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ। ਇਹ ਠੱਗ ਚੰਡੀਗੜ੍ਹ ਵਰਗੇ ਸ਼ਹਿਰਾਂ ਵਿਚ ਆਲੀਸ਼ਾਨ ਜੀਵਨ ਜੀਉਂਦੇ ਹੋਏ ਵੱਡੀਆਂ ਕੋਠੀਆਂ ਖੜੀਆਂ ਕਰ ਰਹੇ ਹਨ, ਜੋ ਸਰਕਾਰ ਦੀ ਢਿਲੀ ਕਾਰਵਾਈ ਨੂੰ ਦਰਸਾਉਂਦਾ ਹੈ।

### ਪੁਲਿਸ ਦੀ ਕਾਰਵਾਈ ਅਤੇ 2024 ਦੇ ਅੰਕੜੇ

ਪੰਜਾਬ ਪੁਲਿਸ ਨੇ 2024 ਵਿਚ ਅੰਧਵਿਸ਼ਵਾਸ ਅਤੇ ਤਾਂਤਰਿਕ ਠੱਗੀਆਂ ਦੇ ਵਿਰੁੱਧ ਕਈ ਕਾਰਵਾਈਆਂ ਕੀਤੀਆਂ। ਹਾਲਾਂਕਿ, ਸਟੀਕ ਅੰਕੜੇ ਜਨਤਕ ਤੌਰ 'ਤੇ ਉਪਲਬਧ ਨਹੀਂ ਹਨ, ਪਰ ਵੱਖ-ਵੱਖ ਸ਼ਹਿਰਾਂ ਜਿਵੇਂ ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਵਿਚ ਅਜਿਹੇ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਲੁਧਿਆਣਾ ਵਿਚ ਹੀ ਪਿਛਲੇ ਸਾਲ ਅਜਿਹੀਆਂ ਕਈ ਵਾਰਦਾਤਾਂ ਸਾਹਮਣੇ ਆਈਆਂ, ਜਿਨ੍ਹਾਂ ਵਿਚ ਮੁਲਜ਼ਮਾਂ ਨੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਕੇ ਲੋਕਾਂ ਨੂੰ ਲੁੱਟਿਆ। ਪੁਲਿਸ ਨੇ ਨਾਕਾਬੰਦੀ, ਸੀਸੀਟੀਵੀ ਫੁਟੇਜ, ਅਤੇ ਜਨਤਕ ਸਹਿਯੋਗ ਨਾਲ ਅਜਿਹੇ ਮੁਲਜ਼ਮਾਂ ਨੂੰ ਕਾਬੂ ਕਰਨ ਦੀਆਂ ਕੋਸ਼ਿਸ਼ਾਂ ਤੇਜ਼ ਕੀਤੀਆਂ ਹਨ। ਮੁਲਜ਼ਮਾਂ ਦੀ ਗ੍ਰਿਫਤਾਰੀ ਤੋਂ ਬਾਅਦ ਪੁੱਛਗਿੱਛ ਵਿਚ ਅਕਸਰ ਇਹ ਸਾਹਮਣੇ ਆਉਂਦਾ ਹੈ ਕਿ ਇਹ ਠੱਗ ਸੰਗਠਿਤ ਗਰੋਹ ਦਾ ਹਿੱਸਾ ਹੁੰਦੇ ਹਨ, ਜੋ ਵੱਖ-ਵੱਖ ਸ਼ਹਿਰਾਂ 'ਚ ਆਪਣਾ ਜਾਲ ਫੈਲਾਉਂਦੇ ਹਨ। ਪੁਲਿਸ ਦਾ ਮੰਨਣਾ ਹੈ ਕਿ ਜਨਤਕ ਜਾਗਰੂਕਤਾ ਅਤੇ ਸਖਤ ਕਾਰਵਾਈ ਨਾਲ ਹੀ ਅਜਿਹੀਆਂ ਵਾਰਦਾਤਾਂ 'ਤੇ ਕਾਬੂ ਪਾਇਆ ਜਾ ਸਕਦਾ ਹੈ।

### ਸਰਕਾਰ ਅਤੇ ਸਮਾਜ ਦੀ ਜ਼ਿੰਮੇਵਾਰੀ

ਪੰਜਾਬ 'ਚ ਅੰਧਵਿਸ਼ਵਾਸ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ, ਅਤੇ ਸਰਕਾਰ ਦੀ ਸਖਤ ਕਾਰਵਾਈ ਦੀ ਕਮੀ ਇਸ ਮੁੱਦੇ ਨੂੰ ਹੋਰ ਗੰਭੀਰ ਬਣਾਉਂਦੀ ਹੈ। ਲੋਕਾਂ ਦਾ ਮੰਨਣਾ ਹੈ ਕਿ ਚੰਡੀਗੜ੍ਹ ਅਤੇ ਹੋਰ ਵੱਡੇ ਸ਼ਹਿਰਾਂ 'ਚ ਅਜਿਹੇ ਠੱਗ ਖੁੱਲ੍ਹੇਆਮ ਆਪਣਾ ਕਾਰੋਬਾਰ ਚਲਾ ਰਹੇ ਹਨ। ਸਰਕਾਰ ਨੂੰ ਅੰਧਵਿਸ਼ਵਾਸ ਦੇ ਵਿਰੁੱਧ ਜਾਗਰੂਕਤਾ ਮੁਹਿੰਮਾਂ ਚਲਾਉਣ ਦੀ ਲੋੜ ਹੈ। ਸਕੂਲਾਂ, ਕਮਿਊਨਿਟੀ ਸੈਂਟਰਾਂ, ਅਤੇ ਮੀਡੀਆ ਦੇ ਜ਼ਰੀਏ ਲੋਕਾਂ ਨੂੰ ਸੁਚੇਤ ਕਰਕੇ ਅਜਿਹੀਆਂ ਠੱਗੀਆਂ ਨੂੰ ਰੋਕਿਆ ਜਾ ਸਕਦਾ ਹੈ। ਸਮਾਜਿਕ ਜਾਗਰੂਕਤਾ ਦੇ ਨਾਲ-ਨਾਲ ਸਖਤ ਕਾਨੂੰਨੀ ਕਾਰਵਾਈ ਵੀ ਜ਼ਰੂਰੀ ਹੈ। ਅਜਿਹੇ ਮੁਲਜ਼ਮਾਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਸਖਤ ਸਜ਼ਾਵਾਂ ਦੇਣ ਦੀ ਲੋੜ ਹੈ, ਤਾਂ ਜੋ ਹੋਰ ਠੱਗਾਂ ਨੂੰ ਸਬਕ ਮਿਲ ਸਕੇ। ਪੰਜਾਬ ਸਰਕਾਰ ਨੂੰ ਅੰਧਵਿਸ਼ਵਾਸ ਵਿਰੁੱਧ ਵਿਸ਼ੇਸ਼ ਕਾਨੂੰਨ ਬਣਾਉਣ ਅਤੇ ਇਸ ਦੀ ਸਖਤੀ ਨਾਲ ਪਾਲਣਾ ਕਰਨ ਦੀ ਜ਼ਰੂਰਤ ਹੈ। ਲੋਕਾਂ ਨੂੰ ਅਜਿਹੇ ਤਾਂਤਰਿਕਾਂ ਦੇ ਝੂਠੇ ਦਾਅਵਿਆਂ 'ਤੇ ਭਰੋਸਾ ਨਹੀਂ ਕਰਨਾ ਚਾਹੀਦਾ।

ਪੰਜਾਬ ਵਿਚ ਤਾਂਤਰਿਕ ਠੱਗੀਆਂ ਦਾ ਮੁੱਦਾ ਇਕ ਸਮਾਜਿਕ ਅਤੇ ਸੁਰੱਖਿਆ ਸਮੱਸਿਆ ਬਣ ਚੁੱਕਿਆ ਹੈ। ਲੁਧਿਆਣਾ ਵਰਗੀਆਂ ਘਟਨਾਵਾਂ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੀਆਂ ਹਨ ਕਿ ਅੰਧਵਿਸ਼ਵਾਸ ਦੀ ਜੜ੍ਹ ਨੂੰ ਖਤਮ ਕਰਨ ਲਈ ਸਮਾਜਿਕ ਅਤੇ ਕਾਨੂੰਨੀ ਕਦਮ ਚੁੱਕਣ ਦੀ ਜ਼ਰੂਰਤ ਹੈ। ਪੁਲਿਸ ਦੀਆਂ ਕਾਰਵਾਈਆਂ ਦੇ ਬਾਵਜੂਦ, ਜਦੋਂ ਤੱਕ ਲੋਕ ਸੁਚੇਤ ਨਹੀਂ ਹੋਣਗੇ ਅਤੇ ਸਰਕਾਰ ਸਖਤ ਕਦਮ ਨਹੀਂ ਚੁੱਕੇਗੀ, ਇਹ ਸਮੱਸਿਆ ਜਾਰੀ ਰਹੇਗੀ।

## ਦੁਬਈ ਦੇ ਗੈਂਗਸਟਰ ਕਿਸ਼ਨਾ ਦੇ ਦੋ ਗੁਰਗੇ ਵਿਦੇਸ਼ੀ ਪਿਸਤੌਲ ਤੇ ਸੱਤ ਕਾਰਤੂਸ ਸਮੇਤ ਗ੍ਰਿਫ਼ਤਾਰ

ਅੰਮ੍ਰਿਤਸਰ-ਮੋਹਕਮਪੁਰਾ ਥਾਣੇ ਦੀ ਪੁਲਿਸ ਨੇ ਬੀਤੇ ਦਿਨੀਂ ਦੁਬਈ ਤੋਂ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਖ਼ਤਰਨਾਕ ਗੈਂਗਸਟਰ ਕਿਸ਼ਨਾ ਦੇ ਦੋ ਸਾਥੀ ਗ੍ਰਿਫ਼ਤਾਰ ਕੀਤੇ। ਏਡੀਸੀਪੀ ਜਸਰੂਪ ਕੌਰ ਬਾਠ ਨੇ ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਚਾਂਦ ਆਨੰਦ ਵਾਸੀ ਜੰਡਿਆਲਾ ਗੁਰੂ ਦੇ ਠਠਿਆਰਾਂਵਾਲਾ ਮੁਹੱਲਾ ਤੇ ਬਚਿੱਤਰ ਸਿੰਘ ਲਖਾਰੀ ਵਾਸੀ ਊਧਮ ਸਿੰਘ ਚੌਕ ਵਜੋਂ ਕੀਤੀ ਹੈ। ਏਡੀਸੀਪੀ ਨੇ ਦੱਸਿਆ ਕਿ ਤਲਾਸ਼ੀ ਦੌਰਾਨ ਦੋ ਪਿਸਤੌਲ ਤੇ ਸੱਤ ਕਾਰਤੂਸ ਬਰਾਮਦ ਕੀਤੇ ਗਏ। ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਮੰਨਿਆ ਹੈ ਕਿ ਦੋਵੇਂ ਹਥਿਆਰ ਉਨ੍ਹਾਂ ਨੂੰ ਦੁਬਈ 'ਚ ਬੈਠੇ ਉਨ੍ਹਾਂ ਦੇ ਆਕਾ ਕਿਸ਼ਨਾ ਨੇ ਦਿੱਤੇ ਸਨ। ਇਹ ਕਿਸੇ ਹੋਰ ਵਿਅਕਤੀ ਨੂੰ ਸਪਲਾਈ ਕੀਤੇ ਜਾਣੇ ਸਨ। ਗ੍ਰਿਫ਼ਤਾਰ ਮੁਲਜ਼ਮ ਚਾਂਦ ਖ਼ਿਲਾਫ਼ ਸਾਲ 2020 'ਚ ਜੰਡਿਆਲਾ ਗੁਰੂ ਥਾਣੇ 'ਚ ਚੋਰੀ ਦਾ ਕੇਸ ਦਰਜ ਹੈ। ਜਦਕਿ ਸਾਲ 2023 'ਚ ਜੰਡਿਆਲਾ ਗੁਰੂ ਥਾਣੇ ਅਧੀਨ ਪੈਂਦੇ ਇਲਾਕੇ 'ਚ ਸਥਿਤ ਇਕ ਘਰ 'ਚ ਦਾਖ਼ਲ ਹੋ ਕੇ ਹਮਲਾ ਕਰਨ ਦਾ ਕੇਸ ਦਰਜ ਹੈ।



ਮਾਮਲਾ ਗੁਰਦੁਆਰਾ ਲਾਲ ਖੂਹ ਉੱਤੇ ਕਬਜ਼ੇ ਦਾ

# ਕਬਜ਼ੇ ਦੀ ਸਥਿਤੀ ਬਾਰੇ ਪਾਕਿਸਤਾਨ ਸਰਕਾਰ ਦਾ ਰੋਲ ਉਸਾਰੂ ਨਹੀਂ

ਖਾਸ ਖਬਰ

## ✪ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਹੀਂ ਚੁਕ ਸਕੀ ਇਹ ਮਸਲਾ

ਗੁਰਦੁਆਰਾ ਲਾਲ ਖੂਹ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸੰਬੰਧਿਤ ਇਤਿਹਾਸਕ ਅਸਥਾਨ ਹੈ, ਨੂੰ ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿੱਚ ਚੰਦੂ ਦੀ ਹਵੇਲੀ ਵਿੱਚ ਸਥਿਤ ਖੂਹ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਇਹ ਖੂਹ, ਜਿੱਥੇ ਗੁਰੂ ਜੀ ਇਸ਼ਨਾਨ ਕਰਦੇ ਸਨ, ਹੁਣ ਕਥਿਤ ਤੌਰ 'ਤੇ "ਹੱਕ ਚਾਰ ਯਾਰ ਦਰਗਾਹ" ਵਿੱਚ ਤਬਦੀਲ ਹੋ ਚੁੱਕਿਆ ਹੈ।

ਇਸ ਦੀਆਂ ਕੰਧਾਂ 'ਤੇ ਉਰਦੂ ਵਿੱਚ "ਜਹਾਂ ਨਹਾਨਾਂ ਔਰ ਕੱਪੜੇ ਧੋਣਾ ਮਨ੍ਹਾ ਹੈ" ਵਰਗੇ ਸੰਦੇਸ਼ ਲਿਖੇ ਹੋਏ ਹਨ, ਜੋ ਇਸ ਦੀ ਧਾਰਮਿਕ ਪਛਾਣ ਦੇ ਬਦਲੇ ਜਾਣ ਦੀ ਪੁਸ਼ਟੀ ਕਰਦੇ ਹਨ। ਪਾਕਿਸਤਾਨ ਸਰਕਾਰ ਅਤੇ ਇਸ ਦੀ ਸੰਸਥਾ, ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ (ਈਟੀਪੀਬੀ), ਜੋ ਘੱਟ ਗਿਣਤੀਆਂ ਦੀਆਂ ਧਾਰਮਿਕ ਸੰਪਤੀਆਂ ਦੀ ਸੰਭਾਲ ਲਈ ਜ਼ਿੰਮੇਵਾਰ ਹੈ, ਨੇ ਇਸ ਅਸਥਾਨ ਨੂੰ ਮੁੜ ਪ੍ਰਾਪਤ ਕਰਨ ਜਾਂ ਇਸ ਦੀ ਇਤਿਹਾਸਕ ਮਹੱਤਤਾ ਨੂੰ ਬਰਕਰਾਰ ਰੱਖਣ ਵਿੱਚ ਕੋਈ ਪ੍ਰਭਾਵੀ ਕਦਮ ਨਹੀਂ ਚੁੱਕੇ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀਐਸਜੀਪੀਸੀ) ਨੂੰ ਵੀ ਇਸ ਮਾਮਲੇ ਵਿੱਚ ਨਾਕਾਮੀ ਦਾ ਸਾਹਮਣਾ ਕਰਨਾ ਪਿਆ ਹੈ, ਕਿਉਂਕਿ ਉਹ ਇਸ ਅਸਥਾਨ ਦੀ ਹੋਂਦ ਨੂੰ ਗੁਰਦੁਆਰੇ ਦੇ ਰੂਪ ਵਿੱਚ ਕਾਇਮ ਰੱਖਣ ਵਿੱਚ ਅਸਮਰਥ ਰਹੇ ਹਨ। ਪਾਕਿਸਤਾਨੀ ਸਿੱਖ ਭਾਈਚਾਰੇ ਦੀ ਘੱਟ ਗਿਣਤੀ (ਲਗਭਗ 15,000 ਸਿੱਖ, ਜੋ ਕੁੱਲ ਆਬਾਦੀ ਦਾ 0.01% ਹਨ) ਅਤੇ ਸੀਮਤ ਸਿਆਸੀ ਪ੍ਰਭਾਵ ਕਾਰਨ ਉਹ ਇਸ ਮਸਲੇ 'ਤੇ ਪ੍ਰਭਾਵੀ ਢੰਗ ਨਾਲ ਆਵਾਜ਼ ਨਹੀਂ ਉਠਾ ਸਕੇ।

ਪਾਕਿਸਤਾਨ ਸਰਕਾਰ ਦੀ ਇਸ ਮਸਲੇ ਪ੍ਰਤੀ ਉਦਾਸੀਨਤਾ ਸਿੱਖ ਭਾਈਚਾਰੇ ਵਿੱਚ ਨਾਰਾਜ਼ਗੀ ਦਾ ਕਾਰਨ ਬਣੀ ਹੈ, ਕਿਉਂਕਿ ਇਸ ਨੇ ਨਾ ਸਿਰਫ ਸਿੱਖ ਵਿਰਸੇ ਨੂੰ ਨੁਕਸਾਨ ਪਹੁੰਚਾਇਆ, ਸਗੋਂ ਧਾਰਮਿਕ ਭਾਵਨਾਵਾਂ ਨੂੰ ਵੀ ਠੇਸ ਪਹੁੰਚਾਈ ਹੈ। ਗੁਰਦੁਆਰਾ ਲਾਲ ਖੂਹ ਦੇ ਮਾਮਲੇ ਵਿੱਚ ਐਸਜੀਪੀਸੀ ਜਾਂ ਪ੍ਰਵਾਸੀ ਸਿੱਖ ਸੰਗਠਨਾਂ ਵੱਲੋਂ ਕੋਈ ਸਪੱਸ਼ਟ ਅਤੇ ਜਨਤਕ ਤੌਰ 'ਤੇ ਉਠਾਏ ਗਏ ਕਦਮਾਂ ਦੀ ਜਾਣਕਾਰੀ ਮੌਜੂਦ ਨਹੀਂ ਹੈ।

ਪਾਕਿਸਤਾਨ ਸਰਕਾਰ ਦਾ ਪੱਖ- ਪਾਕਿਸਤਾਨ ਸਰਕਾਰ ਨੇ ਸਿੱਖ ਧਾਰਮਿਕ ਅਸਥਾਨਾਂ ਦੀ ਸੰਭਾਲ ਲਈ ਕੁਝ ਯਤਨ ਕੀਤੇ ਹਨ, ਜਿਵੇਂ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਮੁਰੰਮਤ ਅਤੇ 2019 ਵਿੱਚ ਕਰਤਾਰਪੁਰ ਕੋਰੀਡੋਰ ਦੀ ਸਥਾਪਨਾ, ਜਿਸ ਨੂੰ ਵਿਸ਼ਵ ਭਰ ਦੇ ਸਿੱਖਾਂ ਨੇ ਸਰਾਹਿਆ। ਪਰ, ਗੁਰਦੁਆਰਾ ਲਾਲ ਖੂਹ ਵਰਗੇ ਘੱਟ ਜਾਣੇ-ਪਛਾਣੇ ਅਸਥਾਨਾਂ ਦੀ ਸੰਭਾਲ ਲਈ ਸਰਕਾਰ ਜਾਂ ਈਟੀਪੀਬੀ ਦੀ ਤਰਫੋਂ ਕੋਈ ਖਾਸ ਕਾਰਵਾਈ ਨਹੀਂ ਕੀਤੀ ਗਈ।



ਇਸ ਦੀ ਵਜ੍ਹਾ ਸੰਭਵ ਤੌਰ 'ਤੇ ਸਥਾਨਕ ਪ੍ਰਸ਼ਾਸਨਿਕ ਅਣਗਹਿਲੀ, ਸਰੋਤਾਂ ਦੀ ਕਮੀ, ਜਾਂ ਸਥਾਨਕ ਭਾਈਚਾਰਿਆਂ ਦਾ ਵਿਰੋਧ ਹੋ ਸਕਦਾ ਹੈ, ਜਿਨ੍ਹਾਂ ਨੇ ਇਸ ਅਸਥਾਨ ਨੂੰ ਦਰਗਾਹ ਵਜੋਂ ਅਪਨਾ ਲਿਆ ਹੈ।


ਇਤਿਹਾਸਕ ਪਿਛੋਕੜ-ਗੁਰਦੁਆਰਾ ਲਾਲ ਖੂਹ ਦੀ ਮਹੱਤਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਜੁੜੀ ਹੋਈ ਹੈ। ਇਹ ਅਸਥਾਨ ਲਾਹੌਰ ਦੇ ਮੋਚੀ ਦਰਵਾਜ਼ੇ ਨੇੜੇ ਚੰਦੂ ਦੀ ਹਵੇਲੀ ਵਿੱਚ ਸਥਿਤ ਹੈ, ਜਿੱਥੇ ਗੁਰੂ ਜੀ ਨੂੰ ਮੁਗਲ ਸ਼ਾਸਕ ਜਹਾਂਗੀਰ ਦੇ ਹੁਕਮ 'ਤੇ ਤਸੀਹੇ ਦਿੱਤੇ ਗਏ ਸਨ। ਇਤਿਹਾਸਕ ਰਿਕਾਰਡਾਂ ਅਨੁਸਾਰ, ਗੁਰੂ ਜੀ ਨੂੰ ਚੰਦੂ ਦੀ ਹਵੇਲੀ ਦੀ ਇਕ ਕੋਠੜੀ ਵਿੱਚ ਰੱਖਿਆ ਗਿਆ ਸੀ, ਅਤੇ ਉਹ ਇਸ ਖੂਹ ਦੇ ਪਾਣੀ ਨਾਲ ਇਸ਼ਨਾਨ ਕਰਦੇ ਸਨ।

1947 ਦੀ ਵੰਡ ਤੋਂ ਬਾਅਦ, ਇਹ ਅਸਥਾਨ ਸਥਾਨਕ ਭਾਈਚਾਰਿਆਂ ਦੇ ਹੱਥਾਂ ਵਿੱਚ ਚਲਾ ਗਿਆ ਅਤੇ ਅਖੀਰ ਵਿੱਚ ਇਕ ਦਰਗਾਹ ਵਿੱਚ ਤਬਦੀਲ ਹੋ ਗਿਆ। ਵੰਡ ਦੌਰਾਨ ਸਿੱਖ ਅਤੇ ਹਿੰਦੂ ਭਾਰਤ ਵੱਲ ਚਲੇ ਗਏ, ਜਿਸ ਕਾਰਨ ਪਾਕਿਸਤਾਨ ਵਿੱਚ ਸਿੱਖ ਅਸਥਾਨਾਂ ਦੀ ਸੰਭਾਲ ਘਟਦੀ ਗਈ।

ਸਿੱਖ ਸੰਗਠਨਾਂ ਨੂੰ ਇਸ ਮੁੱਦੇ 'ਤੇ ਅੰਤਰਰਾਸ਼ਟਰੀ ਪੱਧਰ 'ਤੇ ਸਹਿਯੋਗ ਅਤੇ ਦਬਾਅ ਬਣਾਉਣ ਦੀ ਲੋੜ ਹੈ ਤਾਂ ਜੋ ਇਸ ਅਸਥਾਨ ਨੂੰ ਮੁੜ ਗੁਰਦੁਆਰੇ ਦੇ ਰੂਪ ਵਿੱਚ ਸਥਾਪਿਤ ਕੀਤਾ ਜਾ ਸਕੇ।

# ਲੁਧਿਆਣਾ ਵਿੱਚ ਪ੍ਰਾਪਰਟੀ ਕਾਰੋਬਾਰੀ ਨਾਲ 5.5 ਕਰੋੜ ਦੀ ਧੋਖਾਧੜੀ

## ✪ ਪ੍ਰਵਾਸੀ ਪੰਜਾਬੀ ਜੋੜੇ ਖਿਲਾਫ ਮੁਕੱਦਮਾ ਦਰਜ






ਲੁਧਿਆਣਾ-ਮਾਡਲ ਟਾਊਨ, ਲੁਧਿਆਣਾ ਦੇ ਰਹਿਣ ਵਾਲੇ ਪ੍ਰਾਪਰਟੀ ਕਾਰੋਬਾਰੀ ਵਿਸ਼ਾਲ ਸ਼ਰਮਾ ਨਾਲ 5.5 ਕਰੋੜ ਰੁਪਏ ਦੀ ਧੋਖਾਧੜੀ ਦਾ ਮਾਮਲਾ ਸਾਹਮਣੇ ਆਇਆ ਹੈ। ਥਾਣਾ ਸਾਹਨੇਵਾਲ ਪੁਲਿਸ ਨੇ ਵਿਸ਼ਾਲ ਸ਼ਰਮਾ ਦੀ ਸ਼ਿਕਾਇਤ 'ਤੇ ਕੈਨੇਡਾ ਦੇ ਬਰੈਮਟਨ ਵਾਸੀ ਮਨਜੀਤ ਸਿੰਘ ਗਿੱਲ ਅਤੇ ਉਸ ਦੀ ਪਤਨੀ ਮਹਿੰਦਰ ਕੌਰ ਗਿੱਲ ਦੇ ਖਿਲਾਫ ਧੋਖਾਧੜੀ, ਅਪਰਾਧਿਕ ਸਾਜ਼ਿਸ਼ ਅਤੇ ਅਮਾਨਤ ਵਿੱਚ ਖਿਆਨਤ ਦੀਆਂ ਧਾਰਾਵਾਂ ਅਧੀਨ ਮੁਕੱਦਮਾ ਦਰਜ ਕੀਤਾ ਹੈ। ਸ਼ਿਕਾਇਤਕਰਤਾ ਵਿਸ਼ਾਲ ਸ਼ਰਮਾ ਨੇ ਦੱਸਿਆ ਕਿ ਮੁਲਜ਼ਮਾਂ ਨੇ ਜਸਪਾਲ ਬਾਂਗੜ ਇਲਾਕੇ ਵਿੱਚ ਸਥਿਤ ਆਪਣੀ ਜ਼ਮੀਨ ਦਾ ਸੌਦਾ ਉਸ ਨਾਲ 5.5 ਕਰੋੜ ਰੁਪਏ ਵਿੱਚ ਤੈਅ ਕੀਤਾ ਸੀ। ਮੁਲਜ਼ਮਾਂ ਨੇ ਰਕਮ ਲੈਣ ਤੋਂ ਬਾਅਦ ਜ਼ਮੀਨ ਦੀ ਰਜਿਸਟਰੀ ਨਹੀਂ ਕਰਵਾਈ, ਜਿਸ ਨਾਲ ਉਸ ਨੂੰ ਵੱਡਾ ਵਿੱਤੀ ਨੁਕਸਾਨ ਹੋਇਆ। ਪੁਲਿਸ ਦੇ ਜਾਂਚ ਅਧਿਕਾਰੀ ਗੁਰਮੀਤ ਸਿੰਘ ਨੇ ਕਿਹਾ ਕਿ ਮੁਕੱਦਮਾ ਦਰਜ ਕਰਕੇ ਪੜਤਾਲ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਮੁਲਜ਼ਮਾਂ ਦੀ ਭਾਲ ਜਾਰੀ ਹੈ। ਇਸ ਮਾਮਲੇ ਨੇ ਸ਼ਹਿਰ ਦੇ ਪ੍ਰਾਪਰਟੀ ਕਾਰੋਬਾਰ ਵਿੱਚ ਸੁਰੱਖਿਆ ਅਤੇ ਪਾਰਦਰਸ਼ਤਾ ਨੂੰ ਲੈ ਕੇ ਸਵਾਲ ਖੜ੍ਹੇ ਕੀਤੇ ਹਨ। ਪੁਲਿਸ ਨੇ ਲੋਕਾਂ ਨੂੰ ਅਜਿਹੇ ਸੌਦਿਆਂ ਵਿੱਚ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਹੈ।

# ਰਿਟਾਇਰਮੈਂਟ ਤੋਂ ਇਕ ਦਿਨ ਪਹਿਲਾਂ ਗ੍ਰਿਫਤਾਰ, ਕਰੋੜਾਂ ਰੁਪਏ ਨਕਦ ਬਰਾਮਦ

## ✪ ਸੱਤ ਟਿਕਾਣਿਆਂ 'ਤੇ ਵਿਜੀਲੈਂਸ ਵਿਭਾਗ ਨੇ ਵੱਡੀ ਛਾਪੇਮਾਰੀ ਕੀਤੀ



ਭੁਬਨੇਸ਼ਵਰ-ਓਡੀਸ਼ਾ ਦੇ ਗ੍ਰਾਮੀਣ ਵਿਕਾਸ ਵਿਭਾਗ (ਆਰਡਬਲਯੂ) ਦੇ ਚੀਫ ਇੰਜੀਨੀਅਰ ਬੈਕੁੰਠ ਨਾਥ ਸ਼ਡੰਗੀ ਦੇ ਸੱਤ ਟਿਕਾਣਿਆਂ 'ਤੇ ਵਿਜੀਲੈਂਸ ਵਿਭਾਗ ਨੇ ਬੀਤੇ ਦਿਨੀਂ ਵੱਡੀ ਛਾਪੇਮਾਰੀ ਕੀਤੀ। ਇਸ ਦੌਰਾਨ ਸ਼ਡੰਗੀ ਦੇ ਭੁਬਨੇਸ਼ਵਰ ਸਥਿਤ ਫਲੈਟ ਵਿੱਚੋਂ 2.51 ਕਰੋੜ ਰੁਪਏ ਨਕਦ ਬਰਾਮਦ ਹੋਏ। ਛਾਪੇਮਾਰੀ ਦੌਰਾਨ ਸ਼ਡੰਗੀ ਜਾਂ ਉਸ ਦੇ ਪਰਿਵਾਰ ਵੱਲੋਂ 500-500 ਦੀਆਂ ਨੋਟਾਂ ਦੀਆਂ ਗੱਡੀਆਂ ਫਲੈਟ ਦੀ ਖਿੜਕੀ ਤੋਂ ਸੁੱਟੀਆਂ ਗਈਆਂ, ਜਿਸ ਨੇ ਇਲਾਕੇ ਵਿੱਚ ਹੜਕੰਪ ਮਚਾ ਦਿੱਤਾ। ਵਿਜੀਲੈਂਸ ਅਧਿਕਾਰੀਆਂ ਨੇ ਇਹ ਨੋਟ ਇਕੱਠੇ ਕਰਕੇ ਸ਼ਡੰਗੀ ਨੂੰ ਗ੍ਰਿਫਤਾਰ ਕਰ ਲਿਆ। ਜਾਣਕਾਰੀ ਮੁਤਾਬਕ, ਸ਼ਡੰਗੀ 31 ਮਈ 2025 ਨੂੰ ਸੇਵਾਮੁਕਤ ਹੋਣ ਵਾਲੇ ਸਨ। ਉਸ ਵਿਰੁੱਧ ਆਮਦਨ ਦੇ ਜਾਣੇ-ਪਛਾਣੇ ਸਰੋਤਾਂ ਤੋਂ ਵੱਧ ਜਾਇਦਾਦ ਅਤੇ ਭ੍ਰਿਸ਼ਟਾਚਾਰ ਦੇ ਦੋਸ਼ ਸਨ। ਛਾਪੇਮਾਰੀ ਦੌਰਾਨ ਸ਼ਡੰਗੀ ਦੇ ਫਲੈਟ ਵਿੱਚੋਂ ਨਕਦੀ ਦੇ ਨਾਲ-ਨਾਲ ਹੋਰ ਜਾਇਦਾਦ ਦੇ ਦਸਤਾਵੇਜ਼ ਵੀ ਮਿਲੇ, ਜੋ ਉਸ ਦੀ ਆਮਦਨ ਨਾਲ ਮੇਲ ਨਹੀਂ ਖਾਂਦੇ। ਸਥਾਨਕ ਲੋਕਾਂ ਨੇ ਦੱਸਿਆ ਕਿ ਜਦੋਂ ਵਿਜੀਲੈਂਸ ਦੀ ਟੀਮ ਫਲੈਟ 'ਤੇ ਪਹੁੰਚੀ, ਤਾਂ ਨੋਟਾਂ ਦੀ "ਬਾਰਿਸ਼" ਦੇਖ ਕੇ ਇਲਾਕੇ ਵਿੱਚ ਸਨਸਨੀ ਫੈਲ ਗਈ।

# ਪੰਜਾਬ ਪੁਲੀਸ ਵਲੋਂ ਬਠਿੰਡਾ ਵਿਚ 80 ਹਜ਼ਾਰ ਲਿਟਰ ਈਥਾਨੌਲ ਜ਼ਬਤ

## ✪ ਅੱਠ ਮੁਲਜ਼ਮ ਗ੍ਰਿਫਤਾਰ ✪ ਗੁਜਰਾਤ ਤੋਂ ਤਸਕਰੀ ਦਾ ਹੋਇਆ ਪਰਦਾਫਾਸ਼

ਬਠਿੰਡਾ-ਪੰਜਾਬ ਦੇ ਬਠਿੰਡਾ ਵਿਚ ਪੁਲੀਸ ਨੇ ਗੁਜਰਾਤ ਤੋਂ ਲਿਆਂਦੀ 80 ਹਜ਼ਾਰ ਲਿਟਰ ਈਥਾਨੌਲ ਦੀ ਖੇਪ ਜ਼ਬਤ ਕਰਕੇ ਨਾਜਾਇਜ਼ ਸ਼ਰਾਬ ਦੀ ਤਸਕਰੀ ਨੂੰ ਨਾਕਾਮ ਕੀਤਾ। ਇਸ ਕਾਰਵਾਈ ਵਿਚ ਦੋ ਟਰੱਕ, ਦੋ ਕਾਰਾਂ ਅਤੇ ਇੱਕ ਐਸਯੂਵੀ ਜ਼ਬਤ ਕੀਤੀਆਂ ਗਈਆਂ। ਅੱਠ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਵਿਚੋਂ ਚਾਰ ਬਠਿੰਡਾ, ਦੋ ਉੱਤਰ ਪ੍ਰਦੇਸ਼ ਅਤੇ ਦੋ ਨੇਪਾਲ ਦੇ ਹਨ। ਆਬਕਾਰੀ ਮੰਤਰੀ ਹਰਪਾਲ ਚੀਮਾ ਨੇ ਕਿਹਾ ਕਿ ਨਾਜਾਇਜ਼ ਸ਼ਰਾਬ ਦੇ ਕਾਰੋਬਾਰੀਆਂ ਵਿਰੁੱਧ ਸਖ਼ਤ ਕਾਰਵਾਈ ਜਾਰੀ ਰਹੇਗੀ। ਇਹ ਖੇਪ ਪੌਣੇ ਚਾਰ ਲੱਖ ਦੇਸੀ ਅਤੇ ਢਾਈ ਲੱਖ ਅੰਗਰੇਜ਼ੀ ਸ਼ਰਾਬ ਦੀਆਂ ਬੋਤਲਾਂ ਜਾਂ 1.10 ਲੱਖ ਸੈਨੇਟਾਈਜ਼ਰ ਬੋਤਲਾਂ ਬਣਾਉਣ ਲਈ ਵਰਤੀ ਜਾ ਸਕਦੀ ਸੀ।

# ਆਸਟਰੇਲੀਆ ਭੇਜੀ ਪਤਨੀ ਦੇ 'ਧੋਖੇ' ਕਾਰਨ ਨੌਜਵਾਨ ਵੱਲੋਂ ਖ਼ੁਦਕੁਸ਼ੀ

ਬਠਿੰਡਾ-ਸ਼ਹਿਰ ਦੀ ਸ਼ਕਤੀ ਵਿਹਾਰ ਕਾਲੋਨੀ 'ਚ ਬੀਤੀ ਰਾਤ ਇਕ ਦਰਦਨਾਕ ਘਟਨਾ ਵਿਚ ਇੱਕ 32 ਸਾਲਾ ਨੌਜਵਾਨ ਨੇ ਮਾਨਸਿਕ ਤਣਾਅ ਕਾਰਨ ਫਾਹਾ ਲਾ ਕੇ ਆਪਣੀ ਜਾਨ ਦੇ ਦਿੱਤੀ। ਮ੍ਰਿਤਕ ਦੀ ਪਛਾਣ ਰਵਨੀਤ ਸਿੰਘ ਵਜੋਂ ਹੋਈ। ਪਰਿਵਾਰਕ ਜੀਆਂ ਅਨੁਸਾਰ ਸਾਲ 2018 ਵਿੱਚ ਰਵਨੀਤ ਦਾ ਵਿਆਹ ਹੋਇਆ ਸੀ। ਰਵਨੀਤ ਨੇ ਆਪਣਾ ਘਰ ਵੇਚ ਕੇ ਅਤੇ ਸੋਨੇ ਦੇ ਗਹਿਣੇ ਗਿਰਵੀ ਰੱਖ ਕੇ ਆਪਣੀ ਪਤਨੀ ਨੂੰ ਆਸਟਰੇਲੀਆ ਭੇਜਿਆ ਸੀ। ਪਤਨੀ ਵਾਅਦਾ ਕਰ ਕੇ ਗਈ ਸੀ ਕਿ ਉਹ ਰਵਨੀਤ ਨੂੰ ਵੀ ਆਪਣੇ ਕੋਲ ਬੁਲਾਏਗੀ, ਪਰ ਉਥੇ ਪਹੁੰਚਣ ਤੋਂ ਬਾਅਦ ਉਸ ਨੇ ਰਵਨੀਤ ਨਾਲ ਸਾਰੇ ਸੰਪਰਕ ਤੋੜ ਲਏ। ਉਸ ਨੇ ਘਰ ਦਾ ਕਮਰਾ ਅੰਦਰੋਂ ਬੰਦ ਕਰ ਲਿਆ। ਕਾਫੀ ਸਮਾਂ ਬੀਤਣ 'ਤੇ ਵੀ ਜਦੋਂ ਉਹ ਬਾਹਰ ਨਾ ਆਇਆ, ਤਾਂ ਪਰਿਵਾਰਕ ਮੈਂਬਰਾਂ ਨੇ ਦਰਵਾਜ਼ਾ ਤੋੜਿਆ। ਅੰਦਰ ਦੀ ਹਾਲਤ ਦੇਖ ਕੇ ਸਭ ਹੈਰਾਨ ਰਹਿ ਗਏ ਕਿਉਂਕਿ ਰਵਨੀਤ ਦੀ ਲਾਸ਼ ਪੱਖੇ ਨਾਲ ਲਟਕ ਰਹੀ ਸੀ। ਪੁਲੀਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜਦੇ ਹੋਏ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਪੰਜਾਬ ਵਿੱਚ ਗੈਂਗ ਕਲਚਰ ਸਰਕਾਰ ਤੇ ਲੋਕਾਂ ਲਈ ਸਿਰਦਰਦੀ ਬਣਿਆ

**○ ਹਾਈਕੋਰਟ ਨੇ ਕਿਹਾ ਕਿ ਗੈਂਗ ਹਿੰਸਾ ਨਾਲ ਨਜਿੱਠਣ ਲਈ ਕਾਨੂੰਨੀ ਢਾਂਚੇ ਦੀ ਕਮੀ ਚਿੰਤਾਜਨਕ ○ ਸਿਆਸੀ ਸਰਪ੍ਰਸਤੀ ਅਤੇ ਪੁਲਿਸ ਦੀ ਨਰਮੀ ਕਾਰਣ ਗੈਂਗਸਟਰਾਂ ਦੇ ਹੌਸਲੇ ਬੁਲੰਦ ○ 2022-2024 ਦੇ ਵਿਚਕਾਰ 50 ਤੋਂ ਵੱਧ ਪੁਲਿਸ ਮੁਕਾਬਲੇ ਹੋਏ**

ਪੰਜਾਬ ਅਤੇ ਹਰਿਆਣਾ ਵਿੱਚ ਗੈਂਗਸਟਰਾਂ ਦੀ ਹਿੰਸਾ ਅਤੇ ਧਮਕੀਆਂ ਦਾ ਮਸਲਾ ਹੁਣ ਇੱਕ ਗੰਭੀਰ ਸਮੱਸਿਆ ਬਣ ਚੁੱਕਿਆ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਇਸ ਮੁੱਦੇ 'ਤੇ ਚਿੰਤਾ ਜਤਾਉਂਦਿਆਂ ਸੂਬਾ ਸਰਕਾਰਾਂ ਨੂੰ ਸਖਤ ਹੁਕਮ ਦਿੱਤੇ ਹਨ। ਅਦਾਲਤ ਨੇ ਸਹੀ ਫਰਮਾਇਆ ਕਿ ਗੈਂਗ ਹਿੰਸਾ ਨਾਲ ਨਜਿੱਠਣ ਲਈ ਕਾਨੂੰਨੀ ਚੌਖਟ ਦੀ ਕਮੀ ਚਿੰਤਾਜਨਕ ਹੈ। ਇਸ ਲਈ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਦੋ ਮਹੀਨਿਆਂ ਅੰਦਰ ਸਟੈਂਡਰਡ ਅਪਰੇਟਿੰਗ ਪ੍ਰੋਸੀਜਰ (ਐੱਸਓਪੀ) ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ, ਜਿਸ ਵਿੱਚ ਗੈਂਗ ਕੇਸਾਂ ਦੀ ਜਾਂਚ ਸਬੰਧੀ ਸਪੱਸ਼ਟ ਦਿਸ਼ਾ-ਨਿਰਦੇਸ਼ ਹੋਣ। ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਨੂੰ ਤਿੰਨ ਸਾਲ ਬੀਤ ਚੁੱਕੇ ਹਨ, ਪਰ ਅਜੇ ਵੀ ਅਜਿਹੇ ਮਾਮਲਿਆਂ ਵਿੱਚ ਸਿਸਟਮ ਦੀ ਨਾਕਾਮੀ ਸਾਫ਼ ਨਜ਼ਰ ਆਉਂਦੀ ਹੈ। ਇਹ ਮਸਲਾ ਸਿਰਫ ਪੰਜਾਬ ਜਾਂ ਹਰਿਆਣਾ ਤੱਕ ਸੀਮਤ ਨਹੀਂ, ਸਗੋਂ ਗੈਂਗ ਕਲਚਰ ਦਾ ਜ਼ਹਿਰ ਹੁਣ ਵਿਦੇਸ਼ਾਂ ਤੱਕ ਫੈਲ ਚੁੱਕਿਆ ਹੈ।

ਪੰਜਾਬ ਵਿੱਚ ਗੈਂਗ ਕਲਚਰ ਦੇ ਵਧਣ ਪਿੱਛੇ ਕਈ ਕਾਰਨ ਹਨ। ਬੇਰੁਜ਼ਗਾਰੀ, ਨੌਜਵਾਨਾਂ ਦਾ ਨਸ਼ਿਆਂ ਵੱਲ ਝੁਕਾਅ, ਸਮਾਜਿਕ ਅਸਮਾਨਤਾ ਅਤੇ ਕਮਜ਼ੋਰ ਕਾਨੂੰਨੀ ਅਮਲ ਸਭ ਤੋਂ ਵੱਡੇ ਕਾਰਕ ਹਨ। ਨੌਜਵਾਨਾਂ ਨੂੰ ਗੈਂਗਸਟਰ ਗਲੈਮਰ ਅਤੇ ਤੇਜ਼ ਪੈਸੇ ਦੀ ਲਾਲਚ ਵਿੱਚ ਫਸਾਉਂਦੇ ਹਨ। ਇਸ ਦੇ ਨਾਲ ਹੀ, ਸਿਆਸੀ ਸਰਪ੍ਰਸਤੀ ਅਤੇ ਪੁਲਿਸ ਦੀ ਨਰਮੀ ਵੀ ਗੈਂਗਸਟਰਾਂ ਦੇ ਹੌਸਲੇ ਬੁਲੰਦ ਕਰਦੀ ਹੈ। ਸਮਾਜ ਵਿੱਚ 'ਗੈਂਗਸਟਰ ਕਲਚਰ' ਨੂੰ ਪ੍ਰਮੋਟ ਕਰਨ ਵਾਲੇ ਗੀਤਾਂ ਅਤੇ ਸੋਸ਼ਲ ਮੀਡੀਆ ਨੇ ਵੀ ਇਸ ਅਲਾਮਤ ਨੂੰ ਹਵਾ ਦਿੱਤੀ ਹੈ।

**ਪੰਜਾਬ ਟਾਈਮਜ ਅਨੁਸਾਰ ਸਬੂਤਾਂ ਦੀ ਘਾਟ ਕਾਰਨ ਇਹ ਮਸਲਾ ਅਜੇ ਵੀ ਅਸਪੱਸ਼ਟ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਹੁਣ ਗੈਂਗਸਟਰ ਮਸਲੇ 'ਤੇ ਸਖਤ ਰੁਖ ਅਖਤਿਆਰ ਕੀਤਾ ਹੈ। ਹਾਲੀਆ ਫੈਸਲੇ ਵਿੱਚ, ਅਦਾਲਤ ਨੇ ਸਪੱਸ਼ਟ ਕੀਤਾ ਕਿ ਸਰਕਾਰ ਦਾ ਫਰਜ਼ ਹੈ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਕਰਨਾ। ਅਦਾਲਤ ਨੇ ਪੰਜਾਬ ਅਤੇ ਹਰਿਆਣਾ ਨੂੰ ਗੈਂਗ ਹਿੰਸਾ ਨੂੰ ਰੋਕਣ ਲਈ ਸਪੱਸ਼ਟ ਨੀਤੀਆਂ ਬਣਾਉਣ ਦੇ ਹੁਕਮ ਦਿੱਤੇ। ਅਦਾਲਤ ਨੇ ਇਹ ਵੀ ਕਿਹਾ ਕਿ ਸ਼ਿਕਾਇਤ ਕਰਤਾਵਾਂ ਦੀ ਸੁਰੱਖਿਆ ਲਈ ਵਿਸ਼ੇਸ਼ ਉਪਾਅ ਕੀਤੇ ਜਾਣ, ਤਾਂ ਜੋ ਲੋਕ ਬਿਨਾਂ ਡਰ ਦੇ ਸਹਿਯੋਗ ਕਰ ਸਕਣ। ਇਸ ਤੋਂ ਪਹਿਲਾਂ, ਅਦਾਲਤਾਂ ਦੀ ਚੁੱਪੀ ਨੂੰ ਕਈ ਵਾਰ ਸਿਸਟਮ ਦੀ ਨਰਮੀ ਵਜੋਂ ਵੇਖਿਆ ਗਿਆ, ਪਰ ਹੁਣ ਅਦਾਲਤ ਦਾ ਸਰਗਰਮ ਰੁਖ ਉਮੀਦ ਜਗਾਉਂਦਾ ਹੈ।**



ਪੰਜਾਬ ਵਿੱਚ ਪੁਲਿਸ ਮੁਕਾਬਲੇ ਗੈਂਗਸਟਰਾਂ ਨੂੰ ਨੱਥ ਪਾਉਣ ਦਾ ਇੱਕ ਤਰੀਕਾ ਰਹੇ ਹਨ। ਪਿਛਲੇ ਕੁਝ ਸਾਲਾਂ ਵਿੱਚ, ਸੈਂਕੜੇ ਮੁਕਾਬਲੇ ਹੋਏ ਹਨ, ਜਿਨ੍ਹਾਂ ਵਿੱਚ ਕਈ ਨਾਮੀ ਗੈਂਗਸਟਰ ਮਾਰੇ ਗਏ। ਪਰ ਸਹੀ ਅੰਕੜੇ ਜਨਤਕ ਨਹੀਂ ਹੁੰਦੇ, ਕਿਉਂਕਿ ਇਹ ਮਾਮਲੇ ਅਕਸਰ ਵਿਵਾਦਾਂ ਵਿੱਚ ਘਿਰ ਜਾਂਦੇ ਹਨ। 2022-2024 ਦੇ ਵਿਚਕਾਰ, ਮੀਡੀਆ ਰਿਪੋਰਟਾਂ ਅਨੁਸਾਰ, 50 ਤੋਂ ਵੱਧ ਅਜਿਹੇ ਮੁਕਾਬਲੇ ਹੋਏ, ਜਿਨ੍ਹਾਂ ਵਿੱਚ 20 ਤੋਂ ਵੱਧ ਗੈਂਗਸਟਰ ਮਾਰੇ ਗਏ। ਪਰ ਝੂਠੇ ਮੁਕਾਬਲਿਆਂ ਦਾ ਮਸਲਾ ਵੀ ਉੱਠਦਾ ਹੈ। ਮਨੁੱਖੀ ਅਧਿਕਾਰ ਸੰਗਠਨ ਅਤੇ ਕੁਝ ਸਿਆਸੀ ਧਿਰਾਂ, ਜਿਵੇਂ ਕਿ ਸੰਯੁਕਤ ਸਮਾਜ ਮੋਰਚਾ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਨੇ ਅਜਿਹੇ ਮੁਕਾਬਲਿਆਂ 'ਤੇ ਸਵਾਲ ਚੁੱਕੇ ਹਨ, ਦਾਅਵਾ ਕਰਦਿਆਂ ਕਿ ਕਈ ਮੁਕਾਬਲੇ 'ਝੂਠੇ' ਸਨ।

ਝੂਠੇ ਮੁਕਾਬਲੇ ਗੈਂਗ ਸਮੱਸਿਆ ਦਾ ਸਥਾਈ ਹੱਲ ਨਹੀਂ। ਇਹ ਤਾਂ ਇੱਕ ਤਰ੍ਹਾਂ ਦੀ ਤਤਕਾਲੀ ਕਾਰਵਾਈ ਹੈ, ਜੋ ਅਕਸਰ ਮਾਨਵ ਅਧਿਕਾਰਾਂ ਦੀ ਉਲੰਘਣਾ ਅਤੇ ਪੁਲਿਸ ਦੀ ਬਦਨਾਮੀ ਦਾ ਕਾਰਨ ਬਣਦੀ ਹੈ। ਅਜਿਹੇ ਮੁਕਾਬਲਿਆਂ ਨਾਲ ਗੈਂਗਸਟਰਾਂ ਦੇ ਮਨ ਵਿੱਚ ਖੌਫ਼ ਤਾਂ ਪੈਦਾ ਹੁੰਦਾ ਹੈ, ਪਰ ਇਹ ਗੈਂਗ ਕਲਚਰ ਦੀ ਜੜ੍ਹ ਨੂੰ ਨਹੀਂ ਖਤਮ ਕਰਦੇ। ਇਸ ਦੀ ਥਾਂ ਸਖਤ ਕਾਨੂੰਨੀ ਕਾਰਵਾਈ, ਤੇਜ਼ ਜਾਂਚ ਅਤੇ ਮਿਸਾਲੀ ਸਜ਼ਾਵਾਂ ਜ਼ਿਆਦਾ ਪ੍ਰਭਾਵੀ ਹੋ ਸਕਦੀਆਂ ਹਨ।

ਸਹੀ ਅੰਕੜਿਆਂ ਦੀ ਕਮੀ ਹੈ, ਪਰ ਪੁਲਿਸ ਅਤੇ ਮੀਡੀਆ ਰਿਪੋਰਟਾਂ ਅਨੁਸਾਰ, ਪੰਜਾਬ ਵਿੱਚ 50 ਤੋਂ ਵੱਧ ਛੋਟੇ-ਵੱਡੇ ਗੈਂਗ ਸਰਗਰਮ ਹਨ। ਇਨ੍ਹਾਂ ਵਿੱਚ ਲਾਰੈਂਸ ਬਿਸ਼ਨੋਈ ਗੈਂਗ, ਜੱਗੂ ਭਗਵਾਨਪੁਰੀਆ ਗੈਂਗ, ਅਤੇ ਦਵਿੰਦਰ ਬੰਬੀਹਾ ਗੈਂਗ ਵਰਗੇ ਨਾਮ ਸਭ ਤੋਂ ਉੱਪਰ ਹਨ। ਇਹ ਗੈਂਗ ਨਸ਼ਾ ਤਸਕਰੀ, ਫ਼ਿਰੌਤੀ, ਹੱਤਿਆ ਅਤੇ ਹਥਿਆਰ ਸਪਲਾਈ ਵਰਗੀਆਂ ਸਰਗਰਮੀਆਂ ਵਿੱਚ ਸ਼ਾਮਲ ਹਨ।

ਗੈਂਗ ਕਲਚਰ ਨੂੰ ਖਤਮ ਕਰਨ ਲਈ ਬਹੁ-ਪੱਖੀ ਰਣਨੀਤੀ ਦੀ ਲੋੜ ਹੈ। ਪਹਿਲਾਂ, ਸਖਤ ਕਾਨੂੰਨ ਜਿਵੇਂ ਉੱਤਰ ਪ੍ਰਦੇਸ਼ ਦਾ ਗੈਂਗਸਟਰਜ਼ ਐਕਟ ਜਾਂ ਮਹਾਰਾਸ਼ਟਰ ਦਾ ਮਕੋਕਾ, ਪੰਜਾਬ ਵਿੱਚ ਵੀ ਲਾਗੂ ਕੀਤੇ ਜਾਣ। ਸੂਬਾਈ ਅਤੇ ਜ਼ਿਲ੍ਹਾ ਪੱਧਰ 'ਤੇ ਐਂਟੀ-ਗੈਂਗਸਟਰ ਟਾਸਕ ਫੋਰਸ ਅਤੇ ਸਪੈਸ਼ਲ ਟਾਸਕ ਫੋਰਸ ਬਣਾਉਣ ਨਾਲ ਜਾਂਚ ਅਤੇ ਕਾਰਵਾਈ ਨੂੰ ਤੇਜ਼ ਕੀਤਾ ਜਾ ਸਕਦਾ ਹੈ। ਸਿਆਸੀ ਸਰਪ੍ਰਸਤੀ ਨੂੰ ਰੋਕਣ ਲਈ ਸਖਤ ਕਦਮ ਅਤੇ ਪੁਲਿਸ ਸੁਧਾਰ ਵੀ ਜ਼ਰੂਰੀ ਹਨ। ਸਭ ਤੋਂ ਅਹਿਮ, ਸ਼ਿਕਾਇਤਕਰਤਾਵਾਂ ਦੀ ਸੁਰੱਖਿਆ ਯਕੀਨੀ ਬਣਾਉਣੀ ਹੋਵੇਗੀ, ਤਾਂ ਜੋ ਲੋਕ ਬਿਨਾਂ ਡਰ ਦੇ ਅੱਗੇ ਆਉਣ। ਨੌਜਵਾਨਾਂ ਨੂੰ ਰੁਜ਼ਗਾਰ ਅਤੇ ਸਿੱਖਿਆ ਦੇ ਮੌਕੇ ਦੇ ਕੇ ਗੈਂਗਸਟਰਾਂ ਦੀ ਲਾਲਚ ਤੋਂ ਬਚਾਇਆ ਜਾ ਸਕਦਾ ਹੈ।

ਇਹ ਅਕਸਰ ਦਾਅਵਾ ਕੀਤਾ ਜਾਂਦਾ ਹੈ ਕਿ ਕੁਝ ਸਿਆਸੀ ਧਿਰਾਂ ਜਾਂ ਸਰਕਾਰੀ ਅਧਿਕਾਰੀ ਗੈਂਗਸਟਰਾਂ ਨੂੰ ਸਰਪ੍ਰਸਤੀ ਦਿੰਦੇ ਹਨ। ਲਾਰੈਂਸ ਬਿਸ਼ਨੋਈ ਗੈਂਗ ਦੇ ਮਾਮਲੇ ਵਿੱਚ, ਕਈ ਵਾਰ ਸਿਆਸੀ ਅਤੇ ਪੁਲਿਸ ਅਧਿਕਾਰੀਆਂ 'ਤੇ ਸਬੰਧਾਂ ਦੇ ਦੋਸ਼ ਲੱਗੇ ਹਨ, ਪਰ ਇਸ ਦੇ ਠੋਸ ਸਬੂਤ ਨਹੀਂ ਮਿਲਦੇ। ਅਜਿਹੇ ਦੋਸ਼ ਕੈਨੇਡਾ ਨੇ ਵੀ ਲਗਾਏ ਹਨ। ਭਾਰਤ ਸਰਕਾਰ ਨੇ ਇਸ ਦਾਅਵੇ ਨੂੰ ਸਿਰੇ ਤੋਂ ਖਾਰਜ ਕੀਤਾ ਸੀ। ਇਹ ਵੀ ਸੱਚ ਹੈ ਕਿ ਗੈਂਗਸਟਰਾਂ ਦੀ ਜੇਲ੍ਹ ਅੰਦਰੋਂ ਸਰਗਰਮੀਆਂ ਜਾਰੀ ਰੱਖਣ ਦੀ ਸਮਰੱਥਾ ਪੁਲਿਸ ਅਤੇ ਜੇਲ੍ਹ ਪ੍ਰਸ਼ਾਸਨ ਦੀ ਨਾਕਾਮੀ ਨੂੰ ਦਰਸਾਉਂਦੀ ਹੈ।

# ਸਵਾਂ ਨਦੀ ਦੀ ਤਬਾਹੀ ਬਾਰੇ ਪੰਜਾਬ ਸਰਕਾਰ ਲਾਪਰਵਾਹੀ ਕਿਉਂ ਵਰਤ ਰਹੀ ਏ ?

**○ ਹਿਮਾਚਲ ਨੇ ਆਪਣੇ ਹਿੱਸੇ 'ਚ ਸਵਾਂ ਨਦੀ ਦੇ ਪ੍ਰਬੰਧ ਕਰ ਲਏ ਪਰ ਪੰਜਾਬ ਸਰਕਾਰ ਬੁੱਤ ਬਣੀ ○ ਕਿਸਾਨ ਹਰ ਸਾਲ ਨੁਕਸਾਨ ਝੱਲਣ ਲਈ ਮਜਬੂਰ**

ਸਵਾਂ ਨਦੀ, ਜੋ ਕਦੇ ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲ੍ਹੇ ਵਿਚ ਤਬਾਹੀ ਮਚਾਉਂਦੀ ਸੀ, ਹੁਣ ਪੰਜਾਬ ਲਈ ਸਿਰਦਰਦ ਬਣ ਗਈ ਹੈ। ਹਿਮਾਚਲ ਸਰਕਾਰ ਨੇ ਆਪਣੇ ਹਿੱਸੇ ਵਿਚ ਨਦੀ ਦੇ ਵਹਾਅ ਨੂੰ ਸੁਚਾਰੂ ਕਰਨ ਲਈ 1,000 ਕਰੋੜ ਦਾ ਪ੍ਰੋਜੈਕਟ ਲਾਗੂ ਕਰਕੇ ਫਸਲਾਂ ਨੂੰ ਹੜ੍ਹਾਂ ਤੋਂ ਬਚਾ ਲਿਆ, ਪਰ ਪੰਜਾਬ ਵਿਚ ਸਵਾਂ ਦੇ 40 ਕਿਲੋਮੀਟਰ ਲੰਮੇ ਹਿੱਸੇ ਨੂੰ ਚੈਨਲਾਈਜ਼ ਕਰਨ ਜਾਂ ਹੋਰ ਪ੍ਰਬੰਧ ਕਰਨ ਲਈ ਸਰਕਾਰ ਨੇ ਕੋਈ ਕਦਮ ਨਹੀਂ ਚੁੱਕਿਆ। ਨਤੀਜਨ, ਮੌਨਸੂਨ ਵਿਚ ਹੜ੍ਹ ਆਉਂਦੇ ਹਨ, ਜਿਸ ਨਾਲ ਰੂਪਨਗਰ ਦੀਆਂ ਨੰਗਲ ਅਤੇ ਆਨੰਦਪੁਰ ਸਾਹਿਬ ਸਬ-ਡਿਵੀਜ਼ਨਾਂ 'ਚ ਕਿਸਾਨਾਂ ਦੀਆਂ ਫਸਲਾਂ ਦਾ ਭਾਰੀ ਨੁਕਸਾਨ ਹੁੰਦਾ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਨਾਜਾਇਜ਼ ਮਾਈਨਿੰਗ ਨੇ ਨਦੀ ਦਾ ਬੈੱਡ 20 ਫੁੱਟ ਤਕ ਹੇਠਾਂ ਕਰ ਦਿੱਤਾ, ਜਿਸ ਨਾਲ ਹੜ੍ਹ ਦਾ ਖਤਰਾ ਹੋਰ ਵਧ ਗਿਆ। ਪੰਜਾਬ ਸਰਕਾਰ ਦੀ ਇਸ ਮਸਲੇ 'ਤੇ ਚੁੱਪੀ ਸਵਾਲ ਖੜ੍ਹੇ ਕਰਦੀ ਹੈ। ਹਿਮਾਚਲ ਨੇ ਆਪਣੇ ਹਿੱਸੇ 'ਚ ਸਵਾਂ ਨਦੀ ਦੇ ਪ੍ਰਬੰਧ ਕਰ ਲਏ, ਪਰ ਪੰਜਾਬ ਸਰਕਾਰ ਨੇ ਨਾ ਸਿਰਫ ਹਿਮਾਚਲ ਦੇ ਪ੍ਰੋਜੈਕਟ ਦਾ ਵਿਰੋਧ ਨਹੀਂ ਕੀਤਾ, ਸਗੋਂ ਆਪਣੇ ਇਲਾਕੇ 'ਚ ਨਦੀ ਦੇ ਵਹਾਅ ਨੂੰ ਸੁਚਾਰੂ ਕਰਨ ਲਈ ਵੀ ਕੁਝ ਨਹੀਂ ਕੀਤਾ। ਇੱਕ ਦਹਾਕਾ ਪਹਿਲਾਂ ਕੇਂਦਰ ਨੂੰ ਭੇਜੀ ਯੋਜਨਾ 'ਤੇ ਕਾਰਵਾਈ ਨਾ ਹੋਣ ਦਾ ਮਤਲਬ ਸਰਕਾਰ ਦੀ ਗੰਭੀਰਤਾ 'ਤੇ ਸਵਾਲ ਉੱਠਦੇ ਹਨ। ਰੂਪਨਗਰ ਦੇ ਡਰੇਨੇਜ ਵਿਭਾਗ ਦੇ ਅਧਿਕਾਰੀ ਵੀ ਮੰਨਦੇ ਹਨ ਕਿ ਸਵਾਂ ਨੂੰ ਚੈਨਲਾਈਜ਼ ਕਰਨ ਦੀ ਕੋਈ ਤਜਵੀਜ਼ ਨਹੀਂ। ਸਰਕਾਰ ਦੀ ਇਸ ਲਾਪਰਵਾਹੀ ਕਾਰਨ ਕਿਸਾਨ ਹਰ ਸਾਲ ਨੁਕਸਾਨ ਝੱਲਣ ਲਈ ਮਜਬੂਰ ਹਨ।

ਸਵਾਂ ਨਦੀ ਦੇ ਹੜ੍ਹਾਂ ਨੇ ਪੰਜਾਬ ਦੇ ਰੂਪਨਗਰ ਜ਼ਿਲ੍ਹੇ, ਖਾਸ ਕਰਕੇ ਨੰਗਲ ਅਤੇ ਆਨੰਦਪੁਰ ਸਾਹਿਬ ਸਬ-ਡਿਵੀਜ਼ਨਾਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਪਿੰਡ ਭੱਲਾਂ, ਕਲਮਾ ਅਤੇ ਆਸ-ਪਾਸ ਦੇ ਇਲਾਕਿਆਂ 'ਚ ਹਰ ਸਾਲ ਮੌਨਸੂਨ ਦੌਰਾਨ ਫਸਲਾਂ ਤਬਾਹ ਹੋ ਜਾਂਦੀਆਂ ਹਨ। ਨਦੀ ਦੇ ਬੈੱਡ 'ਚ ਨਾਜਾਇਜ਼ ਮਾਈਨਿੰਗ ਕਾਰਨ ਪਾਣੀ ਦਾ ਰੁਖ ਅਣਕੰਟਰੋਲ ਹੋ ਜਾਂਦਾ ਹੈ, ਜਿਸ ਨਾਲ ਖੇਤਾਂ ਵਿਚ ਪਾਣੀ ਭਰ ਜਾਂਦਾ ਹੈ। ਇਸ ਤੋਂ ਇਲਾਵਾ, ਭੱਲਾਂ ਤੋਂ ਕਲਮਾ ਮੋੜ ਨੂੰ ਜੋੜਨ ਵਾਲਾ ਪੁਲ ਵੀ ਅਸੁਰੱਖਿਅਤ ਹੋ ਗਿਆ, ਜਿਸ ਕਾਰਨ ਸਥਾਨਕ ਲੋਕਾਂ ਨੂੰ ਪੈਦਲ ਚੱਲਣਾ ਪੈਂਦਾ ਹੈ।

ਸਵਾਂ ਨਦੀ ਦੇ ਪਾਣੀ ਨੂੰ ਹਰਿਆਣਾ ਅਤੇ ਰਾਜਸਥਾਨ ਵੱਲ ਮੋੜਨ ਦੀ ਸੰਭਾਵਨਾ 'ਤੇ ਵੀ ਸਰਕਾਰ ਨੇ ਧਿਆਨ ਨਹੀਂ ਦਿੱਤਾ। ਹਿਮਾਚਲ ਨੇ ਨਦੀ ਦੇ ਪਾਣੀ ਤੋਂ ਨਹਿਰਾਂ ਅਤੇ ਖਾਲਾਂ ਕੱਢ ਕੇ ਸਿੰਚਾਈ ਲਈ ਵਰਤੋਂ ਕੀਤੀ, ਪਰ ਪੰਜਾਬ ਨੇ ਅਜਿਹੀ ਕੋਈ ਯੋਜਨਾ ਨਹੀਂ ਬਣਾਈ। ਹਰਿਆਣਾ ਤੇ ਰਾਜਸਥਾਨ, ਜਿੱਥੇ ਪਾਣੀ ਦੀ ਕਮੀ ਇੱਕ ਵੱਡੀ ਸਮੱਸਿਆ ਹੈ, ਨੂੰ ਸਵਾਂ ਦੇ ਪਾਣੀ ਦੀ ਵੰਡ ਲਈ ਕੋਈ ਠੋਸ ਪ੍ਰਸਤਾਵ ਨਹੀਂ ਰੱਖਿਆ ਗਿਆ। ਇਸ ਦੀ ਵਜ੍ਹਾ ਸਰਕਾਰਾਂ ਵਿਚਕਾਰ ਤਾਲਮੇਲ ਦੀ ਕਮੀ ਅਤੇ ਰਾਜਨੀਤਕ ਇੱਛਾਸ਼ਕਤੀ ਦੀ ਘਾਟ ਜਾਪਦੀ ਹੈ।

**ਪੰਜਾਬ ਟਾਈਮਜ ਅਨੁਸਾਰ ਸਵਾਂ ਨਦੀ ਦੀ ਸਮੱਸਿਆ ਦਾ ਹੱਲ ਸਿਰਫ ਸਰਕਾਰੀ ਪੱਧਰ 'ਤੇ ਯੋਜਨਾਬੰਦੀ ਅਤੇ ਤੁਰੰਤ ਕਾਰਵਾਈ ਨਾਲ ਸੰਭਵ ਹੈ। ਸਭ ਤੋਂ ਪਹਿਲਾਂ, ਨਦੀ ਨੂੰ ਚੈਨਲਾਈਜ਼ ਕਰਨ ਲਈ ਪ੍ਰੋਜੈਕਟ ਸ਼ੁਰੂ ਕੀਤਾ ਜਾਵੇ, ਜਿਸ ਨਾਲ ਪਾਣੀ ਦਾ ਵਹਾਅ ਨਿਯੰਤਰਿਤ ਹੋ ਸਕੇ। ਦੂਜਾ, ਨਾਜਾਇਜ਼ ਮਾਈਨਿੰਗ 'ਤੇ ਸਖਤੀ ਨਾਲ ਰੋਕ ਲਗਾਈ ਜਾਵੇ, ਜੋ ਨਦੀ ਦੇ ਬੈੱਡ ਨੂੰ ਤਬਾਹ ਕਰ ਰਹੀ ਹੈ। ਤੀਜਾ, ਹਿਮਾਚਲ ਦੀ ਤਰ੍ਹਾਂ ਨਹਿਰਾਂ ਅਤੇ ਖਾਲਾਂ ਕੱਢ ਕੇ ਪਾਣੀ ਨੂੰ ਸਿੰਚਾਈ ਲਈ ਵਰਤਿਆ ਜਾਵੇ ਅਤੇ ਵਾਧੂ ਪਾਣੀ ਨੂੰ ਹਰਿਆਣਾ-ਰਾਜਸਥਾਨ ਵੱਲ ਮੋੜਨ ਦੀ ਯੋਜਨਾ ਬਣਾਈ ਜਾਵੇ। ਚੌਥਾ, ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਤਾਲਮੇਲ ਨਾਲ ਕੰਮ ਕਰਕੇ ਪੁਰਾਣੀ ਯੋਜਨਾਵਾਂ 'ਤੇ ਅਮਲ ਕਰਨਾ ਚਾਹੀਦਾ। ਜੇ ਸਰਕਾਰ ਨੇ ਸਮੇਂ ਸਿਰ ਕਦਮ ਨਾ ਚੁੱਕੇ, ਤਾਂ ਪੰਜਾਬ ਦੇ ਕਿਸਾਨਾਂ ਦਾ ਨੁਕਸਾਨ ਵਧਦਾ ਜਾਵੇਗਾ, ਜੋ ਕਿ ਸੂਬੇ ਦੀ ਖੇਤੀ ਅਰਥਚਾਰੇ ਲਈ ਵੱਡਾ ਝਟਕਾ ਹੋਵੇਗਾ।**

# ਸਾਲ 2024-25 ਦੌਰਾਨ ਪੰਜਾਬ ਵਿੱਚ 22 ਫੀਸਦੀ ਭੋਜਨ ਨਮੂਨੇ ਫੇਲ

## ✪ ਸਿਹਤ ਤੇ ਸਮਾਜ ਲਈ ਖਤਰਾ ਬਣਿਆ ✪ ਸਰਕਾਰ ਦੀ ਚੁੱਪੀ ਉਤੇ ਸੁਆਲ ਖੜੇ ਹੋਏ, ਮਿਲਾਵਟਖੋਰੀ ਰੋਕਣ ਲਈ ਸਖਤੀ ਦੀ ਲੋੜ



ਪੰਜਾਬ, ਜੋ ਕਦੀ ਖੁਸ਼ਹਾਲੀ ਅਤੇ ਸਿਹਤਮੰਦ ਜੀਵਨ ਦਾ ਪ੍ਰਤੀਕ ਸੀ, ਅੱਜ ਖਾਧ ਪਦਾਰਥਾਂ ਵਿੱਚ ਮਿਲਾਵਟਖੋਰੀ ਦੇ ਜ਼ਹਿਰੀਲੇ ਪੰਜਿਆਂ ਵਿੱਚ ਫਸ ਚੁੱਕਾ ਹੈ। ਸਾਲ 2024-25 ਦੌਰਾਨ ਪੰਜਾਬ ਵਿੱਚ 22 ਫੀਸਦੀ ਭੋਜਨ ਨਮੂਨਿਆਂ ਦੀ ਅਸਫਲਤਾ ਨੇ ਸਿਹਤ ਸੰਕਟ ਦੀ ਘੰਟੀ ਵਜਾਈ ਹੈ। ਦੁੱਧ, ਘਿਉ, ਖੋਆ, ਮਸਾਲੇ, ਤੇਲ ਅਤੇ ਸਬਜ਼ੀਆਂ ਵਰਗੀਆਂ ਰੋਜ਼ਮਰ੍ਹਾ ਦੀਆਂ ਵਸਤਾਂ ਵਿੱਚ ਡਿਟਰਜੈਂਟ, ਸਿੰਥੈਟਿਕ ਰੰਗ, ਲੈੱਡ ਕ੍ਰੋਮੇਟ ਅਤੇ ਕੈਲਸ਼ੀਅਮ ਕਾਰਬਾਈਡ ਵਰਗੇ ਨੁਕਸਾਨਦੇਹ ਪਦਾਰਥ ਮਿਲਾਏ ਜਾ ਰਹੇ ਹਨ। ਇਹ ਮਿਲਾਵਟ ਨਾ ਸਿਰਫ ਸਿਹਤ ਨੂੰ ਖੋਰਾ ਲਾ ਰਹੀ ਹੈ, ਸਗੋਂ ਸਮਾਜ ਦੀ ਨੀਂਹ ਨੂੰ ਵੀ ਕਮਜ਼ੋਰ ਕਰ ਰਹੀ ਹੈ। ਮਿਲਾਵਟੀ ਭੋਜਨ ਦਸਤ, ਮਤਲੀ, ਪੇਟ ਦਰਦ, ਐਲਰਜੀ, ਗੁਰਦੇ ਅਤੇ ਜਿਗਰ ਦੀਆਂ ਬਿਮਾਰੀਆਂ, ਦਿਲ ਦੇ ਰੋਗ ਅਤੇ ਕੈਂਸਰ ਵਰਗੀਆਂ ਗੰਭੀਰ ਸਮੱਸਿਆਵਾਂ ਦਾ ਕਾਰਨ ਬਣ ਰਿਹਾ ਹੈ। ਹਲਦੀ ਵਿੱਚ ਮਿਲਾਇਆ ਜਾਣ ਵਾਲਾ ਲੈੱਡ ਕ੍ਰੋਮੇਟ ਦਿਮਾਗ ਨੂੰ ਨੁਕਸਾਨ ਪਹੁੰਚਾਉਂਦਾ ਹੈ, ਜਦਕਿ ਫਲਾਂ ਨੂੰ ਪਕਾਉਣ ਲਈ ਵਰਤਿਆ ਜਾਣ ਵਾਲਾ ਕੈਲਸ਼ੀਅਮ ਕਾਰਬਾਈਡ ਪੇਟ ਦੀਆਂ ਸਮੱਸਿਆਵਾਂ ਪੈਦਾ ਕਰਦਾ ਹੈ। ਲੰਬੇ ਸਮੇਂ ਤੱਕ ਅਜਿਹੇ ਭੋਜਨ ਦਾ ਸੇਵਨ ਸਿਹਤ ਨੂੰ ਅਜਿਹਾ ਨੁਕਸਾਨ ਪਹੁੰਚਾਉਂਦਾ ਹੈ, ਜਿਸ ਦੀ ਭਰਪਾਈ ਮੁਸ਼ਕਿਲ ਹੈ।

ਪੰਜਾਬ ਵਿੱਚ ਮਿਲਾਵਟਖੋਰੀ ਦਾ ਮੁੱਦਾ ਕੋਈ ਨਵਾਂ ਨਹੀਂ, ਪਰ ਸਰਕਾਰ ਦੀ ਨਰਮੀ ਅਤੇ ਨੀਤੀਆਂ ਵਿੱਚ ਢਿੱਲ ਨੇ ਇਸ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ, 2006 ਅਤੇ ਭਾਰਤੀ ਖੁਰਾਕ ਸੁਰੱਖਿਆ ਅਤੇ ਮਿਆਰ ਅਥਾਰਟੀ" ਦੇ ਨਿਯਮ ਮਿਲਾਵਟਖੋਰੀ ਨੂੰ ਰੋਕਣ ਲਈ ਮੌਜੂਦ ਹਨ, ਜਿਨ੍ਹਾਂ ਵਿੱਚ 7 ਸਾਲ ਤੱਕ ਦੀ ਸਜ਼ਾ ਅਤੇ ਜੁਰਮਾਨੇ ਦੀ ਵਿਵਸਥਾ ਹੈ। ਪਰ, ਇਨ੍ਹਾਂ ਕਾਨੂੰਨਾਂ ਦੀ ਪਾਲਣਾ ਵਿੱਚ ਕਮੀ ਅਤੇ ਨਿਗਰਾਨੀ ਦੀ ਘਾਟ ਕਾਰਨ ਮਿਲਾਵਟਖੋਰਾਂ ਦੇ ਹੌਸਲੇ ਬੁਲੰਦ ਹਨ।

ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਫਰਵਰੀ 2025 ਵਿੱਚ ਸਰਕਾਰ ਨੂੰ ਮਿਲਾਵਟੀ ਡੇਅਰੀ ਉਤਪਾਦਾਂ 'ਤੇ ਸਖਤੀ ਦੇ ਨਿਰਦੇਸ਼ ਦਿੱਤੇ, ਪਰ ਜ਼ਮੀਨੀ ਹਕੀਕਤ ਵਿੱਚ ਕੋਈ ਵੱਡਾ ਬਦਲਾਅ ਨਜ਼ਰ ਨਹੀਂ ਆਉਂਦਾ। ਭਾਰਤੀ ਖੁਰਾਕ ਸੁਰੱਖਿਆ ਅਤੇ ਮਿਆਰ ਅਥਾਰਟੀ" ਦੀ ਨਿਗਰਾਨੀ ਸਿਸਟਮ ਹਾਲੇ ਵੀ ਪੂਰੀ ਤਰ੍ਹਾਂ ਪ੍ਰਭਾਵੀ ਨਹੀਂ ਹੈ, ਅਤੇ ਸਥਾਨਕ ਪੱਧਰ 'ਤੇ ਭ੍ਰਿਸ਼ਟਾਚਾਰ ਅਤੇ ਨੀਤੀਗਤ ਅਣਗਹਿਲੀ ਨੇ ਮਿਲਾਵਟ ਨੂੰ ਹੁਲਾਰਾ ਦਿੱਤਾ ਹੈ।

2021 ਤੋਂ 2024 ਦੌਰਾਨ ਪੰਜਾਬ ਵਿੱਚ 3200 ਤੋਂ ਵੱਧ ਸਿਵਲ ਅਤੇ 300 ਅਪਰਾਧਕ ਮਾਮਲੇ ਮਿਲਾਵਟਖੋਰੀ ਨਾਲ ਸਬੰਧਤ ਸ਼ੁਰੂ ਹੋਏ। ਅਦਾਲਤਾਂ ਨੇ 2022 ਵਿੱਚ 1.81 ਕਰੋੜ, 2023 ਵਿੱਚ 2.34 ਕਰੋੜ ਅਤੇ ਜਨਵਰੀ 2024 ਵਿੱਚ 15.35 ਲੱਖ ਰੁਪਏ ਦੇ ਜੁਰਮਾਨੇ ਵਸੂਲੇ। ਪਰ, ਇਹ ਅੰਕੜੇ ਸਮੱਸਿਆ ਦੇ ਵਿਸ਼ਾਲ ਪੈਮਾਨੇ ਦੇ ਮੁਕਾਬਲੇ ਨਾਕਾਫੀ ਹਨ। ਮਿਲਾਵਟਖੋਰੀ ਦਾ ਧੰਦਾ ਅਜੇ ਵੀ ਜ਼ੋਰਾਂ 'ਤੇ ਹੈ, ਜਿਸ ਦਾ ਕਾਰਨ ਸਖਤ ਕਾਰਵਾਈ ਦੀ ਘਾਟ ਅਤੇ ਨਕਲੀ ਉਤਪਾਦਾਂ ਦੀ ਵਧਦੀ ਮੰਗ ਹੈ।

ਮਿਲਾਵਟ ਦਾ ਸਭ ਤੋਂ ਵੱਧ ਸ਼ਿਕਾਰ ਦੁੱਧ ਅਤੇ ਡੇਅਰੀ ਉਤਪਾਦ ਹਨ। 2021-24 ਦੌਰਾਨ 20,988 ਦੁੱਧ ਦੇ ਨਮੂਨਿਆਂ ਵਿੱਚੋਂ 3,712 ਅਸਫਲ ਪਾਏ ਗਏ। ਦੇਸੀ ਘਿਉ (21%) ਅਤੇ ਖੋਆ (26%) ਵੀ ਮਾਪਦੰਡਾਂ 'ਤੇ ਪੂਰਾ ਨਹੀਂ ਉੱਤਰੇ। ਇਸ ਤੋਂ ਇਲਾਵਾ, ਮਸਾਲਿਆਂ ਵਿੱਚ ਸਿੰਥੈਟਿਕ ਰੰਗ, ਖਾਣ ਵਾਲੇ ਤੇਲਾਂ ਵਿੱਚ ਸਸਤੇ ਤੇਲ, ਅਤੇ ਸਬਜ਼ੀਆਂ-ਫਲਾਂ ਵਿੱਚ ਹਾਨੀਕਾਰਕ ਰਸਾਇਣ ਮਿਲਾਏ ਜਾ ਰਹੇ ਹਨ। ਇਸ ਸੰਕਟ ਦੀ ਜ਼ਿੰਮੇਵਾਰੀ ਸਿਰਫ ਮਿਲਾਵਟਖੋਰਾਂ 'ਤੇ ਨਹੀਂ, ਸਗੋਂ ਸਰਕਾਰ, ਨਿਗਰਾਨੀ ਸੰਸਥਾਵਾਂ ਅਤੇ ਅੰਸ਼ਕ ਤੌਰ 'ਤੇ ਖਪਤਕਾਰਾਂ 'ਤੇ ਵੀ ਹੈ।

ਪੰਜਾਬ ਟਾਈਮਜ਼ ਅਨੁਸਾਰ ਸਰਕਾਰ ਦੀ ਢਿੱਲੀ ਨੀਤੀ, "ਭਾਰਤੀ ਖੁਰਾਕ ਸੁਰੱਖਿਆ ਅਤੇ ਮਿਆਰ ਅਥਾਰਟੀ" ਦੀ ਢਿਲੀ ਨਿਗਰਾਨੀ, ਅਤੇ ਸਥਾਨਕ ਪੱਧਰ 'ਤੇ ਭ੍ਰਿਸ਼ਟਾਚਾਰ ਨੇ ਮਿਲਾਵਟ ਨੂੰ ਉਤਸ਼ਾਹਿਤ ਕੀਤਾ ਹੈ। ਨਾਲ ਹੀ, ਖਪਤਕਾਰਾਂ ਦੀ ਜਾਗਰੂਕਤਾ ਦੀ ਘਾਟ ਅਤੇ ਸਸਤੇ ਉਤਪਾਦਾਂ ਦੀ ਮੰਗ ਨੇ ਵੀ ਇਸ ਧੰਦੇ ਨੂੰ ਹੱਲਾਸ਼ੇਰੀ ਦਿੱਤੀ।

ਮਿਲਾਵਟਖੋਰੀ ਨੂੰ ਜੜ੍ਹੋਂ ਖਤਮ ਕਰਨ ਲਈ ਸਖਤ ਕਾਨੂੰਨੀ ਕਾਰਵਾਈ, ਨਿਯਮਤ ਨਮੂਨਾ ਜਾਂਚ, ਅਤੇ ਪ੍ਰਭਾਵੀ ਨਿਗਰਾਨੀ ਸਿਸਟਮ ਦੀ ਲੋੜ ਹੈ। ਖਪਤਕਾਰ ਸਿੱਖਿਆ ਮੁਹਿੰਮਾਂ ਰਾਹੀਂ ਲੋਕਾਂ ਨੂੰ ਸ਼ੁੱਧ ਅਤੇ ਮਿਲਾਵਟੀ ਉਤਪਾਦਾਂ ਦੀ ਪਛਾਣ ਸਿਖਾਉਣੀ ਚਾਹੀਦੀ। ਸਰਕਾਰ ਨੂੰ "ਭਾਰਤੀ ਖੁਰਾਕ ਸੁਰੱਖਿਆ ਅਤੇ ਮਿਆਰ ਅਥਾਰਟੀ" ਦੇ ਨਿਯਮਾਂ ਨੂੰ ਸਖਤੀ ਨਾਲ ਲਾਗੂ ਕਰਨ ਅਤੇ ਜਨਤਕ ਸਿਹਤ ਨੂੰ ਪਹਿਲ ਦੇਣ ਦੀ ਜ਼ਰੂਰਤ ਹੈ। ਜੇ ਅਸੀਂ ਸਰਕਾਰ ਨੇ ਇਸ ਜ਼ਹਿਰੀਲੇ ਜਾਲ ਨੂੰ ਨਾ ਤੋੜਿਆ, ਤਾਂ ਪੰਜਾਬ ਦੀ ਸਿਹਤ ਅਤੇ ਸਮਾਜ ਦਾ ਭਵਿੱਖ ਹੋਰ ਵੀ ਖਤਰੇ ਵਿੱਚ ਪੈ ਜਾਵੇਗਾ।

# ਭਾਜਪਾ ਦੀ ਰਾਸ਼ਟਰੀ ਪ੍ਰਧਾਨ ਦੀ ਚੋਣ ਦੇਰੀ ਦੀ ਅਸਲੀ ਵਜ੍ਹਾ ਕੀ ਹੈ ?

## ✪ ਕਿਉਂ ਨਹੀਂ ਬਣ ਰਹੀ ਪਾਰਟੀ ਦੇ ਅੰਦਰ ਨਵੇਂ ਪ੍ਰਧਾਨ ਦੇ ਨਾਂ 'ਤੇ ਸਹਿਮਤੀ ✪ ਦੇਰੀ ਪਾਰਟੀ ਦੀ ਸਾਖ ਅਤੇ ਸੰਗਠਨਾਤਮਕ ਤਾਕਤ ਨੂੰ ਕਮਜ਼ੋਰ ਕਰੇਗੀ

ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਰਾਸ਼ਟਰੀ ਪ੍ਰਧਾਨ ਦੀ ਚੋਣ ਵਾਰ-ਵਾਰ ਟਲਣ ਨਾਲ ਸਿਆਸੀ ਗਲਿਆਰਿਆਂ 'ਚ ਚਰਚਾ ਛਿੜੀ ਹੋਈ ਹੈ। ਪਹਿਲਾਂ ਲੋਕ ਸਭਾ ਚੋਣਾਂ, ਫਿਰ ਪਹਿਲਗਾਮ ਹਮਲੇ ਅਤੇ 'ਆਪ੍ਰੇਸ਼ਨ ਸੰਧੂਰ' ਦੇ ਬਹਾਨੇ ਨਾਲ ਇਹ ਚੋਣ ਟਾਲੀ ਜਾ ਰਹੀ ਹੈ। ਜੇ.ਪੀ. ਨੱਢਾ ਦਾ ਕਾਰਜਕਾਲ ਖਤਮ ਹੋਣ ਦੇ ਬਾਵਜੂਦ, ਉਹ ਕੇਂਦਰੀ ਮੰਤਰੀ ਅਤੇ ਪਾਰਟੀ ਪ੍ਰਧਾਨ ਦੀ ਦੋਹਰੀ ਜ਼ਿੰਮੇਵਾਰੀ ਨਿਭਾਉਂਦੇ ਰਹੇ ਹਨ। ਸਵਾਲ ਇਹ ਹੈ ਕਿ ਚੋਣ ਟਾਲਣ ਪਿੱਛੇ ਅਸਲੀ ਵਜ੍ਹਾ ਕੀ ਹੈ? ਕੀ ਪਾਰਟੀ ਦੇ ਅੰਦਰ ਨਵੇਂ ਪ੍ਰਧਾਨ ਦੇ ਨਾਂ 'ਤੇ ਸਹਿਮਤੀ ਨਹੀਂ ਬਣ ਰਹੀ, ਜਾਂ ਫਿਰ ਸੂਬਿਆਂ 'ਚ ਸੰਗਠਨ ਦੀਆਂ ਚੋਣਾਂ ਨੂੰ ਰੋਕਣ ਲਈ ਇਹ ਰਣਨੀਤੀ ਹੈ? ਇਹ ਦੇਰੀ ਪਾਰਟੀ ਦੀ ਅੰਦਰੂਨੀ ਸਿਆਸਤ ਜਾਂ ਲੀਡਰਸ਼ਿਪ ਦੀ ਤਿਆਰੀ ਦੀ ਕਮੀ ਨੂੰ ਸਾਹਮਣੇ ਲਿਆ ਰਹੀ ਹੈ।

ਭਾਜਪਾ ਨੇ ਪਹਿਲਾਂ ਨਿਤਿਨ ਗਡਕਰੀ, ਰਾਜਨਾਥ ਸਿੰਘ ਅਤੇ ਅਮਿਤ ਸ਼ਾਹ ਵਰਗੇ ਨੇਤਾਵਾਂ ਨੂੰ ਪ੍ਰਧਾਨ ਵਜੋਂ ਸੁਚੱਜੇ ਢੰਗ ਨਾਲ ਚੁਣਿਆ ਸੀ। ਪਰ ਇਸ ਵਾਰ ਨਵੇਂ ਨਾਂ 'ਤੇ ਸਹਿਮਤੀ ਨਾ ਬਣਨ ਦੀ ਚਰਚਾ ਹੈ। ਕੀ ਪਾਰਟੀ ਦੇ ਵੱਡੇ ਆਗੂਆਂ 'ਚ ਅੰਦਰੂਨੀ ਖਿੱਚੋਤਾਣ ਹੈ, ਜਾਂ ਫਿਰ ਕੋਈ ਨਵਾਂ ਚਿਹਰਾ ਸਾਹਮਣੇ ਲਿਆਉਣ ਦੀ ਤਿਆਰੀ ਹੈ? ਇਹ ਸਥਿਤੀ ਪਾਰਟੀ ਦੀ ਮਜ਼ਬੂਤ ਲੀਡਰਸ਼ਿਪ ਵਾਲੀ ਚਿੱਤਰ ਨੂੰ ਢਾਹ ਲਾਉਂਦੀ ਹੈ। ਜੇ ਸੂਬਿਆਂ 'ਚ ਸੰਗਠਨ ਦੀਆਂ ਚੋਣਾਂ ਨਹੀਂ ਹੋ ਰਹੀਆਂ, ਤਾਂ ਇਸ ਦਾ ਸਿੱਧਾ ਅਸਰ ਰਾਸ਼ਟਰੀ ਪ੍ਰਧਾਨ ਦੀ ਚੋਣ 'ਤੇ ਪੈ ਰਿਹਾ ਹੈ। ਸੂਬਾਈ ਸੰਗਠਨ ਦੀ ਮਜ਼ਬੂਤੀ ਤੋਂ ਬਿਨਾਂ ਰਾਸ਼ਟਰੀ ਅਹੁਦੇ ਦੀ ਚੋਣ ਨੂੰ ਜ਼ਿਆਦਾ ਸਮਾਂ ਨਹੀਂ ਟਾਲਿਆ ਜਾ ਸਕਦਾ।

ਕੀ ਭਾਜਪਾ ਕੋਲ ਰਾਸ਼ਟਰੀ ਪ੍ਰਧਾਨ ਦੇ ਅਹੁਦੇ ਲਈ ਯੋਗ ਉਮੀਦਵਾਰ ਨਹੀਂ ਹਨ? ਇਹ ਸਵਾਲ ਹਰ ਕਿਸੇ ਦੇ ਮਨ ਵਿਚ ਉੱਠ ਰਿਹਾ ਹੈ। ਭਾਜਪਾ ਵਰਗੀ ਵਿਸ਼ਾਲ ਪਾਰਟੀ, ਜਿਸ ਨੇ ਦੇਸ਼ ਦੀ ਸਿਆਸਤ ਵਿਚ ਆਪਣੀ ਮਜ਼ਬੂਤ ਪਕੜ ਬਣਾਈ ਹੈ, ਨੂੰ ਇਕ ਯੋਗ ਨੇਤਾ ਦੀ ਚੋਣ ਵਿਚ ਮੁਸ਼ਕਲ ਕਿਉਂ ਆ ਰਹੀ ਹੈ? ਕੀ ਪਾਰਟੀ ਦੀ ਨਵੀਂ ਪੀੜ੍ਹੀ ਅਜੇ ਇਸ ਅਹੁਦੇ ਲਈ ਪੂਰੀ ਤਰ੍ਹਾਂ ਤਿਆਰ ਨਹੀਂ, ਜਾਂ ਫਿਰ ਸੀਨੀਅਰ ਨੇਤਾਵਾਂ ਵਿਚ ਕੋਈ ਅਜਿਹਾ ਨਾਂ ਨਹੀਂ ਜੋ ਸਭ ਨੂੰ ਜੋੜ ਸਕੇ? ਇਹ ਸਥਿਤੀ ਪਾਰਟੀ ਦੀ ਅੰਦਰੂਨੀ ਸੰਗਠਨਾਤਮਕ ਕਮਜ਼ੋਰੀ ਨੂੰ ਦਰਸਾਉਂਦੀ ਹੈ, ਜੋ ਆਉਣ ਵਾਲੇ ਸਮੇਂ 'ਚ ਉਸ ਲਈ ਮੁਸ਼ਕਿਲਾਂ ਖੜੀ ਕਰ ਸਕਦੀ ਹੈ।

ਭਾਜਪਾ ਦੀ ਲੀਡਰਸ਼ਿਪ ਰਾਸ਼ਟਰੀ ਪ੍ਰਧਾਨ ਦੀ ਚੋਣ ਨੂੰ ਇਕ ਆਮ ਜਿਹੀ ਗੱਲ ਬਣਾਉਣ 'ਚ ਲੱਗੀ ਜਾਪਦੀ ਹੈ। ਪਿਛਲੇ ਇਕ ਸਾਲ ਤੋਂ ਜੇ.ਪੀ. ਨੱਢਾ ਨੂੰ ਕੰਮਚਲਾਊ ਪ੍ਰਧਾਨ ਵਜੋਂ ਜਾਰੀ ਰੱਖਣਾ ਇਸ ਗੱਲ ਦਾ ਸੰਕੇਤ ਹੈ ਕਿ ਪਾਰਟੀ ਸਮੇਂ ਦੀ ਖੇਡ ਖੇਡ ਰਹੀ ਹੈ। ਜੇਕਰ ਇਹ ਰਣਨੀਤੀ ਹੈ, ਤਾਂ ਪਾਰਟੀ ਸ਼ਾਇਦ ਕਿਸੇ ਵੱਡੇ ਸਿਆਸੀ ਮੌਕੇ ਦੀ ਉਡੀਕ ਕਰ ਰਹੀ ਹੈ। ਪਰ ਜੇਕਰ ਮਜਬੂਰੀ ਹੈ, ਤਾਂ ਇਹ ਭਾਜਪਾ ਦੀ ਅੰਦਰੂਨੀ ਏਕਤਾ ਅਤੇ ਫੈਸਲਾ ਲੈਣ ਦੀ ਸਮਰੱਥਾ 'ਤੇ ਸਵਾਲ ਖੜੇ ਕਰਦੀ ਹੈ।

ਪੰਜਾਬ ਟਾਈਮਜ਼ ਅਨੁਸਾਰ ਭਾਜਪਾ ਨੂੰ ਰਾਸ਼ਟਰੀ ਪ੍ਰਧਾਨ ਦੀ ਚੋਣ ਲਈ ਸਪਸ਼ਟ ਰਣਨੀਤੀ ਅਤੇ ਸਮਾਂ-ਸੀਮਾ ਨਿਰਧਾਰਤ ਕਰਨੀ ਚਾਹੀਦੀ। ਚੋਣ ਨੂੰ ਲਮਕਾਉਣ ਨਾਲ ਨਾ ਸਿਰਫ਼ ਪਾਰਟੀ ਦੀ ਅੰਦਰੂਨੀ ਸੰਗਠਨਾਤਮਕ ਪ੍ਰਕਿਰਿਆ 'ਤੇ ਸਵਾਲ ਉੱਠਦੇ ਹਨ, ਸਗੋਂ ਵਰਕਰਾਂ ਦਾ ਮਨੋਬਲ ਵੀ ਪ੍ਰਭਾਵਿਤ ਹੋ ਸਕਦਾ ਹੈ। ਜੇਕਰ ਭਾਜਪਾ ਨੂੰ ਆਪਣੀ ਸਿਆਸੀ ਪਕੜ ਮਜ਼ਬੂਤ ਰੱਖਣੀ ਹੈ, ਤਾਂ ਉਸ ਨੂੰ ਜਲਦੀ ਹੀ ਇਸ ਮਸਲੇ ਦਾ ਹੱਲ ਕੱਢਣਾ ਪਵੇਗਾ। ਨਹੀਂ ਤਾਂ, ਇਹ ਦੇਰੀ ਪਾਰਟੀ ਦੀ ਸਾਖ ਅਤੇ ਸੰਗਠਨਾਤਮਕ ਤਾਕਤ ਨੂੰ ਕਮਜ਼ੋਰ ਕਰ ਸਕਦੀ ਹੈ।



# ਕੀ ਸਿੰਧੂ ਜਲ ਸੰਧੀ ਦਾ ਸੰਕਟ ਭਾਰਤ-ਲਈ ਸਿਰਦਰਦੀ ਬਣ ਗਿਆ ?

ਨਿਊਜ਼ ਵਿਸ਼ਲੇਸ਼ਣ

## ✪ ਪਾਕਿਸਤਾਨ ਭਾਰਤ ਨੂੰ ਦੇ ਰਿਹਾ ਜੰਗ ਦੀਆਂ ਧਮਕੀਆਂ ✪ ਚੀਨ ਨੇ ਪਾਕਿਸਤਾਨ ਦਾ ਪੱਖ ਪੂਰਿਆ ਤੇ ਬ੍ਰਹਮ ਪੁਤਰਾ ਦਾ ਪਾਣੀ ਬੰਦ ਕਰਨ ਦੀ ਦਿੱਤੀ ਧਮਕੀ



1960 ਵਿੱਚ ਵਰਲਡ ਬੈਂਕ ਦੀ ਵਿਚੋਲਗੀ ਨਾਲ ਸਿੰਧੂ ਜਲ ਸੰਧੀ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਪਾਣੀਆਂ ਦੀ ਵੰਡ ਦਾ ਇੱਕ ਅਹਿਮ ਢਾਂਚਾ ਖੜ੍ਹਾ ਕੀਤਾ ਸੀ। ਇਹ ਸੰਧੀ ਪੱਛਮੀ ਨਦੀਆਂ (ਸਿੰਧੂ, ਜੇਹਲਮ, ਚਨਾਬ) ਦਾ ਪਾਣੀ ਪਾਕਿਸਤਾਨ ਨੂੰ ਅਤੇ ਪੂਰਬੀ ਨਦੀਆਂ (ਰਾਵੀ, ਬਿਆਸ, ਸਤਲੁਜ) ਦਾ ਪਾਣੀ ਭਾਰਤ ਨੂੰ ਦਿੰਦੀ ਹੈ। ਪਰ 22 ਅਪ੍ਰੈਲ, 2025 ਨੂੰ ਪਹਿਲਗਾਮ, ਕਸ਼ਮੀਰ ਵਿੱਚ ਹੋਏ ਅੱਤਵਾਦੀ ਹਮਲੇ (ਜਿਸ ਵਿੱਚ 26 ਲੋਕ ਮਾਰੇ ਗਏ) ਤੋਂ ਬਾਅਦ ਭਾਰਤ ਨੇ 24 ਅਪ੍ਰੈਲ, 2025 ਨੂੰ ਇਸ ਸੰਧੀ ਨੂੰ 'ਮੁਅੱਤਲ' ਕਰਨ ਦਾ ਐਲਾਨ ਕੀਤਾ ਸੀ। ਭਾਰਤ ਦਾ ਦਾਅਵਾ ਸੀ ਕਿ ਪਾਕਿਸਤਾਨ ਅੱਤਵਾਦ ਨੂੰ ਸਮਰਥਨ ਦਿੰਦਾ ਹੈ, ਜਿਸ ਕਾਰਨ ਇਹ ਕਦਮ ਜ਼ਰੂਰੀ ਹੋ ਗਿਆ ਹੈ। ਪਾਕਿਸਤਾਨ ਨੇ ਇਸ ਨੂੰ 'ਜੰਗ ਦਾ ਐਲਾਨ' ਕਰਾਰ ਦਿੱਤਾ ਸੀ ਅਤੇ ਕਿਹਾ ਕਿ ਸਿੰਧੂ ਦੀਆਂ ਨਦੀਆਂ ਦਾ ਪਾਣੀ ਰੋਕਣਾ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਹੈ। ਵਰਲਡ ਬੈਂਕ ਦੇ ਪ੍ਰਧਾਨ ਅਜੈ ਸਿੰਘ ਬੰਗਾ ਨੇ 9 ਮਈ, 2025 ਨੂੰ ਸਪੱਸ਼ਟ ਕੀਤਾ ਸੀ ਕਿ "ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨਾ ਜਾਂ ਪਾਣੀ ਰੋਕਣਾ ਸੰਧੀ ਦੇ ਨਿਯਮਾਂ ਅਨੁਸਾਰ ਸੰਭਵ ਨਹੀਂ।"

### ਚੀਨ ਦੀ ਬ੍ਰਹਮਪੁੱਤਰ ਦਾ ਪਾਣੀ ਰੋਕਣ ਦੀ ਧਮਕੀ ਅਤੇ ਭਾਰਤ ਨੂੰ ਚੁਣੌਤੀ

ਚੀਨ ਨੇ ਸਿੰਧੂ ਜਲ ਸੰਧੀ ਦੇ ਸੰਕਟ ਵਿੱਚ ਖੁੱਲ੍ਹ ਕੇ ਪਾਕਿਸਤਾਨ ਦਾ ਸਾਥ ਦਿੱਤਾ। ਨਿਊਜ਼ ਰਿਪੋਰਟ ਅਨੁਸਾਰ, "ਚੀਨ ਦੇ ਸੈਂਟਰ ਫਾਰ ਚਾਈਨਾ ਐਂਡ ਗਲੋਬਲਾਈਜ਼ੇਸ਼ਨ ਦੇ ਉਪ ਪ੍ਰਧਾਨ ਵਿਕਟਰ ਗਾਓ ਨੇ ਬ੍ਰਹਮਪੁੱਤਰ ਨਦੀ ਦੇ ਪਾਣੀ ਨੂੰ ਰੋਕਣ ਦੀ ਧਮਕੀ ਦਿੱਤੀ। ਉਹਨਾਂ ਨੇ ਕਿਹਾ ਕਿ ਜੇ ਭਾਰਤ ਪਾਕਿਸਤਾਨ ਦਾ ਪਾਣੀ ਰੋਕਦਾ ਹੈ, ਤਾਂ ਚੀਨ ਵੀ ਭਾਰਤ ਦਾ ਪਾਣੀ ਰੋਕ ਸਕਦਾ ਹੈ।" ਇਹ ਧਮਕੀ ਇਸ ਗੱਲ ਦੀ ਸੂਚਕ ਹੈ ਕਿ ਚੀਨ ਪਾਕਿਸਤਾਨ ਨੂੰ ਨਾ ਸਿਰਫ਼ ਸੈਨਿਕ ਸਹਾਇਤਾ (ਹਥਿਆਰ ਅਤੇ ਕਰਜ਼ੇ) ਦੇ ਰਿਹਾ, ਸਗੋਂ ਭਾਰਤ 'ਤੇ ਕੂਟਨੀਤਕ ਦਬਾਅ ਵੀ ਬਣਾ ਰਿਹਾ ਹੈ। ਚੀਨ ਨੇ ਪਹਿਲਾਂ ਹੀ ਪਾਕਿਸਤਾਨ ਨੂੰ 4 ਅਰਬ ਡਾਲਰ ਦਾ ਕਰਜ਼ਾ ਦਿੱਤਾ ਸੀ ਅਤੇ ਚੀਨ-ਪਾਕਿਸਤਾਨ ਆਰਥਿਕ ਗਲਿਆਰੇ ਨੂੰ ਅਫਗਾਨਿਸਤਾਨ ਤੱਕ ਵਧਾਉਣ ਦਾ ਫੈਸਲਾ ਕੀਤਾ ਹੈ।

ਅੰਤਰਰਾਸ਼ਟਰੀ ਮੀਡੀਆ ਨੇ ਚੀਨ ਦੀ ਇਸ ਧਮਕੀ ਨੂੰ ਗੰਭੀਰ ਮੰਨਿਆ। 'ਬਲੂਮਬਰਗ' ਨੇ 27 ਮਈ, 2025 ਨੂੰ ਲਿਖਿਆ ਸੀ ਕਿ ਚੀਨ ਦੀ ਇਹ ਚਾਲ ਭਾਰਤ-ਪਾਕਿਸਤਾਨ ਸੰਬੰਧਾਂ ਵਿੱਚ ਨਵਾਂ ਤਣਾਅ ਪੈਦਾ ਕਰ ਸਕਦੀ ਹੈ, ਕਿਉਂਕਿ ਬ੍ਰਹਮਪੁੱਤਰ ਦਾ ਪਾਣੀ ਭਾਰਤ ਦੇ ਉੱਤਰ-ਪੂਰਬੀ ਰਾਜਾਂ ਲਈ ਜ਼ਰੂਰੀ ਹੈ'

ਦੂਜੇ ਪਾਸੇ ਪਾਕਿਸਤਾਨ ਨੇ ਅੰਤਰਰਾਸ਼ਟਰੀ ਅਦਾਲਤ ਅਤੇ ਵਰਲਡ ਬੈਂਕ ਵਿੱਚ ਕਾਨੂੰਨੀ ਕਾਰਵਾਈ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ।

### ਪਾਕਿਸਤਾਨ ਦੀ ਕੂਟਨੀਤਕ ਸਫਲਤਾ-ਤੁਰਕੀ, ਚੀਨ ਅਤੇ ਅੰਤਰਰਾਸ਼ਟਰੀ ਸਮਰਥਨ

ਪਾਕਿਸਤਾਨ, ਭਾਵੇਂ ਆਰਥਿਕ ਤੌਰ 'ਤੇ ਕੰਗਾਲ ਅਤੇ ਸਿਆਸੀ ਤੌਰ 'ਤੇ ਅਸਥਿਰ ਹੈ, ਨੇ ਇਸ ਸੰਕਟ ਵਿੱਚ ਕੂਟਨੀਤਕ ਸਫਲਤਾ ਹਾਸਲ ਕੀਤੀ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ 25 ਮਈ, 2025 ਨੂੰ ਤੁਰਕੀ ਦੀ ਯਾਤਰਾ ਕੀਤੀ ਸੀ ਅਤੇ ਰਾਸ਼ਟਰਪਤੀ ਐਰਦੋਆਨ ਨਾਲ ਮੁਲਾਕਾਤ ਕੀਤੀ ਸੀ। ਉਹਨਾਂ ਨੇ ਆਪਣੇ ਸੈਨਾ ਮੁਖੀ ਜਨਰਲ ਆਸਿਮ ਮੁਨੀਰ ਨੂੰ ਵੀ ਨਾਲ ਲਿਆ ਸੀ, ਜੋ ਇੱਕ ਸਪੱਸ਼ਟ ਸੰਕੇਤ ਸੀ ਕਿ ਪਾਕਿਸਤਾਨ ਸੈਨਿਕ ਤੇ ਕੂਟਨੀਤਕ ਸਮਰਥਨ ਦੀ ਮੰਗ ਕਰ ਰਿਹਾ ਹੈ। ਇਸੇ ਤਰ੍ਹਾਂ, ਉਪ ਪ੍ਰਧਾਨ ਮੰਤਰੀ ਤੇ ਵਿਦੇਸ਼ ਮੰਤਰੀ ਇਸਹਾਕ ਡਾਰ ਨੇ ਚੀਨ ਦਾ ਦੌਰਾ ਕੀਤਾ ਸੀ ਅਤੇ ਚੀਨੀ ਨੇਤਾਵਾਂ ਨਾਲ ਮੁਲਾਕਾਤਾਂ ਕੀਤੀਆਂ। ਇਸ ਦੇ ਨਤੀਜੇ ਵਜੋਂ ਚੀਨ ਨੇ ਪਾਕਿਸਤਾਨ ਨੂੰ 4 ਅਰਬ ਡਾਲਰ ਦਾ ਕਰਜ਼ਾ ਦਿੱਤਾ ਸੀ ਤੇ ਆਰਥਿਕ ਗਲਿਆਰੇ ਨੂੰ ਅਫਗਾਨਿਸਤਾਨ ਤੱਕ ਵਧਾਉਣ ਦਾ ਐਲਾਨ ਕੀਤਾ।

### ਭਾਰਤ ਲਈ ਅਗਲੀ ਰਣਨੀਤੀ-ਖ਼ਤਰਿਆਂ ਦੇ ਵਿਚਕਾਰ ਰਾਹ

ਭਾਰਤ ਨੇ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਕੇ ਸਖ਼ਤ ਰੁਖ ਅਪਣਾਇਆ, ਪਰ ਅੰਤਰਰਾਸ਼ਟਰੀ ਸਮਰਥਨ ਦੀ ਘਾਟ ਨੇ ਉਸ ਨੂੰ ਇਕੱਲਾ ਕਰ ਦਿੱਤਾ। ਭਾਰਤ ਨੇ 33 ਦੇਸ਼ਾਂ ਵਿੱਚ ਸੱਤ ਵੱਡੇ ਡੈਲੀਗੇਸ਼ਨ ਭੇਜੇ, ਪਰ ਨਿਊਜ਼ ਏਜੰਸੀ 'ਰਾਇਟਰਜ਼' ਦੀ 12 ਮਈ, 2025 ਦੀ ਰਿਪੋਰਟ ਅਨੁਸਾਰ, ਕੋਈ ਵੀ ਵੱਡਾ ਦੇਸ਼ ਖੁੱਲ੍ਹ ਕੇ ਸਮਰਥਨ ਨਹੀਂ ਦੇ ਸਕਿਆ। ਰੂਸ ਅਤੇ ਅਮਰੀਕਾ ਦਾ ਸਮਰਥਨ ਅਸਪਸ਼ਟ ਰਿਹਾ, ਜਦਕਿ ਚੀਨ ਅਤੇ ਤੁਰਕੀ ਨੇ ਪਾਕਿਸਤਾਨ ਦਾ ਪੱਖ ਲਿਆ। ਅੰਤਰਰਾਸ਼ਟਰੀ ਅਖ਼ਬਾਰਾਂ ਨੇ ਭਾਰਤ ਦੀ ਇਸ ਇਕੱਲਤਾ ਨੂੰ ਉਜਾਗਰ ਕੀਤਾ ਹੈ।

ਭਾਰਤ ਦੇ ਬੌਧਿਕ ਹਲਕਿਆਂ ਦਾ ਮੰਨਣਾ ਹੈ ਕਿ ਭਾਰਤ ਨੂੰ ਸੰਯੁਕਤ ਰਾਸ਼ਟਰ ਅਤੇ ਕੁਆਡ (ਜਪਾਨ, ਆਸਟਰੇਲੀਆ, ਅਮਰੀਕਾ) ਵਰਗੇ ਸਹਿਯੋਗੀਆਂ ਨਾਲ ਮਜ਼ਬੂਤ ਸੰਬੰਧ ਬਣਾਉਣ ਦੀ ਲੋੜ ਹੈ। ਭਾਰਤ ਨੂੰ ਅੰਤਰਰਾਸ਼ਟਰੀ ਅਦਾਲਤਾਂ ਵਿੱਚ ਆਪਣਾ ਪੱਖ ਮਜ਼ਬੂਤੀ ਨਾਲ ਰੱਖਣਾ ਹੋਵੇਗਾ, ਖ਼ਾਸ ਕਰਕੇ ਸੰਧੀ ਦੀ ਮੁਅੱਤਲੀ ਨੂੰ ਜਾਇਜ਼ ਠਹਿਰਾਉਣ ਲਈ।

## ਲਾਲਮੋਨੀਰਹਾਟ ਏਅਰਬੇਸ - ਚੀਨ ਦੀ ਨਵੀਂ ਚਾਲ, ਭਾਰਤ ਲਈ ਖਤਰੇ ਦੀ ਘੰਟੀ ?

ਬੰਗਲਾਦੇਸ਼ ਦੇ ਲਾਲਮੋਨੀਰਹਾਟ ਵਿਚ ਚੀਨ ਆਪਣਾ ਪਹਿਲਾ ਏਅਰਬੇਸ ਬਣਾਉਣ ਦੀ ਤਿਆਰੀ ਵਿਚ ਹੈ। ਇਹ ਏਅਰਬੇਸ ਭਾਰਤ ਦੀ ਸਰਹੱਦ ਤੋਂ ਸਿਰਫ 12 ਕਿਲੋਮੀਟਰ ਅਤੇ ਸਿਲੀਗੁੜੀ ਕੋਰੀਡੋਰ (ਚਿਕਨ ਨੈਕ) ਤੋਂ 135 ਕਿਲੋਮੀਟਰ ਦੂਰ ਹੈ। "ਚਿਕਨ ਨੈਕ" ਇੱਕ ਅਜਿਹਾ ਨਾਮ ਹੈ, ਜੋ ਭਾਰਤ ਦੇ ਨਕਸ਼ੇ ਵਿੱਚ ਇੱਕ ਖਾਸ ਇਲਾਕੇ ਨੂੰ ਦਿੱਤਾ ਗਿਆ ਹੈ। ਇਹ ਸਿਲੀਗੁੜੀ ਕੋਰੀਡੋਰ ਵੀ ਕਹਾਉਂਦਾ ਹੈ। ਇਹ ਉਹ ਪਤਲੀ ਜਿਹੀ ਜ਼ਮੀਨ ਦੀ ਪੱਟੀ ਹੈ, ਜੋ ਨੌਰਥ-ਈਸਟ ਦੇ ਸੱਤ ਰਾਜਾਂ (ਅਸਮ, ਅਰੁਣਾਚਲ ਪ੍ਰਦੇਸ਼, ਨਾਗਾਲੈਂਡ, ਮਣੀਪੁਰ, ਮਿਜ਼ੋਰਮ, ਤ੍ਰਿਪੁਰਾ ਅਤੇ ਮੇਘਾਲਿਆ) ਨੂੰ ਬਾਕੀ ਭਾਰਤ ਨਾਲ ਜੋੜਦੀ ਹੈ। ਇਹ ਪੱਟੀ ਕਿਤੇ 22 ਕਿਲੋਮੀਟਰ ਤੋਂ 40 ਕਿਲੋਮੀਟਰ ਚੌੜੀ ਹੈ। ਇਸ ਨੂੰ "ਚਿਕਨ ਨੈਕ" ਇਸ ਲਈ ਕਹਿੰਦੇ ਹਨ ਕਿਉਂਕਿ ਨਕਸ਼ੇ ਵਿੱਚ ਇਹ ਮੁਰਗੀ ਦੀ ਗਰਦਨ ਵਰਗੀ ਦਿਖਦੀ ਹੈ। ਜੇ ਇਸ ਵਿਚ ਕੋਈ ਅੜਚਣ ਆਈ, ਤਾਂ ਨੌਰਥ-ਈਸਟ ਨਾਲ ਸੰਪਰਕ ਟੁੱਟ ਸਕਦਾ ਹੈ।

ਮਾਹਿਰਾਂ ਮੁਤਾਬਕ, ਚੀਨ ਇਸ ਏਅਰਬੇਸ ਦੀ ਵਰਤੋਂ ਸਿਲੀਗੁੜੀ ਕੋਰੀਡੋਰ 'ਤੇ ਨਜ਼ਰ ਰੱਖਣ ਅਤੇ ਫੌਜੀ ਜਾਸੂਸੀ ਲਈ ਕਰ ਸਕਦਾ ਹੈ। ਚੀਨ ਨੇ ਐਲਏਸੀ ਨੇੜੇ 6 ਨਵੇਂ ਏਅਰਬੇਸ ਅਪਗ੍ਰੇਡ ਕੀਤੇ ਹਨ ਅਤੇ ਬੰਗਲਾਦੇਸ਼ ਵਿਚ ਵੀ ਪ੍ਰੋਜੈਕਟ ਸ਼ੁਰੂ ਕਰ ਦਿੱਤੇ, ਜਿਵੇਂ ਤੀਸਤਾ ਪ੍ਰੋਜੈਕਟ, ਸੈਟੇਲਾਈਟ ਸਿਟੀ ਅਤੇ ਰੰਗਪੁਰ ਵਿਚ ਸੋਲਰ ਪਲਾਂਟ।

ਭਾਰਤੀ ਮਾਹਿਰਾਂ ਸ਼੍ਰੀਪਰਨਾ ਪਾਠਕ ਅਤੇ ਬ੍ਰਹਮ ਚੇਲਾਨੀ ਦਾ ਕਹਿਣਾ ਹੈ ਕਿ ਚੀਨ ਦੀਆਂ ਨੀਤੀਆਂ ਨਾਲ ਭਾਰਤ ਦੀਆਂ ਸੁਰੱਖਿਆ ਚਿੰਤਾਵਾਂ ਵਧ ਸਕਦੀਆਂ ਹਨ। ਭਾਰਤ ਨੂੰ ਸਿਲੀਗੁੜੀ ਕੋਰੀਡੋਰ ਦੀ ਸੁਰੱਖਿਆ ਮਜ਼ਬੂਤ ਕਰਨੀ ਪਵੇਗੀ ਅਤੇ ਨੌਰਥ-ਈਸਟ 'ਚ ਆਪਣੀ ਫੌਜੀ ਮੌਜੂਦਗੀ ਵਧਾਉਣੀ ਪਵੇਗੀ।

## ਚੀਨ ਦੇ ਖਤਰੇ ਕਾਰਣ ਅਮਰੀਕਾ ਬੇਚੈਨ

### ✪ ਅਮਰੀਕੀ ਰੱਖਿਆ ਮੰਤਰੀ ਦੀ ਇੰਡੋ-ਪੈਸਿਫਿਕ ਵਿਚ ਹਲਚਲ ਬਾਰੇ ਚੇਤਾਵਨੀ ✪ ਸਹਿਯੋਗੀ ਦੇਸ਼ਾਂ ਨੂੰ ਫੌਜੀ ਤਾਕਤ ਵਧਾਉਣ ਦੀ ਅਪੀਲ

ਵਾਸ਼ਿੰਗਟਨ-ਅਮਰੀਕੀ ਰੱਖਿਆ ਮੰਤਰੀ ਪੀਟ ਹੈਗਸੇਥ ਨੇ ਇੰਡੋ-ਪੈਸਿਫਿਕ ਖੇਤਰ 'ਚ ਚੀਨ ਦੇ ਵਧਦੇ ਪ੍ਰਭਾਵ 'ਤੇ ਚਿੰਤਾ ਜਤਾਈ ਹੈ। ਹੈਗਸੇਥ ਨੇ ਕਿਹਾ ਕਿ ਇੰਡੋ-ਪੈਸਿਫਿਕ ਵਿਚ ਚੀਨ ਦੇ ਖਤਰੇ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਸਹਿਯੋਗੀਆਂ ਨੂੰ ਭਰੋਸਾ ਦਿੱਤਾ ਕਿ ਚੀਨ ਦੇ ਵਧਦੇ ਫੌਜੀ ਅਤੇ ਆਰਥਿਕ ਦਬਾਅ ਦਾ ਮੁਕਾਬਲਾ ਕਰਨ ਲਈ ਅਮਰੀਕਾ ਉਨ੍ਹਾਂ ਨੂੰ ਇਕੱਲਾ ਨਹੀਂ ਛੱਡੇਗਾ। ਪੀਟ ਨੇ ਚੀਨੀ ਫੌਜ ਦੇ ਯੁੱਧ ਅਭਿਆਸਾਂ ਨੂੰ ਤਾਈਵਾਨ 'ਤੇ ਹਮਲੇ ਦੀ ਤਿਆਰੀ ਦਾ ਸੰਕੇਤ ਮੰਨਦਿਆਂ ਚੀਨ ਨਾਲ ਭਵਿੱਖ 'ਵਿਚ ਫੌਜੀ ਸੰਘਰਸ਼ ਦੀ ਚੇਤਾਵਨੀ ਵੀ ਦਿੱਤੀ ਹੈ। ਚੀਨ ਤਾਈਵਾਨ ਨੂੰ ਆਪਣਾ ਹਿੱਸਾ ਮੰਨਦਾ ਹੈ, ਜਦਕਿ ਅਮਰੀਕਾ ਨੇ ਤਾਈਵਾਨ ਦੀ ਮਦਦ ਦਾ ਵਾਅਦਾ ਕੀਤਾ ਹੈ। ਅਜਿਹੇ ਵਿਚ ਚੀਨ ਦੀ ਤਾਈਵਾਨ 'ਤੇ ਕਬਜ਼ੇ ਦੀ ਕੋਸ਼ਿਸ਼ ਉਸ ਨੂੰ ਅਮਰੀਕਾ ਨਾਲ ਜੰਗ ਵਿਚ ਧੱਕ ਸਕਦੀ ਹੈ।

ਹੈਗਸੇਥ ਨੇ ਕਿਹਾ ਕਿ ਚੀਨ ਨੇ ਨਾ ਸਿਰਫ਼ ਤਾਈਵਾਨ 'ਤੇ ਕਬਜ਼ਾ ਕਰਨ ਲਈ ਆਪਣੀਆਂ ਫੌਜੀ ਤਾਕਤਾਂ ਦੀ ਗਿਣਤੀ ਵਧਾਈ ਹੈ, ਸਗੋਂ ਇਸ ਲਈ ਸਰਗਰਮੀ ਨਾਲ ਸਿਖਲਾਈ ਵੀ ਕਰ ਰਿਹਾ ਹੈ। ਉਨ੍ਹਾਂ ਨੇ ਇੰਡੋ-ਪੈਸਿਫਿਕ ਖੇਤਰ ਦੇ ਦੇਸ਼ਾਂ ਨੂੰ ਆਪਣਾ ਰੱਖਿਆ ਖਰਚ ਵਧਾਉਣ ਦੀ ਅਪੀਲ ਕੀਤੀ। ਇਥੇ ਜ਼ਿਕਰਯੋਗ ਹੈ ਕਿ ਚੀਨ ਨੇ ਦੱਖਣੀ ਚੀਨ ਸਾਗਰ 'ਚ ਨਵੀਆਂ ਫੌਜੀ ਚੌਕੀਆਂ ਦੇ ਸਮਰਥਨ ਲਈ ਅਤਿ-ਆਧੁਨਿਕ ਮਨੁੱਖ-ਨਿਰਮਿਤ ਟਾਪੂ ਬਣਾਏ ਹਨ। ਨਾਲ ਹੀ, ਬਹੁਤ ਉੱਨਤ ਹਾਈਪਰਸੋਨਿਕ ਅਤੇ ਪੁਲਾੜ ਸਮਰੱਥਾਵਾਂ ਵਿਕਸਿਤ ਕੀਤੀਆਂ ਹਨ। ਚੀਨ ਦੇ ਇਹ ਕਦਮ ਅਮਰੀਕਾ ਨੂੰ ਬੇਚੈਨ ਕਰ ਰਹੇ ਹਨ।

# ਅਫਗਾਨਿਸਤਾਨ ਵਿਚ ਸਿਖ ਧਰਮ ਦਾ ਵਿਕਾਸ ਕਿਵੇਂ ਹੋਇਆ ?



## ਕਵਰ ਸਟੋਰੀ

**ਬਲਵਿੰਦਰ ਪਾਲ ਸਿੰਘ ਪ੍ਰੋਫੈਸਰ**

**✪ ਗੁਰੂ ਕਾਲ ਤੇ ਖਾਲਸਾ ਰਾਜ ਦੌਰਾਨ ਸਿੱਖਾਂ ਦੇ ਹਾਲਾਤ ਕੀ ਸਨ ? ✪ ਬੰਦੂਕਾਂ ਧਮਾਕਿਆਂ ਦੀ ਹਿੰਸਾ ਦੌਰਾਨ ਅਫਗਾਨਿਸਤਾਨ ਵਿਚ ਕਿੰਨੇ ਕੁ ਸਿੱਖ ਵਸਦੇ ਨੇ**





ਅਫਗਾਨਿਸਤਾਨ ਦੀ ਧਰਤੀ, ਜਿਥੇ ਪਹਾੜਾਂ ਦੀ ਗੋਦ ਵਿੱਚ ਸਦੀਆਂ ਦਾ ਇਤਿਹਾਸ ਸਮਾਇਆ ਹੈ, ਜਿਥੇ ਹਵਾਵਾਂ ਵਿੱਚ ਸੂਫੀਆਂ ਦੀਆਂ ਕਾਫੀਆਂ, ਫਲਸਫੇ ਅਤੇ ਯੋਧਿਆਂ ਦੀਆਂ ਤਲਵਾਰਾਂ ਦੀ ਝੰਕਾਰ ਸੁਣਾਈ ਦਿੰਦੀ ਹੈ, ਉਸੇ ਧਰਤੀ ’ਤੇ ਸਿੱਖ ਧਰਮ ਦੀ ਰੌਸ਼ਨੀ ਨੇ ਆਪਣੀ ਅਮਰ ਗਾਥਾ ਲਿਖੀ। ਸਤਿਗੁਰੂ ਬਾਬੇ ਨਾਨਕ ਦੇਵ ਜੀ ਦੀ ਪਵਿੱਤਰ ਪੈੜ 1519-21 ਦੇ ਸਮੇਂ ਵਿੱਚ ਇਸ ਧਰਤੀ ’ਤੇ ਪਈ। ਉਹ ਸਤਿਨਾਮ ਦੀ ਜੋਤ ਲੈ ਕੇ ਆਏ, ਜਿਸ ਨੇ ਕਾਬੁਲ ਤੇ ਜਲਾਲਾਬਾਦ ਦੇ ਇਲਾਕਿਆਂ ਅਤੇ ਕੰਧਾਰ ਦੀਆਂ ਵਾਦੀਆਂ ਨੂੰ ਰੌਸ਼ਨ ਕੀਤਾ। ਗੁਰੂ ਸਾਹਿਬ ਦੀ ਬਾਣੀ, ਜੋ ਇਕ ਓਂਕਾਰ ਦੀ ਅਵਾਜ਼ ਵਿੱਚ ਗੂੰਜਦੀ ਸੀ, ਨੇ ਸਥਾਨਕ ਲੋਕਾਂ ਦੇ ਦਿਲਾਂ ਨੂੰ ਝੰਜੋੜਿਆ। ਉਹ ਸੂਫੀ ਸੰਤਾਂ ਨਾਲ ਵਿਚਾਰ-ਵਟਾਂਦਰੇ ਕਰਦੇ, ਸਥਾਨਕ ਆਗੂਆਂ ਨਾਲ ਸੰਵਾਦ ਕਰਦੇ, ਅਤੇ ਹਰ ਇੱਕ ਨੂੰ ਬਰਾਬਰੀ, ਨਿਆਂ ਅਤੇ ਸਾਂਝੀਵਾਲਤਾ ਦਾ ਸੁਨੇਹਾ ਦਿੰਦੇ। ਗੁਰੂ ਨਾਨਕ ਦੀ ਉਦਾਸੀ ਸਿਰ.ਫ ਇੱਕ ਯਾਤਰਾ ਨਹੀਂ ਸੀ, ਸਗੋਂ ਇੱਕ ਅਜਿਹਾ ਰੂਹਾਨੀ ਸ.ਫਰ ਸੀ, ਜਿਸ ਨੇ ਸਿੱਖੀ ਦੀ ਜੜ੍ਹਾਂ ਨੂੰ ਅਫਗਾਨ ਧਰਤੀ ’ਤੇ ਡੂੰਘਾ ਕਰ ਦਿੱਤਾ। ਜਨਮਸਾਖੀਆਂ ਵਿੱਚ ਇਹ ਜ਼ਿਕਰ ਮਿਲਦਾ ਹੈ ਕਿ ਗੁਰੂ ਸਾਹਿਬ ਨੇ ਖਾਨ ਚੰਦ ਦੇ ਪੁੱਤਰ ਮਾਨ ਚੰਦ ਨੂੰ ਮਿਲਕੇ ਉਸ ਨੂੰ ਸਿੱਖੀ ਦੇ ਰਾਹ ’ਤੇ ਤੋਰਿਆ। ਮਾਨ ਚੰਦ, ਜੋ ਅਫਗਾਨ ਧਰਤੀ ਦਾ ਵਸਨੀਕ ਸੀ, ਗੁਰੂ ਦੀਆਂ ਸਿੱਖਿਆਵਾਂ ਦਾ ਪ੍ਰਚਾਰਕ ਬਣ ਗਿਆ। ਗੁਰੂ ਸਾਹਿਬ ਦੀ ਬਾਣੀ ਨੇ ਅਫਗਾਨਿਸਤਾਨ ਦੇ ਹਿੰਦੂਆਂ ਅਤੇ ਸਥਾਨਕ ਲੋਕਾਂ ਨੂੰ ਇੱਕ ਨਵਾਂ ਜੀਵਨ-ਦਰਸ਼ਨ ਦਿੱਤਾ। “ਨਾਮ ਜਪੋ, ਕਿਰਤ ਕਰੋ, ਵੰਡ ਛਕੋ” - ਇਹ ਸਿਧਾਂਤ ਨਹੀਂ ਸਨ, ਸਗੋਂ ਜੀਵਨ ਦੀ ਲਯ ਸਨ, ਜੋ ਅਫਗਾਨੀਆਂ ਦੇ ਦਿਲਾਂ ਵਿੱਚ ਵਸ ਗਏ। ਸਿੱਖਾਂ ਨੇ ਇਥੇ ਗੁਰਦੁਆਰਿਆਂ ਦੀ ਸਥਾਪਨਾ ਕੀਤੀ, ਜਿਨ੍ਹਾਂ ਵਿੱਚੋਂ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ, ਜਲਾਲਾਬਾਦ ਅਤੇ ਗੁਰਦੁਆਰਾ ਕਰਤੇ ਪਰਵਾਨ, ਕਾਬੁਲ, ਅੱਜ ਵੀ ਸਿੱਖੀ ਦੀ ਅਮਰ ਯਾਦਗਾਰ ਹਨ।

ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਤੇਗ ਬਹਾਦਰ ਜੀ ਨੇ ਸਤਿਗੁਰੂ ਬਾਬੇ ਨਾਨਕ ਦੇਵ ਜੀ ਦੀ ਜੋਤ ਨੂੰ ਅੱਗੇ ਵਧਾਉਂਦਿਆਂ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਿੱਖੀ ਨੂੰ ਮੀਰੀ-ਪੀਰੀ ਦੀ ਦੋਹਰੀ ਤਾਕਤ ਨਾਲ ਸੰਵਾਰਿਆ। ਉਨ੍ਹਾਂ ਦੀ ਕ੍ਰਿਪਾਨ ਨਿਆਂ ਦੀ ਪ੍ਰਤੀਕ ਸੀ, ਅਤੇ ਉਨ੍ਹਾਂ ਦਾ ਫਲਸਫਾ ਸਾਂਝੀਵਾਲਤਾ ਦਾ ਨਾਦ ਸੀ। ਅਫਗਾਨਿਸਤਾਨ ਦੇ ਵਪਾਰੀ ਮਾਰਗਾਂ, ਜਿਵੇਂ ਕਿ ਪੇਸ਼ਾਵਰ ਅਤੇ ਕਾਬੁਲ, ਵਿੱਚ ਸਿੱਖ ਸੰਗਤਾਂ ਨੇ ਆਪਣੀ ਪੈਠ ਮਜ਼ਬੂਤ ਕੀਤੀ। ਸਿੱਖ ਵਪਾਰੀਆਂ ਨੇ ਸੁੱਕੇ ਮੇਵੇ, ਕੱਪੜੇ ਅਤੇ ਦਵਾਈਆਂ ਦੇ ਵਪਾਰ ਨਾਲ ਨਾਮਣਾ ਖੱਟਿਆ। ਉਹ ਸਿਰ.ਫ ਵਪਾਰੀ ਨਹੀਂ ਸਨ, ਸਗੋਂ ਸਿੱਖੀ ਦੇ ਸਿਧਾਂਤਾਂ ਦੇ ਝੰਡਾਬਰਦਾਰ ਸਨ, ਜਿਨ੍ਹਾਂ ਨੇ ਅਫਗਾਨ ਕਬੀਲਿਆਂ ਨਾਲ ਸਬੰਧ ਜੋੜੇ ਅਤੇ ਸਿੱਖੀ ਦੀ ਰੌਸ਼ਨੀ ਫੈਲਾਈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਜਿਨ੍ਹਾਂ ਨੂੰ “ਧਰਮ ਦੀ ਚਾਦਰ” ਕਿਹਾ ਜਾਂਦਾ ਹੈ, ਨੇ ਵੀ ਅਫਗਾਨ ਇਲਾਕਿਆਂ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਉਨ੍ਹਾਂ ਦੀ ਸ਼ਹਾਦਤ ਨੇ ਸਿੱਖ ਧਰਮ ਦੀ ਆਤਮਕ ਤਾਕਤ ਨੂੰ ਸਦੀਆਂ ਤੱਕ ਅਮਰ ਕਰ ਦਿੱਤਾ।

### ਗੁਰੂ ਗੋਬਿੰਦ ਸਿੰਘ ਅਤੇ ਅੰਮ੍ਰਿਤ ਦੀ ਧਾਰ

ਸਿੱਖੀ ਦੀ ਜੋਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਨਾਲ ਨਵੀਂ ਉਚਾਈ ’ਤੇ ਪਹੁੰਚਾਇਆ। ਅਫਗਾਨਿਸਤਾਨ ਦੀਆਂ ਸੰਗਤਾਂ, ਜੋ ਦੂਰ-ਦੁਰਾਡੇ ਵਸਦੀਆਂ ਸਨ, ਨੇ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।

ਡਾ. ਗੰਡਾ ਸਿੰਘ ਆਪਣੀ ਕਿਤਾਬ ਅਫਗਾਨਿਸਤਾਨ ਦਾ ਸ.ਫਰ ਵਿੱਚ ਲਿਖਦੇ ਹਨ ਕਿ ਕਈ ਸਿੱਖ ਸੰਗਤਾਂ ਕਾਬੁਲ, ਗਜ਼ਨੀ ਅਤੇ ਕੰਧਾਰ ਤੋਂ ਪੰਜਾਬ ਗੁਰੂ ਦਰਬਾਰ ਦਰਸ਼ਨਾਂ ਲਈ ਆਉਂਦੀਆਂ ਸਨ। ਜਿਹੜੇ ਪੰਜਾਬ ਨਹੀਂ ਪਹੁੰਚ ਸਕੇ, ਉਨ੍ਹਾਂ ਨੇ ਸਥਾਨਕ ਤੌਰ ’ਤੇ ਅੰਮ੍ਰਿਤ ਛਕ ਲਿਆ।

ਇਤਿਹਾਸਕਾਰ ਹਰੀ ਰਾਮ ਗੁਪਤਾ ਨੇ ਆਪਣੀ ਕਿਤਾਬ ਹਿਸਟਰੀ ਆ.ਫ ਸਿੱਖਸ ਵਿੱਚ ਜ਼ਿਕਰ ਕੀਤਾ ਕਿ ਕਾਬੁਲ ਤੋਂ ਆਏ ਸਿੱਖ ਦੂਨੀ ਚੰਦ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਇੱਕ ਬੇਸ਼ਕੀਮਤੀ ਰੇਸ਼ਮੀ ਤੰਬੂ ਭੇਟ ਕੀਤਾ, ਜਿਸ ’ਤੇ ਸੋਨੇ ਅਤੇ ਮੋਤੀਆਂ ਦਾ ਕੰਮ ਸੀ। ਇਹ ਸਿਰ.ਫ ਇੱਕ ਭੇਟ ਨਹੀਂ ਸੀ, ਸਗੋਂ ਅਫਗਾਨ ਸਿੱਖਾਂ ਦੇ ਸਿਦਕ ਅਤੇ ਸਮਰਪਣ ਦਾ ਪ੍ਰਤੀਕ ਸੀ।

### ਮਹਾਰਾਜਾ ਰਣਜੀਤ ਸਿੰਘ ਦਾ ਸੁਨਹਿਰੀ ਦੌਰ

ਅਫਗਾਨਿਸਤਾਨ ਵਿੱਚ ਸਿੱਖੀ ਦਾ ਸੁਨਹਿਰੀ ਦੌਰ ਮਹਾਰਾਜਾ ਰਣਜੀਤ ਸਿੰਘ (1799-1849) ਦੇ ਸਮੇਂ ਵਿੱਚ ਆਇਆ। ਉਨ੍ਹਾਂ ਦੇ ਸਿੱਖ ਸਾਮਰਾਜ ਨੇ ਪੇਸ਼ਾਵਰ, ਅਟਕ ਅਤੇ ਕਸ਼ਮੀਰ ਵਰਗੇ ਸਰਹੱਦੀ ਇਲਾਕਿਆਂ ਨੂੰ ਆਪਣੇ ਅਧੀਨ ਕੀਤਾ। ਸਰਦਾਰ ਹਰੀ ਸਿੰਘ ਨਲਵਾ, ਜਿਨ੍ਹਾਂ ਦੀ ਤਲਵਾਰ ਅਤੇ ਨੀਤੀ ਨੇ ਅਫਗਾਨ ਕਬੀਲਿਆਂ ਨੂੰ ਝੁਕਣ ਲਈ ਮਜਬੂਰ ਕੀਤਾ। ਉਸਨੇ 1823 ਵਿੱਚ ਨੌਸਹਿਰਾ ਦੀ ਲੜਾਈ ਵਿੱਚ ਯੂਸੁਫਜ਼ਈ, ਅਫਰੀਦੀ ਅਤੇ ਖਟਕ ਕਬੀਲਿਆਂ ਨੂੰ ਹਰਾਇਆ। ਪੇਸ਼ਾਵਰ ਸਿੱਖ ਸਾਮਰਾਜ ਦਾ ਹਿੱਸਾ ਬਣਿਆ, ਅਤੇ ਸਿੱਖੀ ਦੀ ਨੈਤਿਕਤਾ ਅਤੇ ਫਿਲਾਸਫੀ ਨੇ ਅਫਗਾਨ ਧਰਤੀ ’ਤੇ ਆਪਣੀ ਛਾਪ ਛੱਡੀ। ਜਰਨੈਲ ਹਰੀ ਸਿੰਘ ਨਲਵਾ ਦੀ ਤਲਵਾਰ ਸਿਰ.ਫ ਜੰਗ ਦਾ ਸਾਧਨ ਨਹੀਂ ਸੀ, ਸਗੋਂ ਸਤਿ ਅਤੇ ਸਮਾਨਤਾ ਦਾ ਪ੍ਰਤੀਕ ਸੀ। ਮਿਚਨੀ ਦੇ ਕਿਲ੍ਹੇ ਵਿੱਚ, ਜਦੋਂ ਅਫਗਾਨ ਕਬੀਲਿਆਂ ਨੇ ਸੈਂਕੜੇ ਔਰਤਾਂ ਨੂੰ ਅਗਵਾ ਕੀਤਾ ਸੀ, ਜਰਨੈਲ ਹਰੀ ਸਿੰਘ ਨਲਵਾ ਨੇ ਨਿਆਂ ਦੀ ਗਰਜ ਨਾਲ ਉਨ੍ਹਾਂ ਨੂੰ ਆਜ਼ਾਦ ਕਰਵਾਇਆ। ਅਫਗਾਨ ਔਰਤਾਂ ਨੇ ਸਿੱਖੀ ਦੀ ਸਮਾਨਤਾ ਅਤੇ ਔਰਤਾਂ ਦੇ ਸਤਿਕਾਰ ਦੇ ਸਿਧਾਂਤਾਂ ਨੂੰ ਦੇਖਕੇ ਸਿੱਖ ਧਰਮ ਨੂੰ ਅਪਣਾਇਆ। ਸਿੱਖੀ ਦਾ ਝੰਡਾ ਅਫਗਾਨੀ ਪਹਾੜਾਂ ’ਤੇ ਲਹਿਰਾਇਆ ਤੇ ਇਹ ਸਮਾਂ ਸਿੱਖ ਧਰਮ ਦੀ ਸਾਖ ਦਾ ਸੁਨਹਿਰੀ ਅਧਿਆਏ ਸੀ।

ਬਾਕੀ ਹਿਸਾ ਸਫਾ 23 ਤੇ ਪੜ੍ਹੋ

## ਅਫਗਾਨ ਸਿੱਖਾਂ ਦੀ ਜਾਤੀ ਅਤੇ ਸਭਿਆਚਾਰ

ਅਫਗਾਨ ਸਿੱਖਾਂ ਦੀ ਜਾਤੀ ਪਛਾਣ ਵਿੱਚ ਖਤਰੀ, ਅਰੋੜਾ, ਰਾਜਵੰਸ਼ੀ, ਭਾਟੀਆ ਅਤੇ ਭਟਰਾ ਜਾਤੀਆਂ ਦਾ ਵਿਸ਼ੇਸ਼ ਜ਼ਿਕਰ ਮਿਲਦਾ ਹੈ। ਖਤਰੀ ਅਤੇ ਅਰੋੜਾ ਸਿੱਖ ਵਪਾਰਕ ਪੇਸ਼ਿਆਂ ਵਿੱਚ ਸਰਗਰਮ ਸਨ ਅਤੇ ਸਿਲਕ ਰੋਡ ’ਤੇ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਸਨ। ਰਾਜਵੰਸ਼ੀ ਸਿੱਖ, ਜੋ ਮੈਦਾਨ ਸ਼ਾਰ ਦੇ ਇਲਾਕੇ ਨਾਲ ਜੁੜੇ ਸਨ, ਸਥਾਨਕ ਅਫਗਾਨ ਸਭਿਆਚਾਰ ਅਤੇ ਸਿੱਖ ਧਰਮ ਦੇ ਮੇਲ ਦੀ ਮਿਸਾਲ ਹਨ। ਹਕੀਮੀ ਦਵਾਈਆਂ, ਕੱਪੜੇ ਅਤੇ ਸੁੱਕੇ ਮੇਵਿਆਂ ਦਾ ਵਪਾਰ ਉਨ੍ਹਾਂ ਦੀ ਪਛਾਣ ਸੀ। ਕਾਬੁਲ ਅਤੇ ਜਲਾਲਾਬਾਦ ਦੀਆਂ ਬਜ਼ਾਰਾਂ ਵਿੱਚ ਸਿੱਖ ਵਪਾਰੀਆਂ ਦੀਆਂ ਦੁਕਾਨਾਂ ਪ੍ਰਸਿੱਧ ਸਨ। ਪਰ ਸੋਵੀਅਤ-ਅਫਗਾਨ ਜੰਗ ਅਤੇ ਤਾਲਿਬਾਨ ਦੇ ਉਭਾਰ ਨੇ ਇਸ ਵਪਾਰ ਨੂੰ ਤਬਾਹ ਕਰ ਦਿੱਤਾ। ਸੁਰੱਖਿਆ ਦੀ ਘਾਟ ਅਤੇ ਵਿਤਕਰੇ ਨੇ ਸਿੱਖਾਂ ਨੂੰ ਵਿਦੇਸ਼ਾਂ ਵਿੱਚ ਪਰਵਾਸ ਕਰਨ ਲਈ ਮਜਬੂਰ ਕੀਤਾ। ਇਹ ਸਿੱਖ ਪਸ਼ਤੂ ਅਤੇ ਦਾਰੀ ਬੋਲਦੇ ਸਨ, ਅਤੇ ਕੁਝ ਹਿੰਦਕੋ (ਪੰਜਾਬੀ ਦੀ ਉਪ-ਬੋਲੀ) ਦੀ ਵਰਤੋਂ ਕਰਦੇ ਸਨ। ਖੋਸਤ ਵਿੱਚ ਪਸ਼ਤੂ ਸਿੱਖ ਭਾਈ ਚਾਰਾ ਦੀ ਮੌਜੂਦਗੀ 1970 ਦੇ ਦਹਾਕੇ ਤੱਕ ਸੀ, ਜੋ ਬਾਅਦ ਵਿੱਚ ਪਰਵਾਸ ਕਰ ਗਿਆ। ਇਹ ਭਾਈਚਾਰਾ ਸਥਾਨਕ ਪਸ਼ਤੂ ਸਭਿਆਚਾਰ ਨਾਲ ਜੁੜਿਆ ਸੀ, ਪਰ ਸਿੱਖੀ ਦੇ ਸਿਧਾਂਤਾਂ ਨੂੰ ਪੂਰੀ ਸ਼ਰਧਾ ਨਾਲ ਨਿਭਾਉਂਦਾ ਸੀ।



22 ਸਫ਼ੇ ਦੀ ਬਾਕੀ

## ਅਫਗਾਨੀਆਂ ਨੂੰ ਹਰਾਉਣ ਵਾਲੀਆਂ ਕੌਮਾਂ

ਅਫਗਾਨਿਸਤਾਨ ਦੀ ਧਰਤੀ, ਜਿਸ ਨੂੰ ''ਸਾਮਰਾਜਾਂ ਦੀ ਕਬਰਗਾਹ'' ਕਿਹਾ ਜਾਂਦਾ ਹੈ, ਨੇ ਕਈ ਸ਼ਕਤੀਆਂ ਨੂੰ ਝੁਕਣ ਲਈ ਮਜਬੂਰ ਕੀਤਾ। ਮੁਗਲਾਂ ਨੇ 16ਵੀਂ-18ਵੀਂ ਸਦੀ ਵਿੱਚ ਕਾਬੁਲ ਅਤੇ ਕੰਧਾਰ 'ਤੇ ਕਬਜ਼ਾ ਕੀਤਾ, ਪਰ ਉਨ੍ਹਾਂ ਦਾ ਪ੍ਰਭਾਵ ਸਥਾਈ ਨਹੀਂ ਰਿਹਾ। ਬ੍ਰਿਟਿਸ਼ ਸਾਮਰਾਜ ਨੇ 19ਵੀਂ ਸਦੀ ਵਿੱਚ ਅੰਗਰੇਜ਼-ਅਫਗਾਨ ਜੰਗਾਂ ਵਿੱਚ ਕੋਸ਼ਿਸ਼ਾਂ ਕੀਤੀਆਂ, ਪਰ ਪੂਰੀ ਸਫਲਤਾ ਨਹੀਂ ਮਿਲੀ। ਸੋਵੀਅਤ ਯੂਨੀਅਨ ਨੇ 1979-1989 ਦੀ ਜੰਗ ਵਿੱਚ ਅਫਗਾਨ ਮੁਜਾਹਿਦੀਨ ਦੇ ਹੱਥੋਂ ਹਾਰ ਮੰਨੀ। ਅਮਰੀਕਾ ਵੀ ਇਸ ਧਰਤੀ 'ਤੇ ਜੇਤੂ ਨਹੀਂ ਹੋ ਸਕਿਆ। ਪਰ ਸਿੱਖ ਸਾਮਰਾਜ, ਮਹਾਰਾਜਾ ਰਣਜੀਤ ਸਿੰਘ ਅਤੇ ਹਰੀ ਸਿੰਘ ਨਲਵਾ ਦੀ ਅਗਵਾਈ ਵਿੱਚ, ਅਫਗਾਨ ਕਬੀਲਿਆਂ ਨੂੰ ਸਭ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਹਰਾਉਣ ਵਿੱਚ ਸਫਲ ਰਿਹਾ। ਇਹ ਸਿਰਫ਼ ਸੈਨਿਕ ਜਿੱਤ ਨਹੀਂ ਸੀ, ਸਗੋਂ ਸਿੱਖੀ ਦੀ ਨੈਤਿਕਤਾ ਅਤੇ ਸਿਧਾਂਤਾਂ ਦੀ ਜਿੱਤ ਸੀ।

### ਸਿੱਖੀ ਦੀ ਘਟਦੀ ਗਿਣਤੀ ਅਤੇ ਸੰਘਰਸ਼

1970 ਦੇ ਦਹਾਕੇ ਵਿੱਚ, ਅਫਗਾਨਿਸਤਾਨ ਵਿੱਚ ਸਿੱਖ ਅਤੇ ਹਿੰਦੂ ਭਾਈਚਾਰਿਆਂ ਦੀ ਆਬਾਦੀ 70,000 ਦੇ ਨੇੜੇ ਸੀ। ਕਾਬੁਲ, ਜਲਾਲਾਬਾਦ ਅਤੇ ਕੰਧਾਰ ਵਿੱਚ ਉਹ ਵਪਾਰ ਅਤੇ ਸਮਾਜਿਕ ਸੇਵਾਵਾਂ ਵਿੱਚ ਸਰਗਰਮ ਸਨ। ਪਰ ਸੋਵੀਅਤ-ਅਫਗਾਨ ਜੰਗ (1979-1989) ਨੇ ਸਥਿਤੀ ਨੂੰ ਪਲਟ ਦਿੱਤਾ। ਜੰਗ ਦੀ ਅਸਥਿਰਤਾ, ਸੁਰੱਖਿਆ ਦੀ ਘਾਟ ਅਤੇ ਵਿਤਕਰੇ ਨੇ ਸਿੱਖਾਂ ਨੂੰ ਪਰਵਾਸ ਦੇ ਰਾਹ 'ਤੇ ਧੱਕ ਦਿੱਤਾ। 1990 ਦੇ ਦਹਾਕੇ ਵਿੱਚ ਤਾਲਿਬਾਨ ਦੇ ਉਭਾਰ ਨੇ ਸਥਿਤੀ ਨੂੰ ਹੋਰ ਨਾਜ਼ੁਕ ਕਰ ਦਿੱਤਾ। ਤਾਲਿਬਾਨ ਦੀਆਂ ਸਖਤ ਇਸਲਾਮੀ ਨੀਤੀਆਂ ਨੇ ਸਿੱਖਾਂ ਦੀ ਧਾਰਮਿਕ ਅਜ਼ਾਦੀ 'ਤੇ ਪਾਬੰਦੀਆਂ ਲਗਾਈਆਂ। 2018 ਵਿੱਚ, ਅਫਗਾਨ ਸੰਸਦ ਦੇ ਇੱਕੋ-ਇੱਕ ਸਿੱਖ ਮੈਂਬਰ ਅਵਤਾਰ ਸਿੰਘ ਖਾਲਸਾ ਦਾ ਜਲਾਲਾਬਾਦ ਵਿੱਚ ਕਤਲ ਕਰ ਦਿੱਤਾ ਗਿਆ। ਉਨ੍ਹਾਂ ਦੇ ਪੁੱਤਰ ਨਰਿੰਦਰ ਸਿੰਘ, ਜੋ ਸੰਸਦ ਮੈਂਬਰ ਬਣੇ, ਨੂੰ ਵੀ 2021 ਵਿੱਚ ਤਾਲਿਬਾਨ ਦੀ ਵਾਪਸੀ ਤੋਂ ਬਾਅਦ ਭਾਰਤ ਪਰਵਾਸ ਕਰਨਾ ਪਿਆ। 2020 ਦੀਆਂ ਰਿਪੋਰਟਾਂ ਅਨੁਸਾਰ, ਅਫਗਾਨਿਸਤਾਨ ਵਿੱਚ ਸਿੱਖ ਅਤੇ ਹਿੰਦੂ ਆਬਾਦੀ 1,000 ਤੋਂ ਵੀ ਘੱਟ ਰਹਿ ਗਈ। 25 ਮਾਰਚ 2020 ਨੂੰ ਕਾਬੁਲ ਦੇ ਸ਼ੋਰ ਬਜ਼ਾਰ ਵਿੱਚ ਗੁਰਦੁਆਰਾ ਗੁਰੂ ਹਰਿ ਰਾਏ ਸਾਹਿਬ 'ਤੇ ਹੋਏ ਅੱਤਵਾਦੀ ਹਮਲੇ ਨੇ 27 ਸਿੱਖਾਂ ਦੀ ਜਾਨ ਲੈ ਲਈ। 2021 ਵਿੱਚ ਤਾਲਿਬਾਨ ਦੀ ਵਾਪਸੀ ਨੇ ਸਿੱਖਾਂ ਦੀ ਸਥਿਤੀ ਨੂੰ ਹੋਰ ਨਾਜ਼ੁਕ ਕਰ ਦਿੱਤਾ। ਅੱਜ, 2025 ਵਿੱਚ, ਅੰਦਾਜ਼ੇ ਅਨੁਸਾਰ ਸਿਰਫ਼ 200 ਦੇ ਕਰੀਬ ਸਿੱਖ ਪਰਿਵਾਰ ਹੀ ਅਫਗਾਨਿਸਤਾਨ 'ਚ ਰਹਿ ਗਏ ਹਨ। ਜ਼ਿਆਦਾਤਰ ਸਿੱਖ ਭਾਰਤ, ਕੈਨੇਡਾ, ਯੂ.ਕੇ. ਅਤੇ ਅਮਰੀਕਾ ਵਿੱਚ ਵਸ ਗਏ, ਜਿਥੇ ਉਨ੍ਹਾਂ ਨੇ ਨਵੀਆਂ ਜੜ੍ਹਾਂ ਜਮਾਈਆਂ।

## ਮੈਡੀਕਲ ਸਟੋਰ ਤੋਂ ਡੇਢ ਲੱਖ ਰੁਪਏ ਲੁੱਟ ਕੇ ਫ਼ਰਾਰ ਹੋਏ ਨਕਾਬਪੋਸ਼



ਮੁਕਤਸਰ ਸਾਹਿਬ-ਹਥਿਆਰਬੰਦ ਲੁਟੇਰਿਆਂ ਨੇ ਦੁਪਹਿਰ ਦੇ ਕਰੀਬ ਸ਼ਹਿਰ ਦੇ ਮਾਲ ਗੋਦਾਮ ਰੋਡ 'ਤੇ ਓਵਰਬ੍ਰਿਜ ਦੇ ਹੇਠਾਂ ਆਪਨਾ ਮੈਡੀਕਲ ਹਾਲ ਵਿੱਚ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਲੁਟੇਰਿਆਂ ਕੋਲ ਪਿਸਤੌਲ ਅਤੇ ਤੇਜ਼ਧਾਰ ਹਥਿਆਰ ਸਨ ਅਤੇ ਉਨ੍ਹਾਂ ਦੇ ਮੂੰਹ ਕੱਪੜੇ ਨਾਲ ਢੱਕੇ ਹੋਏ ਸਨ। ਲੁਟੇਰਿਆਂ ਨੇ ਪਹਿਲਾਂ ਦੁਕਾਨਦਾਰ ਤੋਂ ਦਵਾਈ ਖਰੀਦੀ ਅਤੇ ਫਿਰ ਉਸਨੂੰ ਇੱਕ ਪਿਸਤੌਲ ਅਤੇ ਇੱਕ ਚਾਕੂ ਦਿਖਾਇਆ ਅਤੇ ਪੈਸੇ ਮੰਗੇ। ਜਦੋਂ ਦੁਕਾਨਦਾਰ ਨੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ, ਤਾਂ ਲੁਟੇਰਿਆਂ ਵਿੱਚੋਂ ਇੱਕ ਨੇ ਦੁਕਾਨਦਾਰ ਦੇ ਸੱਜੇ ਹੱਥ ਅਤੇ ਮੋਢੇ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ ਅਤੇ ਕੈਸ਼ ਬਾਕਸ ਵਿੱਚ ਪਈ 1.5 ਲੱਖ ਰੁਪਏ ਦੀ ਨਕਦੀ ਅਤੇ ਦੁਕਾਨਦਾਰ ਦਾ ਮੋਬਾਈਲ ਫੋਨ ਖੋਹ ਕੇ ਭੱਜ ਗਏ। ਇਹ ਘਟਨਾ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਹੈ। ਘਟਨਾ ਤੋਂ ਬਾਅਦ ਦੁਕਾਨਦਾਰ ਨੂੰ ਜ਼ਖ਼ਮੀ ਹਾਲਤ ਵਿੱਚ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਜਿੱਥੋਂ ਉਸਨੂੰ ਅੱਗੇ ਬਠਿੰਡਾ ਰੈਫਰ ਕਰ ਦਿੱਤਾ ਗਿਆ ਹੈ। ਦੂਜੇ ਪਾਸੇ, ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਅੰਮ੍ਰਿਤਸਰ ਦੇ ਹਵਾਈ ਅੱਡੇ ਤੋਂ 41,400 ਅਮਰੀਕੀ ਡਾਲਰ ਫੜੇ



ਅੰਮ੍ਰਿਤਸਰ-ਡਾਇਰੈਕਟੋਰੇਟ ਰੈਵੀਨਿਊ ਇੰਟੈਲੀਜੈਂਸ ਨੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਵਿਦੇਸ਼ ਤੋਂ ਆਏ ਇਕ ਯਾਤਰੀ ਤੋਂ 41,400 ਅਮਰੀਕੀ ਡਾਲਰ ਦੀ ਵਿਦੇਸ਼ੀ ਕਰੰਸੀ ਬਰਾਮਦ ਕੀਤੀ ਹੈ। ਭਾਰਤੀ ਮੁਦਰਾ ਵਿਚ ਇਸ ਦੀ ਕੀਮਤ 35.40 ਲੱਖ ਰੁਪਏ ਹੈ। ਖੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਡੀਆਰਆਈ ਅੰਮ੍ਰਿਤਸਰ ਦੀ ਖੇਤਰੀ ਇਕਾਈ ਦੇ ਅਧਿਕਾਰੀਆਂ ਨੇ 29 ਮਈ ਨੂੰ ਏਅਰ ਇੰਡੀਆ ਐਕਸਪ੍ਰੈਸ ਫਲਾਈਟ ਰਾਹੀਂ ਦੁਬਈ ਤੋਂ ਆਏ ਇਕ ਯਾਤਰੀ ਨੂੰ ਹਵਾਈ ਅੱਡੇ 'ਤੇ ਰੋਕਿਆ। ਇਸ ਤੋਂ ਬਾਅਦ ਜਦੋਂ ਉਸ ਦੇ ਸਾਮਾਨ ਦੀ ਜਾਂਚ ਕੀਤੀ ਗਈ ਤਾਂ ਸਾਮਾਨ ਵਿਚ ਲੁਕਾਈ ਗਈ 41,400 ਅਮਰੀਕੀ ਡਾਲਰ ਦੀ ਵਿਦੇਸ਼ੀ ਕਰੰਸੀ ਬਰਾਮਦ ਹੋਈ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਵਿੱਤੀ ਲਾਭ ਹਾਸਲ ਕਰਨ ਲਈ ਵਿਦੇਸ਼ੀ ਕਰੰਸੀ ਦੀ ਤਸਕਰੀ ਕਰ ਰਿਹਾ ਸੀ।

# ਅੰਮ੍ਰਿਤਸਰ ਵਿਚ ਮੁੜ ਵਧੀਆਂ ਰੌਣਕਾਂ : ਸ੍ਰੀ ਦਰਬਾਰ ਸਾਹਿਬ 'ਤੇ ਸੰਗਤਾਂ ਦੀ ਭਰਮਾਰ

## ✪ ਕਾਰੋਬਾਰ ਨੇ ਫੜੀ ਰਫ਼ਤਾਰ, ਹੋਟਲਾਂ ਵਿਚ ਬੁਕਿੰਗ 40 ਫੀਸਦੀ ਤੱਕ ਪਹੁੰਚੀ

ਅੰਮ੍ਰਿਤਸਰ-ਭਾਰਤ-ਪਾਕਿ ਤਣਾਅ ਤੋਂ ਬਾਅਦ ਅੰਮ੍ਰਿਤਸਰ ਦੀਆਂ ਗਲੀਆਂ ਵਿਚ ਮੁੜ ਰੌਣਕਾਂ ਪਰਤ ਆਈਆਂ ਹਨ। ਸ੍ਰੀ ਦਰਬਾਰ ਸਾਹਿਬ 'ਤੇ ਸੰਗਤਾਂ ਦੀ ਗਿਣਤੀ ਵਧਣ ਲੱਗੀ ਹੈ, ਹਵਾਈ ਅੱਡੇ 'ਤੇ ਯਾਤਰੀਆਂ ਦੀ ਆਵਾਜਾਈ ਨੇ ਜ਼ੋਰ ਫੜਿਆ, ਹੋਟਲਾਂ ਵਿਚ ਬੁਕਿੰਗ 40 ਫੀਸਦੀ ਤੱਕ ਪਹੁੰਚ ਗਈ, ਤੇ ਅਟਾਰੀ-ਵਾਹਗਾ ਸਰਹੱਦ 'ਤੇ ਰਿਟਰੀਟ ਸੈਰੇਮਨੀ 'ਚ 10 ਹਜ਼ਾਰ ਦਰਸ਼ਕਾਂ ਦੀ ਭੀੜ ਸ਼ੁਰੂ ਹੋ ਗਈ। ਸ਼ਹਿਰ ਦੀ ਅਰਥਵਿਵਸਥਾ ਮੁੜ ਪੱਟੜੀ 'ਤੇ ਆਉਂਦੀ ਨਜ਼ਰ ਆ ਰਹੀ ਹੈ।

### ਸ੍ਰੀ ਦਰਬਾਰ ਸਾਹਿਬ 'ਤੇ ਸੰਗਤਾਂ ਦੀ ਭੀੜ ਵਧੀ

ਸ੍ਰੀ ਦਰਬਾਰ ਸਾਹਿਬ, ਸਿੱਖਾਂ ਦਾ ਪਵਿੱਤਰ ਅਸਥਾਨ, 'ਤੇ ਸੰਗਤਾਂ ਦੀ ਗਿਣਤੀ 'ਚ ਚੰਗਾ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਰੋਜ਼ਾਨਾ 1 ਲੱਖ ਤੋਂ ਵੱਧ ਸੰਗਤਾਂ ਦਰਸ਼ਨਾਂ ਲਈ ਪਹੁੰਚਦੀਆਂ ਹਨ, ਪਰ ਗੁਰਪੁਰਬ ਜਾਂ ਖਾਸ ਮੌਕਿਆਂ 'ਤੇ ਇਹ ਅੰਕੜਾ ਹੋਰ ਵਧ ਜਾਂਦਾ ਹੈ। ਭਾਰਤ-ਪਾਕਿ ਤਣਾਅ ਦੌਰਾਨ ਸੰਗਤਾਂ ਦੀ ਗਿਣਤੀ 'ਵਿਚ ਕਮੀ ਆਈ ਸੀ, ਪਰ ਹੁਣ ਪਹਿਲਾਂ ਵਾਲੀਆਂ ਰੌਣਕਾਂ ਮੁੜ ਬਹਾਲ ਹੋ ਰਹੀਆਂ ਹਨ। ਸੰਗਤਾਂ ਦੀ ਵਧਦੀ ਗਿਣਤੀ ਨੇ ਸਥਾਨਕ ਕਾਰੋਬਾਰੀਆਂ ਦੇ ਚਿਹਰਿਆਂ 'ਤੇ ਵੀ ਮੁਸਕਾਨ ਲਿਆਂਦੀ ਹੈ।



### ਹਵਾਈ ਅੱਡੇ 'ਤੇ ਯਾਤਰੀਆਂ ਦੀ ਆਵਾਜਾਈ ਨੇ ਫੜਿਆ ਜ਼ੋਰ

ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਯਾਤਰੀਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਤਣਾਅ ਤੋਂ ਪਹਿਲਾਂ ਹਫਤਾਵਾਰੀ 68 ਹਜ਼ਾਰ ਦੇ ਕਰੀਬ ਯਾਤਰੀਆਂ ਦੀ ਆਵਾਜਾਈ ਸੀ, ਜੋ ਮਈ 'ਚ ਬੰਦ ਹੋਣ ਤੋਂ ਬਾਅਦ 23,777 ਤੱਕ ਸੁੰਗੜ ਗਈ ਸੀ। ਹੁਣ 20-26 ਮਈ ਦੌਰਾਨ 374 ਉਡਾਣਾਂ ਰਾਹੀਂ 49,146 ਯਾਤਰੀਆਂ ਨੇ ਯਾਤਰਾ ਕੀਤੀ। ਸਮੀਪ ਸਿੰਘ, ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ, ਮੁਤਾਬਕ 80 ਫੀਸਦੀ ਉਡਾਣਾਂ ਬਹਾਲ ਹੋ ਚੁੱਕੀਆਂ ਹਨ, ਜਿਸ ਨਾਲ ਯਾਤਰੀਆਂ ਦੀ ਗਿਣਤੀ ਜਲਦੀ ਹੀ ਪਹਿਲਾਂ ਵਾਲੇ ਪੱਧਰ 'ਤੇ ਪਹੁੰਚ ਜਾਵੇਗੀ।

### ਹੋਟਲਾਂ ਵਿਚ 40 ਫੀਸਦੀ ਬੁਕਿੰਗ, 60 ਫੀਸਦੀ ਦੀ ਉਮੀਦ

ਸ਼ਹਿਰ ਦੇ ਹੋਟਲ ਤੇ ਗੈਸਟ ਹਾਊਸ 'ਚ ਮੁੜ ਸੈਲਾਨੀਆਂ ਦੀ ਚਹਿਲ-ਪਹਿਲ ਵਧਣ ਲੱਗੀ ਹੈ। ਫੈਡਰੇਸ਼ਨ ਆਫ ਹੋਟਲ ਐਂਡ ਗੈਸਟ ਹਾਊਸ ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਨੇ ਦੱਸਿਆ ਕਿ 40 ਫੀਸਦੀ ਬੁਕਿੰਗ ਹੋ ਰਹੀ ਹੈ, ਜੋ ਪਹਿਲਾਂ ਦੇ ਮੁਕਾਬਲੇ ਵੱਡੀ ਗੱਲ ਹੈ। ਤਣਾਅ ਦੌਰਾਨ ਗੁਜਰਾਤ ਤੇ ਮਹਾਰਾਸ਼ਟਰ ਦੇ ਸੈਲਾਨੀਆਂ ਨੇ ਬੁਕਿੰਗ ਰੱਦ ਕਰ ਦਿੱਤੀਆਂ ਸਨ, ਪਰ ਹੁਣ ਪੰਜਾਬ, ਦਿੱਲੀ, ਰਾਜਸਥਾਨ ਤੇ ਕਲਕੱਤੇ ਤੋਂ ਸੈਲਾਨੀ ਆਉਣ ਲੱਗੇ ਹਨ। ਸਤੰਬਰ-ਅਕਤੂਬਰ ਵਿਚ ਬੁਕਿੰਗ 60 ਫੀਸਦੀ ਤੱਕ ਜਾਣ ਦੀ ਉਮੀਦ ਹੈ।

### ਕਾਰੋਬਾਰ ਵਿਚ ਆਈ ਤੇਜ਼ੀ, ਅਟਾਰੀ-ਵਾਹਗਾ 'ਤੇ ਰਿਟਰੀਟ ਸੈਰੇਮਨੀ ਦਾ ਜਾਦੂ

ਅੰਮ੍ਰਿਤਸਰ ਦੇ ਕਾਰੋਬਾਰ ਵਿਚ ਵੀ ਜਾਨ ਪੈਣ ਲੱਗੀ ਹੈ। ਸੈਰ-ਸਪਾਟੇ ਨਾਲ ਜੁੜੇ ਵਪਾਰੀਆਂ, ਜਿਵੇਂ ਰੈਸਟੋਰੈਂਟ, ਦੁਕਾਨਾਂ ਤੇ ਟਰੈਵਲ ਏਜੰਸੀਆਂ, ਨੂੰ ਸੰਗਤਾਂ ਤੇ ਸੈਲਾਨੀਆਂ ਦੀ ਵਧਦੀ ਗਿਣਤੀ ਨਾਲ ਫਾਇਦਾ ਹੋ ਰਿਹਾ ਹੈ। ਅਟਾਰੀ-ਵਾਹਗਾ ਸਰਹੱਦ 'ਤੇ ਰਿਟਰੀਟ ਸੈਰੇਮਨੀ ਮੁੜ ਸ਼ੁਰੂ ਹੋਣ ਨਾਲ 10 ਹਜ਼ਾਰ ਦਰਸ਼ਕਾਂ ਦੀ ਭੀੜ ਨੇ ਸੈਰ-ਸਪਾਟੇ ਨੂੰ ਹੁਲਾਰਾ ਦਿੱਤਾ ਹੈ। ਸਥਾਨਕ ਵਪਾਰੀਆਂ ਮੁਤਾਬਕ, ਸੈਲਾਨੀਆਂ ਦੀ ਵਧਦੀ ਆਮਦ ਨੇ ਬਾਜ਼ਾਰਾਂ ਵਿਚ ਰੌਣਕਾਂ ਲਿਆਂਦੀਆਂ ਹਨ, ਜਿਸ ਨਾਲ ਅਰਥਵਿਵਸਥਾ ਨੇ 30-40 ਫੀਸਦੀ ਦੀ ਰਫ਼ਤਾਰ ਫੜ ਲਈ ਹੈ।

# ਧਰਮ ਬਦਲੀ ਦਾ ਜਾਲ ਤੇ ਜਾਸੂਸੀ ਦੀ ਸਾਜ਼ਿਸ਼: ਕੀ ਲਾਲਚ ਨੇ ਈਸਾਈ ਬਣਾਏ ਜਾਸੂਸ ?

ਨਿਊਜ਼ ਸਟੋਰੀ

## ✪ ਪਹਿਲਾ ਦਲਿਤਾਂ ਤੋਂ ਈਸਾਈ ਬਣੇ, ਬਾਅਦ ਵਿਚ ਜਸੂਸ ✪ ਕੀ ਧਰਮ ਬਦਲੀ ਪਿੱਛੇ ਲਾਲਚ ਦਾ ਹੱਥ ਹੈ ? ✪ ਕੀ ਆਈਐਸਆਈ ਜਾਣ ਬੁੱਝ ਕੇ ਅਜਿਹੇ ਲੋਕਾਂ ਨੂੰ ਨਿਸ਼ਾਨਾ ਬਣਾਉਂਦੀ ਹੈ ?

ਭਾਰਤ-ਪਾਕਿਸਤਾਨ ਸਰਹੱਦ ਦੇ ਨੇੜੇ ਅੰਮ੍ਰਿਤਸਰ ਦੇ ਅਜਨਾਲਾ ਸੈਕਟਰ ਵਿੱਚ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ ਲਈ ਜਾਸੂਸੀ ਕਰਨ ਦੇ ਦੋਸ਼ ਵਿੱਚ ਫੜੇ ਗਏ ਫਲਕਸ਼ੇਰ ਮਸੀਹ ਅਤੇ ਸੂਰਜ ਮਸੀਹ ਦੀ ਗ੍ਰਿਫਤਾਰੀ ਨੇ ਸੁਰੱਖਿਆ ਏਜੰਸੀਆਂ ਅਤੇ ਸਮਾਜਿਕ ਮਾਹੌਲ ਵਿੱਚ ਇੱਕ ਵੱਡੀ ਚਰਚਾ ਛੇੜ ਦਿੱਤੀ ਹੈ। ਇਹ ਮਾਮਲਾ ਸਿਰਫ਼ ਜਾਸੂਸੀ ਤੱਕ ਸੀਮਤ ਨਹੀਂ, ਸਗੋਂ ਇਸ ਨੇ ਧਰਮ ਪਰਿਵਰਤਨ, ਲਾਲਚ, ਅਤੇ ਸਰਹੱਦੀ ਖੇਤਰਾਂ ਵਿੱਚ ਆਈਐਸਆਈ ਦੀਆਂ ਸਾਜ਼ਿਸ਼ਾਂ ਦੇ ਗੂੜ੍ਹੇ ਸਬੰਧਾਂ ਨੂੰ ਵੀ ਸਾਹਮਣੇ ਲਿਆਂਦਾ ਹੈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਦੋਵੇਂ ਮੁਲਜ਼ਮ ਦਲਿਤ ਭਾਈਚਾਰੇ ਨਾਲ ਸਬੰਧਤ ਸਨ, ਜਿਨ੍ਹਾਂ ਨੇ ਬਾਅਦ ਵਿੱਚ ਈਸਾਈ ਧਰਮ ਅਪਣਾਇਆ ਅਤੇ ਫਿਰ ਆਈਐਸਆਈ ਦੇ ਜਾਲ ਵਿੱਚ ਫਸ ਕੇ ਜਾਸੂਸੀ ਦੀ ਦੁਨੀਆਂ ਵਿੱਚ ਉਤਰ ਗਏ।

### ਇਸ ਘਟਨਾ ਨੇ ਸਵਾਲ ਖੜ੍ਹੇ ਕੀਤੇ ਹਨ

2 ਮਈ, 2025 ਨੂੰ ਅੰਮ੍ਰਿਤਸਰ ਦੇ ਅਜਨਾਲਾ ਸੈਕਟਰ ਵਿੱਚ ਫਲਕਸ਼ੇਰ ਮਸੀਹ ਅਤੇ ਸੂਰਜ ਮਸੀਹ ਨੂੰ ਪੰਜਾਬ ਪੁਲਿਸ ਅਤੇ ਭਾਰਤੀ ਖੁਫੀਆ ਏਜੰਸੀਆਂ ਨੇ ਗ੍ਰਿਫਤਾਰ ਕੀਤਾ। ਜਾਂਚ ਵਿੱਚ ਪਤਾ ਲੱਗਾ ਕਿ ਇਹ ਦੋਵੇਂ ਵਿਅਕਤੀ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ ਦੇ ਏਜੰਟਾਂ 'ਚਾਚਾ' ਅਤੇ 'ਪਠਾਨ' ਦੇ ਸੰਪਰਕ ਵਿੱਚ ਸਨ। ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇਨ੍ਹਾਂ ਨੂੰ ਪਹਿਲਾਂ ਪੈਸਿਆਂ ਦਾ ਲਾਲਚ ਦਿੱਤਾ ਗਿਆ ਅਤੇ ਬਾਅਦ ਵਿੱਚ ਵਿਦੇਸ਼ ਭੇਜਣ ਦਾ ਝਾਂਸਾ ਵੀ ਦਿੱਤਾ ਗਿਆ। ਇਸ ਤੋਂ ਵੀ ਹੈਰਾਨੀਜਨਕ ਇਹ ਸੀ ਕਿ ਦੋਵੇਂ ਮੁਲਜ਼ਮ ਪਾਕਿਸਤਾਨ ਵਿੱਚ ਈਸਾਈਆਂ 'ਤੇ ਹੋਣ ਵਾਲੇ ਅੱਤਿਆਚਾਰਾਂ ਤੋਂ ਚੰਗੀ ਤਰ੍ਹਾਂ ਜਾਣੂ ਸਨ, ਪਰ ਫਿਰ ਵੀ ਉਹ ਆਈਐਸਆਈ ਦੇ ਜਾਲ ਵਿੱਚ ਫਸ ਗਏ।

ਇਹ ਪਹਿਲਾ ਮਾਮਲਾ ਨਹੀਂ ਹੈ। ਇਸ ਤੋਂ ਪਹਿਲਾਂ ਸਤੰਬਰ 2024 ਵਿੱਚ ਚੰਡੀਗੜ੍ਹ ਵਿੱਚ ਇੱਕ ਸੇਵਾਮੁਕਤ ਪੁਲਿਸ ਅਧਿਕਾਰੀ ਦੇ ਘਰ 'ਤੇ ਗ੍ਰਨੇਡ ਹਮਲੇ ਦੇ ਮਾਮਲੇ ਵਿੱਚ ਵੀ ਅੰਮ੍ਰਿਤਸਰ ਦੇ ਰਾਮਦਾਸ ਦੇ ਰੋਹਨ ਮਸੀਹ ਅਤੇ ਗੁਰਦਾਸਪੁਰ ਦੇ ਪਿੰਡ ਰਾਇਮਲ ਦੇ ਵਿਸ਼ਾਲ ਮਸੀਹ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਜੰਡਿਆਲਾ ਗੁਰੂ ਦੇ ਡੈਨੀ ਅਤੇ ਉਸ ਦੇ ਨਾਬਾਲਗ ਭਰਾ ਨੂੰ ਅਜਨਾਲਾ ਥਾਣੇ ਵਿੱਚ ਆਈਈਡੀ ਲਗਾਉਣ ਅਤੇ ਕੋਟ ਖਾਲਸਾ ਪੁਲਿਸ ਚੌਕੀ ਦੇ ਬਾਹਰ ਗ੍ਰਨੇਡ ਸੁੱਟਣ ਦੇ ਦੋਸ਼ਾਂ ਵਿੱਚ ਫੜਿਆ ਗਿਆ।

ਇਹ ਸਾਰੇ ਦਲਿਤ ਭਾਈਚਾਰੇ ਵਿਚੋਂ ਸਨ, ਜਿਨ੍ਹਾਂ ਨੇ ਈਸਾਈ ਧਰਮ ਅਪਣਾਇਆ ਅਤੇ ਬਾਅਦ ਵਿੱਚ ਅੱਤਵਾਦੀ ਜਾਂ ਜਾਸੂਸੀ ਗਤੀਵਿਧੀਆਂ ਵਿੱਚ ਸ਼ਾਮਲ ਹੋਏ। ਇਨ੍ਹਾਂ ਮਾਮਲਿਆਂ ਨੇ ਇੱਕ ਮਹੱਤਵਪੂਰਨ ਸਵਾਲ ਖੜ੍ਹਾ ਕੀਤਾ ਹੈ: ਕੀ ਧਰਮ ਪਰਿਵਰਤਨ ਅਤੇ ਜਾਸੂਸੀ



ਵਿੱਚ ਕੋਈ ਸਿੱਧਾ ਸਬੰਧ ਹੈ ? ਜਾਂਚ ਅਧਿਕਾਰੀਆਂ ਅਨੁਸਾਰ, ਫਲਕਸ਼ੇਰ ਅਤੇ ਸੂਰਜ ਵਰਗੇ ਵਿਅਕਤੀਆਂ ਨੂੰ ਆਈਐਸਆਈ ਨੇ ਜਾਣਬੁੱਝ ਕੇ ਨਿਸ਼ਾਨਾ ਬਣਾਇਆ। ਇਹ ਲੋਕ ਸਮਾਜਿਕ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਨਾਲ ਸਬੰਧਤ ਸਨ, ਜਿਸ ਕਾਰਨ ਉਨ੍ਹਾਂ ਨੂੰ ਪੈਸੇ ਅਤੇ ਵਿਦੇਸ਼ ਜਾਣ ਦੇ ਲਾਲਚ ਵਿੱਚ ਫਸਾਉਣਾ ਸੌਖਾ ਸੀ।

ਖੁਫੀਆ ਏਜੰਸੀਆਂ ਦਾ ਮੰਨਣਾ ਹੈ ਕਿ ਆਈਐਸਆਈ ਅਕਸਰ ਅਜਿਹੇ ਵਿਅਕਤੀਆਂ ਨੂੰ ਚੁਣਦੀ ਹੈ, ਜੋ ਸਮਾਜਿਕ ਤੌਰ 'ਤੇ ਹਾਸ਼ੀਏ 'ਤੇ ਹੋਣ ਜਾਂ ਜਿਨ੍ਹਾਂ ਦੀ ਆਰਥਿਕ ਸਥਿਤੀ ਕਮਜ਼ੋਰ ਹੋਵੇ। ਧਰਮ ਪਰਿਵਰਤਨ ਦੀ ਪ੍ਰਕਿਰਿਆ ਵਿੱਚ ਵੀ ਅਜਿਹੇ ਲੋਕਾਂ ਨੂੰ ਵਿੱਤੀ ਸਹਾਇਤਾ ਜਾਂ ਸਮਾਜਿਕ ਸੁਰੱਖਿਆ ਦਾ ਲਾਲਚ ਦਿੱਤਾ ਜਾਂਦਾ ਹੈ, ਜੋ ਬਾਅਦ ਵਿੱਚ ਜਾਸੂਸੀ ਜਾਂ ਅੱਤਵਾਦੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦਾ ਕਾਰਨ ਬਣਦਾ ਹੈ।

ਪੰਜਾਬ ਵਿੱਚ ਧਰਮ ਪਰਿਵਰਤਨ ਦਾ ਮੁੱਦਾ ਪਹਿਲਾਂ ਵੀ ਵਿਵਾਦਾਂ ਦਾ ਹਿੱਸਾ ਰਿਹਾ ਹੈ। 2014 ਵਿੱਚ ਰਿਪੋਰਟਾਂ ਅਨੁਸਾਰ, ਕਰੀਬ 8000 ਈਸਾਈਆਂ ਨੂੰ ਸਿੱਖ ਧਰਮ ਵਿੱਚ ਵਾਪਸ ਸ਼ਾਮਲ ਕਰਵਾਇਆ ਗਿਆ ਸੀ। ਉਸ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜਬਰੀ ਧਰਮ ਪਰਿਵਰਤਨ ਦੇ ਖਿਲਾਫ ਸਖਤ ਰੁਖ ਅਪਣਾਇਆ ਸੀ। ਅਕਾਲ ਤਖਤ ਦੇ ਜਥੇਦਾਰ ਨੇ ਵੀ 2022 ਵਿੱਚ ਧਰਮ ਬਦਲੀ, ਤਾਂਤਰਿਕ ਟਾਈਪ ਪਾਸਟਰਾਂ ਨੂੰ ਸਿੱਖਾਂ ਅਤੇ ਹਿੰਦੂਆਂ ਲਈ 'ਖਤਰਾ' ਦੱਸਦਿਆਂ ਧਰਮ ਪਰਿਵਰਤਨ ਵਿਰੁੱਧ ਕਾਨੂੰਨ ਦੀ ਮੰਗ ਕੀਤੀ ਸੀ।

### ਲਾਲਚ ਦੀ ਭੂਮਿਕਾ : ਪੈਸੇ ਅਤੇ ਵਿਦੇਸ਼ ਦਾ ਝਾਂਸਾ

ਫਲਕਸ਼ੇਰ ਮਸੀਹ ਦੀ ਪੁੱਛਗਿੱਛ ਵਿੱਚ ਸਾਹਮਣੇ ਆਇਆ ਕਿ ਆਈਐਸਆਈ ਨੇ ਉਸ ਨੂੰ ਪਹਿਲਾਂ ਪੈਸੇ ਦੀ ਪੇਸ਼ਕਸ਼ ਕੀਤੀ ਅਤੇ ਬਾਅਦ ਵਿੱਚ ਵਿਦੇਸ਼ ਭੇਜਣ ਦਾ ਵਾਅਦਾ ਕੀਤਾ। ਪਾਕਿਸਤਾਨ ਵਿੱਚ ਈਸਾਈਆਂ 'ਤੇ ਹੋਣ ਵਾਲੇ ਅੱਤਿਆਚਾਰਾਂ ਦੀ ਜਾਣਕਾਰੀ ਦੇ ਬਾਵਜੂਦ, ਇਹ ਵਿਅਕਤੀ ਆਈਐਸਆਈ ਦੇ ਏਜੰਟਾਂ ਦੇ ਸੰਪਰਕ ਵਿੱਚ ਰਹੇ, ਜੋ ਇਸ ਗੱਲ ਦਾ ਸੰਕੇਤ ਹੈ ਕਿ ਲਾਲਚ ਨੇ ਉਨ੍ਹਾਂ ਦੀ ਸੋਚ 'ਤੇ ਹਾਵੀ ਹੋਣ ਦੀ ਭੂਮਿਕਾ ਨਿਭਾਈ। ਇਸ ਤਰ੍ਹਾਂ ਦੀਆਂ ਘਟਨਾਵਾਂ ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਵਧੇਰੇ ਦੇਖਣ ਨੂੰ ਮਿਲਦੀਆਂ ਹਨ, ਜਿੱਥੇ ਸਮਾਜਿਕ ਅਤੇ ਆਰਥਿਕ ਅਸਮਾਨਤਾਵਾਂ ਜ਼ਿਆਦਾ ਹਨ।

ਪੰਜਾਬ ਵਿੱਚ ਇਸ ਤਰ੍ਹਾਂ ਦੇ ਮਾਮਲੇ ਪਹਿਲਾਂ ਵੀ ਸਾਹਮਣੇ ਆਏ ਹਨ। ਉਦਾਹਰਣ ਵਜੋਂ, 2024 ਵਿੱਚ ਚੰਡੀਗੜ੍ਹ ਵਿੱਚ ਗ੍ਰਨੇਡ ਹਮਲੇ ਅਤੇ ਅਜਨਾਲਾ ਵਿੱਚ ਆਈਈਡੀ ਲਗਾਉਣ ਦੀਆਂ ਘਟਨਾਵਾਂ ਵਿੱਚ ਵੀ ਸਮਾਨ ਪੈਟਰਨ ਦੇਖਣ ਨੂੰ ਮਿਲਿਆ। ਰੋਹਨ ਮਸੀਹ, ਵਿਸ਼ਾਲ ਮਸੀਹ, ਅਤੇ ਡੈਨੀ ਵਰਗੇ ਵਿਅਕਤੀਆਂ ਦੀ ਗ੍ਰਿਫਤਾਰੀ ਨੇ ਸੁਰੱਖਿਆ ਏਜੰਸੀਆਂ ਨੂੰ ਹੋਰ ਸੁਚੇਤ ਕਰ ਦਿੱਤਾ ਹੈ। ਹਾਲਾਂਕਿ, ਅਜਿਹੇ ਮਾਮਲਿਆਂ ਦੀ ਸਹੀ ਸੰਖਿਆ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ, ਕਿਉਂਕਿ ਸਾਰੇ ਮਾਮਲੇ ਜਨਤਕ ਨਹੀਂ ਹੁੰਦੇ। ਖੁਫੀਆ ਏਜੰਸੀਆਂ ਦੇ ਅਨੁਸਾਰ, ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਅਜਿਹੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਲਈ ਵਿਸ਼ੇਸ਼ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ।

ਭਾਰਤੀ ਖੁਫੀਆ ਏਜੰਸੀਆਂ, ਜਿਵੇਂ ਕਿ ਰਾਅ ਅਤੇ ਆਈਬੀ, ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਧਰਮ ਪਰਿਵਰਤਨ ਅਤੇ ਜਾਸੂਸੀ ਗਤੀਵਿਧੀਆਂ 'ਤੇ ਤਿੱਖੀ ਨਜ਼ਰ ਰੱਖ ਰਹੀਆਂ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਆਈਐਸਆਈ ਦੀ ਰਣਨੀਤੀ ਵਿੱਚ ਸਮਾਜਿਕ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਨਿਸ਼ਾਨਾ ਬਣਾਉਣਾ ਸ਼ਾਮਲ ਹੈ। ਸਰਹੱਦੀ ਖੇਤਰਾਂ ਵਿੱਚ ਸੁਰੱਖਿਆ ਬਲਾਂ ਨੂੰ ਵਿਸ਼ੇਸ਼ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਉਹ ਅਜਿਹੇ ਵਿਅਕਤੀਆਂ 'ਤੇ ਨਜ਼ਰ ਰੱਖਣ, ਜੋ ਅਚਾਨਕ ਆਰਥਿਕ ਸਥਿਤੀ ਵਿੱਚ ਸੁਧਾਰ ਜਾਂ ਸਮਾਜਿਕ ਵਰਤਾਰੇ ਵਿੱਚ ਬਦਲਾਅ ਦਿਖਾਉਂਦੇ ਹਨ।

ਇਸ ਮੁੱਦੇ ਨੂੰ ਹੱਲ ਕਰਨ ਲਈ ਸੁਰੱਖਿਆ ਏਜੰਸੀਆਂ ਦੇ ਨਾਲ-ਨਾਲ ਸਮਾਜਿਕ ਅਤੇ ਆਰਥਿਕ ਸੁਧਾਰਾਂ ਦੀ ਵੀ ਲੋੜ ਹੈ। ਪੰਜਾਬ ਵਿਚ ਬੇਰੁਜ਼ਗਾਰੀ ਦਾ ਸੰਕਟ ਦੂਰ ਕਰਨ ਦੀ ਲੋੜ ਹੈ। ਧਰਮ ਪਰਿਵਰਤਨ ਅਤੇ ਜਾਸੂਸੀ ਦੇ ਮਾਮਲਿਆਂ ਨੇ ਸਾਫ਼ ਕਰ ਦਿੱਤਾ ਹੈ ਕਿ ਇਹ ਸਿਰਫ਼ ਸੁਰੱਖਿਆ ਦਾ ਮੁੱਦਾ ਨਹੀਂ, ਸਗੋਂ ਸਮਾਜਿਕ ਅਤੇ ਆਰਥਿਕ ਨੀਤੀਆਂ ਦੀ ਅਸਫਲਤਾ ਦਾ ਨਤੀਜਾ ਵੀ ਹੈ। ਸਰਕਾਰ, ਨੂੰ ਇਸ ਸਮੱਸਿਆ ਦਾ ਹੱਲ ਲੱਭਣ ਦੀ ਜ਼ਰੂਰਤ ਹੈ, ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

## 73 ਸਾਲਾ ਬੁੱਢੀ ਨੂੰ ਲੈ ਬੈਠਾ ਵਿਆਹ ਦਾ ਚਾਅ !

# 57 ਲੱਖ ਰੁਪਏ ਦੀ ਠੱਗੀ ਵਜੀ

ਮੁੰਬਈ-ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ਵਿੱਚ ਇੱਕ ਵਿਅਕਤੀ ਨੇ ਵਿਆਹ ਦੇ ਬਹਾਨੇ 73 ਸਾਲਾ ਔਰਤ ਨਾਲ 57 ਲੱਖ ਰੁਪਏ ਤੋਂ ਵੱਧ ਦੀ ਠੱਗੀ ਮਾਰੀ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਵਿਸ਼ਨੂੰ ਨਗਰ ਪੁਲਸ ਸਟੇਸ਼ਨ ਦੇ ਇੰਸਪੈਕਟਰ ਵਿਵੇਕ ਕੁਮੁਤਕਰ ਨੇ ਦੱਸਿਆ ਕਿ ਪੀੜਤਾ ਡੋਂਬੀਵਾਲੀ ਇਲਾਕੇ ਦੇ ਨਾਨਾ ਸ਼ੰਕਰਸ਼ੇਤ ਰੋਡ 'ਤੇ ਇੱਕ ਰਿਹਾਇਸ਼ੀ ਕੰਪਲੈਕਸ ਵਿਚ ਰਹਿੰਦੀ ਹੈ। ਉਹ ਇੱਕ ਅਖਬਾਰ ਵਿੱਚ ਪ੍ਰਕਾਸ਼ਿਤ ਵਿਆਹ ਸੰਬੰਧੀ ਇਸ਼ਤਿਹਾਰ ਰਾਹੀਂ 62 ਸਾਲਾ ਦੋਸ਼ੀ ਨੂੰ ਮਿਲੀ। ਕੁਮੁਤਕਰ ਨੇ ਕਿਹਾ ਕਿ ਔਰਤ ਦਾ ਵਿਸ਼ਵਾਸ ਜਿੱਤਣ ਤੋਂ ਬਾਅਦ, ਦੋਸ਼ੀ ਨੇ ਉਸ ਨਾਲ ਵਿਆਹ ਕਰਨ ਦਾ ਵਾਅਦਾ ਕੀਤਾ ਅਤੇ ਉਸਨੂੰ ਪੁਣੇ ਵਿੱਚ ਸ਼ਾਂਤੀਪੂਰਨ ਜੀਵਨ ਜਿਊਣ ਦਾ ਸੁਪਨਾ ਦਿਖਾਇਆ। ਉਨ੍ਹਾਂ ਕਿਹਾ ਕਿ ਦੋਸ਼ੀ ਨੇ ਔਰਤ ਨੂੰ ਪੁਣੇ ਵਿਚ ਘਰ ਖਰੀਦਣ ਦੀ ਆਪਣੀ ਯੋਜਨਾ ਬਾਰੇ ਦੱਸਿਆ ਅਤੇ ਉਸਨੂੰ 35 ਲੱਖ ਰੁਪਏ ਆਪਣੇ ਖਾਤੇ 'ਚ ਭੇਜਣ ਲਈ ਰਾਜ਼ੀ ਕਰ ਲਿਆ। ਉਸ ਨੇ ਜਾਅਲੀ ਰਸੀਦਾਂ ਅਤੇ ਜਾਅਲੀ ਜਾਇਦਾਦ ਦੇ ਦਸਤਾਵੇਜ਼ ਦਿਖਾ ਕੇ ਔਰਤ ਨੂੰ ਭਰੋਸਾ ਦਿੱਤਾ। ਪੁਲਸ ਦੇ ਅਨੁਸਾਰ, ਦੋਸ਼ੀ ਕੁਝ ਸਮੇਂ ਲਈ ਔਰਤ ਦੇ ਘਰ ਵੀ ਰਿਹਾ ਤੇ ਇਸ ਦੌਰਾਨ ਉਸਨੇ ਲਗਭਗ 20 ਲੱਖ ਰੁਪਏ ਦੇ ਗਹਿਣੇ ਚੋਰੀ ਕਰ ਲਏ। ਦੋਸ਼ੀ ਨੇ ਔਰਤ ਦਾ ਡੈਬਿਟ ਕਾਰਡ ਵੀ ਚੋਰੀ ਕਰ ਲਿਆ ਅਤੇ ਉਸ ਵਿੱਚੋਂ 2.4 ਲੱਖ ਰੁਪਏ ਨਕਦ ਕਢਵਾ ਲਏ।

ਅਧਿਕਾਰੀ ਨੇ ਕਿਹਾ ਕਿ ਦੋਸ਼ੀ ਨੇ ਪਿਛਲੇ ਮਹੀਨੇ ਔਰਤ ਨਾਲ ਪੈਸੇ ਠੱਗਣ ਤੋਂ ਬਾਅਦ ਉਸ ਨਾਲ ਸੰਪਰਕ ਤੋੜ ਲਿਆ ਸੀ ਅਤੇ ਇਸ ਵੇਲੇ ਫਰਾਰ ਹੈ। ਪੀੜਤਾ ਦੀ ਸ਼ਿਕਾਇਤ 'ਤੇ ਪੁਲਸ ਨੇ ਦੋਸ਼ੀ ਵਿਰੁੱਧ ਭਾਰਤੀ ਦੰਡ ਸੰਹਿਤਾ ਦੀਆਂ ਧਾਰਾਵਾਂ ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਅਧਿਕਾਰੀ ਨੇ ਕਿਹਾ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਤੇ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।

**ਮਾਮਲਾ ਜਥੇਦਾਰ ਕਾਉਂਕੇ ਦੀ ਕਥਿਤ ਹਿਰਾਸਤੀ ਮੌਤ ਦਾ**

# 32 ਸਾਲਾਂ ਬੀਤਣ ਦੇ ਬਾਵਜੂਦ ਇਨਸਾਫ ਨਾ ਮਿਲਿਆ

**ਖਾਸ ਖ਼ਬਰ** ✪ **ਮਾਮਲਾ ਦੁਬਾਰਾ ਕੋਰਟ ਵਿਚ, ਪੰਜਾਬ ਪੁਲਿਸ ਨੂੰ ਨੋਟਿਸ ਜਾਰੀ ਕਰਕੇ 28 ਜੁਲਾਈ ਤੱਕ ਮੰਗਿਆ ਜਵਾਬ**

ਅਕਾਲ ਤਖਤ ਦੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੀ ਕਥਿਤ ਹਿਰਾਸਤੀ ਮੌਤ ਦਾ ਮਾਮਲਾ ਅੱਜ ਵੀ ਇਨਸਾਫ ਦੀ ਉਡੀਕ ਵਿੱਚ ਖੜ੍ਹਾ ਹੈ। 32 ਸਾਲ ਪਹਿਲਾਂ, 1992-93 ਦੇ ਸਮੇਂ ਵਿੱਚ, ਜਦੋਂ ਪੰਜਾਬ ਵਿਚ ਖਾੜਕਵਾਦ ਦੇ ਨਾਂ 'ਤੇ ਪੁਲਿਸ ਅਤੇ ਸਰਕਾਰੀ ਤਾਕਤਾਂ ਦੀ ਜ਼ਿਆਦਤੀਆਂ ਨੇ ਸਿੱਖ ਨੌਜਵਾਨਾਂ ਦੀ ਜ਼ਿੰਦਗੀ ਨੂੰ ਨਰਕ ਬਣਾਇਆ ਹੋਇਆ ਸੀ, ਜਥੇਦਾਰ ਕਾਉਂਕੇ ਦੀ ਗ੍ਰਿਫਤਾਰੀ ਅਤੇ ਫਿਰ ਉਸ ਦੀ ਰਹੱਸਮਈ ਮੌਤ ਨੇ ਸਿੱਖ ਪੰਥ ਦੇ ਜ਼ਖ਼ਮਾਂ ਨੂੰ ਹੋਰ ਡੂੰਘਾ ਕਰ ਦਿੱਤਾ। ਅੱਜ, ਇਸ ਘਟਨਾ ਦੇ 32 ਸਾਲ ਬਾਅਦ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਸ ਮਾਮਲੇ ਵਿਚ ਪੰਜਾਬ ਪੁਲਿਸ ਨੂੰ ਨੋਟਿਸ ਜਾਰੀ ਕਰਕੇ 28 ਜੁਲਾਈ 2025 ਤੱਕ ਜਵਾਬ ਮੰਗਿਆ ਹੈ। ਪਰ ਸਵਾਲ ਇਹ ਹੈ ਕਿ ਇਨਸਾਫ ਦੀ ਇਹ ਲੜਾਈ ਅਜੇ ਵੀ ਅਧੂਰੀ ਕਿਉਂ ਹੈ?

ਜਥੇਦਾਰ ਕਾਉਂਕੇ ਦੀ ਸ਼ਹਾਦਤ ਦਾ ਜ਼ਿੰਮੇਵਾਰ ਕੌਣ? -ਜਥੇਦਾਰ ਗੁਰਦੇਵ ਸਿੰਘ ਕਾਉਂਕੇ, ਜੋ 1986 ਤੋਂ 1993 ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਰਹੇ, ਸਿੱਖ ਪੰਥ ਦੀ ਇੱਕ ਅਹਿਮ ਪੰਥਕ ਸ਼ਖ਼ਸੀਅਤ ਸਨ। ਲੁਧਿਆਣਾ ਜ਼ਿਲ੍ਹੇ ਦੇ ਪਿੰਡ ਕਾਉਂਕੇ ਕਲਾਂ ਵਿਚ 1949 ਵਿਚ ਜਨਮੇ, ਉਹਨਾਂ ਨੇ ਛੋਟੀ ਉਮਰ ਵਿਚ ਹੀ ਅੰਮ੍ਰਿਤ ਛਕ ਕੇ ਸਿੱਖੀ ਦੇ ਰਾਹ 'ਤੇ ਪੱਕੇ ਕਦਮ ਰੱਖੇ। ਦਮਦਮੀ ਟਕਸਾਲ ਵਿਚ ਗੁਰਮਤਿ ਸਿੱਖਣ ਤੋਂ ਬਾਅਦ, ਉਹ ਪੰਥਕ ਸੇਵਾ ਵਿਚ ਜੁਟ ਗਏ। 1986 ਵਿਚ ਸਰਬੱਤ ਖ਼ਾਲਸਾ ਵਿਚ ਭਾਈ ਜਸਬੀਰ ਸਿੰਘ ਰੋਡੇ ਨੂੰ ਅਕਾਲ ਤਖ਼ਤ ਦਾ ਜਥੇਦਾਰ ਥਾਪਿਆ ਗਿਆ, ਪਰ ਭਾਈ ਰੋਡੇ ਜੇਲ੍ਹ ਵਿਚ ਸਨ, ਸੋ ਜਥੇਦਾਰ ਕਾਉਂਕੇ ਨੂੰ ਕਾਰਜਕਾਰੀ ਜਥੇਦਾਰ ਦੀ ਸੇਵਾ ਸੌਂਪੀ ਗਈ।ਉਹ ਸਮਾਂ ਪੰਜਾਬ ਲਈ ਬਹੁਤ ਸੰਤਾਪ ਭਰਪੂਰ .ਸੀ। 1980-90 ਦੇ ਦਹਾਕੇ ਦੌਰਾਨ ਪੰਜਾਬ ਵਿਚ ਖਾੜਕਵਾਦ ਦੇ ਨਾਂ 'ਤੇ ਸਿੱਖ ਨੌਜਵਾਨਾਂ ਨੂੰ ਚੁੱਕ ਕੇ ਗ਼ੈਰ-ਕਾਨੂੰਨੀ ਹਿਰਾਸਤ ਵਿਚ ਰੱਖਣਾ, ਤਸੀਹੇ ਦੇਣਾ ਅਤੇ 'ਫਰਾਰ' ਜਾਂ 'ਐਨਕਾਊਂਟਰ' ਦੀਆਂ ਕਹਾਣੀਆਂ ਘੜਨਾ ਆਮ ਸੀ। ਜਥੇਦਾਰ ਕਾਉਂਕੇ ਵੀ ਇਸੇ ਜ਼ਾਲਮਾਨਾ ਸਿਸਟਮ ਦਾ ਸ਼ਿਕਾਰ ਬਣੇ।


ਕੀ ਹੋਇਆ ਸੀ 1992 ਵਿਚ?-20 ਦਸੰਬਰ 1992 ਨੂੰ ਜਗਰਾਉਂ ਪੁਲਿਸ ਸਟੇਸ਼ਨ ਦੇ ਤਤਕਾਲੀ ਐਸਐਚਓ ਇੰਸਪੈਕਟਰ ਗੁਰਮੀਤ ਸਿੰਘ ਨੇ ਜਥੇਦਾਰ ਕਾਉਂਕੇ ਨੂੰ ਉਹਨਾਂ ਦੇ ਘਰੋਂ ਹਿਰਾਸਤ ਵਿਚ ਲੈ ਲਿਆ। ਪਿੰਡ ਦੇ ਪ੍ਰਮੁੱਖ ਲੋਕਾਂ ਦੇ ਦਖ਼ਲ ਤੋਂ ਬਾਅਦ ਉਹਨਾਂ ਨੂੰ ਰਿਹਾਅ ਕਰ ਦਿੱਤਾ ਗਿਆ। ਪਰ 25 ਦਸੰਬਰ 1992 ਨੂੰ,ਇੰਸਪੈਕਟਰ ਗੁਰਮੀਤ ਸਿੰਘ ਦੀ ਅਗਵਾਈ ਵਿਚ ਪੁਲਿਸ ਟੀਮ ਨੇ ਲਗਭਗ 200 ਪਿੰਡ ਵਾਸੀਆਂ ਦੀ ਮੌਜੂਦਗੀ ਵਿਚ, ਉਹਨਾਂ ਨੂੰ ਮੁੜ ਉਹਨਾਂ ਦੇ ਘਰੋਂ ਚੁੱਕ ਲਿਆ ਗਿਆ। ਪਟੀਸ਼ਨ ਅਨੁਸਾਰ, ਉਹਨਾਂ ਨੂੰ ਕਿਸੇ ਅਪਰਾਧ ਵਿਚ ਨਾਮਜ਼ਦ ਨਹੀਂ ਕੀਤਾ ਗਿਆ, ਨਾ ਹੀ ਕਿਸੇ ਅਦਾਲਤ ਵਿਚ ਪੇਸ਼ ਕੀਤਾ ਗਿਆ। ਉਹਨਾਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਜਗਰਾਉਂ ਪੁਲਿਸ ਸਟੇਸ਼ਨ ਅਤੇ ਸੀਆਈਏ ਸਟਾਫ ਦੀ ਇਮਾਰਤ ਵਿਚ ਰੱਖਿਆ ਗਿਆ, ਜਿਥੇ ਉਹਨਾਂ 'ਤੇ ਬੇਰਹਿਮੀ ਨਾਲ ਤਸੀਹੇ ਕੀਤੇ ਗਏ। ਜਥੇਦਾਰ ਦੀ ਪਤਨੀ ਗੁਰਮੇਲ ਕੌਰ ਅਤੇ ਨਾਬਾਲਗ ਪੁੱਤਰ ਹਰੀ ਸਿੰਘ ਸੇਖੋਂ ਉਹਨਾਂ ਲਈ ਖਾਣਾ ਅਤੇ ਕੱਪੜੇ ਥਾਣੇ ਲੈ ਕੇ ਜਾਂਦੇ ਸਨ। ਹਰੀ ਸਿੰਘ ਨੇ ਅਦਾਲਤ ਵਿਚ ਦੱਸਿਆ ਕਿ ਉਸ ਨੇ ਆਪਣੇ ਪਿਤਾ ਨੂੰ ਸੱਟਾਂ ਨਾਲ ਤੜਫਦੇ ਹੋਏ ਦੇਖਿਆ।

ਪਿੰਡ ਦੇ ਜਾਣਕਾਰ ਜਗਜੀਤ ਸਿੰਘ ਨੇ ਵੀ ਜਥੇਦਾਰ ਦੀ ਗੰਭੀਰ ਹਾਲਤ ਦੀ ਪੁਸ਼ਟੀ ਕੀਤੀ। 28 ਦਸੰਬਰ 1992 ਨੂੰ ਜਥੇਦਾਰ ਨੂੰ ਸੀਆਈਏ ਪੁੱਛਗਿੱਛ ਕੇਂਦਰ ਜਗਰਾਉਂ ਵਿਚ ਤਬਦੀਲ ਕਰ ਦਿੱਤਾ ਗਿਆ, ਜਿਥੇ ਉਹ ਤਸੀਹਿਆਂ ਕਾਰਨ ਖਾਣਾ ਵੀ ਨਹੀਂ ਖਾ ਸਕਦੇ ਸਨ।31 ਦਸੰਬਰ 1992 ਨੂੰ ਗੁਰਮੇਲ ਕੌਰ ਨੂੰ ਸੂਚਿਤ ਕੀਤਾ ਗਿਆ ਕਿ ਜਥੇਦਾਰ ਨੂੰ ਸੀਆਈਏ ਸਟਾਫ ਤੋਂ ਲਿਜਾਇਆ ਗਿਆ ਹੈ। ਇਸ ਤੋਂ ਬਾਅਦ ਉਹਨਾਂ ਦਾ ਕੋਈ ਪਤਾ ਨਾ ਲੱਗਿਆ। 2 ਜਨਵਰੀ 1993 ਨੂੰ ਇੰਸਪੈਕਟਰ ਗੁਰਮੀਤ ਸਿੰਘ ਨੇ ਸਿੱਧਵਾਂ ਬੇਟ ਪੁਲਿਸ ਸਟੇਸ਼ਨ ਨੂੰ ਦੱਸਿਆ ਕਿ ਜਥੇਦਾਰ ਪੁਲਿਸ ਹਿਰਾਸਤ ਵਿਚੋਂ ਫਰਾਰ ਹੋ ਗਏ। ਇਸ ਦੇ ਆਧਾਰ 'ਤੇ ਇੱਕ ਐਫਆਈਆਰ ਦਰਜ ਕੀਤੀ ਗਈ, ਜਿਸ ਨੂੰ ਬਾਅਦ ਵਿਚ ਤਿਵਾੜੀ ਰਿਪੋਰਟ ਨੇ ਝੂਠਾ ਕਰਾਰ ਦਿੱਤਾ।

ਤਿਵਾੜੀ ਰਿਪੋਰਟ ਅਤੇ ਸਰਕਾਰ ਦੀ ਚੁੱਪ-1997 ਵਿਚ ਪੰਜਾਬ ਸਰਕਾਰ ਨੇ ਤਤਕਾਲੀ ਏਡੀਜੀਪੀ (ਸੁਰੱਖਿਆ) ਬੀਪੀ ਤਿਵਾੜੀ ਦੀ ਅਗਵਾਈ ਵਿਚ ਇਸ ਮਾਮਲੇ ਦੀ ਜਾਂਚ ਸ਼ੁਰੂ ਕੀਤੀ। ਤਿਵਾੜੀ ਨੇ ਕਈ ਗਵਾਹਾਂ ਦੇ ਬਿਆਨ ਦਰਜ ਕੀਤੇ ਅਤੇ ਆਪਣੀ ਰਿਪੋਰਟ ਵਿਚ ਸਪੱਸ਼ਟ ਕੀਤਾ ਕਿ ਜਥੇਦਾਰ ਕਾਉਂਕੇ ਨੂੰ 25 ਦਸੰਬਰ 1992 ਨੂੰ ਉਹਨਾਂ ਦੇ ਘਰੋਂ ਅਗਵਾ ਕੀਤਾ ਗਿਆ, ਗ਼ੈਰ-ਕਾਨੂੰਨੀ ਹਿਰਾਸਤ ਵਿਚ ਰੱਖਿਆ ਗਿਆ ਅਤੇ ਬੇਰਹਿਮੀ ਨਾਲ ਤਸੀਹੇ ਦਿੱਤੇ ਗਏ। ਰਿਪੋਰਟ ਅਨੁਸਾਰ, 28 ਦਸੰਬਰ 1992 ਤੋਂ ਬਾਅਦ ਕਿਸੇ ਨੇ ਜਥੇਦਾਰ ਨੂੰ ਜ਼ਿੰਦਾ ਨਹੀਂ ਦੇਖਿਆ। ਤਿਵਾੜੀ ਨੇ ਪੁਲਿਸ ਦੀ 'ਫਰਾਰ' ਵਾਲੀ ਕਹਾਣੀ ਨੂੰ ਝੂਠਾ ਦੱਸਿਆ ਅਤੇ ਸਬੰਧਤ ਅਧਿਕਾਰੀਆਂ ਵਿਰੁੱਧ ਅਪਰਾਧਿਕ ਮਾਮਲਾ ਦਰਜ ਕਰਨ ਦੀ ਸਿਫਾਰਸ਼ ਕੀਤੀ।ਪਰ ਇਸ ਰਿਪੋਰਟ ਨੂੰ ਤਤਕਾਲੀ ਡੀਜੀਪੀ ਸਰਬਦੀਪ ਸਿੰਘ ਨੇ ਮਨਜ਼ੂਰੀ ਨਹੀਂ ਦਿੱਤੀ। ਇਸ ਤੋਂ ਬਾਅਦ, ਰਿਪੋਰਟ ਨੂੰ ਜਨਤਕ ਨਹੀਂ ਕੀਤਾ ਗਿਆ ਅਤੇ ਨਾ ਹੀ ਕੋਈ ਕਾਰਵਾਈ ਹੋਈ।

2011 ਵਿਚ ਪੱਤਰਕਾਰ ਐੱਚ.ਐੱਸ. ਬਾਵਾ ਨੇ ਤਿਵਾੜੀ ਰਿਪੋਰਟ ਦੀ ਕਾਪੀ ਹਾਸਲ ਕਰਕੇ ਜਨਤਕ ਕੀਤੀ, ਜਿਸ ਨੇ ਪੁਲਿਸ ਦੀਆਂ ਜ਼ਿਆਦਤੀਆਂ ਨੂੰ ਸਾਹਮਣੇ ਲਿਆਂਦਾ। ਪਰ ਇਸ ਦੇ ਬਾਵਜੂਦ, ਸਰਕਾਰ ਨੇ ਕੋਈ ਕਦਮ ਨਹੀਂ ਚੁੱਕਿਆ।

ਸਰਕਾਰੀ ਚੁੱਪ ਅਤੇ ਸਿਆਸੀ ਸਮਝੌਤੇ-ਤਿਵਾੜੀ ਰਿਪੋਰਟ ਵਿਚ ਸਪੱਸ਼ਟ ਸੀ ਕਿ



ਜਥੇਦਾਰ ਕਾਉਂਕੇ ਦੀ ਮੌਤ ਪੁਲਿਸ ਹਿਰਾਸਤ ਵਿਚ ਹੋਈ, ਪਰ ਸਰਕਾਰ ਨੇ ਇਸ ਨੂੰ ਦਬਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ, ਜਿਸ ਦੇ ਮੁਖੀ ਪ੍ਰਕਾਸ਼ ਸਿੰਘ ਬਾਦਲ ਸਨ, ਨੇ ਵਾਅਦੇ ਕੀਤੇ ਸਨ ਕਿ 1978 ਤੋਂ 1997 ਤੱਕ ਦੇ ਜ਼ੁਲਮਾਂ ਦੀ ਜਾਂਚ ਹੋਵੇਗੀ। ਪਰ ਸੱਤਾ ਵਿਚ ਆਉਂਦਿਆਂ ਹੀ ਉਹਨਾਂ ਨੇ ਅਜਿਹੀਆਂ ਜਾਂਚਾਂ ਨੂੰ ਦਬਾਉਣ ਵਿਚ ਜ਼ਿਆਦਾ ਦਿਲਚਸਪੀ ਵਿਖਾਈ।

ਪੁਲਿਸ ਅਧਿਕਾਰੀਆਂ ਦੀ ਸਰਪ੍ਰਸਤੀ-ਤਿਵਾੜੀ ਰਿਪੋਰਟ ਅਤੇ ਕਮੇਟੀ ਫਾਰ ਕੋਆਰਡੀਨੇਸ਼ਨ ਆਫ ਡਿਸਅਪੀਅਰੈਂਸ ਇਨ ਪੰਜਾਬ ਦੀ ਜਾਂਚ ਨੇ ਸਪੱਸ਼ਟ ਕੀਤਾ ਕਿ ਜਥੇਦਾਰ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।ਸਿਪਾਹੀ ਦਰਸ਼ਨ ਸਿੰਘ ਹਠੂਰ ਨੇ 1998 ਵਿਚ ਦਾਅਵਾ ਕੀਤਾ ਸੀ ਕਿ ਜਥੇਦਾਰ ਨੂੰ ਸੀਆਈਏ ਸਟਾਫ ਜਗਰਾਉਂ ਵਿਚ ਤਸੀਹੇ ਦਿੱਤੇ ਗਏ। ਉਹਨਾਂ 'ਤੇ ਬੈਂਤਾਂ ਨਾਲ ਕੁੱਟਮਾਰ, ਸਰੀਰਕ ਅਤੇ ਮਾਨਸਿਕ ਤਸੀਹੇ ਕੀਤੇ ਗਏ ਅਤੇ ਅਖੀਰ ਵਿਚ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਉਹਨਾਂ ਦੇ ਸਰੀਰ ਦੇ ਟੁਕੜੇ ਕਰਕੇ ਕੰਨੀਆਂ ਗੁਰਦੁਆਰੇ ਕੋਲ ਦਰਿਆ ਵਿਚ ਸੁੱਟ ਦਿੱਤੇ ਗਏ। ਤਿਵਾੜੀ ਰਿਪੋਰਟ ਵਿਚ ਪੁਲਿਸ ਅਧਿਕਾਰੀਆਂ, ਖਾਸ ਕਰਕੇ ਕੇ.ਪੀ.ਐੱਸ. ਗਿੱਲ ਅਤੇ ਇੰਸਪੈਕਟਰ ਗੁਰਮੀਤ ਸਿੰਘ ਵਰਗੇ ਅਧਿਕਾਰੀਆਂ ਦੀ ਜ਼ਿਆਦਤੀਆਂ ਦਾ ਜ਼ਿਕਰ ਸੀ। ਪੁਲਿਸ ਅਧਿਕਾਰੀਆਂ ਦੇ ਨਾਲ-ਨਾਲ ਸਰਕਾਰੀ ਅਤੇ ਸਿਆਸੀ ਸਿਸਟਮ, ਜਿਸ ਨੇ ਇਸ ਜਾਂਚ ਨੂੰ ਦਬਾਇਆ, ਵੀ ਜ਼ਿੰਮੇਵਾਰ ਹੈ। ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ 'ਤੇ ਦੋਸ਼ ਹੈ ਕਿ ਉਸ ਨੇ ਤਿਵਾੜੀ ਰਿਪੋਰਟ 'ਤੇ ਕਾਰਵਾਈ ਨਹੀਂ ਕੀਤੀ ਅਤੇ ਦੋਸ਼ੀ ਅਧਿਕਾਰੀਆਂ ਨੂੰ ਸੁਰੱਖਿਆ ਦਿੱਤੀ। ਸਿੱਖ ਕਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ 1990 ਦੇ ਦਹਾਕੇ ਵਿਚ ਪੰਜਾਬ ਵਿਚ ਸਿਆਸੀ ਅਸਥਿਰਤਾ ਅਤੇ ਕੇਂਦਰੀ ਸਰਕਾਰ ਦੇ ਦਬਾਅ ਨੇ ਸਥਾਨਕ ਸਰਕਾਰਾਂ ਨੂੰ ਅਜਿਹੇ ਮਾਮਲਿਆਂ ਵਿਚ ਕਾਰਵਾਈ ਕਰਨ ਤੋਂ ਰੋਕਿਆ। ਸਿੱਖਾਂ ਦੇ ਮਸਲਿਆਂ ਨੂੰ ਅੱਤਵਾਦ ਨਾਲ ਜੋੜ ਕੇ ਮਾਮਲੇ ਨੂੰ ਦਬਾਇਆ ਗਿਆ।

ਅਦਾਲਤੀ ਪ੍ਰਕਿਰਿਆ ਵਿਚ ਦੇਰੀ-ਜਥੇਦਾਰ ਦੀ ਪਤਨੀ ਗੁਰਮੇਲ ਕੌਰ ਨੇ 1993 ਵਿਚ ਹੈਬੀਅਸ ਕਾਰਪਸ ਪਟੀਸ਼ਨ ਦਾਇਰ ਕੀਤੀ ਸੀ, ਪਰ ਅਦਾਲਤ ਨੂੰ ਪੁਲਿਸ ਵੱਲੋਂ ਗੁੰਮਰਾਹਕੁੰਨ ਜਾਣਕਾਰੀ ਦਿੱਤੀ ਗਈ। ਇੰਸਪੈਕਟਰ ਗੁਰਮੀਤ ਸਿੰਘ ਨੇ ਹਲਫ਼ਨਾਮੇ ਵਿਚ ਦਾਅਵਾ ਕੀਤਾ ਕਿ ਜਥੇਦਾਰ ਨੂੰ ਕਦੇ ਹਿਰਾਸਤ ਵਿਚ ਨਹੀਂ ਲਿਆ ਗਿਆ। ਇਸ ਨੇ ਅਦਾਲਤੀ ਪ੍ਰਕਿਰਿਆ ਨੂੰ ਹੋਰ ਪੇਚੀਦਾ ਕਰ ਦਿੱਤਾ।

ਵਕੀਲ ਕੀ ਆਖਦੇ ਹਨ?-ਜਥੇਦਾਰ ਕਾਉਂਕੇ ਦੇ ਪੁੱਤਰ ਹਰੀ ਸਿੰਘ ਸੇਖੋਂ ਦੀ ਪਟੀਸ਼ਨ ਨੂੰ ਵਕੀਲਾਂ ਨੇ ਮਜ਼ਬੂਤੀ ਨਾਲ ਅਦਾਲਤ ਵਿਚ ਪੇਸ਼ ਕੀਤਾ ਹੈ। ਵਕੀਲਾਂ ਦਾ ਮੁੱਖ ਦਾਅਵਾ ਹੈ ਕਿ:ਜਥੇਦਾਰ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ ਹਿਰਾਸਤ 'ਚ ਲਿਆ ਗਿਆ ਅਤੇ ਉਹਨਾਂ 'ਤੇ ਤਸੀਹੇ ਕੀਤੇ ਗਏ, ਜਿਸ ਦੀ ਪੁਸ਼ਟੀ ਗਵਾਹਾਂ, ਜਿਵੇਂ ਜਗਜੀਤ ਸਿੰਘ ਅਤੇ ਡਾਕਟਰ ਨੇ ਕੀਤੀ।ਤਿਵਾੜੀ ਰਿਪੋਰਟ ਨੇ ਸਪੱਸ਼ਟ ਕੀਤਾ ਕਿ ਜਥੇਦਾਰ ਦੀ ਮੌਤ ਹਿਰਾਸਤ 'ਚ ਹੋਈ, ਅਤੇ ਪੁਲਿਸ ਦੀ 'ਫਰਾਰ' ਵਾਲੀ ਕਹਾਣੀ ਝੂਠੀ ਸੀ।ਪੰਜਾਬ ਸਰਕਾਰ ਅਤੇ ਪੁਲਿਸ ਨੇ ਜਾਂਚ ਨੂੰ ਦਬਾਇਆ ਅਤੇ ਦੋਸ਼ੀ ਅਧਿਕਾਰੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ, ਜੋ ਮਨੁੱਖੀ ਹੱਕਾਂ ਦੀ ਉਲੰਘਣਾ ਹੈ। ਵਕੀਲਾਂ ਨੇ ਅਦਾਲਤ ਤੋਂ ਮੰਗ ਕੀਤੀ ਹੈ ਕਿ ਇੰਸਪੈਕਟਰ ਗੁਰਮੀਤ ਸਿੰਘ ਸਮੇਤ ਸਬੰਧਤ ਅਧਿਕਾਰੀਆਂ ਵਿਰੁੱਧ ਅਪਰਾਧਿਕ ਮਾਮਲਾ ਦਰਜ ਕੀਤਾ ਜਾਵੇ।ਵਕੀਲਾਂ ਦਾ ਇਹ ਵੀ ਕਹਿਣਾ ਹੈ ਕਿ ਸਰਕਾਰ ਅਤੇ ਪੁਲਿਸ ਦੀ ਮਿਲੀਭੁਗਤ ਨੇ ਇਸ ਮਾਮਲੇ ਨੂੰ 32 ਸਾਲ ਤੱਕ ਲਮਕਾਇਆ, ਜਿਸ ਕਾਰਨ ਸਿੱਖ ਸਮਾਜ ਇਚ ਰੋਸ ਅਤੇ ਅਵਿਸ਼ਵਾਸ ਪੈਦਾ ਹੋਇਆ।

ਅੱਜ, 32 ਸਾਲ ਬਾਅਦ, ਜਦੋਂ ਹਾਈ ਕੋਰਟ 'ਚ ਮੁੜ ਇਹ ਮਾਮਲਾ ਗੂੰਜਿਆ, ਤਾਂ ਸਿੱਖ ਪੰਥ ਵਿਚ ਫਿਰ ਉਮੀਦ ਜਾਗੀ ਹੈ। ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੀ ਸ਼ਹਾਦਤ ਪੰਜਾਬ ਦੇ ਸੰਘਰਸ਼ ਦੀ ਇੱਕ ਦੁਖਦਾਈ ਗਾਥਾ ਹੈ। 32 ਸਾਲਾਂ ਦੀ ਲੰਮੀ ਉਡੀਕ ਤੋਂ ਬਾਅਦ, ਹਾਈ ਕੋਰਟ ਦਾ ਨੋਟਿਸ ਇੱਕ ਨਵੀਂ ਸ਼ੁਰੂਆਤ ਹੋ ਸਕਦਾ ਹੈ। ਪਰ ਸਵਾਲ ਇਹ ਹੈ ਕਿ ਕੀ ਸਰਕਾਰ ਅਤੇ ਪੁਲਿਸ ਹੁਣ ਸੱਚ ਨੂੰ ਸਵੀਕਾਰ ਕਰੇਗੀ? ਕੀ ਇੰਸਪੈਕਟਰ ਗੁਰਮੀਤ ਸਿੰਘ ਅਤੇ ਹੋਰ ਅਧਿਕਾਰੀਆਂ ਨੂੰ ਸਜ਼ਾ ਮਿਲੇਗੀ? ਜਾਂ ਫਿਰ ਇਹ ਮਾਮਲਾ ਵੀ ਪੁਰਾਣੀਆਂ ਫਾਈਲਾਂਵਿੱਚ ਗੁਆਚ ਜਾਵੇਗਾ? ਸਿੱਖ ਪੰਥ ਅਤੇ ਮਨੁੱਖੀ ਹੱਕ ਸੰਗਠਨਾਂ ਨੂੰ ਇਸ ਲੜਾਈ ਨੂੰ ਜਾਰੀ ਰੱਖਣਾ ਹੋਵੇਗਾ, ਕਿਉਂਕਿ ਜਥੇਦਾਰ ਕਾਉਂਕੇ ਦੀ ਸ਼ਹਾਦਤ ਸਿਰਫ਼ ਇੱਕ ਪਰਿਵਾਰ ਦੀ ਨਹੀਂ, ਸਗੋਂ ਸਮੁੱਚੇ ਪੰਥ ਦੀ ਕੁਰਬਾਨੀ ਹੈ।

# ਗਲਾਸਗੋ: ਵਿਧਵਾਵਾਂ ਲਈ ਚਾਨਣਮੁਨਾਰਾ ਬਣੀ ਸੰਸਥਾ ਵੱਲੋਂ ਸਥਾਪਨਾ ਦੀ 25ਵੀਂ ਵਰ੍ਹੇਗੰਢ ਮਨਾਈ ਗਈ

## ✪ ਸਕਾਟਿਸ਼ ਏਸ਼ੀਅਨ ਏਕਤਾ ਗਰੁੱਪ ਨੇ ਕਾਇਮ ਕੀਤੀ ਮਿਸਾਲ





ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)-ਸਕਾਟਲੈਂਡ ਦੀ ਵੱਕਾਰੀ ਸੰਸਥਾ ਸਕਾਟਿਸ਼ ਏਸ਼ੀਅਨ ਏਕਤਾ ਗਰੁੱਪ ਵੱਲੋਂ ਸੰਸਥਾ ਦੀ ਸਥਾਪਨਾ ਦੀ 25ਵੀਂ ਵਰ੍ਹੇਗੰਢ ਮਨਾਈ ਗਈ। ਵਿਦੇਸ਼ਾਂ ਦੀ ਭੱਜ ਦੌੜ ਭਰੀ ਜ਼ਿੰਦਗੀ 'ਚ ਸਮਾਜ ਲਈ ਚੰਗੇ ਕਾਰਜ ਕਰਨ ਵਾਲੇ ਸ਼ਖਸ ਆਮ ਨਹੀਂ ਹੁੰਦੇ। ਸਕਾਟਲੈਂਡ ਦੀ ਸੰਸਥਾ ਸਕਾਟਿਸ਼ ਏਸ਼ੀਅਨ ਏਕਤਾ ਗਰੁੱਪ ਨਾਲ ਵੀ ਅਜਿਹੀਆਂ ਸ਼ਖਸ਼ੀਅਤਾਂ ਜੁੜੀਆਂ ਹੋਈਆਂ ਹਨ ਜੋ ਪਿਛਲੇ 25 ਸਾਲਾਂ ਤੋਂ ਨਿਰੰਤਰ ਸਮਾਜ ਸੇਵਾ ਦੇ ਖੇਤਰ ਵਿੱਚ ਸਰਗਰਮ ਹਨ।

ਸੰਸਥਾ ਦੀ ਸਥਾਪਨਾ ਦੇ 25 ਸਾਲ ਹੋਣ 'ਤੇ ਜਸ਼ਨ ਮਨਾਉਣ ਸਬੰਧੀ ਵਿਸ਼ਾਲ ਸਮਾਗਮ ਕਰਾਉਣ ਪਲਾਜ਼ਾ ਵਿਖੇ ਕਰਵਾਏ ਗਏ ਜਿਸ ਵਿੱਚ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਸੰਸਥਾਂ ਨਾਲ ਜੁੜੀਆਂ ਕਾਰਜਸ਼ੀਲ ਔਰਤਾਂ ਦੀ ਸਲਾਹੁਤਾ ਕੀਤੀ। ਇਸ ਸਮੇਂ ਚਿਰਾਗ ਰਾਓ ਅਤੇ ਰੇਖਾ ਵੱਲੋਂ ਇੱਕ ਤੋਂ ਬਾਅਦ ਇੱਕ ਗੀਤ ਗਾ ਕੇ ਸਮਾਗਮ ਨੂੰ ਰੰਗੀਨ ਕਰ ਦਿੱਤਾ ਗਿਆ। ਸੰਸਥਾਂ ਦੇ ਮੋਹਰੀ ਆਗੂਆਂ ਵੱਲੋਂ ਆਪਣੇ ਸੰਬੋਧਨ ਦੌਰਾਨ ਦੂਰ ਦੁਰੇਡੇ ਤੋਂ ਆਏ ਲੋਕਾਂ ਦਾ ਧੰਨਵਾਦ ਕੀਤਾ ਗਿਆ। ਸੰਸਥਾ ਦੀ ਚੇਅਰ ਤੇ ਫਾਊਂਡਰ ਸ਼੍ਰੀਮਤੀ ਆਦਾਰਸ਼ ਖੁੱਲਰ ਨੇ ਆਪਣੇ ਸੰਬੋਧਨ ਦੌਰਾਨ ਪਿਛਲੇ 25 ਵਰਿਆਂ ਦੌਰਾਨ ਆਈਆਂ ਚੁਣੌਤੀਆਂ ਅਤੇ ਕੀਤੇ ਕਾਰਜਾਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ।

# ਵਿਸ਼ਵ ਪ੍ਰਸਿੱਧ ਢੋਲ ਵਾਦਕ ਗੁਰਚਰਨ ਮੱਲ ਤੇ ਸਾਥੀਆਂ ਵੱਲੋਂ ਮਿਡਲੈਂਡ ਲੰਗਰ ਸੇਵਾ ਸੋਸਾਇਟੀ ਲਈ ਫੰਡ ਇਕੱਠਾ ਕੀਤਾ

## ✪ ਚਾਰ ਘੰਟੇ ਪੈਦਲ ਚਲਦਿਆਂ ਢੋਲ ਵਜਾਉਂਦਿਆਂ 10 ਮੀਲ ਸਫਰ ਦੌਰਾਨ 1721 ਪੌਂਡ ਇਕੱਤਰ ਕੀਤੇ



ਬਰਮਿੰਘਮ (ਮਨਦੀਪ ਖੁਰਮੀ ਹਿੰਮਤਪੁਰਾ)-ਗੁਰਚਰਨ ਮੱਲ ਦੁਨੀਆਂ ਦਾ ਮੰਨਿਆਂ ਪ੍ਰਮੰਨਿਆਂ ਢੋਲ ਪਲੇਅਰ ਹੈ। ਜਿਸ ਨੇ ਪਹਿਲਾਂ ਵੀ ਕਈ ਵਰਲਡ ਰਿਕਾਰਡ ਆਪਣੇ ਨਾਮ ਲਿਖਵਾਏ ਹਨ। ਵਾਲਸਾਲ ਦੇ ਗੁਰੂ ਨਾਨਕ ਗੁਰਦੁਆਰੇ ਦੀਆਂ ਸੰਗਤਾਂ ਵੱਲੋਂ ਚਲਾਈ ਜਾਂਦੇ ਮਿਡਲੈਂਡ ਲੰਗਰ ਸੇਵਾ ਸੋਸਾਇਟੀ ਲਈ ਫੰਡ ਇਕੱਠਾ ਕਰਨ ਹਿੱਤ ਲਗਭਗ 10 ਮੀਲ ਤਕਰੀਬਨ 4 ਘੰਟੇ ਪੈਦਲ ਚੱਲ ਕੇ 9 ਕਿੱਲੋ ਦਾ ਢੋਲ ਲਗਾਤਾਰ ਵਜਾ ਕੇ ਸਫ਼ਰ ਤੈਅ ਕੀਤਾ ਅਤੇ ਇੱਕ ਹੋਰ ਵਰਲਡ ਰਿਕਾਰਡ ਬਣਾਇਆ। ਇਸ ਸਫਰ ਦੌਰਾਨ ਸੁਸਾਇਟੀ ਲਈ 1721 ਪੌਂਡ ਇਕੱਠੇ ਕੀਤੇ। 73 ਸਾਲਾਂ ਗੁਰਚਰਨ ਮੱਲ ਇੱਕ ਵਿਲੱਖਣ ਕਿਸਮ ਦਾ ਇਨਸਾਨ ਹੈ ਜੋ ਚੈਰਿਟੀ ਲਈ ਆਪਣੀ ਜਾਨ ਦੀ ਪਰਵਾਹ ਕੀਤੇ ਬਗੈਰ ਕੰਮ ਕਰਨ ਲਈ ਹਮੇਸ਼ਾ ਤਿਆਰ ਰਹਿੰਦਾ ਹੈ। ਯਾਦ ਰਹੇ ਇਹ ਚੈਰਿਟੀ ਇੰਗਲੈਂਡ ਵਿੱਚ ਲੋੜਵੰਦਾਂ ਲਈ ਹਰ ਸਮੇਂ ਲੰਗਰ ਲਈ ਵਚਨਵੱਧ ਹੈ। ਜੋ ਲੋਕ ਬਾਹਰਲੇ ਮੁਲਕਾਂ ਤੋਂ ਆ ਕੇ ਕਿਸੇ ਕਾਰਨ ਇੱਥੇ ਪੱਕੇ ਨਹੀਂ ਵੱਸ ਸਕੇ ਅਤੇ ਨਾ ਹੀ ਵਾਪਸ ਜਾ ਸਕਦੇ ਹਨ। ਜਿਹਨਾਂ ਦਾ ਗੁਜ਼ਾਰਾ ਸਿਰਫ ਤੇ ਸਿਰਫ ਇਹੋ ਜਿਹੀਆਂ ਸੋਸਾਇਟੀਆਂ 'ਤੇ ਨਿਰਭਰ ਹੈ। ਫੋਟੋ ਵਿੱਚ ਗੁਰਚਰਨ ਮੱਲ ਨਾਲ ਉਸਦੀ ਟੀਮ, ਸੰਗਤ ਤੋਂ ਇਲਾਵਾ ਨਾਮਵਰ ਸਿੰਗਰ ਨਿਰਮਲ ਸਿੱਧੂ ਅਤੇ ਖੇਡ ਪ੍ਰਮੋਟਰ ਅਤੇ ਟੀਵੀ ਪੇਸ਼ਕਾਰ ਸਰਦਾਰ ਅਜੈਬ ਸਿੰਘ ਵੀ ਇਸ ਕਾਰਜ ਵਿੱਚ ਸਾਥੀ ਬਣੇ।

# ਟਰੰਪ ਪ੍ਰਸ਼ਾਸਨ ਨੇ ਕੁਝ ਅਮਰੀਕੀ ਕੰਪਨੀਆਂ ਨੂੰ ਚੀਨ ਨੂੰ ਸਮਾਨ ਨਾ ਵੇਚਣ ਦਾ ਜਾਰੀ ਕੀਤਾ ਆਦੇਸ਼



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਟਰੰਪ ਪ੍ਰਸ਼ਾਸਨ ਨੇ ਜਾਰੀ ਹੁਕਮਾਂ ਵਿਚ ਕੁਝ ਅਮਰੀਕੀ ਕੰਪਨੀਆਂ ਨੂੰ ਕਿਹਾ ਹੈ ਕਿ ਉਹ ਆਪਣਾ ਸਮਾਨ ਚੀਨ ਨੂੰ ਨਾ ਵੇਚਣ। ਮੀਡੀਆ ਰਿਪੋਰਟ ਅਨੁਸਾਰ ਟਰੰਪ ਪ੍ਰਸ਼ਾਸਨ ਨੇ ਕੰਪਨੀਆਂ ਨੂੰ ਕਿਹਾ ਹੈ ਕਿ ਉਹ ਸਾਫਟਵੇਅਰ ਜਿਸ ਦੀ ਵਰਤੋਂ ਸੈਮੀਕੰਡਕਟਰਜ ਬਣਾਉਣ ਲਈ ਕੀਤੀ ਜਾਂਦੀ ਹੈ, ਦੀ ਵਿਕਰੀ ਚੀਨ ਨੂੰ ਨਾ ਕਰਨ। ਪ੍ਰਭਾਵਿਤ ਕੰਪਨੀਆਂ ਵਿਚ ਹੋਰਨਾਂ ਤੋਂ ਇਲਾਵਾ ਕੈਡੈਂਸ, ਸਿਨੋਪਸਾਇਸ ਤੇ ਸੀਮਨਜ ਈ ਡੀ ਏ ਸ਼ਾਮਲ ਹਨ। ਇਨਾਂ ਕੰਪਨੀਆਂ ਨੇ ਫਿਲਹਾਲ ਟਰੰਪ ਪ੍ਰਸ਼ਾਸਨ ਦੇ ਹੁਕਮਾਂ ਬਾਰੇ ਕੋਈ ਪ੍ਰਤੀਕਰਮ ਨਹੀਂ ਪ੍ਰਗਟਾਇਆ ਹੈ। ਨਿਊਯਾਰਕ ਟਾਈਮਜ਼ ਨੇ ਛਾਪੀ ਆਪਣੀ ਇਕ ਰਿਪੋਰਟ ਵਿਚ ਕਿਹਾ ਹੈ ਕਿ ਚੀਨ ਨੂੰ ਜੈੱਟ ਇੰਜਣ ਤਕਨੀਕ ਤੇ ਕੁਝ ਵਿਸ਼ੇਸ਼ ਰਸਾਇਣਾਂ ਦੀ ਵਿਕਰੀ ਵੀ ਰੋਕ ਦਿੱਤੀ ਗਈ ਹੈ। ਵਣਜ ਵਿਭਾਗ ਨੇ ਬੀਤੇ ਦਿਨ ਕਿਹਾ ਸੀ ਕਿ ਉਹ ਰਣਨੀਤਿਕ ਪੱਖ ਤੋਂ ਅਹਿਮ ਸਮਾਨ ਦੀ ਚੀਨ ਨੂੰ ਕੀਤੀ ਜਾਂਦੀ ਬਰਾਮਦ ਉਪਰ ਪੁਨਰ ਵਿਚਾਰ ਕਰ ਰਿਹਾ ਹੈ।

# ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਦੌਰਾਨ ਪਤੀ-ਪਤਨੀ ਸਮੇਤ 4 ਭਾਰਤੀਆਂ ਦੇ ਮਾਰੇ ਜਾਣ ਦੇ ਮਾਮਲੇ ਵਿਚ ਭਾਰਤੀ ਮੂਲ ਦੇ ਮਨੁੱਖੀ ਤਸਕਰ ਨੂੰ 10 ਸਾਲ ਕੈਦ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-3 ਸਾਲ ਦੇ ਵੀ ਵਧ ਸਮੇਂ ਤੋਂ ਪਹਿਲਾਂ ਇਕ ਭਾਰਤੀ ਪਰਿਵਾਰ ਦੇ 4 ਜੀਆਂ ਦੀ ਕੈਨੇਡਾ ਅਮਰੀਕਾ ਸਰਹੱਦ ਨੇੜੇ ਜੰਗਲੀ ਖੇਤਰ ਵਿਚ ਠੰਡ ਨਾਲ ਹੋਈ ਮੌਤ ਦੇ ਮਾਮਲੇ ਵਿਚ ਕੌਮਾਂਤਰੀ ਮਨੁੱਖੀ ਤਸਕਰੀ ਸਾਜਿਸ਼ ਦੇ ਭਾਰਤੀ ਮੂਲ ਦੇ ਰਿੰਗ ਲੀਡਰ ਨੂੰ 10 ਸਾਲ ਕੈਦ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਉੱਤਰ ਪੱਛਮੀ ਮਿਨੀਸੋਟਾ ਦੀ ਸੰਘੀ ਅਦਾਲਤ ਦੇ ਜੱਜ ਨੇ ਇਹ ਫੈਸਲਾ ਸੁਣਾਇਆ। ਸੰਘੀ ਵਕੀਲਾਂ ਨੇ ਹਰਸ਼ਕੁਮਾਰ ਰਮਨਲਾਲ ਪਟੇਲ ਨੂੰ 20 ਸਾਲ ਸਜ਼ਾ ਦੇਣ ਦੀ ਸਿਫਾਰਿਸ਼ ਕੀਤੀ ਸੀ ਜਦ ਕਿ ਡਰਾਈਵਰ ਸਟੀਵ ਐਨਥਨੀ ਸ਼ਾਂਦ ਜਿਸ ਨੇ ਇਸ ਭਾਰਤੀ ਪਰਿਵਾਰ ਨੂੰ ਸੁਰੱਖਿਅਤ ਅਮਰੀਕਾ ਵਿਚ ਦਾਖਲ ਕਰਵਾਉਣ ਸੀ, ਨੂੰ11 ਸਾਲ ਸਜ਼ਾ ਦੇਣ ਦੀ ਸਿਫਾਰਿਸ਼ ਕੀਤੀ ਸੀ। ਇਨਾਂ ਦੋਨਾਂ ਨੂੰ ਪਿਛਲੇ ਸਾਲ ਨਵੰਬਰ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਡਰਾਈਵਰ ਸ਼ਾਂਦ ਨੂੰ ਅਜੇ ਸਜ਼ਾ ਸੁਣਾਈ ਜਾਣੀ ਹੈ।

ਯੂ ਐਸ ਡਿਸਟ੍ਰਿਕਟ ਜੱਜ ਜੌਹਨ ਟੁਨਹੀਮ ਨੇ ਪਿੱਛਲੇ ਮਹੀਨੇ ਆਪਣੇ ਆਪ ਨੂੰ ਨਿਰਦੋਸ਼ ਦਸਦਿਆਂ ਦੋਸ਼ੀਆਂ ਵੱਲੋਂ ਮਾਮਲਾ ਖਤਮ ਕਰਨ ਦੀ ਕੀਤੀ ਬੇਨਤੀ ਰੱਦ ਕਰ ਦਿੱਤੀ ਸੀ। ਸੁਣਵਾਈ ਦੌਰਾਨ ਵਕੀਲਾਂ ਨੇ ਕਿਹਾ ਕਿ ਭਾਰਤੀ ਨਾਗਰਿਕ ਪਟੇਲ ਉਰਫ ''ਡਰਟੀ ਹੈਰੀ ਤੇ ਫਲੋਰਿਡਾ ਵਾਸੀ ਅਮਰੀਕੀ ਨਾਗਰਿਕ ਸ਼ਾਂਦ 'ਆਧੁਨਿਕ ਗੈਰ ਕਾਨੂੰਨੀ ਆਪਰੇਸ਼ਨ' ਦਾ ਹਿੱਸਾ ਸਨ ਜਿਸ ਤਹਿਤ ਇਨਾਂ ਨੇ ਦਰਜ਼ਨਾਂ ਲੋਕਾਂ ਨੂੰ ਵਿਦਿਆਰਥੀ ਵੀਜੇ ਉਪਰ ਭਾਰਤ ਤੋਂ ਕੈਨੇਡਾ ਲਿਆਂਦਾ ਤੇ ਉਪਰੰਤ ਉਨਾਂ ਨੂੰ ਗੈਰ ਕਾਨੂੰਨੀ ਢੰਗ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਕਰਵਾਇਆ। ਇਥੇ ਜਿਕਰਯੋਗ ਹੈ ਕਿ ਇਸ ਬਹੁਤ ਹੀ ਦੁੱਖਦਾਈ ਘਟਨਾ ਵਿਚ ਜਗਦੀਸ਼ ਪਟੇਲ (39) ,ਉਸ ਦੀ ਪਤਨੀ ਵੈਸ਼ਾਲੀਬੇਨ (35), ਉਨਾਂ ਦੀ 11 ਸਾਲਾ ਧੀ ਵਿਹਾਂਗੀ ਤੇ 3 ਸਾਲਾ ਪੁੱਤਰ ਧਰਮਿਕ ਦੀ ਬਰਫ਼ ਵਿਚ ਜਮਣ ਕਾਰਨ ਮੌਤ ਹੋ ਗਈ ਸੀ। ਰਾਇਲ ਕੈਨੇਡੀਅਨ ਮਾਊਂਟਡ ਪੁਲਿਸ ਨੇ 19 ਜਨਵਰੀ 2022 ਨੂੰ ਉਨਾਂ ਦੀਆਂ ਲਾਸ਼ਾਂ ਮਨੀਟੋਬਾ ਤੇ ਮਿਨੀਸੋਟਾ ਵਿਚਾਲੇ ਸਰਹੱਦ ਦੇ ਉੱਤਰ ਵਿਚ ਬਰਾਮਦ ਕੀਤੀਆਂ ਸਨ। ਇਹ ਪਰਿਵਾਰ ਗੁਜਰਾਤ ਦੇ ਡਿੰਗੁਚਾ ਪਿੰਡ ਦਾ ਰਹਿਣ ਵਾਲਾ ਸੀ।

# ਮਹੀਨਾਵਾਰ ਕਿਸਮਤ ਦੇ ਸਿਤਾਰੇ

## ਜੂਨ ਮਹੀਨਾ 2025

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਵਪਾਰ-ਕਾਰੋਬਾਰ ਵਿੱਚ ਅਨਿਸ਼ਚਿਤਤਾ ਬਣੀ ਰਹੇਗੀ। ਆਮਦਨ ਨਾਲੋਂ ਖਰਚਾ ਜ਼ਿਆਦਾ ਹੋਵੇਗਾ। ਸਿਹਤ ਵਿੱਚ ਗਿਰਾਵਟ ਆਵੇਗੀ। ਅਚਾਨਕ ਕੀਤੀ ਯਾਤਰਾ ਸਦਕਾ ਧਨ ਲਾਭ ਦੇ ਮੌਕੇ ਪਹਿਲਾਂ ਨਾਲੋਂ ਚੰਗੇ ਮਿਲਣਗੇ। ਜ਼ਿਆਦਾ ਗੁੱਸਾ ਅਤੇ ਮਾਨਸਿਕ ਤਣਾਅ ਕਰਕੇ ਬਣਿਆ ਕੰਮ ਵਿਗੜਨ ਦੇ ਯੋਗ ਹਨ, ਸਾਵਧਾਨੀ ਵਰਤੋ। ਸੁਣੀਆਂ-ਸੁਣਾਈਆਂ ਗੱਲਾਂ 'ਤੇ ਭਰੋਸਾ ਨਹੀਂ ਕਰਨਾ ਚਾਹੀਦਾ, ਨੁਕਸਾਨ ਹੋ ਸਕਦੈ। ਰੋਜ਼ਾਨਾ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਬਹੁਤ ਜ਼ਿਆਦਾ ਮਿਹਨਤ ਦੇ ਬਾਅਦ ਗੁਜ਼ਾਰੇ ਲਾਇਕ ਹੀ ਧਨ ਮਿਲੇਗਾ। ਧਨ ਲਾਭ ਘੱਟ ਹੋਵੇਗਾ, ਪਰ ਲੈਣ-ਦੇਣ ਕਰਨ ਸਮੇਂ ਸਾਵਧਾਨੀ ਵਰਤੋ। ਖਰਚ ਵੀ ਵੱਧ-ਚੜ੍ਹ ਕੇ ਹੋਣਗੇ। ਵਿਘਨ-ਰੁਕਾਵਟਾਂ ਦੇ ਬਾਅਦ ਧਨ ਲਾਭ ਅਤੇ ਨੌਕਰੀ ਵਿੱਚ ਤਰੱਕੀ ਦੇ ਮੌਕੇ ਮਿਲਣਗੇ। ਕੁਝ ਗੁਪਤ ਕਾਰਨਾਂ ਨਾਲ ਧਨ ਦਾ ਨੁਕਸਾਨ ਹੋਏਗਾ। ਗੁਪਤ ਦੁਸ਼ਮਣ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਨਗੇ। ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਕੋਲੋਂ ਸਲਾਹ ਲੈਣ ਦੀ ਲੋੜ ਨਹੀਂ, ਨੁਕਸਾਨ ਹੋ ਸਕਦਾ ਹੈ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਮਹੀਨੇ ਦੇ ਸ਼ੁਰੂ ਵਿੱਚ ਸ਼ੁੱਭ ਅਤੇ ਧਾਰਮਿਕ ਕੰਮਾਂ ਵੱਲ ਰੁਝਾਨ ਰਹੇਗਾ। ਕਾਰੋਬਾਰ ਦੀ ਦ੍ਰਿਸ਼ਟੀ ਨਾਲ ਇਹ ਸਮਾਂ ਕੁਝ ਠੀਕ ਰਹੇਗਾ। ਮਾਣ-ਇੱਜ਼ਤ ਵਿੱਚ ਵਾਧਾ ਅਤੇ ਸਮੇਂ ਅਨੁਸਾਰ ਸੁਭਾਅ ਵਿੱਚ ਕੁਝ ਤਬਦੀਲੀ ਜ਼ਰੂਰ ਹੋਵੇਗੀ। ਕੰਮ ਬਣਦੇ-ਵਿਗੜਦੇ ਰਹਿਣਗੇ। ਨਵੀਂ ਯੋਜਨਾ ਨੂੰ ਕਾਰਜ ਰੂਪ ਦੇਣ ਵਿੱਚ ਰੁਕਾਵਟ ਆਵੇ-ਗੀ। ਕਿਸੇ ਖਾਸ ਮੁਕਾਮ ਦੀ ਪ੍ਰਾਪਤੀ ਲਈ ਸੰਘਰਸ਼ ਕਰਨਾ ਪਵੇਗਾ। ਆਪਣੇ ਤੋਂ ਵੱਡਿਆਂ ਦਾ ਹਮੇਸ਼ਾ ਸਤਿਕਾਰ ਕਰੋ ਅਤੇ ਛੋਟਿਆਂ ਨੂੰ ਹਮੇਸ਼ਾ ਪਿਆਰ ਨਾਲ ਰੱਖੋ,

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਇਸ ਮਹੀਨੇ ਰੁਕਾਵਟਾਂ ਦੇ ਬਾਵਜੂਦ ਧਨ ਲਾਭ ਦੇ ਮੌਕੇ ਮਿਲਣਗੇ। ਦੂਰ-ਦੁਰਾਡੇ ਦੀ ਯਾਤਰਾ ਅਤੇ ਸੈਰ-ਸਪਾਟੇ ਦੇ ਯੋਗ ਹਨ। ਗੁਜ਼ਾਰੇ ਯੋਗ ਧਨ ਮਿਲਣ ਦੇ ਮੌਕੇ ਪ੍ਰਾਪਤ ਹੋਣਗੇ। ਵਿੱਦਿਆਰਥੀ ਵਰਗ ਨੂੰ ਸਮੇਂ ਦੀ ਵਰਤੋਂ ਸਹੀ ਢੰਗ ਨਾਲ ਕਰਨੀ ਸ਼ੁੱਭ ਰਹੇਗੀ। ਸਾਂਝੇਦਾਰੀ ਦੇ ਕੰਮ ਵਿੱਚ ਨੁਕਸਾਨ ਹੋ ਸਕਦਾ ਹੈ। ਸਾਵਧਾਨੀ ਨਾਲ ਕੰਮ ਕਰੋ। ਗੁਰੂ ਘਰ ਬੱਚਿਆਂ ਸਮੇਤ ਬਰਤਨ ਸਾਫ ਕਰਨ ਦੀ ਸੇਵਾ ਕਰੋ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਮਹੀਨੇ ਦੇ ਸ਼ੁਰੂ ਵਿੱਚ ਵਧੇਰੇ ਮਿਹਨਤ ਕਰਨ 'ਤੇ ਗੁਜ਼ਾਰੇਯੋਗ ਧਨ ਲਾਭ ਦੇ ਸਾਧਨ ਬਣਦੇ ਰਹਿਣਗੇ। ਜ਼ਮੀਨ-ਸਵਾਰੀ ਆਦਿ ਸੁੱਖ ਮਿਲੇਗਾ। ਘਰੇਲੂ ਹਾਲਾਤ ਖਰਾਬ ਹੋਣ ਕਾਰਨ ਲਾਭ ਨਹੀਂ ਹੋ ਪਾਵੇ-ਗਾ। ਮਨ ਉਦਾਸ ਰਹੇਗਾ ਅਤੇ ਫਜ਼ੂਲ ਦੀ ਭੱਜ-ਦੌੜ ਵਧੇਗੀ। ਖਰਚਾ ਵਧੇਰੇ ਹੋਵੇਗਾ। ਸਿਹਤ ਸਬੰਧੀ ਖਾਸ ਧਿਆਨ ਰੱਖਣ ਦੀ ਲੋੜ ਹੈ। ਕਿਸੇ ਦੀ ਨਿੰਦਾ ਚੁਗਲੀ ਤੋਂ ਆਪਣੇ ਆਪ ਨੂੰ ਹਮੇਸ਼ਾ ਦੂਰ ਰੱਖੋ, ਹਮੇਸਾ ਆਪਣੇ ਕੰਮ ਨਾਲ ਮਤਲਬ ਰੱਖੋ, ਸਮਾਜ ਵਿੱਚ ਮਾਣ-ਇੱਜ਼ਤ ਵਧੇਗਾ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਇਸ ਮਹੀਨੇ ਧਨ ਲਾਭ ਅਤੇ ਵਿਗੜੇ ਕੰਮਾਂ ਵਿੱਚ ਸੁਧਾਰ ਹੋਵੇਗਾ। ਕਿਸੇ ਖਾਸ ਵਿਅਕਤੀ ਨਾਲ ਮੇਲ ਹੋਵੇਗਾ। ਖਾਸ ਮੌਕਿਆਂ 'ਤੇ ਆਣਾ-ਜਾਣਾ ਹੋਵੇਗਾ। ਜਿਸ ਕਰਕੇ ਮਾਨ-ਇੱਜ਼ਤ ਹੋਵੇਗਾ। ਮਾਨਸਿਕ ਤਣਾਅ ਅਤੇ ਲਾਭ ਦੇ ਰਸਤੇ ਵਿੱਚ ਰੁਕਾਵਟਾਂ ਆਉਣਗੀਆਂ। ਸ਼ੁੱਭ ਕੰਮ ਵੱਲ ਰੁਝਾਨ ਹੋਵੇਗਾ। ਆਪਣੇ ਮਾਤਾ-ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਕਾਰੋਬਾਰ ਅਤੇ ਨੌਕਰੀ ਦੇ ਹਾਲਾਤ ਸਾਧਾਰਨ ਰਹਿਣਗੇ। ਅਧਿਕਾਰੀ ਵਰਗ ਨਾਲ ਮਨ-ਮੁਟਾਉ ਅਤੇ ਫਜ਼ੂਲ ਦਾ ਤਣਾਅ ਰਹੇਗਾ। ਮਹੀਨੇ ਦੇ ਅਖੀਰ ਵਿੱਚ ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਮੇਲ ਲਾਭਕਾਰੀ ਹੋਵੇਗਾ। ਆਮਦਨ ਦੇ ਸਾਧਨਾਂ ਵਿੱਚ ਵਾਧਾ ਹੋਵੇਗਾ। ਖਰਚ ਵੱਧ-ਚੜ੍ਹ ਕੇ ਹੋਣਗੇ। ਇਸਤਰੀਆਂ ਨੂੰ ਸਿਹਤ ਸਬੰਧੀ ਖਾਸ ਧਿਆਨ ਰੱਖਣ ਦੀ ਲੋੜ ਹੈ। ਹਮੇਸ਼ਾ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ, ਆਰਥਿਕ ਉਲਝਣਾਂ ਤੋਂ ਬਚੇ ਰਹੋਗੇ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਇਸ ਮਹੀਨੇ ਦੇ ਪਹਿਲੇ ਹਫਤੇ ਦੌਰਾਨ ਆਮਦਨ ਦੇ ਸਾਧਨਾਂ ਵਿੱਚ ਵਾਧਾ, ਧਨ ਲਾਭ ਅਤੇ ਨੌਕਰੀ ਵਿੱਚ ਤਰੱਕੀ ਦੇ ਮੌਕੇ ਮਿਲਣਗੇ। ਜੀਵਨ-ਸਾਥੀ ਦੇ ਸਬੰਧਾਂ ਵਿੱਚ ਇੱਛਾ ਬਣੇਗੀ। ਫਜ਼ੂਲ ਦੀ ਭੱਜ-ਦੌੜ ਅਤੇ ਖਰਚ ਵਧੇਗਾ। ਸਿਹਤ ਵਿੱਚ ਖਰਾਬੀ ਅਤੇ ਗੁੱਸਾ ਜ਼ਿਆਦਾ ਆਵੇਗਾ। ਕਾਰਜ-ਵਪਾਰ ਵਿੱਚ ਸੰਘਰਸ਼ ਅਤੇ ਵਧੇਰੇ ਮਿਹਨਤ ਕਰਨ 'ਤੇ ਹੀ ਗੁਜ਼ਾਰੇ ਯੋਗ ਧਨ ਮਿਲੇਗਾ। ਆਪਣੇ ਕੰਮ 'ਤੇ ਜਾਂ ਬਾਹਰ ਹਰੇਕ ਨਾਲ ਨਿਮਰਤਾ ਨਾਲ ਪੇਸ਼ ਆਵੋ, ਕਾਰੋਬਾਰ ਠੀਕ ਹੋਣਗੇ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਨਵੇਂ ਕਾਰਜਾਂ ਦੀਆਂ ਯੋਜਨਾਵਾਂ ਬਣਨਗੀਆਂ। ਨਵੇਂ ਤਰੀਕੇ ਨਾਲ ਵਿਉਂਤਬੰਦੀ ਕਰਨੀ ਹੀ ਫਲਦਾਈ ਰਹੇਗੀ। ਮਹੀਨੇ ਦੇ ਅੱਧ ਵਿੱਚ ਕੁਝ ਅਸਥਾਈ ਉੱਦਮਾਂ ਵਿੱਚ ਸਫਲਤਾ ਮਿਲਣ ਦੇ ਸੰਕੇਤ ਹਨ। ਮਾਣ-ਇੱਜ਼ਤ ਵਿੱਚ ਵਾਧਾ ਹੋਵੇਗਾ ਅਤੇ ਸੱਜਣਾਂ-ਮਿੱਤਰਾਂ ਨਾਲ ਮੇਲ-ਜੋਲ ਹੋਵੇਗਾ। ਸੁੱਖ-ਸਾਧਨਾਂ ਵਿੱਚ ਵਾਧਾ ਹੋਵੇਗਾ। ਕਰਾਰ ਅਤੇ ਟਕਰਾਊ ਤੋਂ ਪ੍ਰਹੇਜ਼ ਕਰੋ। ਔਰਤਾਂ ਨੂੰ ਘਰੇਲੂ ਕਲੇਸ਼ ਤੋਂ ਬਚਣਾ ਚਾਹੀਦਾ ਹੈ। ਨਿੱਤਨੇਮ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਇਸ ਮਹੀਨੇ ਮੁਸ਼ਕਿਲਾਂ ਅਤੇ ਖਾਸ ਮਿਹਨਤ ਤੋਂ ਬਾਅਦ ਹੀ ਧਨ ਲਾਭ ਹੋਵੇਗਾ। ਅਚਾਨਕ ਖਰਚ ਵੀ ਵੱਧਣਗੇ। ਫਜ਼ੂਲ ਦੀ ਚਿੰਤਾ ਅਤੇ ਖਰਚ ਜ਼ਿਆਦਾ ਹੋਵੇਗਾ। ਸਰਕਾਰੀ ਖੇਤਰਾਂ ਵਿੱਚ ਕੁਝ ਪ੍ਰੇਸ਼ਾਨੀ ਰਹੇਗੀ। ਆਪਣੀ ਹੀ ਗਲਤੀ ਕਾਰਨ ਕੋਈ ਬਣਿਆ ਕੰਮ ਵਿਗੜਨ ਦੇ ਯੋਗ ਹਨ। ਧਨ ਲਾਭ ਵਿੱਚ ਰੁਕਾਵਟਾਂ ਆਉਣਗੀਆਂ। ਅੱਧਾ ਦਿਨ ਬਿਨਾਂ ਜਰੂਰੀ ਕੰਮ ਤੋਂ ਕਿਸੇ ਨਾਲ ਨਾ ਬੋਲੋ, ਮਨ ਅੰਦਰ ਸਿਰਫ ਪ੍ਰਮਾਤਮਾ ਨੂੰ ਯਾਦ ਕਰੋ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਮਹੀਨੇ ਦੇ ਸ਼ੁਰੂ ਤੋਂ ਆਮਦਨ ਥੋੜ੍ਹੀ ਅਤੇ ਖਰਚ ਜ਼ਿਆਦਾ ਹੋਵੇਗਾ। ਪਰਿਵਾਰ ਵਿੱਚ ਸ਼ੁੱਭ ਕੰਮਾਂ 'ਤੇ ਖਰਚ ਹੋਵੇਗਾ। ਖਾਸ ਰਿਸ਼ਤੇਦਾਰ ਜਾਂ ਦੋਸਤ ਨਾਲ ਮੁਲਾਕਾਤ ਹੋਵੇਗੀ। ਇਸ ਮਹੀਨੇ ਕੋਈ ਸੁਖਦ ਖਬਰ, ਖਾਸ ਤੌਰ 'ਤੇ ਸੰਤਾਨ ਵੱਲੋਂ ਮਿਲੇਗੀ। ਕਿਸੇ ਨਜ਼ਦੀਕੀ ਰਿਸ਼ਤੇਦਾਰ ਨਾਲ ਲੜਾਈ-ਝਗੜਾ ਹੋਣ ਦਾ ਡਰ ਹੈ। ਧਨ ਦਾ ਖਰਚ ਸੋਚ-ਸਮਝ ਕੇ ਕਰੋ। ਰੋਜ਼ਾਨਾ ਪਰਿਵਾਰ ਸਮੇਤ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ ਅਤੇ ਸ਼ੁੱਭ ਰਹੇਗਾ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਵਪਾਰ ਅਤੇ ਕਾਰੋਬਾਰ ਵਿੱਚ ਅਸਥਿਰ ਹਾਲਾਤ ਬਣਨਗੇ। ਆਮਦਨ ਤੋਂ ਖਰਚ ਜ਼ਿਆਦਾ ਹੋਵੇਗਾ। ਸਿਹਤ ਖਰਾਬ ਰਹਿ ਸਕਦੀ ਹੈ। ਕੋਸ਼ਿਸ਼ ਕਰਨ 'ਤੇ ਧਨ ਲਾਭ ਦੇ ਪਹਿਲਾਂ ਤੋਂ ਬਿਹਤਰ ਮੌਕੇ ਮਿਲਣਗੇ। ਬਹੁਤ ਸਾਰੀ ਮੁਸ਼ਕਿਲਾਂ ਦੇ ਹੱਲ ਹੋਣ ਦੇ ਸੰਕੇਤ ਮਿਲਣਗੇ। ਸ਼ੁੱਭ ਸੂਚਨਾ ਮਿਲੇਗੀ। ਗੁੱਸੇ ਕਾਰਨ ਕਿਸੇ ਬਣੇ ਹੋਏ ਕੰਮ ਵਿੱਚ ਵਿਗਾੜ ਪੈ ਸਕਦਾ ਹੈ। ਸਾਂਝੇਦਾਰੀ ਦੇ ਕੰਮ ਤੋਂ ਗੁਰੇਜ਼ ਕਰੋ। ਆਪਣੀ ਸੋਚ ਨੂੰ ਹਮੇਸ਼ਾ ਸਾਕਾਰਾਤਮਕ ਅਤੇ ਪ੍ਰਮਾਤਮਾਂ 'ਤੇ ਪੂਰਨ ਵਿਸ਼ਵਾਸ਼ ਰੱਖੋ, ਹਾਲਾਤ ਆਪਣੇ ਆਪ ਤੁਹਾਡੇ ਹੱਕ ਵਿੱਚ ਰਹਿਣਗੇ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ


ਕਿੰਗਜ਼ਵੇਅ ਬੈਂਕਿਊਟਿੰਗ ਸੂਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!



ਸਵ: ਸ੍ਰ. ਉਮਰਾਓ ਅਟਵਾਲ

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com


## ਟਰੰਪ ਨੂੰ ਫਿਰ ਮਿਲੀ ਤਾਕਤ: 4 ਮੁਲਕਾਂ ਦੇ ਪੰਜ ਲੱਖ ਲੋਕ ਹੋਣਗੇ ਡਿਪੋਰਟ



ਅਮਰੀਕੀ ਸੁਪਰੀਮ ਕੋਰਟ ਨੇ ਟਰੰਪ ਸਰਕਾਰ ਦਾ ਰਸਤਾ ਸਾਫ਼ ਕਰ ਦਿਤਾ ਹੈ। ਫ਼ੈਡਰਲ ਡਿਸਟ੍ਰਿਕਟ ਕੋਰਟ ਨੇ ਉਹ ਹੁਕਮ ਹਟਾ ਦਿਤੇ ਹਨ ਜਿਸ ਤਹਿਤ ਕਿਊਬਾ, ਹੈਤੀ, ਨਿਕਾਰਾਗੁਆ ਅਤੇ ਵੇਨੇਜ਼ੁਏਲਾ ਦੇ ਚਾਰ ਮੁਲਕਾਂ ਦੇ ਪੰਜ ਲੱਖ ਤੋਂ ਵੱਧ ਪ੍ਰਵਾਸੀਆਂ ਲਈ ਮਾਨਵੀ ਪੈਰੋਲ ਸੁਰੱਖਿਆ ਨੂੰ ਬਰਕਰਾਰ ਰਖਿਆ ਗਿਆ ਸੀ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਹੁਣ ਤਾਕਤ ਮਿਲ ਗਈ ਹੈ ਕਿ ਉਹ ਮਾਨਵੀ ਪੈਰੋਲ ਰੱਦ ਕਰ ਕੇ ਪੰਜ ਲੱਖ ਦੇ ਕਰੀਬ ਲੋਕਾਂ ਨੂੰ ਉਨ੍ਹਾਂ ਦੇ ਮੁਲਕ ਵਾਪਸ ਭੇਜ ਸਕਦੇ ਹਨ। ਇਹ ਫ਼ੈਸਲਾ ਇਸ ਲਈ ਵੀ ਅਹਿਮ ਹੈ ਕਿਉਂਕਿ ਟਰੰਪ ਨੇ ਸੱਤਾ ਵਿਚ ਆਉਂਦਿਆਂ ਹੀ ਦੋ ਜਹਾਜ਼ ਭਾਰਤ ਭੇਜੇ ਸਨ, ਜਿਹੜੇ ਉਥੇ ਗ਼ੈਰ-ਕਾਨੂੰਨੀ ਤੌਰ ਤੇ ਉਥੇ ਰਹਿ ਰਹੇ ਸਨ। ਇਸ ਕਾਰਵਾਈ ਨੇ ਖ਼ਾਸ ਤੌਰ ਤੇ ਪੰਜਾਬੀਆਂ ਨੂੰ ਬਹੁਤ ਨਿਰਾਸ਼ ਕੀਤਾ ਸੀ ਤੇ ਇਸ ਦੀ ਵੱਡੇ ਪੱਧਰ ਤੇ ਆਲੋਚਨਾ ਹੋਈ ਸੀ। ਰਿਪੋਰਟ ਅਨੁਸਾਰ ਅਦਾਲਤ ਨੇ ਟਰੰਪ ਪ੍ਰਸ਼ਾਸਨ ਨੂੰ ਇਕ ਹੋਰ ਮਾਮਲੇ ਵਿਚ ਲਗਭਗ 350,000 ਵੇਨੇਜ਼ੁਏਲਾ ਦੇ ਪ੍ਰਵਾਸੀਆਂ ਲਈ ਅਸਥਾਈ ਕਾਨੂੰਨੀ ਸਥਿਤੀ ਰੱਦ ਕਰਨ ਦੀ ਵੀ ਆਗਿਆ ਦਿਤੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਸ ਕਦਮ ਨੇ ਟਰੰਪ ਪ੍ਰਸ਼ਾਸਨ ਲਈ ਹਜ਼ਾਰਾਂ ਪ੍ਰਵਾਸੀਆਂ ਲਈ ਅਸਥਾਈ ਕਾਨੂੰਨੀ ਸੁਰੱਖਿਆ ਨੂੰ ਫ਼ਿਲਹਾਲ ਖ਼ਤਮ ਕਰਨ ਦਾ ਰਸਤਾ ਸਾਫ਼ ਕਰ ਦਿਤਾ ਹੈ ਅਤੇ ਡਿਪੋਰਟ ਦੇ ਘੇਰੇ ਵਿਚ ਆਉਣ ਵਾਲੇ ਲੋਕਾਂ ਦੀ ਕੁਲ ਗਿਣਤੀ ਨੂੰ ਲਗਭਗ ਦਸ ਲੱਖ ਤਕ ਪਹੁੰਚਾ ਦਿਤਾ ਹੈ।

# ਅਲਵਿਦਾ : ਸਾਊ ਸਿਆਸਤਦਾਨ ਸੁਖਦੇਵ ਸਿੰਘ ਢੀਂਡਸਾ

ਉਜਾਗਰ ਸਿੰਘ



ਸੁਖਦੇਵ ਸਿੰਘ ਢੀਂਡਸਾ ਦੇ ਤੁਰ ਜਾਣ ਨਾਲ ਸਿਆਸਤ ਵਿੱਚ ਸ਼ਾਲੀਨਤਾ ਦੀ ਸਿਆਸਤ ਦਾ ਇੱਕ ਯੁੱਗ ਖ਼ਤਮ ਹੋ ਗਿਆ ਹੈ। ਵਿਦਿਆਰਥੀ ਜੀਵਨ ਵਿੱਚੋਂ ਸਿਆਸਤ ਵਿੱਚ ਆ ਕੇ ਸਾਰੀ ਉਮਰ ਸਹਿਜਤਾ ਦਾ ਪੱਲਾ ਨਾ ਛੱਡਣਾ ਆਪਣੇ ਆਪ ਵਿੱਚ ਵਿਲੱਖਣ ਕੀਰਤੀਮਾਨ ਹੈ, ਕਿਉਂਕਿ ਵਿਦਿਆਰਥੀ ਸਿਆਸਤ ਵਾਲੇ ਸਿਆਸਤਦਾਨ ਅਗਰੈਸਿਵ ਹੁਜਾਂ ਮਾਰਦੇ ਰਹਿੰਦੇ ਹਨ। ਸੁਖਦੇਵ ਸਿੰਘ ਢੀਂਡਸਾ ਨੇ ਨਮਰਤਾ ਨਾਲ ਸਿਆਸਤ ਕੀਤੀ ਹੈ। ਮੇਰੀ ਵਾਕਫ਼ੀ ਹਰਕੇਸ਼ ਸਿੰਘ ਸਿੱਧੂ ਨੇ ਢੀਂਡਸਾ ਸਾਹਿਬ ਨਾਲ ਕਰਵਾਈ ਸੀ। ਮੈਨੂੰ ਲੋਕ ਸੰਪਰਕ ਦੀ ਨੌਕਰੀ ਕਰਕੇ ਬਹੁਤ ਸਾਰੇ ਸਿਆਸਤਦਾਨਾਂ ਨਾਲ ਮਿਲਣ ਦਾ ਇਤਫ਼ਾਕ ਹੋਇਆ, ਉਨ੍ਹਾਂ ਵਿੱਚੋਂ ਸੁਖਦੇਵ ਸਿੰਘ ਢੀਂਡਸਾ ਇੱਕ ਬਿਹਤਰੀਨ ਇਨਸਾਨ ਸਨ। ਮੈਂ ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਨੇੜੇ ਤੋਂ ਵੇਖਿਆ, ਉਸ ਆਧਾਰ 'ਤੇ ਉਨ੍ਹਾਂ ਬਾਰੇ ਲਿਖ ਰਿਹਾ ਹਾਂ। ਅਕਾਲੀ ਦਲ ਦੀ ਸਿਆਸਤ ਵਿੱਚ ਦਿਗਜ਼ ਸਿਆਸਤਦਾਨ ਪਦਮ ਭੂਸ਼ਣ ਸੁਖਦੇਵ ਸਿੰਘ ਢੀਂਡਸਾ 89 ਸਾਲ ਦੀ ਉਮਰ ਵਿੱਚ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। 'ਨਾ ਕਾਹੂ ਸੇ ਦੋਸਤੀ ਨਾ ਕਾਹੂ ਸੇ ਵੈਰ' ਦੇ ਅਸੂਲ 'ਤੇ ਚਲਣ ਕਰਕੇ, ਉਨ੍ਹਾਂ ਨੂੰ ਸਾਊ ਸਿਆਸਤਦਾਨ ਕਿਹਾ ਜਾ ਸਕਦਾ ਹੈ। ਉਹ ਧੀਮੀ ਆਵਾਜ਼ ਵਿੱਚ ਘੱਟ ਬੋਲਦੇ ਸਨ, ਪ੍ਰੰਤੂ ਜੋ ਬੋਲਦੇ ਉਹ ਤੋਲ ਕੇ ਸਹਿਜਤਾ ਨਾਲ ਬੋਲਦੇ ਸਨ। 1962 ਵਿੱਚ ਸੰਗਰੂਰ ਜ਼ਿਲ੍ਹੇ ਦੇ ਆਪਣੇ ਜੱਦੀ ਪਿੰਡ ਉਭਾਵਾਲ ਦੇ ਸਰਪੰਚ ਬਣਨ ਤੋਂ ਬਾਅਦ ਉਨ੍ਹਾਂ ਨੇ ਮੁੜਕੇ ਪਿੱਛੇ ਨਹੀਂ ਵੇਖਿਆ, ਸਗੋਂ ਪੌੜੀ ਦਰ ਪੌੜੀ ਉਹ ਸਿਆਸਤ ਵਿੱਚ ਅਕਾਲੀ ਦਲ ਦੇ ਵੱਖ-ਵੱਖ ਅਹੁਦਿਆਂ ਤੇ ਪਹੁੰਚਕੇ ਪਿੰਡ, ਦੇਸ਼ ਅਤੇ ਪੰਜਾਬ ਦੀ ਉਨਤੀ ਲਈ ਵਚਨਬੱਧਤਾ ਨਾਲ ਸਰਗਰਮ ਰਹੇ। ਅਜੋਕੇ ਸਿਆਸਤਦਾਨਾ ਦੇ ਕਿਰਦਾਰ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਂਦਾ ਹੈ। ਸਿਆਸਤ ਵਿਚ ਜੁਮਲੇਬਾਜ਼ੀ ਭਾਰੂ ਹੋ ਰਹੀ ਹੈ। ਚੋਣਾਂ ਜਿੱਤਣ ਅਤੇ ਆਪਣੀਆਂ ਹੀ ਪਾਰਟੀਆਂ ਵਿਚ ਆਪਣੀ ਜਗ੍ਹਾ ਬਣਾਉਣ ਲਈ ਉਨ੍ਹਾਂ ਨੂੰ ਕਈ ਕਿਸਮ ਦੇ ਵੇਲਣ ਵੇਲਣੇ ਪੈਂਦੇ ਹਨ। ਜਿਹੜਾ ਸਿਆਸਤਦਾਨ ਸਾਥੀਆਂ ਨੂੰ ਠਿੱਬੀ ਲਾਉਣ ਦਾ ਮਾਹਰ ਹੁੰਦਾ ਹੈ, ਉਸਨੂੰ ਸਫਲ ਸਿਆਸਤਦਾਨ ਗਿਣਿਆਂ ਜਾਂਦਾ ਹੈ ਪ੍ਰੰਤੂ ਸੁਖਦੇਵ ਸਿੰਘ ਢੀਂਡਸਾ ਇਕ ਪ੍ਰਬੁੱਧ, ਸ਼ਰੀਫ, ਸੁਲਝਿਆ ਹੋਇਆ, ਸਿਆਣਾ, ਸ਼ਹਿਣਸ਼ੀਲ, ਸਹਿਯੋਗੀ, ਨਮਰਤਾ ਤੇ ਸਬਰ ਸੰਤੋਖ ਵਾਲਾ, ਸੰਜਮੀ, ਮਿਠਬੋਲੜਾ ਅਤੇ ਸਾਧਾਰਨਤਾ ਦਾ ਪ੍ਰਤੀਕ ਦਰਵੇਸ਼ ਸਿਆਤਦਾਨ ਸੀ। ਉਸਦੇ ਵਿਅਕਤਿਤਵ ਨਾਲ ਜਿਤਨੇ ਵੀ ਵਿਸ਼ੇਸ਼ਣ ਲਗਾ ਲਏ ਜਾਣ ਉਤਨੇ ਹੀ ਥੋੜ੍ਹੇ ਹਨ। ਸਿਆਸਤ ਵਿਚ ਆਪਣਾ ਸਥਾਨ ਆਪਣੀ ਹਿੰਮਤ, ਦਲੇਰੀ ਅਤੇ ਹਲੀਮੀ ਨਾਲ ਬਣਾਇਆ ਹੈ।

ਇਕ ਆਮ ਜੱਟ ਸਿੱਖ ਦਿਹਾਤੀ ਖੇਤੀਬਾੜੀ ਕਰਨ ਵਾਲੇ ਪਰਿਵਾਰ ਵਿਚੋਂ ਉਠਕੇ ਭਾਰਤ ਦੀ ਸਿਆਸਤ ਵਿਚ ਆਪਣਾ ਵਿਲੱਖਣ ਸਥਾਨ ਬਣਾਇਆ ਸੀ। ਉਹ ਪਹਿਲੀ ਵਾਰ ਆਪਣੇ ਦਮ ਨਾਲ ਆਜ਼ਾਦ ਉਮੀਦਵਾਰ ਦੇ ਤੌਰ ਤੇ ਸਫਲ ਹੋਇਆ ਸੀ ਕਿਉਂਕਿ ਅਕਾਲੀ ਦਲ ਉਸਨੂੰ ਟਿਕਟ ਦੇਣ ਤੋਂ ਕੰਨੀ ਕਤਰਾਉਂਦਾ ਸੀ, ਹਾਲਾਂਕਿ ਉਹ ਸ਼੍ਰੋਮਣੀ ਅਕਾਲੀ ਦਲ ਦਾ ਸਰਗਰਮ ਵਰਕਰ, ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਸੰਗਰੂਰ ਦੇ ਮੈਂਬਰ ਵੀ ਰਹੇ ਸਨ। ਉਸਨੇ ਆਪਣੀ ਕਾਰਗੁਜ਼ਾਰੀ ਤੇ ਕਾਬਲੀਅਤ ਦਾ ਸਬੂਤ ਦੇਣ ਲਈ ਆਜ਼ਾਦ ਉਮੀਦਵਾਰ ਦੇ ਤੌਰ ਤੇ ਚੋਣ ਲੜਨ ਦਾ ਫ਼ੈਸਲਾ ਕੀਤਾ ਅਤੇ ਚੋਣ ਜਿੱਤਕੇ 1972 ਵਿੱਚ ਪਹਿਲੀ ਵਾਰ ਐਮ. ਐਲ. ਏ. ਬਣ ਗਏ। ਚੋਣ ਜਿੱਤਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਇਸ ਤੋਂ ਬਾਦ ਉਹ ਪੰਜਾਬ ਵਿਧਾਨ ਸਭਾ ਲਈ 1977, 80 ਅਤੇ 85 ਵਿੱਚ ਚੋਣ ਵੀ ਲੜੇ ਅਤੇ ਐਮ.ਐਲ.ਏ ਬਣ ਗਏ। ਉਨ੍ਹਾਂ ਦੀ ਪਾਰਟੀ ਪ੍ਰਤੀ ਵਫ਼ਾਦਾਰੀ ਅਤੇ ਦਿਆਨਤਦਾਰੀ ਨਾਲ ਕੰਮ ਕਰਨ ਕਰਕੇ 1973 ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਸਕੱਤਰ ਬਣਾ ਦਿੱਤਾ ਗਿਆ, ਕਿਉਂਕਿ ਉਹ ਸ੍ਰ.ਪ੍ਰਕਾਸ਼ ਸਿੰਘ ਬਾਦਲ ਦੀ ਸੱਜੀ ਬਾਂਹ ਬਣਕੇ ਹਮੇਸ਼ਾ ਦੁੱਖ ਸੁੱਖ ਦੇ ਸਾਥੀ ਰਹੇ ਹਨ। ਉਹ 1977 ਤੋਂ 80 ਤੱਕ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਦੀ ਸਰਕਾਰ ਵਿੱਚ ਖੇਡਾਂ, ਸਭਿਆਚਾਰਕ ਮਾਮਲੇ, ਸ਼ਹਿਰੀ ਹਵਾਬਾਜ਼ੀ ਅਤੇ ਟ੍ਰਾਂਸਪੋਰਟ ਵਿਭਾਗਾਂ ਦੇ ਮੰਤਰੀ ਰਹੇ। ਸ਼੍ਰੋਮਣੀ ਅਕਾਲੀ ਦਲ ਦੀ ਸਿਆਸਤ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸੁਰਜੀਤ ਸਿੰਘ ਬਰਨਾਲਾ ਵਰਗੇ ਧਾਗ ਨੇਤਾਵਾਂ ਦੇ ਜ਼ਿਲ੍ਹੇ ਵਿਚ ਸਥਾਪਤ ਹੋਣਾ ਬਹੁਤ ਮੁਸ਼ਕਲ ਸੌ, ਪ੍ਰੰਤੂ ਸੁਖਦੇਵ ਸਿੰਘ ਢੀਂਡਸਾ ਨੇ ਹੌਸਲਾ ਨਹੀਂ ਹਾਰਿਆ। ਉਹ ਚੁੱਪ ਚੁਪੀਤੇ ਲੋਕਾਂ ਵਿੱਚ ਵਿਚਰਦੇ ਹੋਏ ਲੋਕ ਭਲਾਈ ਦੇ ਕੰਮ ਕਰਦੇ ਰਹੇ।

ਸੁਖਦੇਵ ਸਿੰਘ ਢੀਂਡਸਾ ਗੁਰਬਾਣੀ ਦੇ 'ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤੱਤ' ਦੇ ਸਿਧਾਂਤ ਤੇ ਪਹਿਰਾ ਦਿੰਦੇ ਹੋਏ ਨਮਰਤਾ ਨਾਲ ਸਮਾਜਿਕ ਤੇ ਸਿਆਸੀ ਦਾਇਰੇ ਵਿੱਚ ਆਪਣਾ ਯੋਗਦਾਨ ਪਾਉਂਦੇ ਰਹੇ। ਅਕਾਲੀ ਦਲ ਦੀ ਸਿਆਸਤ ਵਿਚ ਕਈ ਵਾਰ ਉਤਰਾਅ ਚੜ੍ਹਾਅ ਆਏ, ਜਿਸ ਕਰਕੇ ਫਿਰ ਉਨ੍ਹਾਂ ਨੂੰ 1997 ਵਿੱਚ ਪੰਜਾਬ ਰਾਜ ਬਿਜਲੀ ਬੋਰਡ ਦਾ ਚੇਅਰਮੈਨ ਲਗਾਇਆ ਗਿਆ, ਜਿਸ ਅਹੁਦੇ ਤੇ ਉਹ 1998 ਤੱਕ ਰਹੇ। 1998 ਵਿੱਚ ਹੀ ਉਹ ਪੰਜਾਬ ਤੋਂ ਰਾਜ ਸਭਾ ਲਈ ਚੁਣੇ ਗਏ। ਉਹ 1999 ਤੋਂ 2004 ਤੱਕ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿੱਚ ਯੁਵਕ ਮਾਮਲੇ, ਖੇਡਾਂ ਅਤੇ ਖਾਦ ਤੇ ਰਸਾਇਣ ਵਿਭਾਗਾਂ ਦੇ ਕੇਂਦਰੀ ਮੰਤਰੀ ਰਹੇ। ਸ਼੍ਰੋਮਣੀ ਅਕਾਲੀ ਦਲ ਪੰਥਕ ਵਿਚਾਰਧਾਰਾ ਵਾਲੀ ਧਾਰਮਿਕ ਪਾਰਟੀ ਹੈ,



ਅਜਿਹੀ ਪਾਰਟੀ ਵਿਚ ਧਰਮ ਨਿਰਪੱਖ ਰਹਿਣਾ ਅਤੇ ਪਾਰਟੀ ਦੀ ਸਿਖਰਲੀ ਪੌੜੀ ਦੇ ਨਜ਼ਦੀਕ ਪਹੁੰਚਣਾ ਖਾਲਾ ਜੀ ਦਾ ਵਾੜਾ ਨਹੀਂ, ਪ੍ਰੰਤੂ ਸੁਖਦੇਵ ਸਿੰਘ ਢੀਂਡਸਾ ਦੀ ਹਲੀਮੀ ਅਤੇ ਸਭੇ ਸਾਂਝੀਵਾਲ ਸਦਾਇਨ ਵਿਚ ਵਿਸ਼ਵਾਸ਼ ਰੱਖਣ ਦੀ ਪ੍ਰਵਿਰਤੀ ਨੇ ਪਾਰਟੀ ਦੇ ਸਕੱਤਰ ਜਨਰਲ ਦੇ ਅਹੁਦੇ ਤੇ ਪਹੁੰਚਾਇਆ। ਇਹ ਅਹੁਦਾ ਵੀ ਸੁਖਦੇਵ ਸਿੰਘ ਢੀਂਡਸਾ ਲਈ ਵਿਸ਼ੇਸ਼ ਤੌਰ 'ਤੇ ਬਣਾਇਆ ਗਿਆ ਸੀ। ਅਹੁਦੇ ਪ੍ਰਾਪਤ ਕਰਨੇ ਔਖੇ ਨਹੀਂ ਹੁੰਦੇ ਪ੍ਰੰਤੂ ਇਨ੍ਹਾਂ ਅਹੁਦਿਆਂ ਦੀ ਸ਼ਾਲੀਨਤਾ ਨੂੰ ਬਣਾਈ ਰੱਖਣਾ ਅਸੰਭਵ ਹੁੰਦਾ ਹੈ। ਉਨ੍ਹਾਂ ਇਨ੍ਹਾਂ ਅਹੁਦਿਆਂ ਦੀ ਮਾਣਤਾ ਵਧਾਈ। ਸਿਆਸਤ ਵਿੱਚ ਵਾਦ-ਵਿਵਾਦ ਸਿਆਸਤਦਾਨਾ ਦਾ ਖਹਿੜਾ ਨਹੀਂ ਛੱਡਦੇ, ਪ੍ਰੰਤੂ ਸੁਖਦੇਵ ਸਿੰਘ ਢੀਂਡਸਾ ਆਪਣੇ ਲੰਬੇ 65 ਸਾਲ ਦੇ ਸਿਆਸੀ ਕੈਰੀਅਰ ਵਿੱਚ ਸਾਰੀ ਉਮਰ ਕਿਸੇ ਵਾਦ-ਵਿਵਾਦ ਵਿਚ ਨਹੀਂ ਪਏ। ਉਨ੍ਹਾਂ ਦੀ ਵਿਲੱਖਣਤਾ ਇਹ ਹੈ ਕਿ ਇਤਨੇ ਲੰਮੇ ਸਿਆਸੀ ਕੈਰੀਅਰ ਵਿਚ ਜਦੋਂ ਕਿ ਉਹ ਪੰਜਾਬ ਅਤੇ ਕੇਂਦਰ ਸਰਕਾਰ ਵਿਚ ਵੀ ਮੰਤਰੀ ਰਹੇ ਅਤੇ ਮਹੱਤਵਪੂਰਨ ਖੇਡ ਸੰਸਥਾਵਾਂ ਦੇ ਮੁਖੀ ਰਹੇ, ਪ੍ਰੰਤੂ ਅੱਜ ਤੱਕ ਭਰਿਸ਼ਟਾਚਾਰ ਦਾ ਕੋਈ ਇਲਜ਼ਾਮ ਨਹੀਂ ਲੱਗਿਆ, ਭਾਵ ਆਪਣੀ ਸਿਆਸੀ ਚਿੱਟੀ ਚਾਦਰ ਨੂੰ ਕੋਈ ਦਾਗ਼ ਨਹੀਂ ਲੱਗਣ ਦਿੱਤਾ। ਉਨ੍ਹਾਂ ਨੂੰ ਖੇਡਾਂ ਵਿੱਚ ਵਿਸ਼ੇਸ਼ ਦਿਲਚਸਪੀ ਸੀ ਅਤੇ ਉਹ ਪੰਜਾਬ ਓਲੰਪਿਕ ਐਸੋਸੀਏਸ਼ਨ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਖੇਡ ਸੰਸਥਾਵਾਂ ਦੇ ਪ੍ਰਧਾਨ ਸਨ, ਜਿਨ੍ਹਾਂ ਵਿੱਚ ਸਾਈਕੱਲੰਗ ਫੈਡਰੇਸ਼ਨ ਆਫ਼ ਇੰਡੀਆ, ਓਲੰਪਿਕ ਐਸੋਸੀਏਸ਼ਨ ਅਤੇ ਪੰਜਾਬ ਬਾਕਸਿੰਗ ਤੇ ਰੋਇੰਗ ਐਸੋਸੀਏਸ਼ਨ ਸ਼ਾਮਲ ਹਨ। ਸੁਖਦੇਵ ਸਿੰਘ ਢੀਂਡਸਾ ਨੂੰ ਪਾਰਟੀਬਾਜ਼ੀ ਤੋਂ ਉਪਰ ਉਠਕੇ ਸਾਰੀਆਂ ਸਿਆਸੀ ਪਾਰਟੀਆਂ ਦੇ ਨੇਤਾ ਹਲੀਮੀ ਦਾ ਪੁਜਾਰੀ ਹੋਣ ਕਰਕੇ ਸਤਿਕਾਰ ਦਿੰਦੇ ਹਨ। ਕਾਂਗਰਸ ਦੀਆਂ ਸਰਕਾਰਾਂ ਸਮੇਂ ਵੀ ਉਨ੍ਹਾਂ ਨੂੰ ਖੇਡ ਸੰਸਥਾਵਾਂ ਦੇ ਮੁੱਖੀ ਚੁਣਿਆਂ ਜਾਂਦਾ ਰਿਹਾ ਹੈ। ਉਸ ਨੇ ਬਹੁਤ ਸਾਰੇ ਖਿਡਾਰੀਆਂ ਨੂੰ ਸਰਪ੍ਰਸਤੀ ਦਿੱਤੀ ਤੇ ਉਨ੍ਹਾਂ ਖਿਡਾਰੀਆਂ ਨੇ ਦੇਸ਼ ਦਾ ਨਾਮ ਰੌਸ਼ਨ ਕੀਤਾ। ਅਕਾਲੀ ਦਲ ਦੇ ਸਕੱਤਰ ਜਨਰਲ ਹੁੰਦੇ ਹੋਏ, ਉਸਨੇ ਕਈ ਮਹੱਤਵਪੂਰਨ ਫ਼ੈਸਲਿਆਂ ਤੇ ਪਾਰਟੀ ਦੀਆਂ ਮੀਟਿੰਗਾਂ ਵਿਚ ਸਰਕਾਰ ਦੀਆਂ ਪੰਥ ਵਿਰੋਧੀ ਨੀਤੀਆਂ ਬਾਰੇ ਕਿੰਤੂ ਪ੍ਰੰਤੂ ਕੀਤਾ, ਬਰਗਾੜੀ ਕਾਂਡ ਅਕਾਲੀ ਦਲ ਦੀ ਸਰਕਾਰ ਸਮੇਂ ਹੋਇਆ ਜਦੋਂ ਇਹ ਸਾਫ਼ ਹੋ ਗਿਆ ਕਿ ਇਸ ਕਾਂਡ ਵਿਚ ਸਰਕਾਰ ਦੀ ਅਣਗਹਿਲੀ ਹੋਈ ਹੈ ਅਤੇ ਸਿੱਖ ਸੰਸਥਾਵਾਂ ਦੇ ਵਕਾਰ ਨੂੰ ਸੱਟ ਵੱਜੀ ਹੈ ਤਾਂ ਉਸਨੇ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ। ਸੁਖਦੇਵ ਸਿੰਘ ਢੀਂਡਸਾ ਦੇ ਪਾਰਟੀ ਅਹੁਦਿਆਂ ਤੋਂ ਅਸਤੀਫਾ ਦੇਣ ਤੋਂ ਬਾਅਦ ਹੀ ਬਰਗਾੜੀ ਕਾਂਡ ਵਿਚ ਉਦੋਂ ਦੀ ਸਰਕਾਰ ਅਤੇ ਪਾਰਟੀ ਦੀ ਅਣਗਹਿਲੀ ਦੇ ਇਲਜ਼ਾਮ ਲਗਾਕੇ ਅਕਾਲੀ ਦਲ ਦੇ ਸੀਨੀਅਰ ਮਾਝੇ ਦੇ ਨੇਤਾਵਾਂ ਨੇ ਅਸਤੀਫੇ ਦਿੱਤੇ ਸਨ। ਜਿਸਦੇ ਸਿੱਟੇ ਵਜੋਂ ਅਕਾਲੀ ਦਲ ਦੋਫ਼ਾੜ ਹੋ ਗਿਆ ਹੈ। ਇਸ ਸਮੇਂ ਉਹ ਸ਼੍ਰੋਮਣੀ ਅਕਾਲੀ ਦਲ ਦੀ ਸੁਧਾਰ ਲਹਿਰ ਦੀ ਸਰਪ੍ਰਸਤੀ ਕਰ ਰਹੇ ਸਨ।

ਸ੍ਰ.ਸੁਖਦੇਵ ਸਿੰਘ ਢੀਂਡਸਾ ਦਾ ਜਨਮ ਪਟਿਆਲਾ ਰਿਆਸਤ ਦੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਉਭਾਵਾਲ ਵਿਖੇ ਇਕ ਸਾਧਾਰਨ ਜੱਟ ਸਿੱਖ ਪਰਿਵਾਰ ਵਿੱਚ ਸ੍ਰ.ਰਤਨ ਸਿੰਘ ਅਤੇ ਮਾਤਾ ਸ਼੍ਰੀਮਤੀ ਲਾਭ ਕੌਰ ਦੇ ਘਰ 9 ਅਪ੍ਰੈਲ 1936 ਨੂੰ ਹੋਇਆ ਸੀ। ਉਸ ਨੇ ਮੁੱਢਲੀ ਸਿੱਖਿਆ ਗੁਰੂ ਨਾਨਕ ਹਾਈ ਸਕੂਲ ਸੰਗਰੂਰ ਅਤੇ ਬੀ.ਏ ਦੀ ਡਿਗਰੀ ਰਣਬੀਰ ਕਾਲਜ ਸੰਗਰੂਰ ਤੋਂ ਪਾਸ ਕੀਤੀ। ਕਾਲਜ ਦੀ ਪੜ੍ਹਾਈ ਦੌਰਾਨ ਹੀ ਉਸ ਨੇ ਸਿਆਸਤ ਵਿੱਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਤੇ ਉਹ ਕਾਲਜ ਦੀ ਸਟੂਡੈਂਟਸ ਯੂਨੀਅਨ ਦੇ ਵੀ ਪ੍ਰਧਾਨ ਰਹੇ। ਬੀ.ਏ ਕਰਨ ਤੋਂ ਬਾਅਦ ਥੋੜ੍ਹੀ ਦੇਰ ਲਈ ਰਣਬੀਰ ਕਾਲਜ ਦੀ ਲਾਇਬਰੇਰੀ ਵਿੱਚ ਕੰਮ ਕੀਤਾ। ਸੁਖਦੇਵ ਸਿੰਘ ਢੀਂਡਸਾ ਦਾ ਵਿਆਹ 1962 ਵਿੱਚ ਸ਼੍ਰੀਮਤੀ ਹਰਜੀਤ ਕੌਰ ਨਾਲ ਹੋਇਆ। ਉਨ੍ਹਾਂ ਦਾ ਇੱਕ ਲੜਕਾ ਪ੍ਰਮਿੰਦਰ ਸਿੰਘ ਢੀਂਡਸਾ ਅਤੇ ਦੋ ਲੜਕੀਆਂ ਹਨ। ਉਨ੍ਹਾਂ ਦਾ ਲੜਕਾ ਪ੍ਰਮਿੰਦਰ ਸਿੰਘ ਢੀਂਡਸਾ ਸੰਗਰੂਰ ਜ਼ਿਲ੍ਹੇ ਦੇ ਲਹਿਰਾਗਾਗਾ ਅਤੇ ਸੁਨਾਮ ਹਲਕੇ ਤੋਂ ਵਿਧਾਨਕਾਰ ਰਿਹਾ ਹੈ। ਉਹ ਪਰਕਾਸ਼ ਸਿੰਘ ਬਾਦਲ ਦੀ ਸਰਕਾਰ ਵਿੱਚ ਵਿਤ ਮੰਤਰੀ ਵੀ ਰਿਹਾ ਹੈ ਅਤੇ ਹੁਣ ਅਕਾਲੀ ਦਲ ਦੀ ਸੁਧਾਰ ਲਹਿਰ ਦਾ ਸਰਗਰਮ ਨੇਤਾ ਹੈ। ਉਨ੍ਹਾਂ ਦਾ ਇਕ ਜਵਾਈ ਤੇਜਿੰਦਰਪਾਲ ਸਿੰਘ ਸਿੱਧੂ ਆਈ. ਏ. ਐਸ. ਅਧਿਕਾਰੀ ਸੇਵਾ ਮੁਕਤ ਹੋਇਆ ਹੈ। ਉਹ ਆਪਣੇ ਪਿੱਛੇ ਪਤਨੀ ਹਰਜੀਤ ਕੌਰ, ਸਪੁੱਤਰ ਪ੍ਰਮਿੰਦਰ ਸਿੰਘ ਢੀਂਡਸਾ ਅਤੇ ਦੋ ਲੜਕੀਆਂ ਛੱਡ ਗਏ ਹਨ।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# ਦਰਵੇਸ਼ ਸਿਆਸਤਦਾਨ – ਗਿਆਨੀ ਕਰਤਾਰ ਸਿੰਘ ਨੂੰ ਯਾਦ ਕਰਦਿਆਂ

(10 ਜੂਨ ਲਈ) ਬਰਸੀ 'ਤੇ ਵਿਸ਼ੇਸ਼




– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਮਨੁੱਖਤਾ ਦੀ ਸੇਵਾ ਸਭ ਤੋਂ ਉੱਤਮ ਕਾਰਜ ਹੈ। ਅਜਿਹੇ ਬਹੁਤ ਵਿਰਲੇ ਇਨਸਾਨ ਮਿਲਣਗੇ, ਜਿਨ੍ਹਾਂ ਸਮੁੱਚਾ ਜੀਵਨ ਹੀ ਲੋਕ ਸੇਵਾ ਨੂੰ ਸਮਰਪਿਤ ਕੀਤਾ ਹੋਵੇ। ਅਜੋਕੇ ਸਮੇਂ ਵਿੱਚ ਅਜਿਹੇ ਇਨਸਾਨ ਲੱਭਿਆਂ ਵੀ ਨਹੀਂ ਮਿਲਦੇ। ਸਮੁੱਚਾ ਜੀਵਨ ਕੌਮੀ ਹਿੱਤਾਂ ਨੂੰ ਸਮਰਪਿਤ ਕਰਨ ਵਾਲੇ, ਸਹੀ ਅਰਥਾਂ ਵਿੱਚ ਦਰਵੇਸ਼ ਸਿਆਸਤਦਾਨ ਸਨ, ਗਿਆਨੀ ਕਰਤਾਰ ਸਿੰਘ। ਤਾਅ ਜ਼ਿੰਦਗੀ ਨਾ ਕਿਸੇ ਅਹੁਦੇ ਦੀ ਇੱਛਾ ਰੱਖੀ ਅਤੇ ਨਾ ਹੀ ਕੋਈ ਜਾਇਦਾਦ ਬਣਾਈ। 20ਵੀਂ ਸਦੀ ਦੀ ਰਾਜਨੀਤੀ ਵਿੱਚ ਕੌਮ ਦਾ ਦਿਮਾਗ ਸਮਝੇ ਜਾਣ ਵਾਲੇ ਗਿਆਨੀ ਕਰਤਾਰ ਸਿੰਘ ਦਾ ਜਨਮ 20 ਫ਼ਰਵਰੀ, 1902 ਈ: ਨੂੰ ਲਾਇਲਪੁਰ ਜ਼ਿਲ੍ਹੇ ਦੇ ਚੱਕ ਨੰ: 40 ਕੰਗ ਬ੍ਰਾਂਚ (ਲਹਿੰਦਾ ਪੰਜਾਬ) ਪਿਤਾ ਸ. ਭਗਤ ਸਿੰਘ ਅਤੇ ਮਾਤਾ ਜਿਓ ਦੇ ਗ੍ਰਹਿ ਵਿਖੇ ਹੋਇਆ। ਉਸ ਸਮੇਂ ਸਿੱਖਿਆ ਦਾ ਪਾਸਾਰ ਹੁਣ ਵਾਂਗ ਨਹੀਂ ਸੀ ਹੋਇਆ। ਮੁੱਢਲੀ ਸਿੱਖਿਆ ਅਤੇ ਅੱਖਰ ਗਿਆਨ ਧਾਰਮਿਕ ਅਸਥਾਨਾਂ 'ਤੇ ਹੁੰਦਾ ਸੀ। ਗਿਆਨੀ ਜੀ ਨੇ ਆਪਣੀ ਮੁੱਢਲੀ ਸਿੱਖਿਆ ਆਪਣੇ ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਹੀ ਸ਼ੁਰੂ ਕੀਤੀ। ਇਸ ਤੋਂ ਪਿੱਛੋਂ ਫਿਰ ਚੱਕ ਨੰ: 41 ਦੇ ਖ਼ਾਲਸਾ ਹਾਈ ਸਕੂਲ ਵਿੱਚ ਦਾਖਲਾ ਪ੍ਰਾਪਤ ਕੀਤਾ। ਇਸੇ ਸਕੂਲ ਵਿੱਚੋਂ 1921 ਈ: ਵਿੱਚ ਮੈਟ੍ਰਿਕ ਦਾ ਇਮਤਿਹਾਨ ਪਾਸ ਕੀਤਾ। ਇਸ ਤੋਂ ਬਾਅਦ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਦਾਖ਼ਲ ਤਾਂ ਹੋ ਗਏ, ਅਜੇ ਐਫ਼. ਏ. ਹੀ ਕਰਦੇ ਸਨ, ਅਚਾਨਕ ਬੀਮਾਰੀ ਨੇ ਘੇਰ ਲਿਆ, ਬੀਮਾਰੀ ਦੀ ਹਾਲਤ ਵਿੱਚ ਕਾਲਜ ਛੱਡਣਾ ਪਿਆ। ਪੜ੍ਹਾਈ ਦੀ ਰੁਚੀ ਰੱਖਣ ਦੀ ਲੋਚਾ ਮਨ ਵਿੱਚ ਹੀ ਰਹਿ ਗਈ।

ਗਿਆਨੀ ਜੀ ਦੇ ਘਰ ਦਾ ਮਾਹੌਲ ਧਾਰਮਿਕ ਹੋਣ ਕਰਕੇ ਗੁਰਬਾਣੀ ਕੀਰਤਨ ਨਾਲ ਵਿਸ਼ੇਸ਼ ਲਗਾਅ ਰੱਖਦੇ ਸਨ। ਅਜਿਹੀ ਧਾਰਮਿਕ ਰੁਚੀ ਹੋਣ ਕਾਰਨ ਅਤੇ ਸਿੱਖ ਇਤਿਹਾਸ ਨੂੰ ਜਾਨਣ ਦੀ ਉਤਸੁੱਕ-ਤਾ ਕਾਰਨ ਲੋਕਾਂ ਵੱਲੋਂ (ਗਿਆਨੀ) ਸ਼ਬਦ ਨਾਲ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ। ਅੰਤ ਸਮੇਂ ਤੱਕ ਇਹੋ ਸ਼ਬਦ ਆਪ ਦੇ ਨਾਂਅ ਨਾਲ ਜੁੜਿਆ ਰਿਹਾ। 1925 ਈ: ਵਿੱਚ ਗੁਰਦੁਆਰਾ ਲਹਿਰ ਸਿਖਰ ਦੇ ਦਿਨਾਂ ਵਿੱਚ ਸੀ, ਇਸੇ ਸਾਲ ਗੁਰਦੁਆਰਾ ਐਕਟ ਭਾਰਤ ਦੀ ਅੰਗ੍ਰੇਜ਼ ਹਕੂਮਤ ਵੱਲੋਂ ਲਾਗੂ ਕੀਤਾ ਗਿਆ। ਉਸ ਸਮੇਂ ਪੰਜਾਬ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ। ਉਸ ਸਮੇਂ ਦੇ ਪੰਜਾਬ ਵਿੱਚ ਪਾਕਿਸਤਾਨ ਵਿੱਚ ਵੱਸਦਾ ਲਹਿੰਦਾ ਪੰਜਾਬ, ਮੌਜੂਦਾ ਪੰਜਾਬ, ਹਰਿਆਣਾ ਅਤੇ ਹਿਮਾਚਲ ਵਿੱਚ ਸ਼ਾਮਿਲ ਪੁਰਾਣੇ ਪੰਜਾਬ ਦੇ ਗੁਰਦੁਆਰਾ ਸਾਹਿਬਾਨ ਵੀ ਸ਼ਾਮਿਲ ਸਨ। ਗਿਆਨੀ ਜੀ ਧਾਰਮਿਕ ਵਿਚਾਰਾਂ ਵਿੱਚ ਪ੍ਰਪੱਕਤਾ ਹੋਣ ਕਾਰਨ 1926 ਈ: ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਸਮੇਂ ਗਿਆਨੀ ਕਰਤਾਰ ਸਿੰਘ ਮੈਂਬਰ ਚੁਣ ਲਏ ਗਏ। ਇਸ ਤੋਂ ਅਗਲੇ ਵਰ੍ਹੇ ਕਾਰਜਕਾਰਨੀ ਕਮੇਟੀ ਦੇ ਮੈਂਬਰ ਚੁਣ ਲਏ ਗਏ। ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਚੱਲ ਰਿਹਾ। 30 ਅਕਤੂਬਰ, 1928 ਈ: ਨੂੰ ਲਾਹੌਰ ਦੇ ਰੇਲਵੇ ਸਟੇਸ਼ਨ 'ਤੇ ਸਾਈਮਨ ਕਮਿਸ਼ਨ ਪ੍ਰਤੀ ਰੋਸ ਪ੍ਰਗਟ ਕੀਤਾ। ਇਸ ਤੋਂ ਬਾਅਦ 1930-31 ਵਿੱਚ ਚੱਲੇ ਨਾਫ਼ੁਰਮਾਨੀ ਅੰਦੋਲਨ ਵਿੱਚ ਹਿੱਸਾ ਲੈਣ ਕਾਰਨ ਇਕ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਕੱਟਣੀ ਪਈ।

ਕੌਮੀ ਦਰਦ ਦੀ ਚੀਸ ਹਰ ਸਮੇਂ ਹਿਰਦੇ ਵਿੱਚ ਕਾਇਮ ਰਹੀ। ਉਨ੍ਹਾਂ ਦੀ ਇਕੋ-ਇਕ ਖ਼ਾਹਿਸ਼ ਸੀ, ਸਾਡੇ ਸਿਆਸਤਦਾਨ ਸੱਚੇ-ਸੁੱਚੇ ਦੇਸ਼ ਭਗਤਾਂ ਵਾਂਗ ਆਜ਼ਾਦੀ ਦੇ ਸੰਘਰਸ਼ ਵਿੱਚ ਯੋਗਦਾਨ ਪਾਉਣ। ਉਹ ਹਮੇਸ਼ਾਂ ਕਹਿੰਦੇ ਸਨ, ਨਿੱਜੀ ਹਿੱਤਾਂ ਤੋਂ ਉਪਰ ਉੱਠ ਕੇ ਦੇਸ਼ ਨੂੰ ਗੁਲਾਮੀ ਤੋਂ ਛੁਟਕਾਰਾ ਮਿਲ ਸਕਦਾ। 1937 ਈ: ਵਿੱਚ ਸਾਂਝੇ ਪੰਜਾਬ ਦੀ ਵਿਧਾਨ ਸਭਾ ਦੀ ਚੋਣ ਹੋਈ। ਉਨ੍ਹਾਂ ਇਹ ਚੋਣ ਸਮੁੰਦਰੀ ਜੜ੍ਹਵਾਲਾ (ਲਹਿੰਦਾ ਪੰਜਾਬ) ਦੇ ਵਿਧਾਨ ਸਭਾ ਹਲਕਾ ਤੋਂ ਲੜੀ। ਇਸ ਚੋਣ ਵਿੱਚ ਇਸ ਹਲਕੇ ਤੋਂ ਵਿਧਾਨ ਸਭਾ ਮੈਂਬਰ ਚੁਣੇ ਗਏ। 1943 ਈ: ਵਿੱਚ ਉਨ੍ਹਾਂ ਪੰਜਾਬੀਆਂ ਦੇ ਦਰਦ ਨੂੰ ਸਮਝਦਿਆਂ ਅਜ਼ਾਦ ਪੰਜਾਬ ਬਣਾਉਣ ਦਾ ਵਿਚਾਰ ਪੇਸ਼ ਕੀਤਾ। ਉਨ੍ਹਾਂ ਦਾ ਵਿਚਾਰ ਸੀ, ਦੇਸ਼ ਦੀ ਆਜ਼ਾਦੀ ਦੀ ਲੜਾਈ ਜਿਹੜੀ ਉਸ ਸਮੇਂ ਸਿਖਰ 'ਤੇ ਸੀ, ਉਸ ਵਿੱਚ ਪੰਜਾਬੀ ਆਪਣਾ ਪੂਰਾ ਯੋਗਦਾਨ ਪਾ ਰਹੇ ਸਨ। ਉਨ੍ਹਾਂ ਨੂੰ ਜਾਪਦਾ ਸੀ ਜੇ ਇਸ ਸੰਘਰਸ਼ ਵਿੱਚ ਸਭ ਤੋਂ ਵੱਧ ਕੁਰਬਾਨੀਆਂ ਕਰਨ ਵਾਲੀ ਕੌਮ ਪਛੜ ਗਈ ਤਾਂ ਅਜ਼ਾਦ ਪੰਜਾਬ ਬਣਾਉਣ ਦਾ ਇਹ ਸੁਪਨਾ ਭਵਿੱਖ ਦੇ ਗਰਭ ਵਿੱਚ ਚਲਾ ਜਾਵੇਗਾ। ਉਸ ਸਮੇਂ ਦੂਜਾ ਸੰਸਾਰ ਯੁੱਧ ਚੱਲ ਰਿਹਾ ਸੀ, ਗਿਆਨੀ ਜੀ ਦਾ ਵਿਚਾਰ ਸੀ, ਸੰਸਾਰ ਜੰਗ ਦੀ ਭੱਠੀ ਵਿੱਚ ਲੱਖਾਂ ਸਿੱਖ ਨੌਜਵਾਨਾਂ ਨੂੰ ਬਾਲਣ ਵਜੋਂ ਅੰਗ੍ਰੇਜ਼ ਹਕੂਮਤ ਮੌਤ ਦੇ ਮੂੰਹ ਵਿੱਚ ਧੱਕ ਰਹੀ ਹੈ।



ਗਿਆਨੀ ਕਰਤਾਰ ਸਿੰਘ

ਇਸ ਤੋਂ ਅਗਲੇ ਸਾਲ 12 ਦਸੰਬਰ, 1944 ਈ: ਵਿੱਚ ਉਨ੍ਹਾਂ ਦਾ ਵਿਚਾਰ ਸੀ ਕਿ ਸਿੱਖ ਧਰਮ ਸਰਬੱਤ ਦੇ ਭਲੇ ਦਾ ਸਿਧਾਂਤ ਮੁਤਾਬਿਕ ਕਿਸੇ ਜਾਤ-ਪਾਤ ਵਿੱਚ ਵਿਸ਼ਵਾਸ਼ ਨਹੀਂ ਰੱਖਦਾ, ਸਗੋਂ ਸੰਸਾਰ ਦਾ ਸਰਬ-ਸਾਂਝਾ ਧਰਮ ਹੈ, ਉਨ੍ਹਾਂ ਇਸ ਕੰਮ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੋਰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਸਿੱਖ ਕੌਮ ਦਾ ਧਿਆਨ ਇਸ ਪਾਸੇ ਲਾ ਕੇ ਗੁਰਦੁਆਰਾ ਐਕਟ ਵਿੱਚ ਸੋਧ ਕਰਕੇ ਕਬਿਤ ਪਛੜੀਆਂ ਸ਼੍ਰੇਣੀਆਂ ਨੂੰ ਗੁਰ-ਦੁਆਰਾ ਕਮੇਟੀ ਵਿੱਚ ਪ੍ਰਤੀਨਿੱਧਤਾ ਦਿੱਤੀ ਜਾਵੇ।

ਦੇਸ਼ ਦੀ ਆਜ਼ਾਦੀ ਤੋਂ ਪਿੱਛੋਂ 1952 ਈ: ਵਿੱਚ ਗਿਆਨੀ ਜੀ ਨੂੰ ਪੰਜਾਬ ਵਿਧਾਨ ਕੌਂਸਿਲ ਦਾ ਮੈਂਬਰ ਬਣਾ ਦਿੱਤਾ ਗਿਆ। ਜਦੋਂ ਪੈਪਸੂ ਦਾ ਇਲਾਕਾ ਪੰਜਾਬ ਵਿੱਚ ਸ਼ਾਮਿਲ ਕੀਤਾ ਗਿਆ ਤਾਂ ਗਿਆਨੀ ਜੀ ਦੀ ਸੋਚ ਮੁਤਾਬਿਕ 1956 ਈ: ਵਿੱਚ ਫਿਰ ਗੁਰਦੁਆਰਾ ਐਕਟ ਵਿੱਚ ਸੋਧ ਕਰਵਾਈ ਗਈ। 1957 ਈ: ਦੀ ਪੰਜਾਬ ਵਿਧਾਨ ਸਭਾ ਦੀ ਚੋਣ ਸਮੇਂ ਗਿਆਨੀ ਕਰਤਾਰ ਸਿੰਘ ਫਿਰ ਵਿਧਾਇਕ ਚੁਣੇ ਗਏ। ਮੰਤਰੀ ਮੰਡਲ ਬਣਨ ਸਮੇਂ ਸ. ਪ੍ਰਤਾਪ ਸਿੰਘ ਕੈਰੋਂ ਦੇ ਮੰਤਰੀ ਮੰਡਲ ਵਿੱਚ ਆਪ ਨੂੰ ਪੰਜਾਬ ਦੇ ਮਾਲ ਤੇ ਖੇਤੀਬਾੜੀ ਮੰਤਰੀ ਵਜੋਂ ਸ਼ਾਮਿਲ ਕੀਤਾ ਗਿਆ। 1962 ਈ: ਦੀ ਵਿਧਾਨ ਸਭਾ ਦੀ ਚੋਣ ਸਮੇਂ ਵੀ ਆਪ ਮੁੜ ਵਿਧਾਨਕਾਰ ਚੁਣੇ ਗਏ। 16 ਅਪ੍ਰੈਲ, 1967 ਈ: ਨੂੰ ਆਪ ਨੇ ਕਾਂਗਰਸ ਪਾਰਟੀ ਨੂੰ ਅਲਵਿਦਾ ਆਖ ਦਿੱਤਾ। ਹੁਣ ਸਿਹਤ ਵਿੱਚ ਵਿਗਾੜ ਆਉਣ ਕਾਰਨ ਸਰਗਰਮ ਰਾਜਨੀਤੀ ਤੋਂ ਵੱਖ ਹੋ ਗਏ। ਆਖਰ ਕੁਦਰਤ ਦੇ ਨੇਮ ਮੁਤਾਬਿਕ 10 ਜੂਨ, 1974 ਈ: ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਆਪ ਸਦੀਵੀ ਵਿਛੋੜਾ ਦੇ ਗਏ। ਇਸ ਦਰਵੇਸ਼ ਸਿਆਸਤਦਾਨ ਦੀ ਯਾਦ ਵਿੱਚ ਉਸਾਰੇ ਗਏ ਗਿਆਨੀ ਕਰਤਾਰ ਸਿੰਘ ਸਰਕਾਰੀ ਕਾਲਜ ਟਾਂਡਾ (ਹੁਸ਼ਿਆਰਪੁਰ) ਦੀ ਇਮਾਰਤ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਵਾ ਰਹੀ ਹੈ।

# ਸ਼ਿਕਾਗੋ ਵਿਚ ਇਕ ਚਰਚ ਨੇੜੇ ਹੋਈ ਗੋਲੀਬਾਰੀ ਵਿਚ 7 ਨੌਜਵਾਨ ਜ਼ਖਮੀ, ਹਮਲਾਵਰ ਫਰਾਰ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਸ਼ਿਕਾਗੋ ਵਿਚ ਤੜਕਸਾਰ ਸੇਂਟ ਸਬੀਨਾ ਚਰਚ ਨੇੜੇ ਹੋਈ ਗੋਲਬਾਰੀ ਵਿਚ 7 ਨੌਜਵਾਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਨਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਉਸ ਦੇ ਲੱਤ ਤੇ ਛਾਤੀ ਵਿਚ ਗੋਲੀਆਂ ਵੱਜੀਆਂ ਹਨ ਜਦ ਕਿ ਬਾਕੀਆਂ ਦੇ ਲੱਤਾਂ, ਬਾਹਾਂ ਜਾਂ ਪਿੱਠ 'ਤੇ ਗੋਲੀਆਂ ਵੱਜੀਆਂ ਹਨ। ਇਹ ਜਾਣਕਾਰੀ ਸ਼ਿਕਾਗੋ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ।

ਬਿਆਨ ਅਨੁਸਾਰ ਪੁਲਿਸ ਪੱਛਮੀ 78 ਵੀਂ ਸਟਰੀਟ 'ਤੇ ਤੜਕਸਾਰ ਤਕਰੀਬਨ 2 ਵਜੇ ਲੋਕਾਂ ਦੇ ਵੱਡੇ ਇਕੱਠ ਨੂੰ ਤਿਤਰ ਬਿਤਰ ਕਰਨ ਦਾ ਯਤਨ ਕਰ ਰਹੀ ਸੀ ਜਦੋਂ ਇਕ ਗੱਡੀ ਵਿਚ ਆਏ ਹਮਲਾਵਰਾਂ ਨੇ ਭੀੜ ਉਪਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਗੋਲੀਆਂ ਚਲਾਉਣ ਉਪਰੰਤ ਹਮਲਾਵਰ ਫਰਾਰ ਹੋ ਗਏ। ਪੁਲਿਸ ਨੇ ਕਿਹਾ ਹੈ ਕਿ ਇਸ ਮਾਮਲੇ ਵਿਚ ਅਜੇ ਤੱਕ ਕਿਸੇ ਨੂੰ ਵੀ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ। 3 ਪੀੜਤ 17 ਸਾਲ, 3 ਪੀੜਤ 18 ਸਾਲ ਤੇ ਇਕ ਜ਼ਖਮੀ ਦੀ ਉਮਰ 19 ਸਾਲ ਹੈ। ਫਾਦਰ ਮਿਸ਼ੈਲ ਫਲੇਗਰ ਨੇ ਸ਼ੋਸਲ ਮੀਡੀਆ ਉਪਰ ਪਾਈ ਇਕ ਪੋਸਟ ਵਿਚ ਕਿਹਾ ਹੈ ਕਿ ਸਮੂਹਿਕ ਨ੍ਰਿਤ ਤੋਂ ਬਾਅਦ ਇਕ ਘਰ ਵਿਚ ਇਕੱਤਰ ਹੋਏ ਲੋਕਾਂ 'ਤੇ ਗੋਲੀਆਂ ਵਰਾਈਆਂ ਗਈਆਂ ਹਨ। "ਉਨਾਂ ਕਿਹਾ ਹੈ ਕਿ ਅਸੀਂ ਦੁੱਖੀ ਹਾਂ ਪਰੰਤੂ ਹਾਰੇ ਨਹੀਂ ਹਾਂ। ਅਸੀਂ ਖੜੇ ਰਹਾਂਗੇ, ਬੋਲਾਂਗੇ ਤੇ ਸੇਵਾ ਕਰਦੇ ਰਹਾਂਗੇ।"

# ਨਿਊ ਓਰਲੀਨਜ ਜੇਲ ਵਿਚੋਂ ਕੈਦੀਆਂ ਦੇ ਭੱਜਣ ਵਿੱਚ 14 ਲੋਕਾਂ ਨੇ ਮੱਦਦ ਕੀਤੀ, 2 ਕੈਦੀ ਅਜੇ ਵੀ ਫਰਾਰ

ਸੈਕਰਾਮੈਂਟੋ,ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)- ਦੋ ਹਫਤੇ ਪਹਿਲਾਂ 16 ਮਈ ਨੂੰ ਨਿਊ ਓਰਲੀਨਜ ਜੇਲ ਵਿਚੋਂ ਫਰਾਰ ਹੋਏ 10 ਕੈਦੀਆਂ ਦੀ ਘੱਟੋ ਘੱਟ 14 ਲੋਕਾਂ ਨੇ ਮੱਦਦ ਕੀਤੀ। ਮੱਦਦਗਾਰਾਂ ਵਿਚ ਕੈਦੀਆਂ ਦੇ ਮਿੱਤਰ ਤੇ ਪਰਿਵਾਰਕ ਮੈਂਬਰ ਸ਼ਾਮਿਲ ਹਨ। ਅਦਾਲਤ ਵਿਚ ਦਾਇਰ ਦਸਤਾਵੇਜ਼ਾਂ ਅਨੁਸਾਰ ਇਨਾਂ ਨੇ ਕੈਦੀਆਂ ਨੂੰ ਖਾਣਾ ਦਿੱਤਾ, ਨਕਦੀ ਦਿੱਤੀ, ਗੱਡੀਆਂ ਦਿੱਤੀਆਂ ਤੇ ਪਨਾਹ ਵੀ ਦਿੱਤੀ। ਕੁਝ ਕੈਦੀਆਂ ਨੂੰ ਤਾਂ ਭੱਜਣ ਤੋਂ ਪਹਿਲਾਂ ਵੀ ਮੱਦਦ ਮਿਲੀ। ਇਨਾਂ ਤੋਂ ਇਲਾਵਾ ਕੁਝ ਹੋਰ ਲੋਕਾਂ ਦੇ ਨਾਂ ਵੀ ਪੁਲਿਸ ਦੀ ਰਿਪੋਰਟ ਵਿਚ ਹਨ ਪਰੰਤੂ ਉਨਾਂ ਵਿਰੁੱਧ ਅਜੇ ਦੋਸ਼ ਆਇਦ ਨਹੀਂ ਕੀਤੇ ਗਏ। ਇਕ ਸਾਬਕਾ ਜੇਲ ਮੁਲਾਜ਼ਮ ਲੈਨਟਨ ਵੈਨਬੁਰੇਨ ਨਾਮੀ ਕੈਦੀ ਨੂੰ ਆਪਣੀ ਗੱਡੀ ਵਿਚ ਆਪਣੇ ਇਕ ਰਿਸ਼ਤੇਦਾਰ ਦੇ ਘਰ ਲੈ ਕੇ ਗਿਆ ਜਦ ਕਿ ਬਾਅਦ ਵਿਚ ਇਕ ਹੋਰ ਦੋਸਤ ਨੇ ਵੈਨਬੁਰੇਨ ਨੂੰ ਲੁੱਕਣ ਵਾਸਤੇ ਇਕ ਫਲੈਟ ਦਿੱਤਾ। ਪੁਲਿਸ ਅਨੁਸਾਰ ਕੁਝ ਨੇ ਐਪਸ ਰਾਹੀਂ ਪੈਸੇ ਭੇਜੇ ਤੇ ਪੁੱਛਗਿੱਛ ਦੌਰਾਨ ਝੂਠ ਬੋਲਿਆ। ਡੈਰਿਕ ਗਰੋਵਸ ਤੇ ਐਨਟੋਨੀ ਮੈਸੀ ਨਾਮੀ ਕੈਦੀ ਅਜੇ ਵੀ ਫਰਾਰ ਹਨ ਜਿਨਾਂ ਉਪਰ ਪੁਲਿਸ ਨੇ 50-50 ਹਜਾਰ ਡਾਲਰ ਦਾ ਇਨਾਮ ਰਖਿਆ ਹੈ।

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**
**ਕਿਸ਼ਤ-3**

# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ
## ਨਿਰਮਲ ਪੰਥ ਤੋਂ ਖਾਲਸਾ ਪੰਥ ਤੱਕ

**ਡਾ: ਕਿਰਨਪ੍ਰੀਤ ਕੌਰ ਬਾਠ**



**ਖ਼ਾਲਸਾ ਓਹੀ ਜੋ ਇੱਕ ਦੀ ਹੋਂਦ ਨੂੰ ਮੰਨਦਾ ਹੈ, ਉਹ ਇੱਕ ਜਿਸ ਨੇ ਸਾਰੀ ਸ੍ਰਿਸ਼ਟੀ ਸਾਜ ਕੇ ਆਪ ਵਿੱਚ ਬਿਰਾਜਮਾਨ ਹੋਇਆ ਹੈ, ਓਸੇ ਇੱਕ ਦਾ ਨਾਮ ਸਤ ਹੈ, ਓਹੀ ਕਰਤਾ ਪੁਰਖ ਹੈ ਬਾਕੀ ਸਭ ਜੀਵ-ਇਸਤਰੀਆਂ ਹੀ ਨੇ, ਉਹ ਨਾ ਕਿਸੇ ਭੈ ਵਿੱਚ ਹੁੰਦਾ ਹੈ ਨਾ ਕਿਸੇ ਨਾਲ਼ ਵੈਰ ਰੱਖਦਾ, ਉਹ ਜਿਸ ਦੀ ਮੂਰਤ ਕਾਲ ਤੋਂ ਪਰ੍ਹੇ ਹੈ, ਜੋ ਨਾ ਕਿਸੇ ਜੂਨ ਵਿੱਚ ਆਉਂਦਾ ਹੈ ਨਾ ਉਸ ਨੂੰ ਕੋਈ ਸਿਰਜਦਾ ਹੈ।**

ਤੁਹੀ ਗੁਰੂ ਨਾਨਕ ਹੈ
ਤੁਹੀ ਗੁਰੂ ਅੰਗਦ ਹੈ
ਤੁਹੀ ਗੁਰੂ ਅਮਰਦਾਸ
ਰਾਮਦਾਸ ਤੂੰ ਹੀ ਹੈ
ਤੁਹੀ ਗੁਰ ਅਰਜਨ ਹੈ
ਤੁਹੀ ਗੁਰ ਹਰਿਗੋਬਿੰਦ
ਤੁਹੀ ਗੁਰੂ ਹਰਿਰਾਇ ਹਰਿਕ੍ਰਿਸ਼ਨ ਤੁਹੀ ਹੈ
ਨਾਵੀਂ ਪਾਤਸਾਹੀ ਤੈ ਕਲਿ ਹੀ ਮੈਂ ਕਲ ਰਾਖੀ
ਤੇਗ਼ ਹੀ ਬਹਾਦਰ ਜਗ ਚਾਦਰ ਸਭ ਤੁਹੀ ਹੈ
ਦਸਵਾਂ ਪਾਤਸ਼ਾਹੀ ਤੁਹੀ ਗੁਰੂ ਗੋਬਿੰਦ ਸਿੰਘ
ਜਗਤ ਕੇ ਉਧਾਰਿਬੇ ਕੋ ਆਯੋ ਪ੍ਰਭ ਤੁਹੀ ਹੈ।

**ਖ਼ਾਲਸਾ ਪੰਥ ਦੀ ਸਾਜਨਾ ਲਈ ਪੂਰਨੇ**

ਸਿਕੰਦਰ ਸਿੰਘ ਨੂਰ ਨੇ ਬਹੁਤ ਖੂਬ ਲਿਖਿਆ ਹੈ :

"ਸਿੱਖ ਮੱਤ ਦੇ ਵਿਕਾਸ ਵਿੱਚ ਵਿਕਸਿਤ ਹੋਣ ਵਾਲਿਆਂ ਸਾਰੀਆਂ ਸੰਸਥਾਵਾਂ ਦਾ ਮੂਲ ਰੂਪ ਗੁਰੂ ਨਾਨਕ ਸਾਹਿਬ ਦੀ ਬਾਣੀ ਵਿੱਚ ਹੈ। ਸਿੱਖ ਮੱਤ ਨੇ ਜੋ ਵੀ ਸੰਸਥਾ ਖੜ੍ਹੀ ਕੀਤੀ ਹੈ ਉਹ ਗੁਰੂ ਨਾਨਕ ਸਾਹਿਬ ਦੀ ਬਾਣੀ ਵਿੱਚੋਂ ਪ੍ਰਾਪਤ ਸ਼ਬਦ ਦੇ ਅਰਥਾਂ ਉੱਤੇ ਉਸਾਰੀ ਗਈ ਹੈ : ਲੰਗਰ, ਸੰਗਤ, ਪੰਗਤ,

(ਗੰਡਾ ਸਿੰਘ , ਕਵੀ ਸੈਨਾਪਤਿ ਰਚਿਤ ਸ਼੍ਰੀ ਗੁਰ ਸੋਭਾ (ਪਟਿਆਲਾ: ਪੰਜਾਬੀ ਯੂਨੀਵਰਸਿਟੀ), 1967. ਪੰਨਾ ਨੰਬਰ 69)

ਹਰਿਮੰਦਰ ਸਾਹਿਬ, ਗ੍ਰੰਥ ਸਾਹਿਬ, ਅਕਾਲ ਤਖ਼ਤ, ਮੀਰੀ ਪੀਰੀ, ਪੰਜ ਪਿਆਰੇ, ਸਿੱਖ ਸਿੰਘ...।"

ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਉਸ ਸਮੇਂ ਹੁੰਦਾ ਹੈ ਜਦੋਂ 'ਕਲਿ ਕਾਤੀ ਰਾਜੇ ਕਾਸਾਈ' (ਅੰਗ 145) ਬਣ ਬੈਠੇ ਸੀ ਅਤੇ 'ਧਰਮੁ ਪੰਖ ਕਰਿ ਉਡਰਿਆ' ਸੀ, ਭਾਵ ਕਲਯੁੱਗ ਚਾਕੂ ਵਾਂਗ ਕੰਮ ਕਰ ਰਿਹਾ ਸੀ ਅਤੇ ਰਾਜੇ ਕਸਾਈ ਬਣ ਆਪਣੇ ਹੀ ਲੋਕਾਂ ਦਾ ਗਲ਼ਾ ਕੱਟ ਰਹੇ ਸੀ। ਇਸੇ ਵੇਲੇ ਜਦੋਂ ਇਹ ਹਨੇਰਗਰਦੀ ਸਿਖ਼ਰਾਂ ਉੱਤੇ ਸੀ ਤਾਂ ਧਰਮ ਵੀ ਖੰਭ ਲਾ ਕਿਤੇ ਉਡਾਰੀ ਮਾਰ ਗਿਆ ਸੀ। ਉਸ ਵੇਲੇ ਗੁਰੂ ਨਾਨਕ ਸਾਹਿਬ ਨੇ ਦੁਨਿਆਵੀ ਤਖ਼ਤ ਨੂੰ ਵੰਗਾਰ ਪਾਉਂਦਿਆਂ ਲੋਕਾਈ ਨੂੰ ਸਮਝਾਇਆ ਕਿ ਅਸਲ ਤਖ਼ਤ ਕਿਹੜਾ ਹੈ, ਗੁਰੂ ਸਾਹਿਬ ਫਰਮਾਉਂਦੇ ਹਨ:

ਸਾਚੀ ਨਗਰੀ ਤਖਤੁ ਸਚਾਵਾ ॥
ਗੁਰਮੁਖਿ ਸਾਚੁ ਮਿਲੈ ਸੁਖੁ ਪਾਵਾ ॥
ਸਾਚੇ ਸਾਚੈ ਤਖਤਿ ਵਡਾਈ
ਹਉਮੈ ਗਣਤ ਗਵਾਈ ਹੇ ॥11॥
(ਅੰਗ 1022)

ਭਾਵ ਕਿ ਅਕਾਲ ਪੁਰਖ ਦੀ ਨਗਰੀ ਹੀ ਸੱਚ ਹੈ ਅਤੇ ਤਖ਼ਤ ਵੀ, ਉਸ ਸਾਚੀ ਨਗਰੀ ਵਿੱਚ ਵੱਸਦੇ ਗੁਰਮੁਖਾਂ ਨੂੰ ਮਿਲ਼ ਕੇ ਹੀ ਸੁੱਖ ਮਿਲਦਾ ਹੈ। ਉਹ ਸੱਚਾ ਅਤੇ ਉਸ ਦੇ ਗੁਰਮੁਖ ਹੀ ਉਸ ਸੱਚੇ ਤਖ਼ਤ 'ਤੇ ਬਿਰ-ਾਜਮਾਨ ਹੋ ਸਕਦੇ ਹਨ, ਜਿੱਥੇ ਬੈਠ ਕੇ ਕੋਈ ਹੰਕਾਰੀ ਨਹੀਂ ਹੁੰਦਾ ਸਗੋਂ ਹਉਮੈਂ ਵੀ ਮਿਟ ਜਾਂਦੀ ਹੈ। ਤਾਂ ਜੋ ਕੋਈ ਸੰਸਾ ਨਾ ਰਹੇ, ਗੁਰਮੁਖ ਦੀ ਪਰਿਭਾਸ਼ਾ ਵੀ ਗੁਰੂ ਗ੍ਰੰਥ ਸਾਹਿਬ ਆਪ ਦੱਸਦੇ ਨੇ :

ਗੁਰਮੁਖਿ ਅਕਥੁ ਕਥੈ ਬੀਚਾਰਿ ॥
ਗੁਰਮੁਖਿ ਨਿਬਹੈ ਸਪਰਵਾਰਿ ॥
ਗੁਰਮੁਖਿ ਜਪੀਐ ਅੰਤਰਿ ਪਿਆਰਿ ॥
ਗੁਰਮੁਖਿ ਪਾਈਐ ਸਬਦਿ ਅਚਾਰਿ ॥
ਸਬਦਿ ਭੇਦਿ ਜਾਣੈ ਜਾਣਾਈ ॥
ਨਾਨਕ ਹਉਮੈ ਜਾਲਿ ਸਮਾਈ ॥29॥
(ਅੰਗ 941)

ਭਾਵ ਗੁਰਮੁਖ ਓਹੀ ਹੈ ਜੋ ਗੁਰੂ ਦੇ ਦੱਸੇ ਰਾਹ 'ਤੇ ਤੁਰਨ ਵਾਲ਼ਾ ਮਨੁੱਖ ਗੁਰੂ ਦੀ ਦੱਸੀ ਵਿਚਾਰ ਨਾਲ਼ ਉਸ ਪ੍ਰਭੂ ਦੇ ਗੁਣ ਗਾਉਂਦਾ ਹੈ, ਜਿਸ ਦਾ ਸਹੀ ਸਰੂਪ ਬਿਆਨ ਨਹੀਂ ਹੋ ਸਕਦਾ। ਇਸ ਤਰ੍ਹਾਂ ਗੁਰਮੁਖ ਪਰਿਵਾਰ ਵਿੱਚ ਰਹਿੰਦਿਆਂ ਹੋਇਆਂ ਹੀ ਜ਼ਿੰਦਗੀ ਦੀ ਬਾਜ਼ੀ ਵਿੱਚ ਪੁੱਗ ਜਾਂਦਾ ਹੈ।

(ਸੁਰਿੰਦਰ ਸਿੰਘ ਨੂਰ, ਗੁਰੂ ਗੋਬਿੰਦ ਸਿੰਘ ਦੀ ਸਾਹਿਤ-ਸਭਿਆਚਾਰ ਨੂੰ ਦੇਣ, (ਦਿੱਲੀ : ਪੰਜਾਬੀ ਅਕਾਦਮੀ ), 1989, ਪੰਨਾ ਨੰਬਰ 13)

(ਸਿਧ ਗੋਸਟਿ ਸਟੀਕ (ਲੁਧਿਆਣਾ : ਸਿੱਖ ਮਿਸ਼ਨਰੀ ਕਾਲਜ), ਪੰਨਾ ਨੰਬਰ 47)

ਗੁਰੂ ਨਾਨਕ ਸਾਹਿਬ ਨੇ ਬਹੁਤ ਸਪਸ਼ਟ ਲਫ਼ਜ਼ਾਂ ਵਿੱਚ ਇਹ ਨਿਰਧਾਰਿਤ ਕਰ ਦਿੱਤਾ ਕਿ ਕੇਵਲ ਐਸਾ ਗੁਰਮੁਖ ਹੀ ਸੱਚੇ ਤਖ਼ਤ 'ਤੇ ਬੈਠਣ ਦੇ ਹੱਕਦਾਰ ਨੇ, ਕਿਉਂਕਿ ਉਹ ਰਾਜ ਆਉਣ ਨਾਲ਼ ਹੰਕਾਰੇ ਨਹੀਂ ਜਾਣਗੇ ਸਗੋਂ ਆਪਣੀ 'ਮੈਂ' ਤਿਆਗ ਕੇ ਉਸ ਅਕਾਲ ਪੁਰਖ ਨੂੰ ਸਮਰਪਿਤ ਐਸੇ ਰਾਜ ਦਾ ਨਿਰਮਾਣ ਕਰਨਗੇ ਜਿੱਥੇ:

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥
ਪੈ ਕੋਇ ਨ ਕਿਸੈ ਰਵਾਣਦਾ ॥
ਸਭ ਸੁਖਾਲੀ ਵੁਠੀਆ
ਇਹੁ ਹੋਆ ਹਲੇਮੀ ਰਾਜੁ ਜੀਉ ॥ 13॥
(ਅੰਗ 74)

'ਹਲੇਮੀ ਰਾਜ' ਦਾ ਇਹ ਸੰਕਲਪ ਇੱਕ ਐਸੇ ਰਾਜ ਦਾ ਹੈ ਜਿੱਥੇ ਕੋਈ ਕਿਸੇ ਨੂੰ ਮਾਰਨ ਲਈ ਨਹੀਂ ਫਿਰਦਾ, ਜਿੱਥੇ ਹਰ ਕੋਈ ਆਪਣੇ ਅਧਿਕਾਰ ਮਾਣਦਾ ਸੁਖਾਲਾ ਜੀਵਨ ਬਤੀਤ ਕਰਦਾ ਹੈ। 'ਨਾਨਕ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ ॥' (ਅੰਗ 966) ਦੇ ਮਿਸ਼ਨ ਦੀ ਸੰਪੂਰਨਤਾ ਲਈ ਹੀ 'ਮਾਰਿਆ ਸਿੱਕਾ ਜਗਤ ਵਿੱਚ ਨਾਨਕ ਨਿਰਮਲ ਪੰਥ ਚਲਾਇਆ' (ਭਾਈ ਗੁਰਦਾਸ, ਵਾਰ 1)। ਇੱਥੇ ਸਮਝਣਯੋਗ ਗੱਲ ਇਹ ਹੈ ਕਿ ਸਿੱਕਾ ਮਾਰਨ ਦਾ ਮਤਲਬ ਹੀ ਅਪਣਾ ਰਾਜ ਸਥਾਪਿਤ ਕਰਨਾ ਹੁੰਦਾ ਹੈ, ਗੁਰੂ ਨਾਨਕ ਸਾਹਿਬ ਨੇ ਨਾ ਸਿਰਫ਼ ਹਲੇਮੀ ਰਾਜ ਦੇ ਸੰਕਲਪ ਦਾ ਸੁਪਨਾ ਦਿੱਤਾ ਸਗੋਂ ਓਹਨਾਂ ਨੇ ਉਹ ਰਾਜ ਚਲਾਇਆ ਵੀ। ਸਮਾਜਿਕ ਵੰਡ ਦੇ ਪ੍ਰਤੀਕ ਜਨੇਊ ਨੂੰ ਨਾ ਮੰਨਣਾ, ਨਾ ਪਹਿਨਣਾ, ਬਿਪਰ ਦੀ ਅਧੀਨਤਾ ਵਾਲ਼ੇ ਸਮਾਜਿਕ ਢਾਂਚੇ ਨੂੰ ਅਸਵੀਕਾਰ ਕਰਦੇ ਬੇਦੀ ਦੇ ਦੁਆਲੇ ਫੇਰੇ ਨਾ ਲੈ, ਮੂਲ ਮੰਤਰ ਦੇ ਦੁਆਲੇ ਫੇਰੇ ਲੈਣਾ, ਭੁੱਖਿਆਂ ਨੂੰ ਰੋਟੀ ਖਵਾਉਣਾ, ਮੋਦੀਖ਼ਾਨੇ ਵਿੱਚ ਤੇਰਾ-ਤੇਰਾ ਤੋਲਦਿਆਂ ਲੋੜਵੰਦਾਂ ਦੀ ਮਦਦ ਕਰਨਾ, ਭਾਈ ਲਾਲੋ ਦੇ ਘਰ ਰੁੱਖੀ-ਮਿੱਸੀ ਛਕਣੀ ਅਤੇ ਮਲਿਕ ਭਾਗੋ ਦੀ ਲੁੱਟ ਦੀ ਕਮਾਈ ਨੂੰ ਲਹੂ-ਭਿੱਜੀ ਦੱਸਣਾ, 'ਬਾਬਰ' ਨੂੰ 'ਜਾਬਰ' ਕਹਿ ਕੇ ਵੰਗਾਰਨਾ, ਇਹ ਸਭ ਉਸ ਹਲੇਮੀ ਰਾਜ ਦਾ ਨਕਸ਼ਾ ਉਤਾਰਨਾ ਹੀ ਸੀ।


ਜਿਸ ਨਿਰਮਲ ਪੰਥ ਨੂੰ ਚਲਾਇਆ ਹੀ ਹਲੇਮੀ ਰਾਜ ਸਥਾਪਿਤ ਕਰਨ ਲਈ ਸੀ, ਉਸ ਲਈ ਵੀ ਸਪਸ਼ਟ 'ਤਖਤਿ ਬਹੈ ਤਖਤੈ ਕੀ ਲਾਇਕ ॥' (1039) ਦਾ ਸਿਧਾਂਤ ਦਿੱਤਾ। ਇਸ ਤਖ਼ਤ ਦੇ ਲਾਇਕ ਨਾ ਤਾਂ ਕੋਈ ਜ਼ੋਰ ਨਾਲ਼ ਹੋ ਸਕਦਾ ਸੀ, ਨਾ ਕੋਈ ਚਲਾਕੀ ਨਾਲ਼, ਨਾ ਪੈਸੇ ਨਾਲ਼ ਅਤੇ ਨਾ ਹੀ ਕਿਸੇ ਕੁੱਲ ਦੇ ਅਧਾਰ ਉੱਤੇ। ਇਸ ਤਖ਼ਤ ਦੇ ਲਾਇਕ ਖ਼ਾਲਸੇ ਤੋਂ ਘੱਟ ਕੁਝ ਵੀ ਸਵੀਕਾਰਯੋਗ ਨਹੀਂ ਹੋ ਸਕਦਾ ਸੀ, ਜਿਸ ਦੀ ਰੂਪ ਰੇਖਾ ਗੁਰੂ ਗ੍ਰੰਥ ਸਾਹਿਬ ਅਨੁਸਾਰ 'ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ' (ਅੰਗ 654) ਹੈ।

ਕਿਸ ਦੀ ਪ੍ਰੇਮ ਭਗਤੀ ਵਿੱਚ ਰਤੇ ਹੋਣ ਨਾਲ਼ 'ਖ਼ਾਲਸੇ' ਹੋਇਆ ਜਾ ਸਕਦਾ ਹੈ ਅਤੇ ਓਹਨਾਂ ਖ਼ਾਲਸ ਲੋਕਾਂ ਦਾ ਕਿਰਦਾਰ ਕੈਸਾ ਹੋਵੇਗਾ, ਉਹ ਗੁਰੂ ਨਾਨਕ ਸਾਹਿਬ ਨੇ ਮੂਲ ਮੰਤਰ ਵਿੱਚ ਬਹੁਤ ਸਪਸ਼ਟ ਦਸਿਆ ਹੈ :

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
(ਅੰਗ 1)

ਖ਼ਾਲਸਾ ਓਹੀ ਜੋ ਇੱਕ ਦੀ ਹੋਂਦ ਨੂੰ ਮੰਨਦਾ ਹੈ, ਉਹ ਇੱਕ ਜਿਸ ਨੇ ਸਾਰੀ ਸ੍ਰਿਸ਼ਟੀ ਸਾਜ ਕੇ ਆਪ ਵਿੱਚ ਬਿਰਾਜਮਾਨ ਹੋਇਆ ਹੈ, ਓਸੇ ਇੱਕ ਦਾ ਨਾਮ ਸਤ ਹੈ, ਓਹੀ ਕਰਤਾ ਪੁਰਖ ਹੈ ਬਾਕੀ ਸਭ ਜੀਵ-ਇਸਤਰੀਆਂ ਹੀ ਨੇ, ਉਹ ਨਾ ਕਿਸੇ ਭੈ ਵਿੱਚ ਹੁੰਦਾ ਹੈ ਨਾ ਕਿਸੇ ਨਾਲ਼ ਵੈਰ ਰੱਖਦਾ, ਉਹ ਜਿਸ ਦੀ ਮੂਰਤ ਕਾਲ ਤੋਂ ਪਰ੍ਹੇ ਹੈ, ਜੋ ਨਾ ਕਿਸੇ ਜੂਨ ਵਿੱਚ ਆਉਂਦਾ ਹੈ ਨਾ ਉਸ ਨੂੰ ਕੋਈ ਸਿਰ-ਜਦਾ ਹੈ।

ਹੁਣ ਐਸੇ ਇੱਕ ਦੀ 'ਪ੍ਰੇਮ ਭਗਤਿ' ਵਿੱਚ ਡੁੱਬਿਆ ਖ਼ਾਲਸਾ ਲਾਜ਼ਮੀ ਹੈ ਕਿ 'ਨਿਰਵੈਰ ਨਿਰਭਉ' ਹੋਊਗਾ, ਇਸ ਤੋਂ ਕੁਝ ਵੀ ਘੱਟ ਕੋਈ ਅਕਾਲ ਦੀ ਭਗਤੀ ਨਹੀਂ ਕਰ ਸਕਦਾ। ਜਿਸ ਕਿਸੇ ਨੂੰ ਸਮੇਂ ਦੇ ਹਾਕਮ, ਆਪਣੇ ਆਉਣ ਵਾਲ਼ੇ ਕੱਲ੍ਹ ਅਤੇ ਹੋਰ ਕਿਸੇ ਤਰ੍ਹਾਂ ਦਾ ਵੀ ਭੈਅ ਹੈ, ਉਹ ਕਿਸੇ ਨਾ ਕਿਸੇ ਦੇਹਧਾਰੀ ਵੱਲ, ਗ੍ਰਹਿ ਨਸ਼ਤਰਾਂ ਦੀ ਚਾਲ ਦੱਸਣ ਵਾਲਿਆਂ ਵੱਲ ਦੌੜੇਗਾ। ਉਹ ਭੈਅ ਵਿੱਚ ਹੀ 'ਅਕਾਲ' ਨੂੰ ਛੱਡ 'ਇਨਸਾਨ' ਨੂੰ ਪੂਜੇਗਾ ਅਤੇ ਜੋ ਕਿਸੇ ਨਾਲ਼ ਵੈਰ ਰੱਖੇ ਉਸ ਦਾ ਚਿੱਤ ਕਦੇ ਨਿਰਮਲ ਹੋ ਹੀ ਨਹੀਂ ਸਕਦਾ ਅਤੇ ਨਿਰਮਲ ਚਿੱਤ ਤੋਂ ਬਿਨਾ 'ਪ੍ਰੇਮ ਭਗਤਿ' ਹੋ ਹੀ ਨਹੀਂ ਸਕਦੀ। ਸੋ ਗੁਰੂ ਨਾਨਕ ਸਾਹਿਬ ਨੇ ਜਿਸੁ ਗੁਰਮੁਖ ਦੀ ਘਾੜਤ ਘੜੀ, ਓਸੇ ਨੂੰ ਹੀ 'ਖ਼ਾਲਸੇ' ਕਹਿ ਸੰਬੋਧਨ ਕੀਤਾ ਗਿਆ।




**ਗੁਰੂ ਨਾਨਕ ਸਾਹਿਬ ਦਾ ਪਹਿਲੇ ਜਾਮੇ ਵਿੱਚ ਹੋਕਾ**

ਜਿਸ ਹਲੇਮੀ ਰਾਜ ਦੀ ਨੀਂਹ ਗੁਰੂ ਨਾਨਕ ਸਾਹਿਬ ਨੇ ਪਹਿਲੇ ਜਾਮੇ ਵਿੱਚ ਰੱਖੀ, ਮੂਲ-ਮੰਤਰ ਉਚਾਰ ਉਸ ਰਾਜ ਦੇ ਸਿਧਾਂਤ ਵੀ ਉਲੀਕ ਦਿੱਤੇ; ਜਿਸ ਤਹਿਤ ਉਸ ਰਾਜ ਦਾ ਵਾਰਿਸ ਖ਼ਾਲਸਾ ਪੰਥ ਸਿਰਜਣ ਲਈ ਸਭ ਤੋਂ ਪਹਿਲਾਂ ਨਿਰਭਉ, ਨਿਰਵੈਰ ਅਤੇ ਗੁਰਮੁਖ ਘੜਨ ਦੀ ਜ਼ਰੂਰਤ ਸੀ।

ਗੁਰੂ ਨਾਨਕ ਸਾਹਿਬ ਨੇ ਜੋ ਕਦਮ ਪਹਿਲੇ ਜਾਮੇ ਵਿੱਚ ਚੁੱਕੇ, ਓਹਨਾਂ ਨੇ ਲੋਕਾਈ ਨੂੰ ਹਾਲਾਤ ਦੇ ਰੂ-ਬ-ਰੂ ਕਰਵਾਇਆ ਅਤੇ ਉਸ ਦੇ ਨਾਲ਼-ਨਾਲ਼ ਇੱਕ ਬਦਲ ਦਿੰਦੇ ਹੋਏ ਸਿੱਖੀ ਦੇ ਸਿਧਾਂਤ ਨਿਰਧਾਰਿਤ ਕਰ ਦਿੱਤੇ:

ਲੋਕਾਈ ਨੂੰ ਜਾਗਰੂਕ ਕਰਨਾ :

ਗੁਰੂ ਨਾਨਕ ਸਾਹਿਬ ਨੇ ਲੁੱਟੇ ਤੇ ਕੁੱਟੇ ਜਾ ਰਹੇ ਸਮਾਜ ਨੂੰ ਸਵੈ-ਮਾਣ ਨਾਲ਼ ਰੂ-ਬ-ਰੂ ਕਰਵਾਉਂਦੇ ਹੋਏ ਕਿਹਾ :

ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥
(ਅੰਗ 142)

ਗੁਰੂ ਨਾਨਕ ਸਾਹਿਬ ਨੇ ਲੋਕਾਈ ਨੂੰ ਇਹ ਰਾਜਸੀ ਅਣਮੁੱਲਾ ਵਿਚਾਰ ਦਿੱਤਾ ਕਿ ਪ੍ਰਜਾ ਦੇ ਵੀ ਹੱਕ ਹੁੰਦੇ ਹਨ ਅਤੇ ਉਹਨਾਂ ਹੱਕਾਂ ਦੀ ਰਾਖੀ ਲਈ ਅਜਿਹਾ ਸਮਾਂ ਵੀ ਆਉਂਦਾ ਹੈ ਜਦੋਂ ਜੂਝ ਮਰਨਾ ਜਿਉਂਦੇ ਰਹਿਣ ਨਾਲ਼ੋਂ ਵਧੇਰੇ ਸ਼ੋਭਨੀਕ ਹੁੰਦਾ ਹੈ, ਭਾਵ:

ਮਰਣੁ ਮੁਣਸਾ ਸੂਰਿਆ ਹਕੁ
ਹੈ ਜੋ ਹੋਇ ਮਰਨਿ ਪਰਵਾਣੋ ॥
(ਅੰਗ 580)

ਹੁਕਮਰਾਨ ਨੂੰ ਵੰਗਾਰ ਕੇ ਸਿੱਖ ਰਾਜਨੀਤੀ ਦੀ ਦਿਸ਼ਾ ਨਿਰਧਾਰਿਤ ਕੀਤੀ :

ਰਾਜੇ ਸੀਹ ਮੁਕਦਮ ਕੁਤੇ ॥
ਜਾਇ ਜਗਾਇਨਿ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ ਘਾਉ ॥
ਰਤੁ ਪਿਤੁ ਕੁਤਿਹੋ ਚਟਿ ਜਾਹੁ ॥
(ਅੰਗ 1288)

ਚਲਦਾ.....

# PANJAB TIMES FEATURE: Tweets of the Week

## X Twitter:@SanghaDr. Principal Dr. Sujinder Singh Sangha OBE FRSA

# ਪੰਜਾਬ ਟਾਈਮਜ਼ ਦਾ ਫੀਚਰ - ਟਵੀਟਸ ਆਫ ਦਾ ਵੀਕ

– ਲੇਖਕ –

ਸੁਜਿੰਦਰ ਸਿੰਘ ਸੰਘਾ











ਪੰਜਾਬ, ਭਾਰਤ ਤੇ ਵਿਦੇਸ਼ਾਂ ਵਿਚ ਸਿੱਖਕੌਮ ਵਾਸਤੇ ਜੂਨ ਮਹੀਨੇ ਦਾ ਪਹਿਲਾ ਹਫਤਾ ਬੜਾ ਦੁੱਖਦਾਈ ਤੇ ਭਾਵਕ ਹੁੰਦਾ ਹੈ। 1984 'ਚ ਇਸੇ ਹਫਤੇ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮ ਤੇ ਸ੍ਰੀ ਹਰਿਮੰਦਰ ਸਾਹਿਬ ਤੇ ਫੌਜੀ ਹਮਲਾ ਕੀਤਾ ਗਿਆ ਸੀ। ਇਹ ਹਫਤਾ ਇਤਿਹਾਸਕ ਪ੍ਰਸੰਗ 'ਚ ਤੀਜੇ ਘੱਲੂਘਾਰੇ ਵਜੋਂ ਜਾਂਣਦੇ ਹਾਂ।

.............................

ਪੰਜਾਬ, ਭਾਰਤ ਤੇ ਵਿਦੇਸ਼ਾਂ ਵਿੱਚ ਆਮ ਪੰਥਕ ਸਿੱਖ ਅਮਨ-ਸ਼ਾਂਤੀ, ਏਕਤਾ ਅਤੇ ਨਾਲ ਮਰਿਆਦਾ ਤਹਿਤ 1984 ਦਾ ਤੀਜਾਘਲੂਘਾਰਾ ਯਾਦ ਕਰਦਿਆਂ, ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ ਕਰਨਾਂ ਲੋਚਦੇ ਹਨ। ਸ੍ਰੀ ਹਰਿਮੰਦਰ ਸਹਿਬ ਅਮ੍ਰਿਤਸਰ ਵਿਖੇ ਕਿਸੇ ਦੀ ਵੀ ਧਾੜਵੀ ਸਿਆਸਤ, ਕਿਸੇ ਵੀ ਗਰੁੱਪ ਜਾਂ ਸੰਪ੍ਰਦਾਇਕ ਹਜੂਮ ਵਲੋਂ, ਨਹੀਂ ਹੋਂਣੀ ਚਾਹੀਦੀ।

.............................

ਸਿੱਖ ਧਰਮ, ਇਤਿਹਾਸ, ਵਿਰਾਸਤ ਅਤੇ ਸਭਿਆਚਾਰ ਨਾਲ ਸਬੰਧਿਤ ਵਿਸ਼ੇਸ਼ ਗੁਰਪੁਰਬ ਤੇ ਸ਼ਤਾਬਦੀਆਂ ਮਨਾਉਂਣ ਦੀ ਅਗਵਾਈ ਅਤੇ ਪ੍ਰਬੰਧ ਬਾਰੇ ਪ੍ਰਮੁੱਖ ਜਿੰਮੇਵਾਰੀ ਸ਼੍ਰੋ.ਗੁ.ਪ੍ਰ.ਕ ਦੀ ਹੈ। ਮੁੱਖ-ਮੰਤਰੀ, ਪੰਜਾਬ ਤੇ ਭਾਰਤ ਸਰਕਾਰਾਂ ਸੋਮੇ, ਸਾਧਨ ਅਤੇ ਸਹੂਲਤਾਂ ਰਾਹੀਂ ਸਹਿਯੋਗ ਦੇਂਣ।

.................................

ਸ. ਬਲਬੀਰ ਸਿੰਘ ਰਾਜੇਵਾਲ ਦੀ ਸੁਣੋ: ਸਮਰਥਨ ਮੁਲ MSP ਨਾਲ ਸਰਕ-ਾਰਾ ਪੂਰੀ ਖਰੀਦ ਵੀ ਕਰਨ, ਮੂੰਗੀ ਤੇ ਹੋਰ ਦਾਲਾਂ ਝੋਨੇ ਦਾ ਚੰਗਾ ਬਦਲ ਬਣ ਸਕਦੈ। ਪੰਜਾਬ ਦਾ ਪਾਣੀਂ ਤੇ ਧਰਤੀ ਵੀ ਦੋਵੇਂ ਬਚ ਸਕਦੇ ਹਨ

.............................

ਡਾ. ਮਨਮੋਹਨ ਸਿੰਘ ਭਾਰਤ ਦੇ ਸਫਲ ਪ੍ਰਧਾਨ ਮੰਤਰੀ ਤੇ ਵਿਸ਼ਵ ਪੱਧਰ ਦੇ ਅਰਥ-ਸ਼ਾਸਤਰੀ ਸਟੇਟਸਮੈਨ ਹੀ ਨਹੀਂ, ਬਲਕੇ ਉਹ ਅਣਐਲਾਨੇ ਸਿੱਖ ਸਵੈ-ਪਹਿਚਾਣ ਦੇ ਦੂਤ ਵੀ ਸਨ। ਡਾ. ਸਾਹਿਬ ਦੇ ਦੌਰੇ ਮਗਰੋਂ ਅਸੀਂ ਆਪਣੀਂ ਸਮੇਤ ਤਿੱਬਤ ਚੀਨ ਯਾਤਰਾ ਦੁਰਾਨ ਜਾਣਿਆ ਕਿ ਉਹਨਾਂ ਦੀ ਦਸਤਾਰ, ਕਿੰਨੇ ਮਹੱਤਵ ਵਾਲੀ ਸੀ: ਸ਼ੋ. ਗੁ. ਪ੍ਰ. ਕ. ਅਜਾਇਬਘਰ 'ਚ ਫੋਟੋ ਲਾਵੇ।

.............................

For Sikhs in Punjab, India and Diaspora the 1st week of June marks the 3rd Ghallukara Massacre-1984 and destruction at SriDarbarSahib/ The Golden Temple/ Sri Harmandir Sahib complex Amritsar resulting from the Army Attack so called "Operation Blue Star" ordered by the then PM Mrs. Indira Gandhi.

.............................

Common Panthic Sikhs in Punjab, India and #Diaspora expect the SGPC Amritsar leadership and the SGPC president to ensure that suitable arrangements are in place for this critical and sensitive week to pass in peace, harmony and panthic unity - no groups or faith-formations should play their aggressive politics within and around the Holy Complex.

..........................

Celebration of key Sikh religious, historical and cultural anniversaries and events are in the domain of SGPC Amritsar leadership and organisation. CM Bhagwant Mann government in Punjab and the Government of India should provide resources, cooperation and logistical support for success.

..........................

The recently claimed GDP growth in India; taking the country to rank 4th in the world after the USA China and Germany, is partly due to a consistent bumper harvest in Punjab and the adjacent north-west-central states. India's agricultural produce and its processing - former Akali minister Mrs. Harsimrat Kaour Badal's old portfolio - is also strategic in this success.

...........................

Dr. Manmohan Singh wasn't only a successful Prime Minister of India and a world known economist statesman but also, he was an unspoken ambassador of Sikh identity. We experienced it during our tour of South West Asia and China including Tibet in 2013 - after the PM's visit of China - how



popular and well recognised Sikh turban was ...the SGPC Amritsar should convince all concerned stakeholders and install his portrait in the Sikh museum.

...............................

Russia - the best friend of India, is getting closer to Pakistan too. One of the challenges for the Indian diplomacy is to reset relations with the bordering and surrounding countries. The world depends on mutual trade not futile conflicts. Focus also on South West Asia for trade and development...This is why India and China should work for peaceful solutions to everything, it is in Pakistan's interest too to change its approach with India on all issues, causing tensions and conflicts...

...........................

If the proposed caste census data in India becomes a reality, and is reliably and correct, it will also shows that the caste differentiation is becoming comparatively less relevant in Punjab. Punjabis are comparatively progressive in their social attitudes and behaviour - thanks to the teachings and practices that the Sikh Gurus have taught.

................................

Imagine if in course of history an Economic Union of South West Asian States develop - India, Pakistan, Bangladesh, Sri Lanka Nepal... - it can be a promising largest confederal, democratic, diverse ... polity in the continent, but it will need vision, imagination and strategic leadership.

................................

The following are some images of the first memorial lecture on the life and work of former Prime Minister of India late Dr. Manmohan Singh. It was delivered by Dr. Montek Singh Ahluwalia - former Deputy Chair of the Planning Commission of India. The lecture was organised by the Oxford Union at the House of Commons in London


ਪੰਜਾਬ ਟਾਈਮਜ਼ ਦਾ ਵੱਟ'ਸ ਐਪ ਨੰਬਰ

ਸਾਡੇ ਜਿਹੜੇ ਗਾਹਕ ਅਤੇ ਸ਼ੁੱਭ ਚਿੰਤਕ ਤੇ ਖਬਰਾਂ/ਤਸਵੀਰਾਂ ਭੇਜਣ ਵਾਲੇ ਈਮੇਲ ਦੀ ਵਰਤੋਂ ਘੱਟ ਕਰਦੇ ਹਨ, ਤੇ ਉਹ ਵੱਟ'ਸ ਐਪ ਆਸਾਨੀ ਨਾਲ ਵਰਤ ਲੈਂਦੇ ਹਨ, ਉਹਨਾਂ ਵਾਸਤੇ ਪੰਜਾਬ ਟਾਈਮਜ਼ ਦਾ ਇਹ ਵਿਸ਼ੇਸ਼ ਨੰਬਰ ਜਾਰੀ ਕੀਤਾ ਗਿਆ ਹੈ। ਤੁਸੀਂ ਇਸ ਨੰਬਰ ਤੇ ਖਬਰ/ਤਸਵੀਰ/ ਇਸ਼ਤਿਹਾਰ ਜਾਂ ਹੋਰ ਕੋਈ ਜਾਣਕਾਰੀ ਭੇਜ ਸਕਦੇ ਹੋ :

**07966 388 388**

# BURDEN OF NON E-EARNING PEOPLE TURNING POORS MORE POOR

## TAIL PIECE

Dalip Singh Wasan,
Advocate
Email : dalipsinghwassan@yahoo.co.in

As far as India is concerned, we have noted that here number of poor people had been increasing and even poors had been turning more poor because of facing burden of non-earning people on them. We have noted that old parents, widow daughters, handicapped children and other members in the family, number of children, beggars, sadhus, saints and people living on religious activities all are being maintained by poor people and sometime these non-earning people are having a better life than those who are maintaining them.

Some developed countries have taken up all these burdens on themselves and reasonable maintenance allowancdes arwe paid from state exchequer. Our state too must see how those countries are beqring all these burdens and may follow the same process in this country so that we could reduce number of poor and stop increase in number of poor in our country.

To work and earn must become a duty and only unables and old people be maintained by the state and the states must ensure that all earn their pension and allowqnces themselves. Begging and people living on charity must be a thing of the past and these two curses do not suit the present age. The poor produce more children because only this intertainment is left with them and the state must work with family planning concepts and all parents must know that bringing up children is very costly and producing more poor in the country too is like a curse and sin punishable by God because poverty itself is a punishment and must be avoided. Each couple must be given guidance to plan their family well as per present situations. Givign proper health, education, training and getting suitable job with suitable income all are costly problems and must be kept in view while going ahead in running their families.

### MARRIAGE TIME ONE OUT OF TWO BE IN EMPLOYMENT

In India most of the people are not in proper employment and hence poor families had been estqablishing atleast two poor families in each generation. And in spite of all efforts, till date, this process of increasing number of poor had been increasing and reached most dangerous stage.

Let the government try to increase employment opportunities by establishing more corporate and corporatelike cooperative societies for increasing employment opport-unities and till that date oly those be allowed to marry when one out of two is in employment. Marriage stqrts production of children and parents are not in a position to provide those children proper health, proper education, proper training and no proper employment and proper income. The process of increasing population and that too poor, must stop. The people who are not in a position to maintain and bring up children properly too must stop producing children, because it is a sin, crime and misconduct to produce children just to turn beggqars and poor.

### ALL WORKING FOR THE NATION MUST GET PENSION BENEFITS

We are a democracy and have adopted the policy of government of the people. All are actually masters of this country and therefore, all who take birth in this country must live a reasonable life. And when our Pay Commission has prescribed pay scales for all categories of people, all who are working for the nation here must get thee pay scales and must also get other retirement benefits equql to public servants,because all are serving the public.

All cannot be employed by the state and hence others who are with corporate bodies, with cooperative units, organized units and even who are daily wagers and self employed too are serving the nation in one way or the other and hence all mut be eligible to wages benefits and even retirement benefits. For becoming member of public service, some normal contribution could be prescribed and members could make those payments to government account.

In retirement benefits we



must see that GPF, Insurance, Gratuity, Family Pension, Medical benefits in old age, etc. etc. which are available to government employees be available to all beyond age of 60 years of and very few may be allowed to work.

Some developed countries have already such schemes and even all after age of sixty start getting pesion, they had been working or not. Whosoever has come and lived life here in our country is our man and must be maintained properly throughout the age.

### WE AE NOW FINANCIALLY SELF-SUFFICIENT COUNTRY- A REPORT

Because of our efforts, because of independene, because of thisdemocracy and our plannings, now, we have become one of the developedcountries and now we can call ourselves a self-sufficient country. Wehad been a golden sparrow in the past and because of our richnesses,people from abroad had been raiding us and had been occupying us andwe remained under slavery for centuries. And this period of slaverybrought so any problems which took time and thanks for ourgovernments, we could solve so many problems and now we have startedcounting ourselves in one of the developed countries. When we call ourselves self-sufficient, we must ensure that allin our country may get their share and none should be called poor.All must be allowed to use the material developments as per his needsand none should be left out and all must get suitable monthly regularincome so that they could carry on a proper life in this developedcountry. All who can work must be on work and all those cannot workmust be given allowances and we must ensure propwer income comes ineach house. We have got much of natural resources, we have manpower andscience and technology too have come here and our efforts whichbrought us to the present age, would bring out our human resourcestoo at par with people of developed countries and in due course weshall be proud of standing in line with developed countries.

# ਥਾਈਲੈਂਡ ਦੀ ਓਪਲ ਸੁਚਾਤਾ ਚੁਆਂਗਸਰੀ ਦੇ ਸਿਰ ਸਜਿਆ ਤਾਜ

*ਹੈਦਰਾਬਾਦ- ਥਾਈਲੈਂਡ ਦੀ ਓਪਲ ਸੁਚਾਤਾ ਚੁਆਂਗਸਰੀ ਨੇ ਅੱਜ ਇੱਥੇ ਮਿਸ ਵਰਲਡ 2025 ਦਾ ਖਿਤਾਬ ਜਿੱਤ ਲਿਆ ਹੈ। ਇੱਥੇ ਹੋਏ ਫਾਈਨਲ ਵਿੱਚ ਇਥੋਪੀਆ ਦੀ ਹੈਸੇਟ ਡੇਰੇਜੇ ਅਦਮਾਸੂ ਨੂੰ ਉਪ ਜੇਤੂ ਐਲਾਨਿਆ ਗਿਆ। ਭਾਰਤ ਦੀ ਨੰਦਿਨੀ ਗੁਪਤਾ ਸਿਖਰਲੀਆਂ ਅੱਠ ਸੁੰਦਰੀਆਂ ਵਿੱਚ ਜਗ੍ਹਾ ਬਣਾਉਣ ਤੋਂ ਪਹਿਲਾਂ ਹੀ ਬਾਹਰ ਹੋ ਗਈ।*




ਪ੍ਰਬੰਧਕਾਂ ਅਨੁਸਾਰ ਤਿਲੰਗਾਨਾ ਵਿੱਚ ਇੱਕ ਮਹੀਨੇ ਦੌਰਾਨ ਉਦੇਸ਼-ਆਧਾਰਤ ਗਤੀਵਿਧੀਆਂ, ਸੱਭਿਆਚਾਰਕ ਅਤੇ ਪ੍ਰੇਰਨਾਦਾਇਕ ਚੁਣੌਤੀਆਂ ਮਗਰੋਂ ਦੁਨੀਆ ਭਰ ਦੇ 108 ਪ੍ਰਤੀਯੋਗੀਆਂ ਨੇ ਮਿਸ ਵਰਲਡ ਤਾਜ ਲਈ ਮੁਕਾਬਲਾ ਚ ਹਿੱਸਾ ਲਿਆ।ਜੇਤੂ ਓਪਲ ਕੌਮਾਂਤਰੀ ਸਬੰਧਾਂ internaitonal relaitons ਦੀ ਵਿਦਿਆਰਥਣ ਹੈ। ਉਸ ਨੂੰ ਮਨੋਵਿਗਿਆਨ ਅਤੇ ਮਾਨਵ ਵਿਗਿਆਨ Psychology and Anthropology ਵਿੱਚ ਦਿਲਚਸਪੀ ਹੈ ਅਤੇ ਉਹ ਰਾਜਦੂਤ ਬਣਨਾ ਚਾਹੁੰਦੀ ਹੈ।ਉਸਨੇ ਛਾਤੀ ਦੇ ਕੈਂਸਰ ਦੇ ਖੇਤਰ ਵਿੱਚ ਕੰਮ ਕਰਨ ਵਾਲੀਆਂ ਸੰਸਥਾਵਾਂ ਲਈ ਸਵੈ-ਇੱਛਾ ਨਾਲ ਕੰਮ ਕੀਤਾ ਹੈ। ਮਿਸ ਵਰਲਡ ਵੈੱਬਸਾਈਟ ਅਨੁਸਾਰ ਓਪਲ ਕੋਲ ਪਾਲਤੂ ਜਾਨਵਰ ਵਜੋਂ ਸੋਲਾਂ ਬਿੱਲੀਆਂ ਅਤੇ ਪੰਜ ਕੁੱਤੇ ਹਨ।ਮਿਸ ਵਰਲਡ ਦੀ ਚੇਅਰਵੂਮੈਨ ਜੂਲੀਆ ਮੋਰਲੇ ਸੀਬੀਈ ਨੇ ਜਿਊਰੀ ਦੀ ਅਗਵਾਈ ਕੀਤੀ ਅਤੇ 72ਵੀਂ ਮਿਸ ਵਰਲਡ ਦੀ ਜੇਤੂ ਦਾ ਐਲਾਨ ਕੀਤਾ।

# ਇਹ ਓਦੋਂ ਦੀ ਗੱਲ ਹੈ ਜਦੋਂ ਅਰਸ਼ ਵੀ ਹੁੱਬਕੀਂ ਰੋਇਆ ਸੀ

**ਅਮਰਜੀਤ ਟਾਂਡਾ**
+61 417271147



ਅੱਜ ਵੀ ਜਦੋਂ ਓਹੀ ਪਲ ਯਾਦ ਆਉਂਦੇ ਹਨ-ਜਦੋਂ ਮਨ ਝੰਜੋੜੇ ਗਏ ਸਨ, ਤਨ ਵਲੂੰਧਰੇ ਗਏ ਸਨ। ਉਸ ਦੁਖਾਂਤ ਨੇ ਇਨਸਾਨੀਅਤ ਨੂੰ ਮਿੱਟੀ ਚ ਰੋਲਿਆ ਸੀ-ਸੰਗੀਨਾਂ ਨੇ ਕਾਨੂੰਨ ਨੂੰ ਹੱਥ ਚ ਲੈ ਕੇ ਇਨਸਾਨੀਅਤ ਦਾ ਸ਼ਰੇਆਮ ਕਤਲੇਆਮ ਕੀਤਾ। ਜ਼ਾਲਮਾਂ ਨੇ ਨਿੱਕੇ 2 ਬੱਚਿਆਂ ਦੀਆਂ ਚੀਕਾਂ ਵੀ ਨਾ ਸੁਣੀਆਂ, ਔਰਤਾਂ ਨਾਲ ਸ਼ਰੇਆਮ ਬਦਸਲੂਕੀ ਕੀਤੀ, ਤੇਰੇ ਹੀ ਹਰਿਮੰਦਰ 'ਚ ਉਹਨਾਂ ਤਬਾਹੀ ਮਚਾਈ, ਇਹ ਓਦੋਂ ਦੀ ਗੱਲ ਹੈ ਜਦੋਂ ਅਰਸ਼ ਵੀ ਹੁੱਬਕੀਂ ਰੋਇਆ ਸੀ-ਇਕ ਪਾਸੇ ਸਾਰੇ ਦੇਸ਼ ਦੀ ਫੌਜ ਤੇ ਦੂਜੇ ਪਾਸੇ ਤੇਰੇ ਕੁੱਝ ਕੁ ਸੀਸ ਤਲੀ ਤੇ ਧਰ ਕੇ ਬੈਠੇ ਭੁੱਖੇ ਪਿਆਸੇ ਸ਼ੇਰਾਂ ਦੇ ਪੁੱਤ। ਚੌਵੀ ਸਾਲਾਂ ਬਾਦ ਤੇਰੀ ਹੀ ਗੋਦ 'ਚ ਅੱਗ ਲਾਉਣ ਵਾਲੇ, ਤੇਰੇ ਉਸਾਰੇ ਹੋਏ ਅੰਮ੍ਰਿਤ ਦੇ ਸਰੋਵਰ ਦੇ ਆਲੇ ਦੁਆਲੇ, ਦੁਨੀਆਂ ਭਰ ਚ ਇੱਕ ਅੱਤ ਘਿਣਾਉਣੇ ਕਹਿਰ ਨੂੰ ਰਚਣਹਾਰੇ, ਹਜ਼ਾਰਾਂ ਸੂਰਜਾਂ ਨੂੰ ਮਿੱਟੀ'ਚ ਮਿਲਾਉਣ ਵਾਲੇ, -ਅਜੇ ਵੀ ਬੇਖੌਫ਼ ਘੁੰਮ ਰਹੇ ਹਨ-ਸੰਗੀਨਾਂ ਦੀ ਛਾਂ ਹੇਠ ਤੇਰੇ ਸ਼ੇਰਾਂ ਦੇ ਬੱਚਿਆਂ ਤੋਂ ਡਰਦੇ। ਮਨੁੱਖਤਾ ਦੇ ਸਹਾਰਿਆ, ਇਨਸਾਨੀਅਤ ਦੇ ਸੂਰਜਾ, ਤੱਤੀਆਂ ਤਵੀਆਂ'ਤੇ ਹੱਸ 2 ਬੈਠਣ ਤੇ ਗਾਉਣ ਵਾਲਿਆ, ਓਹਦੇ ਭਾਣੇ ਨੂੰ ਮਿੱਠਾ ਕਰਕੇ ਸਵੀਕਾਰ ਕਰਨ ਵਾਲਿਆ- ਤੂੰ ਕਿਹਾ ਸੀ-ਤੇਰਾ ਭਾਣਾ ਮੀਠਾ ਲਾਗੇ-

ਕਈ ਸਾਲ ਲੰਘ ਗਏ ਹਨ, ਅਥਾਹ ਪਾਣੀ ਤੇਰੇ ਪੰਜਾਬ ਦੇ ਪੁਲਾਂ ਹੇਠ ਦੀ ਲੰਘ ਚੁੱਕਾ ਹੈ-ਤੈਨੂੰ ਸ਼ਾਇਦ ਯਾਦ ਹੋਵੇ ਕਿ ਤੇਰੇ ਹੀ ਮਹਾਨ ਸ਼ਹੀਦੀ ਦਿਵਸ ਤੇ ਤੇਰੇ ਹੀ ਚਰਨਾਂ ਨੂੰ ਪ੍ਰਣਾਮ ਕਰਨ ਗਏ ਕਈ ਬੇਗੁਨਾਹ ਮਾਂਵਾਂ ਦੇ ਪੁੱਤ, ਮਤਾਂਵਾਂ, ਭੈਣਾਂ ਤੇ ਕਈ ਬਜ਼ੁਰਗ ਬਾਪ ਸਮੇਂ ਨੇ ਪਲਾਂ ਚ ਹੀ ਮੌਤ ਦੀ ਗੋਦ ਚ ਸੁਆ ਦਿਤੇ ਸਨ।

ਜਦੋਂ ਹਰ ਪਿੰਡ ਸ਼ਹਿਰ ਦੀ ਮਿੱਟੀ ਲਹੂ ਨਾਲ ਭਿੱਜ ਗਈ ਸੀ ਇਹ ਓਦੋਂ ਦੀ ਗੱਲ ਹੈ-ਹਰ ਪਾਸੇ ਦਹਿਸ਼ਤ ਗਰਦੀ ਦਾ ਦੌਰ ਸੀ, ਕਲਮਾਂ ਤੜਫ਼ 2 ਹਵਾਵਾਂ ਨੂੰ ਕਹਿੰਦੀਆਂ ਰਹੀਆਂ ਕਿ ਕੋਈ ਪੰਜਾਬ ਨੂੰ ਲੱਗੀ ਨਜ਼ਰ ਉਤਾਰੋ। ਰੋਜ਼ ਨੀਂਦਰ ਦੀ ਗੋਦ ਤਿੜਕਦੀ ਸੀ, ਬਾਹਰ ਹਰ ਪਾਸੇ ਚੀਕਾਂ ਦੀ ਕਿਣਮਿਣ ਸੀ। ਹਰ ਪਾਸੇ ਵੈਣ ਹੀ ਵੈਣ ਸਨ, ਘਰਾਂ ਵਿੱਚ ਨਿੱਤ ਖੌਫ਼ ਰਿੱਝਦੇ ਸਨ, ਚੁਫੇਰੇ ਤਲਵਾਰਾਂ, ਗੋਲੀਆਂ ਤੇ ਅਸਾਲਟਾਂ ਦਾ ਪਹਿਰਾ ਸੀ। ਲੋਕਾਂ ਨੇ ਬਹੁਤ ਅਰਜ਼ਾਂ ਕੀਤੀਆਂ ਕਿ ਇਹ ਰੁੱਤ ਬਦਲ ਜਾਵੇ ਤੇ ਬਿਰਖਾਂ ਨੂੰ ਉਹਨਾਂ ਦੀ ਉਮਰ ਮਿਲੇ ਤੇ ਡਾਲੀਆਂ ਦੇ ਜਿਸਮਾਂ ਤੇ ਹਰੀਆਂ ਕਰੂੰਬਲਾਂ ਖਿੜ੍ਹ ਪੈਣ। ਕਦੇ ਕਿਸੇ ਨੇ ਇਹ ਸੋਚਿਆ ਵੀ ਨਹੀਂ ਸੀ ਕਿ ਇਸ ਦੌਰ ਦੀ ਸੀਮਾ ਹਰਫ਼ਾਂ ਨੂੰ ਵੀ ਟੱਪ ਜਾਵੇਗੀ-ਸਾਰਾ ਕੁੱਝ ਮੱਥੇ ਦੀਆਂ ਲਕੀਰਾਂ ਤੋਂ ਪਰੇ ਜੇਹੇ ਹੋਇਆ।

ਬਾਪੂ ਦੇ ਵੇਲੇ ਦੀ ਗੱਲ ਸੰਨ ਸੰਤਾਲੀ ਚੇਤੇ ਕਰਵਾ ਦਿਤਾ ਇਹਨਾਂ ਜ਼ਾਲਮਾਂ ਨੇ ਮੈਂ ਪੁੱਛਦਾ ਹਾਂ ਤਵੀਆਂ ਤੇ ਦੇਗਾਂ ਨੂੰ ਠਾਰਨ ਵਾਲਿਆ, ਕਿ ਓਸ ਵੇਲੇ ਮੇਰੇ ਕੋਲ ਤੇਰੇ ਤੋਂ



ਵੱਡਾ ਕਿਹੜਾ ਸਹਾਰਾ ਸੀ -। ਆਪਣੇ ਹੀ ਘਰ ਨੂੰ ਅੱਗ ਲਾ ਕੇ ਖਬਰੇ ਕਿਹੜੀ ਕੁਲੱਛਣੀ-ਕਬਰਾਂ ਨੂੰ ਤੁਰ ਗਈ ਸੀ। ਓਦੋਂ ਵੀ ਕਈ ਕਲਮਾਂ ਰੋਈਆਂ ਸਨ-ਓਦੋਂ ਵੀ ਲੋਕਾਂ ਵਾਰਿਸ ਸ਼ਾਹ ਨੂੰ ਹਾਕਾਂ ਮਾਰੀਆਂ ਸਨ-ਤੇ ਹੀਰ ਦੀ ਮਜ਼ਾਰ ਤੇ ਧਾਗੇ ਬੰਨ੍ਹ ਕੇ ਰਾਂਝੇ ਨੂੰ ਉਡੀਕ 2 ਬੁੱਢੀਆਂ ਹੋ ਗਈਆਂ ਹਨ, ਬਿਲਕੁਲ ਏਸੇ ਤਰ੍ਹਾ ਹੀ ਜੂਨ ਚੁਰਾਸੀ 'ਚ ਵੀ ਕਈ ਸੁਹਾਗ ਉੱਜਾੜੇ ਗਏ, ਹਰ ਦਰ ਲਹੂ ਨਾਲ ਭਿੱਜਿਆ। ਰਾਵੀ ਚ ਟੁੱਬੀ ਮਾਰ ਕੇ ਛੁਪ ਜਾਣ ਵਾਲਿਆ, ਸਾਨੂੰ ਤੇਰੇ ਤੇ ਬਹੁਤ ਆਸਾਂ ਹਨ, ਆ ਕੇ ਆਪਣੇ ਅੰਮ੍ਰਿਤਸਰ ਦਾ ਹਾਲ ਤਾਂ ਪੁੱਛ ਜਾ, ਕੀ ਬੀਤਿਆ ਤੇਰੇ ਪੰਜਾਬ ਨਾਲ। ਉੱਜ ਏਥੇ ਹਰ ਪਾਸੇ ਜ਼ਾਲਮਾਂ ਦੇ ਪਹਿਰੇ ਹਨ ਤੇ ਘੇਰੇ ਵਿੱਚ ਤੇਰਾ ਸ਼ੇਰ ਰਾਂਝੇ ਵਾਂਗ ਕੱਲਾ ਖੜ੍ਹਾ ਹੈ ਜੂਝਦਾ। ਅੱਜ ਤੇਰੇ ਸ਼ਹਿਰ ਵਿੱਚ ਫਿਰ ਤੇਰੇ ਮਿਰਜ਼ੇ ਸ਼ੇਰਾਂ ਦੇ ਤੀਰ ਗੁਆਚ ਗਏ ਹਨ ਤੇ ਨਿੱਤ ਤੇਰੀਆਂ ਸਾਹਿਬਾਂ ਵਰਗੀਆਂ ਧੀਆਂ/ ਕੁੜੀਆਂ ਦੀਆਂ ਡੋਲੀਆਂ ਦਿਨ ਦਿਹਾੜੇ ਲੁੱਟੀਆਂ ਜਾ ਰਹੀਆਂ ਹਨ। ਹਰ ਪਾਸੇ ਹਨੇਰਾ ਹੀ ਹਨੇਰਾ ਹੈ ਤੇ ਰਾਵੀ ਝਨ੍ਹਾਂ ਦੇ ਪਾਣੀਆਂ ਚ ਤੂਫਾਨ ਆਏ ਹੋਏ ਨੇ, ਉਜੜੇ ਲੋਕ ਅੱਜ ਤੱਕ ਹੱਕ ਮੰਗਦੇ 2 ਥੱਕ ਗਏ ਨੇ। ਸੋਹਣੀਆਂ ਵਾਂਗ ਹੱਥ ਚ ਕੁੱਝ ਵੀ ਨਹੀਂ ਹੈ। ਸਿਰਫ਼ ਕੱਚੇ ਘੜੇ ਦਾ ਸਹਾਰਾ ਹੇ-ਪਰ ਉਹਨੇ ਦਰਿਆ'ਚ ਵੀ ਠੱਲਣਾਂ ਹੈ।

ਬਹੁਤ ਔਖੇ 2 ਸਾਹ ਭਰ ਰਹੀ ਹੈ ਅੱਜ ਫੇਰ ਤੇਰੇ ਵਸਾਏ ਸ਼ਹਿਰ ਤੇ ਪੰਜਾਬ ਦੀ ਹਵਾ। ਏਥੇ ਓਹੀ ਕੁੱਝ ਹੋ ਰਿਹਾ ਹੈ ਜੋ ਕਦੇ ਸਦੀਆਂ ਪਹਿਲਾਂ ਹੋਇਆ ਸੀ। ਅਸੀਂ ਆਪਣੇ ਘਰ ਵਿੱਚ ਹੀ ਜਲਾਵਤਨ ਹੋਏ ਬੈਠੇ ਹਾਂ ਤੇਰੇ ਇੱਕ ਨਾਂ ਦਾ ਸਹਾਰਾ ਲੈਂਦੇ। ਘਰ 2 ਸੁੰਨ੍ਹਾ ਹੋਇਆ ਦਿਸਦਾ ਹੈ। ਗਭਰੂਆਂ ਦੀਆਂ ਟੋਲੀਆਂ ਜਾਂ ਤਾਂ ਰਹੀਆਂ ਨਹੀਂ ਜਾਂ ਕਈ ਵਿਚਾਰੇ ਛੁਪ ਕੇ ਬਦੇਸ਼ਾਂ 'ਚ ਜਾ ਵਸੇ ਤੇਰੇ ਸ਼ਹਿਰ ਦੇ ਹਾਕਮ ਦੀਆਂ ਗੋਲੀਆਂ ਤੋਂ ਰਾਹ ਖਹਿੜੇ ਬੇਗੁਨਾਹ ਵਿੰਨ੍ਹ ਹੋ ਜਾਣ ਤੋਂ ਡਰਦੇ। ਇਥੇ ਰੋਜ਼ ਬੇਕਸੂਰ ਸਲੀਬਾਂ ਤੇ ਟੰਗੇ ਜਾ ਰਹੇ ਹਨ, ਜਾਬਰਾਂ ਨੇ ਅੱਤ ਚੁੱਕੀ ਹੋਈ ਹੈ। ਨਿੱਤ ਮੁਗਲੀਏ ਦੁੱਲੇ ਭੱਟੀ ਦੇ ਘਰਾਂ ਨੂੰ ਲਾਂਬੂ ਲਾ ਰਹੇ ਹਨ ਤੇ ਤੇਰੇ ਪੰਜਾਬ ਦੀਆਂ ਮਾਂਵਾਂ ਦੇ ਹੱਥ ਰੱਸੀਆਂ ਨਾਲ ਬੰਨ੍ਹ 2 ਕਿਸੇ ਔਰੰਗੇ ਦੇ ਸਿਪਾਹੀ ਜੋਰੋ ਜ਼ਰਬੀ ਲਈ ਜਾ ਰਹੇ ਹਨ। ਸੱਚ ਤੇ ਪਹਿਰਾ ਦੇਣ ਵਾਲੇ ਤੇ ਮੁਹੱਬਤ ਦੇ ਗੀਤ ਗਾਉਣ ਵਾਲਿਆਂ ਨੂੰ ਤੇਰੇ ਵਾਂਗ ਹੀ ਬਲਦੀਆਂ ਦੇਗਾਂ ਚ ਪਾ ਕੇ ਉਬਾਲਿਆ ਜਾ ਰਿਹਾ ਹੈ। ਜੇਲ੍ਹਾਂ ਚ ਤਰ੍ਹਾਂ 2 ਦੇ ਤਸੀਹੇ ਦੇ 2 ਖ਼ਤਮ ਕੀਤਾ ਜਾ ਰਿਹਾ ਹੈ। ਸਿੱਖਾਂ ਨੂੰ ਹੀ ਮੂਹਰੇ ਕਰ 2 ਭਰਾਵਾਂ ਨਾਲ ਲੜਾਇਆ ਜਾ ਰਿਹਾ ਹੈ-ਅਦਾਲਤ ਅੰਨ੍ਹੀ ਹੋ ਗਈ ਹੈ। ਕਿਸੇ ਪਾਸੇ ਕੋਈ ਅਰਜ਼ ਨਹੀਂ ਸੁਣਦਾ-ਕਿਸੇ ਪਾਸੇ ਫਰਿਆਦ ਨਹੀਂ ਹੈ, ਹਰ ਪਾਸੇ ਜੰਗਲ ਦਾ ਰਾਜ ਹੈ। ਤਾਰੀਖ ਦੇ ਵਰਕੇ ਪਿਛਾਂਹ ਵੱਲ, ਦੇਖ 2 ਬੇਸਹਾਰਾ ਝਾਕ ਰਹੇ ਹਨ।

ਆਪਣੀਆਂ ਹੀ ਰਾਤਾਂ ਦਾ ਇੱਕ ਗੁਆਚਾ ਜੇਹਾ ਸੁਪਨਾ ਤੇ ਤੂੰ 'ਨੇਰ੍ਹੇ 'ਚ ਕੁਫ਼ਰ ਤੇ ਜ਼ੁਲਮ ਦੀ ਇਸ ਰੁੱਤ ਚ ਚੁੱਪ ਬੈਠਾ ਦੇਖ ਰਿਹਾ ਏਂ। ਤੂੰ ਕਹੇਂਗਾ ਮੈ ਕੌਣ ਹਾਂ-ਮੈਂ ਇਸ ਜ਼ਬਰ ਜ਼ਨਾਹ 'ਚ ਲਿਤਾੜੀ ਜਾ ਰਹੀ ਲੋਕਾਂ ਦੀ ਅਵਾਜ਼ ਹਾਂ। ਤੇਰੇ ਤੋਂ ਤਾਂ ਜ਼ਾਬਰ ਕੰਬਦੇ ਸਨ, ਤੇਰੀ ਲੀਹ ਤੋਂ ਤਾਂ ਪਰਬਤ ਡਰਦੇ ਸਨ-ਤੂੰ ਵੀ ਜਹਾਂਗੀਰੀਏ ਦੇ ਕਹੇ ਤੱਤੀ ਰੇਤਾ ਚ ਨ੍ਹਾਉਣਾ, ਲਿਸ਼ਕਦੀਆਂ ਤੇਗਾਂ ਦਾ ਰਾਹ ਦਸਦਾ, ਬਲਦੀਆਂ ਉਬਲਦੀਆਂ ਦੇਗਾਂ ਦਾ ਰਾਹ ਅਪਣਾ ਲਿਆ। ਤੂੰ ਸ਼ਵੀਆਂ ਉੱਤੇ ਨੱਚਦਾ ਰਿਹਾ, ਤਵੀਆਂ ਉੱਤੇ ਹੱਸਦਾ ਰਿਹਾ। ਤੇਰੀ ਓਸ ਯਾਦ ਨੂੰ ਲੈ ਕੇ ਸੀਨੇ ਵਿੱਚ ਇੱਕ ਚੀਸ ਜੇਹੀ ਪੈਂਦੀ ਹੈ ਤੇ ਤੜਫ਼ਦੀ ਆਂਦਰ ਕਈ ਕੁੱਝ ਨਿੱਤ ਕਹਿੰਦੀ ਹੈ। ਉਹ ਰਾਹ ਜੋ ਤੇਰਾ ਨਵਾਂ ਨਰੋਆ ਜੇਹਾ ਸੀ, ਉਹ ਸਬਕ ਜੋ ਸੱਜਰਾ 2 ਸੀ, ਕਿੱਥੇ ਚਲਾ ਗਿਆ ਹੈ ?

ਭਾਵੇਂ ਇਹ ਸੱਚ ਹੈ ਕਿ ਹਰਫ਼ ਤਕਦੀਰ ਨਹੀਂ ਬਦਲ ਸਕਦੇ, ਤੇ ਕਲਮ ਕੁਫਰ ਦੀ ਹੋਣੀ ਨੂੰ ਕੀ ਕਹੇ। ਸਿਆਲਾਂ ਵਾਲੀ ਕੁੜੀ ਦੀ ਕਿਹੜਾ ਕੋਈ ਮੱਥੇ ਦੀ ਲਕੀਰ ਬਦਲ ਸਕਿਆ ਸੀ, ਪਰ ਉਹਨੇ ਓਸ ਲਕੀਰ ਨੂੰ ਪੰਜਾਬ ਦਾ ਹੱਕ ਵੀ ਨਹੀਂ ਸੀ ਸਮਝਿਆ। ਜਿਵੇਂ ਤੂੰ ਨਹੀਂ ਸੀ ਕੁਫਰ ਕਬੂਲ ਕੀਤਾ ਤੇ ਜੇ ਇਹ ਸੱਭ ਕੁੱਝ ਸਵੀਕਾਰ ਕਰ ਲੈਂਦਾ ਤਾਂ ਸਾਡੇ ਵਰਗਾ ਹੋ ਜਾਣਾ ਸੀ। ਤੂੰ ਤਾਂ ਸਮੇਂ ਨੂੰ ਵੀ ਗੋਲ ਕਰ ਦਿਤਾ, ਓਦੋਂ ਸਮਾਂ ਵੀ ਰੁਕ ਗਿਆ ਸੀ ਜਦੋਂ ਤੂੰ ਤੱਤੀ ਰੇਤ ਚ ਨਾਤ੍ਹਾ ਸੀ, ਤਪਦੀ ਸੁਰਖ ਤਵੀ ਉੱਤੇ ਹੱਸਿਆ ਸੀ, ਬਲਦੀ ਉਬਲਦੀ ਦੇਗ ਨੂੰ ਠਾਰਿਆ ਸੀ।

ਰੁੱਤਾਂ ਦਾ ਰੱਜਵਾਂ ਚੀਰ ਹਰਣ ਹੋਇਆ। ਲ਼ਹਿਰ ਦੀ ਛਾਂ ਹੇਠ ਕਈ ਲੋਟੂ ਟੋਲਿਆਂ ਨੇ ਕੰਜ਼ਕਾਂ ਦੇ ਬਲਾਤਕਾਰ, ਨਿਰਦੋਸ਼ਾਂ ਦੇ ਕਤਲ ਤੇ ਲੁੱਟਾਂਮਾਰਾਂ ਕਰ ਕੇ ਲਹਿਰ ਨੂੰ ਪੂਰਾ ਬਦਨਾਮ ਕੀਤਾ। ਦਿਨ ਨਿੱਜੀ ਕਿੜਾਂ ਕੱਢਣ ਲੱਗ ਪਏ ਸਨ ਤੇ ਏ ਕੇ ਸੰਤਾਲੀ ਹੀ ਚਾਰ ਚੁਫੇਰੇ ਉੱਗ ਪਈ ਸੀ। ਸਿਧਾਂਤ ਕਿਤੇ ਦੂਰ ਤੁਰ ਗਿਆ ਤੇ ਬੇਗੁਨਾਹ ਮਾਂਵਾਂ ਦੇ ਲਾਡਲਿਆਂ ਨੂੰ ਕਿਸੇ ਚੰਦਰੇ ਪਲਾਂ ਦੀਆਂ ਕੀਤੀਆਂ ਦਾ ਫ਼ਲ ਭੁਗਤਣਾ ਪਿਆ। ਦਿੱਲੀ ਤੇ ਹੋਰ ਕਈ ਸ਼ਹਿਰਾਂ ਦੀਆਂ ਗਲੀਆਂ ਰੋਈਆਂ, ਮੌਤ ਅਰਸ਼ ਤੇ ਚੜ੍ਹ ਨਗਨ ਨੱਚਦੀ ਰਹੀ। ਅਜੇ ਤੀਕ ਜੂਨ ਨਵੰਬਰ 1984 ਦੇ ਦੋਸ਼ੀ ਆਮ ਤੁਰੇ ਫਿਰਦੇ ਹਨ।

ਅੱਜ ਫਿਰ ਰਾਤ ਦਿਨ ਸਾਜਿਸ਼ਾਂ ਘੜ੍ਹ ਰਹੇ ਹਨ ਤੇ ਔਰੰਗੇ ਦਾ ਰੂਪ ਧਾਰ ਰਹੇ ਹਨ। ਅਸੀਂ ਤੇਰਾ ਸ਼ਹੀਦੀ ਦਿਨ-30 ਮਈ, 1606 ਵੀ ਭੁੱਲ ਗਏ ਹਾਂ-ਹੁਣ ਤੇਰਾ ਕੀਆ ਮੀਠਾ ਲਾਗੇ ਨੂੰ ਛੱਡ ਅਸੀਂ ਕੱਚੀ ਮਿੱਠੀ ਲੱਸੀ ਪੀ ਕੇ ਮਾਣ ਕਰ ਲਈ ਦਾ ਤੇਰੀ ਮਹਾਨ ਕੁਰਬਾਨੀ 'ਤੇ। ਪੰਜਾਬ ਦੀ ਨਿਮਾਣੀ ਮਿੱਟੀ ਬੇਕਸੂਰਾਂ ਦੇ ਰੱਤ 'ਚ ਭਿੱਜਦੀ ਜਾ ਰਹੀ ਹੈ। ਤੈਨੂੰ ਪਤਾ ਹੀ ਹੈ ਕਿ ਅੱਜ ਲੱਖਾਂ ਸੁਪਨੇ, ਆਵਾਜ਼ਾਂ, ਗੀਤ ਤੇ ਨਜ਼ਮਾਂ ਕਿਰ 2 ਮਰ ਰਹੀਆਂ ਹਨ। ਬਹੁਤ ਚਿਰ ਹੋ ਗਿਆ ਹੈ ਤੈਨੂੰ ਚੁੱਭੀ ਮਾਰ ਕੇ ਸਾਥੋਂ ਅਲੋਪ ਹੋਏ ਨੂੰ- ਚੱਲ ਆ ਰਾਵੀ ਚੋਂ ਬਾਹਰ ਤੇ ਸਾਰੀ ਤਵਾਰੀਖ ਮੁੜ ਕੇ ਸਿਰਜੀਏ, ਲਿਖੀਏ ਉਹਨਾਂ ਔਝੜ ਵੇਲਿਆਂ ਦੇ ਨਾਂ, ਤਾਂ ਕਿ ਕੋਈ ਮੁੜ ਤੱਤੀਆਂ ਤਵੀਆਂ ਤੇ ਤੇਰੇ ਵਰਗੇ ਨਾਨਕ ਦੇ ਪਿਆਰੇ ਨੂੰ ਬੈਠਣ ਲਈ ਨਾ ਕਹੇ। ਮੇਰੀ ਕਲਮ ਦੀ ਇਹੀ ਇੱਕ ਨਿੱਕੀ ਜੇਹੀ ਅਰਜ਼ ਹੈ -

ਹੁਣ ਸਾਡੇ ਕੋਲੋਂ ਨਹੀਂ ਇੰਜ਼ ਬੇਗੁਨਾਹ ਹੁੰਦਿਆਂ ਸਵੀਕਾਰਿਆ ਜਾਂਦਾ

ਤੇਰੇ ਵਾਂਗ
ਤੱਤੀਆਂ ਤਵੀਆਂ ਤੇ ਬੈਠਣਾਂ
ਤੇ ਨਾ ਹੀ ਇਹਨਾਂ ਚੰਡਾਲਾਂ ਦੇ
ਸੁਣੇ ਜਾਂਦੇ ਨੇ
ਹੁਕਮ ਉਬਲਦੀਆਂ ਦੇਗਾਂ 'ਚ ਬੈਠ ਕੇ-

ਅਸੀਂ ਤਾਂ ਉਹ ਹੱਥ ਭੰਨਣਾਂ ਲੋਚਦੇ ਹਾਂ
ਜੋ ਸਾਡੇ ਲਈ
ਅਜਿਹੇ ਦਰਿਸ਼ ਸਿਰਜਣਗੇ-

ਅਸੀਂ ਆਪਣੀ ਚਾਲੇ ਵਗਦੇ
ਸ਼ਾਂਤ ਦਰਿਆ
ਸਿਰਾਂ ਲਈ ਤੱਤੀ ਰੇਤ ਦੇ
ਮੀਂਹ ਨਹੀਂ ਮੰਗਦੇ-
ਅਸੀ ਤਾਂ ਅਜੇਹੀਆਂ 'ਨੇਰੀਆਂ ਰਾਤਾਂ 'ਚ
ਕੋਈ ਚਿੱਟੇ ਚੰਨ ਦੀ
ਲੋਅ ਬੀਜਣੀ ਚਾਹੁੰਦੇ ਹਾਂ।
ਘਰਾਂ ਦੇ ਬਨੇਰਿਆਂ ਤੇ
ਤੇਰੇ ਤੇ ਨਾਨਕ ਦੇ
ਸ਼ਬਦ ਰੂਪੀ ਦੀਵੇ ਸਜਾਉਣ ਦਾ
ਮੋਹ ਹੈ ਸਾਡੇ ਦਿਲਾਂ 'ਚ।

ਆ ਕੋਈ ਪੰਜਾਬ ਦੇ ਵਿਹੜੇ ਚ
ਚਿੱਟੇ ਗੁਲਾਬ ਵਰਗੀ
ਦੁਪਹਿਰ ਬਣ ਖਿੜ੍ਹੀਏ

ਤਾਂ ਕਿ ਮਾਵਾਂ ਨੂੰ ਮਾਰੇ ਗਏ ਪੁੱਤਾਂ ਦੇ ਵਿਗੋਚੇ ਨਾ ਖਾ ਜਾਣ-
ਐਤਕੀਂ ਤੇਰੇ ਸ਼ਹੀਦੀ ਦਿਵਸ ਤੇ
ਮੇਰੀ ਕਲਮ ਦੀ
ਇਹੀ ਇੱਕ ਨਿੱਕੀ ਜੇਹੀ ਅਰਜ਼ ਹੈ-ਕਬੂਲ ਕਰੀਂ

ਲੜੀਵਾਰ ਨਾਵਲ



ਕਮਲ ਗਿੱਲ
Mob : +44 07454 394684

# ਗੰਧਲੇ ਰਿਸ਼ਤੇ

**ਅਸੀਂ ਵਾਪਸ ਹੋਟਲ ਵਿਚ ਆਏ ਤਾਂ ਉਹ ਮੇਰੇ ਨਾਲ ਪਿਆ ਘੰਟਿਆਂ ਬੱਧੀ ਆਪਣੇ ਫੂਨ 'ਤੇ ਲੱਗਾ ਰਹਿੰਦਾ। ਜੇ ਕੋਈ ਗੱਲ ਕਰਨੀ ਹੁੰਦੀ ਤਾਂ ਮੈਂ ਹੀ ਕਰਦੀ। ਉਹ ਆਪ ਕਦੇ ਕੋਈ ਗੱਲ ਨਾ ਸ਼ੁਰੂ ਕਰਦਾ। ਫੂਨ 'ਚ ਟਵਿੱਟਰ 'ਤੇ ਵੀਡੀਓ ਦੇਖ ਕੱਲਾ ਹੱਸਦਾ ਰਹਿੰਦਾ ਜਾਂ ਗੇਮਾਂ ਖੇਡਦਾ ਰਹਿੰਦਾ। ਹੁਣ ਮੈਂ ਵੀ ਨੋਟ ਕਰਨ ਲੱਗ ਗਈ ਜੇ ਮੈਂ ਕੋਈ ਗੱਲ ਨਾ ਕਰਦੀ ਤਾਂ ਘੰਟਿਆਂ ਬੱਧੀ ਖਾਮੋਸ਼ੀ ਛਾਈ ਰਹਿੰਦੀ। ਉਸ ਦਿਨ ਲੇਕ ਡਿਸਟਰਿਟ 'ਚ ਬੈੱਡ 'ਤੇ ਪਿਆ ਇਕ ਘੰਟਾ ਹੋ ਗਿਆ ਸੀ। ਮੈਂ ਚਾਹੁੰਦੀ ਸੀ ਕੋਈ ਗੱਲ ਕਰੇ ਪਰ ਉਹ ਆਰਾਮ ਨਾਲ ਗੇਮ ਖੇਡੀ ਜਾ ਰਿਹਾ ਸੀ। ਘੰਟੇ ਬਾਅਦ ਮੈਂ ਹਿੰਮਤ ਕਰਕੇ ਆਖ ਦਿੱਤਾ। ਮੈਂ ਕੋਲ ਪਈ ਆ ਕੋਈ ਗੱਲਬਾਤ ਕਰ, ਆਪਾਂ ਇੰਨੀ ਦੂਰ ਆਏ ਹਾਂ ਮਸਾਂ ਤਾਂ ਆਪਾਂ ਨੂੰ ਟਾਈਮ ਮਿਲਦਾ ਹੈ ਦੋ ਤਿੰਨ ਹਫਤਿਆਂ ਬਾਅਦ ਕੋਈ ਗੱਲ ਸੁਣਾ ਕੀ ਆਹ ਫੂਨ 'ਚ ਗੇਮ 'ਚ ਹੀ ਫਸਿਆ ਆ, ਬੰਦ ਕਰ ਇਹਨੂੰ ਕੋਈ ਗੱਲਬਾਤ ਕਰੀਏ।**




## ਕਿਸ਼ਤ-27

''ਨਹੀਂ ਨਹੀਂ ਮੈਂ ਠੀਕ ਹਾਂ, ਫਿਕਰ ਨਾ ਕਰ, ਹੁਣ ਤਾਂ ਬਹੁਤ ਸਟਰੋਂਗ ਹੋ ਗਈ ਹਾਂ।''

ਇੰਨਾਂ ਆਖ ਉਸ ਨੇ ਅਗਾਂਹ ਗੱਲ ਤੋਰੀ ''ਚੀਜ਼ਾਂ ਬਦਲਣ ਲੱਗ ਗਈਆਂ ਸਨ ਬੀਰਾ। ਉਸ ਦੀ ਮਾਂ ਜੁਲਾਈ ਤੋਂ ਪਹਿਲਾਂ ਮੈਨੂੰ ਤਕਰੀਬਨ ਹਫਤੇ 'ਚ ਚਾਰ ਵਾਰ ਫੂਨ ਕਰਦੀ, ਹਰ ਵਾਰ ਕੁੜੀਆਂ ਦੀਆਂ, ਉਸ ਦੀ ਪਹਿਲੀ ਤੀਵੀਂ ਦੀਆਂ ਬੁਰਾਈਆਂ ਤੋਂ ਗੱਲ ਸ਼ੁਰੂ ਹੁੰਦੀ ਉਥੇ ਹੀ ਮੁੱਕ ਜਾਂਦੀਆਂ। ਮੈਂ ਹਾਂ ਹੂੰ ਕਹਿ ਕੇ ਸੁਣਦੀ ਰਹਿੰਦੀ। ਕਦੇ-ਕਦੇ ਮੇਰੇ ਤੋਂ ਖੁਸ਼ ਹੁੰਦੀ ਕਿ ਮੇਰੇ ਮੁੰਡੇ ਦੀ ਜੂਨ ਸੁਧਾਰ 'ਤੀ ਤੂੰ। ਉਹਦਾ ਕਮਰਾ ਸੁਧਾਰ 'ਤਾ, ਉਸ ਨੂੰ ਜੀਣਾ ਆ ਗਿਆ। ਹੁਣ ਉਹ ਬਹੁਤ ਖੁਸ਼ ਆ। ਇਸ ਤਰ੍ਹਾਂ ਦੀਆਂ ਗੱਲਾਂ ਕਰਦੀ ਅਕਸਰ ਪੁੱਛਦੀ ਹੁਣ ਕਦ ਆਉਣਾ ਸਾਡਾ ਜੀਅ ਨਹੀਂ ਲੱਗਦਾ। ਛੇਤੀ ਆਇਆ ਕਰ ਘਰ, ਹੁਣ ਤੇਰੇ ਬਿਨਾਂ ਘਰ, ਘਰ ਨਹੀਂ ਲੱਗਦਾ। ਆ ਕੇ ਆਪਣਾ ਘਰ ਸਾਂਭ ਇਹੋ ਜਿਹੀਆਂ ਗੱਲਾਂ ਵੀ ਕਰਦੀ। ਪਰ ਜੁਲਾਈ ਚੜ੍ਹਨ ਤੋਂ ਬਾਅਦ ਸਭ ਬਦਲਣ ਲੱਗ ਗਿਆ। ਅਸੀਂ ਦੋਵੇਂ ਜੁਲਾਈ ਵਿਚ ਲੇਕ ਡਿਸਟਰਕ ਜਾਣ ਦਾ ਮਨ ਬਣਾ ਲਿਆ, ਤਿੰਨ ਦਿਨਾਂ ਲਈ। ਉਸ ਦੀ ਮਾਂ ਦਾ ਫੂਨ ਆਉਣਾ ਬਹੁਤ ਘੱਟ ਗਿਆ ਸੀ ਹੁਣ ਮੈਨੂੰ ਕਦੇ-ਕਦੇ ਹੀ ਫੂਨ ਕਰਦੀ। ਮੈਂ ਕਰਦੀ ਤਾਂ ਵੀ ਫੋਰਮਲ ਗੱਲਾਂ ਕਰ ਕੇ ਕੱਟ ਦਿੰਦੀ। ਮੈਂ ਹੈਰਾਨ ਸੀ ਕਿ ਅਚਾਨਕ ਕੀ ਹੋ ਗਿਆ, ਉਹ ਇੰਨਾ ਕਿਉਂ ਬਦਲ ਗਈ। ਮੇਰੇ ਕੋਲੋਂ ਕੋਈ ਗਲਤੀ ਤਾਂ ਨਹੀਂ ਹੋ ਗਈ? ਮੈਨੂੰ ਸਮਝ ਨਾ ਆਉਂਦੀ। ਪਰਮ ਦਾ ਵਿਵਹਾਰ ਵੀ ਬਦਲਣ ਲੱਗ ਗਿਆ ਸੀ। ਉਨ੍ਹਾਂ ਦਾ ਬਦਲਦਾ ਵਤੀਰਾ ਸਾਫ ਦਿਖਾਈ ਦੇ ਰਿਹਾ ਸੀ ਪਰ ਸਮਝ ਨਹੀਂ ਆ ਰਹੀ ਸੀ ਕਿ ਹੋਇਆ ਕੀ ਹੈ? ਖ਼ੈਰ ਅਸੀਂ 3 ਦਿਨਾਂ ਲਈ ਲੇਕ ਡਿਸਟਕਟ ਗਏ ਸੀ।

ਬਹੁਤ ਸੋਹਣੀ ਜਗ੍ਹਾ ਹੈ ਲੇਕ ਡਿਸਟ੍ਰਕਿਟ। ਮੈਂ ਆਪਣੇ ਘਰੋਂ ਗਈ ਤੇ ਉਹ ਉਧਰੋਂ ਆਪਣੀ ਕਾਰ 'ਚ ਆਇਆ । ਹੋਟਲ 'ਚ ਚੈੱਕ ਇਨ ਤੋਂ ਬਾਅਦ ਅਸੀਂ ਦੋਵੇਂ ਸ਼ਾਮ ਨੂੰ ਲੇਕ 'ਤੇ ਘੁੰਮਣ ਚਲੇ ਗਏ। ਬਹੁਤ ਹੀ ਸੋਹਣੀ ਲੇਕ ਹੈ, ਅਸੀਂ ਕੋਈ ਦੋ ਕੁ ਘੰਟੇ ਦੀ ਵਾਕ ਕੀਤੀ ਲੇਕ 'ਤੇ। ਉਥੇ ਉਸ ਨੇ ਆਪਣੀ ਮਾਂ ਨੂੰ ਵੀਡੀਓ ਕਾਲ ਕੀਤੀ ਲੇਕ ਦਿਖਾਉਣ ਲਈ। ਮੈਂ ਵੀ ਕੋਲ ਹੀ ਖੜ੍ਹੀ ਸੀ। ਮਾਤਾ ਨੇ ਕੋਈ ਇੰਟਰਸਟ ਨਹੀਂ ਦਿਖਾਇਆ ਉਸ ਦੀਆਂ ਗੱਲਾਂ ਤੇ ਅਤੇ ਨਾ ਹੀ ਮੇਰਾ ਪੁੱਛਿਆ ਕਿ ਮੈਂ ਠੀਕ ਹਾਂ। ਮੇਰੇ ਨਾਲ ਗੱਲ ਕਰਾਉਣ ਲਈ ਉਸ ਨੂੰ ਕਿਹਾ ਤੱਕ ਨਾ, ਉਲਟਾ ਉਸ ਨੂੰ ਕਹਿੰਦੀ ਆਉਣਾ ਕਦ ਆ ਮੁੜ ਕੇ? ਮੈਂ ਪਿੱਛੇ ਖੜੀ ਸੁਣ ਰਹੀ ਸੀ। ਮੈ ਬੜਾ ਹੈਰਾਨ ਹੋਈ ਹਾਲੇ ਕੁਝ ਘੰਟੇ ਪਹਿਲਾਂ ਹੀ ਤਾਂ ਉਹ ਉਸ ਕੋਲ ਆਇਆ ਸੀ । ਉਸਨੇ ਕਿਹਾ ਪਰਸੋਂ ਨੂੰ। ਬਸ ਉਸ ਤੋਂ ਬਾਅਦ ਬੋਲ ਪਈ ਤੇਰੇ ਨਿਆਣੇ ਵੀ ਆ ਉਹ ਨਹੀਂ ਦੇਖਣੇ ਤੂੰ। ਉਨ੍ਹਾਂ ਨੂੰ ਦੇਖਣ ਲਈ ਮੈਂ ਰੱਖੀ ਆਂ। ਬਹੁਤ ਹੀ ਰੁੱਖੀਆਂ ਜਿਹੀਆਂ ਗੱਲਾਂ ਸਨ ਮੇਰੇ ਸਮਝ ਤੋਂ ਬਾਹਰ। ਫੂਨ ਕੱਟਿਆ ਤਾਂ ਉਹ ਆਪ ਹੀ ਕਹਿੰਦਾ ਮਾਂ ਨੂੰ ਪਤਾ ਨਹੀਂ ਕੀ ਹੋਇਆ ਖਿੱਝੀ ਜਿਹੀ ਸੀ। ਉਹ ਪਹਿਲਾ ਦਿਨ ਸੀ ਜਦ ਮੈਨੂੰ ਅਹਿਸਾਸ ਹੋਇਆ ਕਿ ਇਹ ਜੈਲਸੀ ਕੰਪਲੈਕਸ ਹੈ। ਮੈਨੂੰ ਪਤਾ ਲੱਗ ਗਿਆ ਸੀ ਕਿ ਮਾਤਾ ਉਹਦੇ ਤੇ ਮੇਰੇ ਰਿਸ਼ਤੇ ਤੋਂ ਜੈਲਸ ਹੋ ਰਹੀ ਆ। ਪਤਾ ਨਹੀਂ ਕਿਉਂ ਇਹ ਗੱਲ ਨਾਲ ਮੇਰੀ ਰੂਹ ਜਿਹੀ ਕੰਬ ਗਈ। ਹਾਏ ਜੇ ਇਹ ਮੇਰੇ ਦਿਮਾਗ 'ਚ ਆਈ ਗੱਲ ਸੱਚ ਹੋਈ ਤਾਂ ਇਹ ਸਹੀ ਨਹੀਂ ਹੈ। ਜੈਲਸੀ ਵਿਚ ਬਹੁਤ ਘਰ ਬਰਬਾਦ ਹੋ ਗਏ ਆ। ਮੈਂ ਆਪਣਾ ਘਰ ਖਰਾਬ ਨਹੀਂ ਹੋਣ ਦੇਣਾ। ਮੈਂ ਆਪ ਹੀ ਮਾਤਾ ਨਾਲ ਗੱਲ ਕਰ ਲੈਣੀ ਤੇ ਸਾਰਾ ਕੁਝ ਨਾਰਮਲ ਕਰਨ ਦੀ ਕੋਸ਼ਿਸ਼ ਕਰਾਂਗੀ।

''ਪਰਮ ਦਾ ਸੁਭਾਅ ਕਿਵੇਂ ਤੁਹਾਨੂੰ ਬਦਲਿਆ ਲੱਗਦਾ ਸੀ ਕੈਲਾਸ਼ ਜੀ?''

''ਜਿਵੇਂ ਉਸੇ ਦਿਨ ਦੀ ਹੀ ਗੱਲ ਕਰ ਲਾਂ। ਅਸੀਂ ਵਾਪਸ ਹੋਟਲ ਵਿਚ ਆਏ ਤਾਂ ਉਹ ਮੇਰੇ ਨਾਲ ਪਿਆ ਘੰਟਿਆਂ ਬੱਧੀ ਆਪਣੇ ਫੂਨ 'ਤੇ ਲੱਗਾ ਰਹਿੰਦਾ। ਜੇ ਕੋਈ ਗੱਲ ਕਰਨੀ ਹੁੰਦੀ ਤਾਂ ਮੈਂ ਹੀ ਕਰਦੀ। ਉਹ ਆਪ ਕਦੇ ਕੋਈ ਗੱਲ ਨਾ ਸ਼ੁਰੂ ਕਰਦਾ। ਫੂਨ 'ਚ ਟਵਿੱਟਰ 'ਤੇ ਵੀਡੀਓ ਦੇਖ ਕੱਲਾ ਹੱਸਦਾ ਰਹਿੰਦਾ ਜਾਂ ਗੇਮਾਂ ਖੇਡਦਾ ਰਹਿੰਦਾ। ਹੁਣ ਮੈਂ ਵੀ ਨੋਟ ਕਰਨ ਲੱਗ ਗਈ ਜੇ ਮੈਂ ਕੋਈ ਗੱਲ ਨਾ ਕਰਦੀ ਤਾਂ ਘੰਟਿਆਂ ਬੱਧੀ ਖਾਮੋਸ਼ੀ ਛਾਈ ਰਹਿੰਦੀ। ਉਸ ਦਿਨ ਲੇਕ ਡਿਸਟਰਿਟ 'ਚ ਬੈੱਡ 'ਤੇ ਪਿਆ ਇਕ ਘੰਟਾ ਹੋ ਗਿਆ ਸੀ। ਮੈਂ ਚਾਹੁੰਦੀ ਸੀ ਕੋਈ ਗੱਲ ਕਰੇ ਪਰ ਉਹ ਆਰਾਮ ਨਾਲ ਗੇਮ ਖੇਡੀ ਜਾ ਰਿਹਾ ਸੀ। ਘੰਟੇ ਬਾਅਦ ਮੈਂ ਹਿੰਮਤ ਕਰਕੇ ਆਖ ਦਿੱਤਾ। ਮੈਂ ਕੋਲ ਪਈ ਆ ਕੋਈ ਗੱਲਬਾਤ ਕਰ, ਆਪਾਂ ਇੰਨੀ ਦੂਰ ਆਏ ਹਾਂ ਮਸਾਂ ਤਾਂ ਆਪਾਂ ਨੂੰ ਟਾਈਮ ਮਿਲਦਾ ਹੈ ਦੋ ਤਿੰਨ ਹਫਤਿਆਂ ਬਾਅਦ ਕੋਈ ਗੱਲ ਸੁਣਾ ਕੀ ਆਹ ਫੂਨ 'ਚ ਗੇਮ 'ਚ ਹੀ ਫਸਿਆ ਆ, ਬੰਦ ਕਰ ਇਹਨੂੰ ਕੋਈ ਗੱਲਬਾਤ ਕਰੀਏ।

ਇੰਝ ਮਿੰਟ ਤੱਕ ਉਹ ਆਰਾਮ ਨਾਲ ਗੇਮ ਖੇਡਦਾ ਰਿਹਾ। ਮੇਰੀ ਗੱਲ ਦਾ ਕੋਈ ਜਵਾਬ ਦਿੱਤੇ ਬਿਨਾਂ ਜਦ ਉਹ ਬੋਲਿਆ ਨਹੀਂ ਤਾਂ ਫਿਰ ਮੈਂ ਵੀ ਚੁੱਪ ਹੋ ਗਈ । ਫਿਰ ਅਚਾਨਕ ਫੂਨ ਥੱਲੇ ਰੱਖ ਕੇ ਉਹ ਮੈਨੂੰ ਟੁੱਟ ਕੇ ਪੈ ਗਿਆ। ''ਬੋਲ ਕੀ ਬੀਮਾਰੀ ਆ ਤੈਨੂੰ, ਖਬਰਦਾਰ ਜੇ ਮੈਨੂੰ ਮੇਰੇ ਫੂਨ ਬਾਰੇ ਮੇਰੀ ਗੇਮ ਬਾਰੇ ਕੁਝ ਕਿਹਾ, ਮੇਰੀ ਗੇਮ ਨੇ ਮੇਰਾ ਮਾੜਾ ਟਾਈਮ 'ਚ ਸਾਥ ਦਿੱਤਾ ਹੈ। ਮੈਂ ਇਹਦੇ ਸਹਾਰੇ ਪੰਜ ਸਾਲ ਕੱਢੇ ਆ, ਨਹੀਂ ਤਾਂ ਮੈਂ ਡਿਪਰੈਸ਼ਨ 'ਚ ਚਲੇ ਜਾਣਾ ਸੀ। ਮੈਂ ਇਸ ਗੇਮ 'ਤੇ ਬਹੁਤ ਪੈਸੇ ਲਾਏ ਆ, ਮੈਂ ਤੈਨੂੰ ਛੱਡ ਸਕਦਾ ਆਪਣੀ ਗੇਮ ਨੂੰ ਨਹੀਂ। ਨਾਲੇ ਕੰਨ ਖੋਲ੍ਹ ਕੇ ਸੁਣ ਲਾ ਮੈਂ ਤੇਰਾ ਮੁੰਡਾ ਨਹੀਂ ਆ, ਨਾ ਤੂੰ ਮੇਰੀ ਮਾਂ ਆ ਜਿਹੜਾ ਮੈਨੂੰ ਦੱਸਣਾ ਕੱਦ ਫੂਨ ਚੁੱਕਣਾ ਕੱਦ ਗੇਮ ਖੇਡਣੀ ਜਾਂ ਨਹੀਂ ਖੇਡਣੀ। ਤੈਨੂੰ ਪੁੱਗਦਾ ਆ ਤਾਂ ਮੇਰੇ ਨਾਲ ਰਹਿ, ਨਹੀਂ ਪੁੱਗਦਾ ਤਾਂ ਛੱਡ ਦੇ। ਮੈਂ ਇੱਦਾਂ ਦਾ ਹੀ ਹਾਂ, ਇੱਦਾਂ ਦਾ ਹੀ ਰਹਿਣਾ। ਤੂੰ ਮੈਨੂੰ ਬਦਲਣ ਦੀ ਕੋਸ਼ਿਸ਼ ਨਾ ਕਰ ਤੇ ਨਾ ਕਰੀਂ। ਇਸ 'ਚ ਹੀ ਤੇਰੀ ਭਲਾਈ ਆ। ਨਹੀਂ ਤਾਂ ਤੂੰ ਆਪਣਾ ਦੇਖ ਲਾ ਮੈਂ ਆਪਣਾ ਦੇਖ ਲਊਂ।

''ਓਹ ਮਾਈ ਗੌਡ, ਇਹ ਕੀ ਸੀ ਕੈਲਾਸ਼ ਜੀ?'' ਇਹ ਕਿਹੜਾ ਰੂਪ ਸੀ ਦੋ ਡਿਗਰੀਆਂ ਵਾਲੇ ਬੰਦੇ ਦਾ। ਮਾਸਟਰਸ ਕੀਤੀ ਬੰਦੇ ਦੀ ਇਹ ਭਾਸ਼ਾ, ਕਾਂਟ ਬਲੀਵ ਇਟ, ਉੱਫ ਫਿਰ ਤੁਸੀਂ ਕੀ ਕਿਹਾ?''

''ਮੈਂ ਕੀ ਕਹਿਣਾ ਸੀ ਬੀਰਾ, ਮੈਂ ਤਾਂ ਫਰੀਜ਼ ਹੀ ਹੋ ਗਈ, ਸਾਨੂੰ ਮਿਲਿਆਂ ਛੇ ਮਹੀਨੇ ਹੋ ਗਏ ਸਨ ਤੇ ਗੁਰੂਘਰ ਅਰਦਾਸ ਬਾਅਦ ਦੋ ਮਹੀਨੇ ਇਸ ਬੰਧਨ 'ਚ ਬੱਝਿਆਂ ਨੂੰ, ਜਿਸ ਨੂੰ ਪਤੀ ਪਤਨੀ ਕਿਹਾ ਜਾਂਦਾ। ਦੋ ਮਹੀਨਿਆਂ ਬਾਅਦ ਉਸ ਦਾ ਆਹ ਰੂਪ ਦੇਖ ਮੈਂ ਖੁਦ ਹੈਰਾਨ ਸਾਂ। ਮੇਰੇ ਮੂੰਹੋ ਇਕ ਵੀ ਲਫਜ਼ ਨਹੀਂ ਨਿਕਲਿਆ। ਮੇਰਾ ਅੰਦਰ ਇਕ ਅਜੀਬ ਜਿਹੇ ਡਰ ਨਾਲ ਕੰਬ ਗਿਆ। ''ਬਾਅਦ ਵਿਚ ਉਸਨੇ ਕੋਈ ਗੱਲ ਕੀਤੀ।''

''ਹਾਂ ਨੋਰਮਲ ਹੀ ਹੋ ਗਿਆ, ਖਾਣਾ ਖਾਣ ਚੱਲੀਏ ਬਾਹਰ ਜਾਂ ਇਥੇ ਮੰਗਵਾ ਲਵਾਂ। ਸਭ ਨੌਰਮਲ ਜਿਵੇਂ ਕੁਝ ਨਹੀਂ ਹੋਇਆ ਹੁੰਦਾ।''

ਪਰ ਜਿਸ ਤਰੀਕੇ ਨਾਲ ਉਹ ਚੀਕ-ਚੀਕ ਕੇ ਇਹ ਗੱਲਾਂ ਮੇਰੇ ਮੂੰਹ ਕੋਲ ਆ ਕੇ ਬੋਲ ਕੇ ਹੱਟਿਆ ਸੀ ਉਹ ਰੂਪ ਹੀ ਵੱਖਰਾ ਸੀ। ਉਹ ਰੂਪ ਦੇਖ ਕੇ ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਅਸਲੀ ਪਰਮ ਕਿਹੜਾ ਹੈ? ਆਹ ਜੋ ਬਾਅਦ 'ਚ ਖਾਣਾ ਖਾਣ ਬਾਰੇ ਪੁੱਛ ਰਿਹਾ ਹੈ ਜਾਂ ਉਹ ਜੋ ਪੰਦਰਾਂ ਮਿੰਟ ਪਹਿਲਾਂ ਸਿਰਫ ਫੂਨ ਦੀ ਇਕ ਮਾੜੀ ਜਿਹੀ ਗੱਲ 'ਤੇ ਇੰਨੀਆਂ ਚੀਕਾਂ ਮਾਰ ਕੇ ਬੋਲਣ ਵਾਲਾ।''

''ਖ਼ੈਰ ਉਸ ਰਾਤ ਮੈਂ ਸੌਂ ਨਾ ਸਕੀ। ਦੂਜਾ ਦਿਨ ਵੀ ਮੈਂ ਬੁਝੀ-ਬੁਝੀ ਰਹੀ। ਤੀਜੀ ਸਵੇਰ ਸਾਡੇ ਆਪੋ-ਆਪਣੇ ਘਰਾਂ ਵੱਲ ਚਾਲੇ ਪਾਉਣ ਦੀ ਵਾਰੀ ਸੀ। ਤੇ ਸਵੇਰ ਆਪੋ ਆਪਣੇ ਘਰ ਨੂੰ ਤੁਰ ਪਏ। ਇਨ੍ਹਾਂ ਤਿੰਨਾਂ ਦਿਨਾਂ ਵਿਚ ਉਸ ਦੀ ਮਾਂ ਦਾ ਇਕ ਵਾਰ ਵੀ ਫੂਨ ਨਹੀਂ ਆਇਆ, ਨਾ ਕੋਈ ਫੋਟੋ ਭੇਜਣ ਲਈ ਕਿਹਾ ਨਾ ਕੁਝ ਹੋਰ। ਰਾਹ ਵਿਚ ਅਸੀਂ ਤੁਰੇ ਤਾਂ ਉਸ ਨੇ ਮੈਨੂੰ ਫੂਨ ਲਾ ਲਿਆ। ਕਿੱਦਾਂ ਠੀਕ ਆ। ਵਧੀਆ ਰਿਹਾ ਆਪਣੇ ਆ ਦੋ ਦਿਨ, ਮੈਂ ਹਾਂ ਵਿਚ ਹੁੰਗਾਰਾ ਦਿੱਤਾ। ਬੋਲਦੀ ਨਹੀਂ ਢੰਗ ਨਾਲ ਚੁੱਪ-ਚਾਪ ਆ।''

''ਤੁਸੀਂ ਦੱਸਿਆ ਨਹੀਂ ਕਿ ਤੇਰੀ ਭਾਸ਼ਾ ਤੋਂ ਪ੍ਰੇਸ਼ਾਨ ਹਾਂ।''

''ਹਾਂ ਦੱਸਿਆ ਜਦ ਵਾਰ-ਵਾਰ ਪੁੱਛੀ ਜਾਂਦਾ ਸੀ, ਮੈਂ ਕਿਹਾ ਕੀ ਤੇਰਾ ਮੈਨੂੰ ਇਸ ਤਰ੍ਹਾਂ ਟੁੱਟ ਕੇ ਪੈਣਾ ਸਹੀ ਨਹੀਂ ਸੀ। ਮੈਂ ਤਾਂ ਨੌਰਮਲ ਹੀ ਗੱਲ ਕੀਤੀ ਸੀ। ਮੁੜ ਇੱਦਾਂ ਕਦੀ ਨਾ ਬੋਲੀ ਆਪਾਂ ਆਪਣਾ ਰਿਸ਼ਤਾ ਸਾਂਭ ਕੇ ਰੱਖਣਾ। ਇੰਝ ਕੜਵਾਹਟ ਨਹੀਂ ਲਿਆਉਣੀ ਇਸ ਰਿਸ਼ਤੇ 'ਚ। ਨਾਲੇ ਤੂੰ ਤਾਂ ਪਤਾ ਨਹੀਂ ਮੇਰੀ ਮਾਂ ਦੀਆਂ ਕਿੰਨੀਆਂ ਦੁਆਵਾਂ ਦਾ ਨਤੀਜਾ ਹੈ ਜੋ ਮੈਨੂੰ ਮਿਲਿਆ। ਮੈਂ ਤੈਨੂੰ ਬਹੁਤ ਪਿਆਰ ਕਰਦੀ ਆਂ। ਆਪਾਂ ਉਮਰ ਕੱਟਣੀ ਸਮ੍ਹਾਂ ਥੋੜ੍ਹਾ? ਪਲੀਜ਼ ਮੁੜ ਇੱਦਾਂ ਨਾ ਕਦੀ ਬੋਲੀਂ। ਨਾਲ ਹੀ ਮੇਰਾ ਰੋਣਾ ਨਿਕਲ ਗਿਆ। ਉਸ ਨੂੰ ਫੂਨ 'ਤੇ ਦੱਸਦਿਆਂ ਕਿਉਂਕਿ ਮੈਂ ਬਹੁਤ ਡਰ ਗਈ ਸੀ ਉਸ ਦਾ ਇਹ ਰੂਪ ਦੇਖ ਕੇ।

''ਫਿਰ ਉਹ ਕੀ ਬੋਲਿਆ?''

''ਉਹਨੇ ਕੀ ਬੋਲਣਾ ਸੀ ਬੀਰਾ, ਉਹ ਹੋਟਲ ਨਾਲੋਂ ਵੀ ਕਿਤੇ ਜ਼ਿਆਦਾ ਭੜਕ ਗਿਆ। ਉਹਦੇ ਬੋਲ ਅੱਜ ਵੀ ਮੈਨੂੰ ਯਾਦ ਆ। ਗੱਲ ਸੁਣ ਮੇਰੀ ਮੈਂ ਦੂਜੀ ਵਾਰੀ ਨਹੀਂ ਕਹਿਣਾ ਆ ਰੋ-ਰੂ ਕੇ ਮੈਨੂੰ ਨਾ ਦਿਖਾ,

**ਚਲਦਾ....**

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**611. ਹਉਮੈ ਖਤਮ ਹੋਣ ਤੇ ਕੀ ਹੁੰਦਾ ਹੈ?**

***ਇਸ ਸਵਾਲ ਦਾ ਅੱਧਾ ਭਾਗ ਪਿਛਲੇ ਹਫਤੇ ਦੇ ਅੰਕ ਸਫਾ 34 'ਤੇ ਪੜ੍ਹੋ***

ਗੁਰੂ ਕਿਰਪਾ ਨਾਲ਼ ਹਉਮੈ ਤੋਂ ਛੁਟਕਾਰਾ ਮਿਲ ਜਾਵੇ ਤਾਂ ਜਿਉਂਦੇ ਜੀ ਹੀ (ਮਾਇਆ ਮੋਹ) ਤੋਂ ਮੁਕਤ ਜੋ ਜਾਈਦਾ ਹੈ । "ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥ ਅੰਗ 948" । ਹੇ ਨਾਨਕ! ਮਾਇਆ ਦੇ ਮੋਹ ਤੋਂ ਮੁਕਤੀ ਦਾ ਰਸਤਾ ਬਹੁਤ ਨਿੱਕਾ ਜਿਹਾ ਹੈ, ਨਿੱਕਾ ਹੋ ਕੇ ਹੀ ਇਸ ਵਿਚੋਂ ਲੰਘਿਆ ਜਾ ਸਕਦਾ ਹੈ । ਪਰ ਮਨ ਹਉਮੈ ਨਾਲ ਮੋਟਾ ਹੋ ਗਿਆ, ਇਸ ਬਰੀਕ ਰਸਤੇ ਵਿਚੋਂ ਕਿੱਦਾਂ ਲੰਘ ਸਕਦਾ ਹੈ? ਭਾਵ ਨਹੀਂ ਲੰਘ ਸਕਦਾ । "ਨਾਨਕ ਮੁਕਤਿ ਦੁਆਰਾ ਅਤਿ ਨੀਕਾ ਨਾਨ੍ਹਾ ਹੋਇ ਸੁ ਜਾਇ ॥ ਹਉਮੈ ਮਨੁ ਅਸਥੂਲੁ ਹੈ ਕਿਉ ਕਰਿ ਵਿਚੁ ਦੇ ਜਾਇ ॥ ਅੰਗ 509" । ਜਿਸ ਮਨੁੱਖ ਨੇ ਹਉਮੈ ਤਿਆਗ ਦਿੱਤੀ ਸਰਬ ਵਿਆਪਕ ਰਾਮ ਉਸਦੀ ਪਛਾਣ ਕਰਦਾ ਹੈ । ਹੇ ਨਾਨਕ! ਆਖ ਹੇ ਮਨ! ਇਹ ਗੱਲ ਸੱਚੀ ਸਮਝ ਕਿ ਉਹ ਮਨੁੱਖ ਮੁਕਤ ਹੁੰਦਾ ਹੈ । "ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥ ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥19॥ ਅੰਗ 1427"। ਹਉਮੈ ਨੂੰ ਤਿਆਗਣ ਨਾਲ਼ ਜੀਵ ਅਨਹਦ ਸ਼ਬਦ 'ਚ ਮਸਤ ਹੋ ਜਾਂਦਾ ਹੈ । "ਹਉਮੈ ਤਿਆਗੀ ਅਨਹਦਿ ਰਾਤਾ ॥ ਅੰਗ 1040" । ਹਉਮੈ ਨੂੰ ਮਾਰਨ ਨਾਲ਼ ਪਾਰਬ੍ਰਹਮ ਪਰਮੇਸ਼ਰ ਨਾਲ਼ ਮਿਲਾਪ ਹੋ ਜਾਂਦਾ ਹੈ ਤੇ ਹਰੀ ਪ੍ਰਭੂ ਦੇ ਮਹਿਲ ਦੀ ਪ੍ਰਾਪਤੀ ਹੋ ਜਾਂਦੀ ਹੈ । "ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥8॥54॥ ਅੰਗ 231", "ਸਾਧਸੰਗਿ ਜਿਹ ਹਉਮੈ ਮਾਰੀ ॥ ਨਾਨਕ ਤਾ ਕਉ ਮਿਲੇ ਮੁਰਾਰੀ ॥24॥ ਅੰਗ 311", "ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ ॥4॥4॥6॥ ਅੰਗ 491", ਅਤੇ "ਹਰਿ ਕਾ ਮਹਲੁ ਤਿਨ੍ਹੀ ਪਾਇਆ ਜਿਨ੍ ਹਉਮੈ ਵਿਚਹੁ ਮਾਰਿ ॥ ਅੰਗ 512" । ਜੀਵ ਇਸਤ੍ਰੀ ਅਤੇ ਪ੍ਰਭੂ ਪਤੀ ਦਾ ਇਕੋ ਥਾਂ ਹੀ (ਹਿਰਦੇ 'ਚ) ਵਸੇਬਾ ਹੈ, ਪਰ ਦੋਹਾਂ ਵਿਚ ਹਉਮੈ ਦੀ ਕਰੜੀ ਕੰਧ ਹੈ । ਹੇ ਨਾਨਕ! ਪੂਰੇ ਗੁਰੂ ਨੇ ਜਿਨ੍ਹਾਂ ਦੇ ਅੰਦਰੋਂ ਇਹ ਹਉਮੈ ਦੀ ਕੰਧ ਤੋੜ ਦਿੱਤੀ, ਉਹਨਾਂ ਨੂੰ ਪਰਮਾਤਮਾ ਮਿਲ ਗਿਆ। "ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥ ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥4॥1॥ ਅੰਗ 1263" । ਇਸ ਤਰ੍ਹਾਂ ਹਉਮੈ ਮਮਤਾ ਜਾਣ ਨਾਲ਼ ਜਨਮ ਮਰਨ ਦਾ ਦੁਖ ਕੱਟਿਆ ਜਾਂਦਾ ਹੈ । "ਜਨਮ ਮਰਨ ਦੁਖੁ ਕਟੀਐ ਹਉਮੈ ਮਮਤਾ ਜਾਇ ॥ ਅੰਗ 552" ।

***612. ਕੀ ਕਰਮ ਕਾਂਡਾਂ, ਤੀਰਥਾਂ ਤੇ ਇਸ਼ਨਾਨ, ਆਦਿ ਨਾਲ਼ ਹਉਮੈ ਮਰ ਜਾਂਦੀ ਹੈ?***

ਨਹੀਂ ਜੀ! ਮਨਮੁਖ ਮੈਲੇ ਹੁੰਦੇ ਹਨ ਤੇ ਹਉਮੈ, ਤ੍ਰਿਸ਼ਨਾ ਤੇ ਵਿਕਾਰਾਂ ਦੀ ਮੈਲ ਨਾਲ਼ ਭਰੇ ਰਹਿੰਦੇ ਹਨ । "ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥ ਅੰਗ 29"। ਦੁਸ਼ਟ ਮਨਮੁਖਾਂ ਦੇ ਮਨ ਅੰਦਰ ਹਉਮੈ ਦਾ ਰੋਗ ਹੈ ਤੇ ਉਹ (ਮਾਇਆ ਦੇ) ਭਰਮ 'ਚ (ਪ੍ਰਭੂ ਨੂੰ) ਭੁਲੇ ਰਹਿੰਦੇ ਹਨ । "ਮਨ ਅੰਤਰਿ ਹਉਮੈ ਰੋਗੁ ਹੈ ਭਰਮਿ ਭੂਲੇ ਮਨਮੁਖ ਦੁਰਜਨਾ ॥ ਅੰਗ 301" । ਮੂਰਖ ਮਨਮੁਖ ਹਉਮੈ ਵਿਚ ਤਬਾਹ ਹੋ ਜਾਂਦਾ ਹੈ । "ਹਉਮੈ ਪਚੈ ਮਨਮੁਖ ਮੂਰਾਖਾ ॥ ਅੰਗ 394" । ਮਨਮੁਖ ਵਾਰ ਵਾਰ ਹਉਮੈ ਵਿਚ ਮਰਦੇ ਹਨ । "ਮਨਮੁਖ ਫਿਰਿ ਫਿਰਿ ਹਉਮੈ ਮੁਏ ॥ ਅੰਗ 1177" । ਮਨਮੁਖ ਸਰੀਰ ਨੂੰ ਸੋਧਦਾ ਹੈ, ਪੁੱਠਾ ਲਟਕ ਕੇ ਤਪ ਕਰਦਾ ਹੈ, (ਪਰ ਇਸ ਤਰ੍ਹਾਂ) ਅੰਦਰੋਂ ਹਉਮੈ ਦੂਰ ਨਹੀਂ ਹੁੰਦੀ । "ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ ॥ ਅੰਗ 33" । ਭਾਵੇਂ ਬੰਦਾ ਸੌ ਤੀਰਥਾਂ ਤੇ ਨਹਾ ਲਵੇ ਤਾਂ ਵੀ ਹਉਮੈ ਦੀ ਮੈਲ ਦੂਰ ਨਹੀਂ ਹੁੰਦੀ । ਬਹੁਤ ਤਰੀਕਿਆਂ ਨਾਲ਼ ਕਰਮ ਕਰਨ ਤੇ ਸਗੋਂ ਦੁੱਗਣੀ ਮੈਲ ਲੱਗ ਜਾਂਦੀ ਹੈ । ਪੜ੍ਹਨ ਨਾਲ਼ ਵੀ ਇਹ ਮੈਲ ਨਹੀਂ ਲਹਿੰਦੀ, ਭਾਵੇਂ ਗਿਆਨਵਾਨਾਂ ਨੂੰ ਜਾ ਕੇ ਪੁੱਛ ਲਓ । "ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥ ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥1॥ ਅੰਗ 39" । ਸਤਿਗੁਰੂ ਨਾਨਕ ਦੇਵ ਜੀ ਉਪਦੇਸ਼ ਕਰਦੇ ਹਨ ਕਿ ਭਾਵੇਂ ਸਾਰੀ ਉਮਰ ਪੜ੍ਹਦੇ ਰਹੀਏ, ਹਰ ਸਾਹ ਨਾਲ਼ ਪੜ੍ਹਦੇ ਰਹੀਏ, ਗੱਲ ਤਾਂ ਇਕੋ (ਨਾਮ ਦੀ) ਹੀ ਲੇਖੈ ਲੱਗਣੀ ਹੈ ਹੋਰ ਸਭ ਹਉਮੈ ਵਿਚ ਹੀ ਝੱਖ ਮਾਰਨ ਵਾਲੀ ਗੱਲ ਹੈ । "ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥1॥ ਅੰਗ 467" । ਹਵਨ, ਜੱਗ ਤੇ ਤੀਰਥ ਕਰਨ ਨਾਲ਼ ਮਨ ਅੰਦਰ ਹਉਮੈ ਰੂਪੀ ਵਿਕਾਰ ਵਧਦਾ ਹੈ । ਨਰਕ ਤੇ ਸੁਰਗ ਦੋਵੇਂ ਭੋਗਣੇ ਪੈਂਦੇ ਹਨ, ਤੇ ਮੁੜ ਮੁੜ ਜਨਮਾਂ ਦਾ ਚੱਕਰ ਚੱਲਦਾ ਰਹਿੰਦਾ ਹੈ । "ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ ॥ ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ ॥2॥ ਅੰਗ 214" । ਹਉਮੈ 'ਚ ਕਰਮ ਕਰਨ ਕਰਕੇ ਮਨਮੁਖਾਂ ਨੂੰ ਸਜ਼ਾ ਮਿਲਦੀ ਹੈ । "ਹਉਮੈ ਕਰਮ ਕਮਾਵਦੇ ਮਨਮੁਖਿ ਮਿਲੈ ਸਜਾਇ ॥1॥ ਅੰਗ 162" ।

ਮੁੱਕਦੀ ਗੱਲ ਇਹ ਹੈ ਕਿ ਹਉਮੈ ਮਾਰੀ ਬਿਨਾ ਪ੍ਰਭੂ ਨਾਲ਼ ਮਿਲਾਪ ਨਹੀਂ ਹੁੰਦਾ ਤੇ ਗੁਰੂ ਦੇ ਸ਼ਬਦ (ਦੀ ਵਿਚਾਰ)/ਨਾਮ ਸਿਮਰਨ ਬਿਨਾ ਹਉਮੈ ਨਾਸ ਨਹੀਂ ਹੁੰਦੀ!

**613. ਸੱਚੇ ਕੌਣ ਹਨ?**

ਉਹ ਮਨੁੱਖ ਸੱਚੇ (ਸਦਾ ਥਿਰ ਪ੍ਰਭੂ ਦਾ ਰੂਪ) ਹਨ ਜਿਹਨਾਂ ਨੂੰ ਪਰਮਾਤਮਾ ਗੁਰੂ ਦੇ ਸ਼ਬਦ ਵਿਚ ਜੋੜਦਾ ਹੈ । ਉਹ ਮਾਇਆ ਪਿੱਛੇ ਦੌੜਦੇ ਮਨ ਨੂੰ ਵਰਜਦੇ ਹਨ ਤੇ ਰੋਕ ਕੇ ਰੱਖਦੇ ਹਨ । ਉਹ ਗੁਰੂ ਪਾਸੋਂ ਪਰਮਾਤਮਾ ਦਾ ਨੌਂ ਖਜ਼ਾਨਿਆਂ ਤੁੱਲ ਨਾਮ ਪ੍ਰਾਪਤ ਕਰ ਲੈਂਦੇ ਹਨ । ਆਪਣੀ ਮਿਹਰ ਨਾਲ ਪਰਮਾਤਮਾ ਉਹਨਾਂ ਦੇ ਮਨ ਵਿਚ ਆ ਵਸਦਾ ਹੈ । "ਸੇ ਜਨ ਸਚੇ ਜੋ ਗੁਰ ਸਬਦਿ ਮਿਲਾਏ ॥ ਧਾਵਤ ਵਰਜੇ ਠਾਕਿ ਰਹਾਏ ॥ ਨਾਮੁ ਨਵ ਨਿਧਿ ਗੁਰ ਤੇ ਪਾਏ ॥ ਹਰਿ ਕਿਰਪਾ ਤੇ ਹਰਿ ਵਸੈ ਮਨਿ ਆਏ ॥3॥ ਅੰਗ 159" ।

**614. ਮਨ ਤੇ ਸਰੀਰ ਵਿਚ ਸੁਖ ਸ਼ਾਂਤੀ ਕਿੱਦਾਂ ਹੁੰਦੀ ਹੈ?**

ਸਰਬ ਵਿਆਪਕ ਪ੍ਰਭੂ ਦਾ ਨਾਮ ਜਪਣ ਨਾਲ਼ ਸਰੀਰ ਨੂੰ ਸੁਖ ਤੇ ਸ਼ਾਂਤੀ ਮਿਲਦੀ ਹੈ । ਅੰਦਰ ਰਾਮ ਨਾਮ ਵਸ ਜਾਂਦਾ ਹੈ ਤੇ ਜਮ ਦੀ ਪੀੜ ਨਹੀਂ ਲੱਗਦੀ । "ਰਾਮ ਰਾਮ ਕਰਤਿਆ ਸੁਖੁ ਸਾਂਤਿ ਸਰੀਰ ॥ ਅੰਤਰਿ ਵਸੈ ਨ ਲਾਗੈ ਜਮ ਪੀਰ ॥ ਅੰਗ 159"। ਸੁਖ, ਸ਼ਾਂਤੀ, ਆਤਮਿਕ ਅਡੋਲਤਾ ਤੇ ਆਨੰਦ ਪਰਮ ਆਨੰਦ ਦੇ ਮਾਲਕ-ਪ੍ਰਭੂ ਨੂੰ ਸਿਮਰ ਸਿਮਰ ਕੇ ਜੀਵਨ ਜੀਉਣ ਨਾਲ਼ ਮਿਲਦੇ ਹਨ । "ਸੂਖ ਸਹਜ ਸਾਂਤਿ ਆਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ ॥3॥ ਅੰਗ 194" । ਜਿਹੜਾ ਮਨੁੱਖ ਜੀਭ ਨਾਲ਼ ਪਰਮਾਤਮਾ ਦਾ ਨਾਮ ਉਚਾਰੇ (ਪ੍ਰਭੂ) ਉਸਦੇ ਵੱਡੇ ਵੱਡੇ ਕਸ਼ਟ ਇਕ ਖਿਨ ਵਿਚ ਦੂਰ ਕਰ ਦਿੰਦਾ ਹੈ । ਹਰੀ ਦੀ ਸ਼ਰਨ ਪੈਣ ਨਾਲ਼ ਹਰੀ (ਤ੍ਰਿਸ਼ਨਾ ਦੀ) ਬਲਦੀ ਅੱਗ ਬੁਝਾ ਦਿੰਦਾ ਹੈ ਤੇ ਠੰਡਕ, ਸੁਖ ਤੇ ਸ਼ਾਂਤੀ ਦੀ ਪ੍ਰਾਪਤੀ ਹੁੰਦੀ ਹੈ । "ਮਹਾ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ ॥ ਸੀਤਲ ਸਾਂਤਿ ਸੂਖ ਹਰਿ ਸਰਣੀ ਜਲਤੀ ਅਗਨਿ ਨਿਵਾਰੇ ॥1॥ ਅੰਗ 210" । ਨਾਮ ਦੇ ਸੁਣਨ ਤੇ ਮੰਨਣ ਨਾਲ਼ ਸ਼ਾਂਤੀ (ਪੈਦਾ) ਹੁੰਦੀ ਹੈ । "ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ॥ ਅੰਗ 1240" । ਅਤੇ "ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ ॥ ਅੰਗ 1242" । ਜਦੋਂ ਮਨੁੱਖ ਪ੍ਰਭੂ ਦੇ ਗੁਣ ਗਾਉਂਦਾ ਹੈ, ਤਦੋਂ ਹੀ ਉਸ ਦਾ ਮਨ (ਮਾਇਆ ਦੀ ਭੁੱਖ ਵਲੋਂ) ਰੱਜ ਜਾਂਦਾ ਹੈ ਤੇ ਉਸ ਦੇ ਮਨ ਵਿਚ ਸ਼ਾਂਤੀ ਆ ਵਸਦੀ ਹੈ । "ਜਬ ਗੁਣ ਗਾਇ ਤਬ ਹੀ ਮਨੁ ਤ੍ਰਿਪਤੈ ਸਾਂਤਿ ਵਸੈ ਮਨਿ ਆਇ ॥ ਅੰਗ 1199" । ਪਰਮਾਤਮਾ ਜਿਸ ਮਨੁੱਖ ਦਾ ਅਹੰਕਾਰ ਦੂਰ ਕਰ ਦਿੰਦਾ ਹੈ, ਉਸ ਮਨੁੱਖ ਨੂੰ ਆਤਮਿਕ ਸ਼ਾਂਤੀ ਪ੍ਰਾਪਤ ਹੋ ਜਾਂਦੀ ਹੈ ਤੇ ਉਸ ਦੀ ਬੁੱਧੀ/ਅਕਲ ਅਡੋਲ ਹੋ ਜਾਂਦੀ ਹੈ । "ਤਿਸੁ ਜਨ ਸਾਂਤਿ ਸਦਾ ਮਤਿ ਨਿਹਚਲ ਜਿਸ ਕਾ ਅਭਿਮਾਨੁ ਗਵਾਏ ॥ ਅੰਗ 491" ।

**ਬਾਕੀ ਹਿਸਾ ਅਗਲੇ ਹਫ਼ਤੇ**

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME..........................................
ADDRESS..........................................
..........................................POST CODE..........................................
TEL..........................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

Post with payments to: SUBSCRIPTION
PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388
www.panjabtimes.uk Email: Panjabtimes@aol.com

ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ । ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ । ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ । ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:

ਜਾਣਕਾਰੀ ਲਈ ਸੰਪਰਕ: M: 07966 388 388

# ਤੰਬਾਕੂ ਅਤੇ ਕੈਂਸ਼ਰ ਦੇ ਆਪਸੀ ਸਬੰਧ ਪ੍ਰਤੀ ਜਾਗਰੂਕਤਾ ਦੀ ਲੋੜ

ਮੇਜਰ ਸਿੰਘ ਨਾਭਾ {ਪਟਿਆਲਾ}





ਨਸ਼ਿਆਂ ਵਿਰੁੱਧ ਸਰਕਾਰ ਨੇ ਨਸ਼ਾ ਵਿਰੋਧੀ ਮੁਹਿੰਮ ਆਰੰਭੀ ਹੋਈ ਹੈ ਪਰ ਫਿਰ ਵੀ ਨਸ਼ੇ ਦਾ ਸੇਵਨ ਹੋਣ ਸਦਕਾ ਹਰ ਸਾਲ ਲੱਖਾਂ ਮੌਤਾਂ ਹੋ ਜਾਂਦੀਆਂ ਹਨ। ਚਿੱਟਾ, ਗਾਂਜ਼ਾ, ਸ਼ਰਾਬ, ਭੁੱਕੀ, ਅਫੀਮ, ਸਿਗਰਟ, ਜਰਦਾ, ਤੰਬਾਕੂ ਆਦਿ ਅਨੇਕਾਂ ਹੀ ਹੋਰ ਨਸ਼ੇ ਨੌਜਵਾਨਾਂ ਅੰਦਰ ਪ੍ਰਫੁਲਤ ਹੋ ਰਹੇ ਹਨ ।ਤੰਬਾਕੂ ਪੈਦਾ ਕਰਨ ਵਿੱਚ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਦੂਜਾ ਦੇਸ਼ ਬਣ ਚੁੱਕਾ ਹੈ ।ਭਾਰਤ ਸਰਕਾਰ ਨੇ ਜਨਤਕ ਸੂਚਨਾ ਰਾਹੀਂ ਤੰਬਾਕੂ ਰੋਕਥਾਮ ਕਾਨੂੰਨ ਨੂੰ 1 ਮਈ 2004 ਤੋਂ ਲਾਗੂ ਕਰ ਦਿੱਤਾ ਗਿਆ। ਇਸ ਅਨੁਸਾਰ ਜਨਤਕ ਥਾਵਾਂ 'ਤੇ ਸਿਗਰਟ ਪੀਣ 'ਤੇ ਪਾਬੰਦੀ ਅਤੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੇ ਇਸ਼ਤਿਹਾਰ 'ਤੇ ਪਾਬੰਦੀ ਹੋਵੇਗੀ ।ਸਿਗਰਟ ਅਤੇ ਹੋਰ ਤੰਬਾਕੂ ਉਤਪਾਦਾਂ ਨੂੰ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਵਲੋਂ ਵੇਚਣ ਉੱਪਰ ਪਾਬੰਦੀ ਲਾ ਦਿੱਤੀ ਗਈ । ਜਨਤਕ ਥਾਵਾਂ ਤੋਂ ਭਾਵ ਜਿਥੇ ਜਨਤਾ ਦਾ ਆਉਣ ਜਾਣ ਹੈ। ਇਸ ਵਿੱਚ ਸ਼ਾਮਿਲ ਆਡੀਟੋਰੀਅਮ, ਹਸਪਤਾਲ, ਸਿਹਤ ਸੰਸਥਾਵਾਂ, ਮੰਨੋਰੰਜਨ ਕੇਂਦਰ, ਰੈਸਟੋਰੈਂਟ, ਜਨਤਕ ਦਫਤਰ, ਅਦਾਲਤਾਂ, ਸਿੱਖਿਆ ਸੰਸਥਾਵਾਂ, ਲਾਇਬ੍ਰੇਰੀਆਂ, ਜਨਤਕ ਪਰਿਵਹਨ, ਖੁੱਲ੍ਹੇ ਆਡੀਟੋਰੀਅਮ, ਸਟੇਡੀਅਮ, ਰੇਲਵੇ ਸਟੇਸ਼ਨ, ਬਸ ਸਟਾਪ ਆਦਿ ਸ਼ਾਮਿਲ ਹਨ। ਜਨਤਕ ਥਾਵਾਂ ਉੱਪਰ 'ਸਿਗਰਟ, ਤੰਬਾਕੂ, ਪੀਣਾ ਮਨ੍ਹਾ ਹੈ' ਦੇ ਬੋਰਡ ਜਰੂਰ ਲੱਗੇ ਹੁੰਦੇ ਹਨ ਪਰ ਉਂਝ ਇਨ੍ਹਾਂ ਉੱਪਰ ਅਮਲ ਨਹੀਂ ਹੁੰਦਾ ।ਪ੍ਰਵਾਸੀ ਮਜਦੂਰਾਂ ਦੀ ਪੰਜਾਬ ਅੰਦਰ ਆਮਦ ਨੇ ਤੰਬਾਕੂ ਨੂੰ ਰਾਜ ਅੰਦਰ ਫੈਲਾਉਣ ਦਾ ਵੱਡਾ ਰੋਲ ਅਦਾ ਕੀਤਾ ਹੈ ।ਬਹੁਤਾਤ ਵਿੱਚ ਇਨ੍ਹਾਂ ਦੇ ਬੱਚੇ / ਔਰਤਾਂ ਗਰੀਬ ਕਾਲੋਨੀਆਂ ਵਿੱਚ, ਸੜਕਾਂ ਦੇ ਕਿਨਾਰਿਆ 'ਤੇ ਖੋਖੇ ਲਾ ਕੇ ਜਾਂ ਨਜ਼ਾਇਜ਼ ਸਟਾਲ ਲਾ ਕੇ ਹੋਰ ਚੀਜ਼ਾਂ ਦੇ ਨਾਲ ਭੜਕੀਲੇ ਰੰਗਦਾਰ ਗੁੱਟਖੇ ਦੇ ਪੈਕਟ ਵੇਚਦੇ ਆਮ ਦਿਖਾਈ ਦਿੰਦੇ ਹਨ । ਇਹ ਤੰਬਾਕੂ ਦੇ ਉਤਪਾਦ ਆਮ ਦੁਕਾਨਾਂ 'ਤੇ ਨਹੀਂ ਵਿੱਕਣੇ ਚਾਹੀਦੇ ਸਗੋਂ ਇਨ੍ਹਾਂ ਲਈ ਵੱਖਰੀਆਂ ਥਾਵਾਂ ਤੇ ਹੀ ਲਾਇਸੰਸ ਜਾਰੀ ਕਰਕੇ ਵੇਚਣ ਦੀ ਪ੍ਰਵਾਨਗੀ ਦੇਣੀ ਚਾਹੀਦੀ ਹੈ । ਇਸ ਨਾਲ ਘੱਟੋ-ਘੱਟ ਨਬਾਲਗ ਇਨ੍ਹਾਂ ਦੁਕਾਨਾਂ ਉੱਪਰ ਖੜ੍ਹਣ ਦਾ ਹੀਆ ਨਾ ਕਰਨ ।ਉਂਝ ਵੀ ਨਬਾਲਗ ਨੂੰ ਤੰਬਾਕੂ ਉਤਪਾਦ ਜਾਂ ਨਸ਼ੇ ਵਾਲੀਆਂ ਹੋਰ ਚੀਜ਼ਾਂ ਖ੍ਰੀਦਣ ਅਤੇ ਵੇਚਣ ਵਾਲੇ ਨੂੰ 18 ਸਾਲ ਤੋਂ ਘੱਟ ਉਮਰ ਵਾਲਿਆਂ ਨੂੰ ਵੇਚਣ ਤੋਂ ਮਨਾਹੀ ਹੈ । ਪੰਜਾਬ ਗੁਰੂਆਂ ਦੀ ਧਰਤੀ ਹੈ ਜਿਨ੍ਹਾਂ ਨੇ ਨਸ਼ਿਆਂ ਤੋਂ ਦੂਰ ਰਹਿਣ ਦੀ ਸਿੱਖਿਆ ਦਿੱਤੀ । ਇਸ ਲਈ ਪੰਜਾਬ ਸਰਕਾਰ ਨੂੰ ਪੰਜਾਬ ਵਿੱਚੋਂ ਨਸ਼ਿਆਂ ਦੀ ਖੁੱਲ੍ਹੇਆਮ ਵਿੱਕਰੀ ਅਤੇ ਜਨਤਕ ਥਾਵਾਂ 'ਤੇ ਪੀਣ ਉੱਪਰ ਸਖਤੀ ਨਾਲ ਪਾਬੰਦੀ ਲਾਉਣੀ ਚਾਹੀਦੀ ਹੈ ਜੋ ਕਿ ਸਿਗਰਟ ਐਂਡ ਅਦਰ ਪ੍ਰੋਡਕਟ ਐਕਟ 2003 ਦੀ ਧਾਰਾ 4 ਅਨੁਸਾਰ ਜਨਤਕ ਸਥਾਂਨਾਂ ਉੱਪਰ ਸਿਗਰਟਨੋਸ਼ੀ ਮਨ੍ਹਾ ਹੈ ਉਲੰਘਣਾ ਕਰਨ ਵਾਲੇ ਨੂੰ 200 ਰੁਪਏ ਤੱਕ ਦਾ ਜ਼ੁਰਮਾਨਾ ਹੋ ਸਕਦਾ ਹੈ।ਧਾਰਾ 5 ਅਨੁਸਾਰ ਤੰਬਾਕੂ ਉਤਪਾਦਾਂ ਉੱਪਰ ਦੇ ਪ੍ਰਤੱਖ ਅਤੇ ਅਪ੍ਰਤੱਖ ਵਿਗਿਆਪਨ ਉੱਪਰ ਮਨਾਹੀ ਅਤੇ ਤੰਬਾਕੂ ਉਤਪਾਦ ਵੇਚਣ ਵਾਲੀ ਦੁਕਾਨ ਨੂੰ ਨਿਸਚਿਤ ਅਕਾਰ ਦਾ ਬੋਰਡ ਜਿਸ ਉੱਪਰ ਲਿਖਿਆ ਹੋਵੇ 'ਤੰਬਾਕੂ ਦੇ ਕਾਰਨ ਕੈਂਸ਼ਰ ਹੁੰਦਾ ਹੈ' । ਉਲੰਘਣਾ ਕਰਨ ਵਾਲੇ ਨੂੰ 1000 ਤੋਂ 5000 ਰੁਪਏ ਤੱਕ ਜੁਰਮਾਨਾ ਜਾਂ ਕੈਦ ਹੋ ਸਕਦੀ ਹੈ । ਧਾਰਾ 6 (ਖ) ਅਨੁਸਾਰ ਸਿੱਖਿਆ ਸੰਸਥਾਵਾਂ ਦੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦਾਂ ਦੀ ਵਿਕਰੀ ਅਪਰਾਧ ਹੈ, ਉਲੰਘਣਾ ਕਰਨ ਤੇ 200 ਰੁਪਏ ਜੁਰਮਾਨਾ ਹੋ ਸਕਦਾ ਹੈ । ਸਿਗਰਟ ਦੇ ਧੂੰਏ ਅੰਦਰ ਨਿਕੋਟੀਨ ਵਰਗੇ ਜ਼ਹਿਰੀਲੇ ਤੱਤ ਹੁੰਦੇ ਹਨ ਜੋ ਲੋਕ ਧੂੰਏ ਕੋਲੋਂ ਲੰਘਦੇ ਹਨ ਉਨ੍ਹਾਂ ਅੰਦਰ ਵੀ ਇਹ ਤੱਤ ਸਾਹ ਰਾਹੀਂ ਚਲੇ ਜਾਂਦੇ ਹਨ ਜੋ ਕਈ ਬਿਮਾਰੀਆਂ ਦਾ ਕਾਰਨ ਤਾਂ ਬਣਦੇ ਹੀ ਹਨ ਸਗੋਂ ਕੈਂਸ਼ਰ ਵਰਗੀ ਭਿਆਨਕ ਬਿਮਾਰੀ ਨੂੰ ਵੀ ਬੁਲਾਵਾ ਦਿੰਦੇ ਹਨ ।ਇਹ ਪ੍ਰਤੱਖ ਹੈ ਕਿ ਕੈਂਸ਼ਰ ਨਾਲ ਮੂੰਹ , ਜੀਭ , ਗਲੇ ਆਦਿ ਨਾਲ ਸਬੰਧਤ ਬਿਮਾਰੀਆਂ ਦਿਨ ਬ ਦਿਨ ਤੰਬਾਕੂ ਦੀ ਵਰਤੋਂ ਕਾਰਨ ਵੱਧ ਰਹੀਆਂ ਹਨ ।ਇਸ ਪ੍ਰਤੀ ਬੱਚਿਆਂ ਨੂੰ ਸ਼ੁਰੂ ਤੋਂ ਤੰਬਾਕੂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਾਉਣ ਲਈ ਸਕੂਲਾਂ ਵਿੱਚ ਯੋਗ ਪ੍ਰਬੰਧ ਕਰਨੇ ਚਾਹੀਦੇ ਹਨ।ਭੱਵਿਖ ਦੇ ਮਾੜੇ ਖਤਰੇ ਨੂੰ ਭਾਂਪਦਿਆਂ ਆਪਣੇ ਬੱਚਿਆਂ ਨੂੰ ਇਸ ਕੋਹੜ ਰੂਪੀ ਤੰਬਾਕੂ ਤੋਂ ਬਚਾਉਣ ਲਈ ਉਪਰਾਲੇ ਕਰ ਸਕਦੇ ਹਾਂ । ਬੱਚਾ ਤਾਂ ਕੱਚੀ ਕਲੀ ਵਾਂਗ ਹੁੰਦਾ ਹੈ ਜਿਧਰ ਨੂੰ ਮਰਜੀ ਮੌੜ ਲਵੋ । ਬੱਚੇ ਉੱਪਰ ਸਕੂਲੀ ਅਧਿਆਂਪਕਾਂ ਅਤੇ ਮਾਪਿਆਂ ਦਾ ਪ੍ਰਭਾਵ ਚੰਗੇ ਸੰਸਕਾਰ ਦੇਣ ਲਈ ਬਹੁਤ ਵਧੀਆ ਕੰਮ ਕਰਦਾ ਹੈ ।ਜਿਹੜੇ ਮਾਂ-ਬਾਪ ਨਸ਼ਿਆਂ ਦੇ ਆਦੀ ਹੋ ਜਾਂਦੇ ਹਨ ਉਨ੍ਹਾਂ ਨੂੰ ਬੱਚਿਆਂ ਦੇ ਸਾਹਮਣੇ ਨਸ਼ੇ ਨਹੀਂ ਕਰਨੇ ਚਾਹੀਦੇ ਤਾਂ ਜੋ ਉਨ੍ਹਾਂ ਦੇ ਬੱਚੇ ਇਸ ਮਾਰੂ ਲਤ ਤੋਂ ਬਚ ਸਕਣ । ਭਾਰਤ ਸਰਕਾਰ ਨੇ 2007-08 ਦੌਰਾਨ ਗਿਆਰਵੀਂ ਪੰਜ ਸਾਲਾ ਯੋਜਨਾ ਅਧੀਨ ਨੈਸ਼ਨਲ ਤੰਬਾਕੂ ਕੰਟਰੋਲ ਪ੍ਰੋਗਰਾਮ ਦਾ ਆਗਾਜ਼ ਕੀਤਾ ਜਿਸ ਦਾ ਉਦੇਸ਼ ਤੰਬਾਕੂ ਦੇ ਸੇਵਨ । ਖਤਰਨਾਕ ਪ੍ਰਭਾਵਾਂ ਤੋਂ ਜਾਗਰੂਕ ਕਰਨਾ, ਤੰਬਾਕੂ ਉਤਪਾਦਾਂ ਦਾ ਪ੍ਰੋਡਕਸਨ ਅਤੇ ਸਪਲਾਈ ਘਟਾਉਣਾ, ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀ ਇਸ਼ਤਿਹਾਰਬਾਜ਼ੀ , ਵਪਾਰ, ਸਪਲਾਈ, ਉਤਪਾਦਨ, ਆਦਿ ਨੂੰ ਨਿਯਮਾਂ ਅੰਦਰ ਪਾਬੰਦ ਕਰਨਾ, ਲੋਕਾਂ ਨੂੰ ਤੰਬਾਕੂ ਛੱਡਣ ਲਈ ਮਦਦ ਕਰਨਾ, ਡਬਲਯੂ. ਐਚ, ਓ, ਦੁਆਰਾ ਤੰਬਾਕੂ ਕੰਟਰੋਲ ਅਤੇ ਇਸ ਤੇ ਰੋਕ ਲਈ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਵਾਉਣਾ ਸੀ ।

**ਸਰਕਾਰ ਲਈ ਤੰਬਾਕੂ ਇੰਡਸਟਰੀ ਸੋਨੇ ਦੀ ਖਾਣ ਵਾਂਗ ਹੈ ਜਿਸ ਤੋਂ ਦੇਸ਼ ਦੇ ਮਾਲੀਏ ਵਿੱਚ ਵੱਡਾ ਯੋਗਦਾਨ ਹੋਣ ਕਾਰਨ ਇਸ ਉੱਪਰ ਪੂਰਨ ਪਾਬੰਦੀ ਲਾਉਣੀ ਸੰਭਵ ਨਹੀਂ ਲੱਗਦੀ ।ਤੰਬਾਕੂ ਉਤਪਾਦ ਤਿਆਰ ਕਰਨ ਵਾਲੀਆਂ ਕੰਪਨੀਆਂ ਵੱਡੇ-ਵੱਡੇ ਸਰਮਾਏਦਾਰਾਂ / ਰਾਜਨੀਤਕਾਂ ਦੀਆਂ ਹੋਣ ਕਾਰਨ ਇਨ੍ਹਾਂ ਉਤਪਾਦਾਂ ਉੱਪਰ ਰੋਕ ਲਾਉਣੀ ਸੌਖੀ ਨਹੀਂ, ਕਿਉਂ ਕਿ ਚੋਣਾਂ ਸਮੇਂ ਰਾਜਨੀਤਕ ਪਾਰਟੀਆਂ ਨੂੰ ਮੋਟੇ ਚੰਦੇ ਮਿਲਣੇ ਹੁੰਦੇ ਹਨ। ਇਸ ਇੰਡਸਟਰੀ ਦੇ ਖਤਮ ਹੋਣ ਨਾਲ ਲੱਖਾਂ ਲੋਕਾਂ ਦਾ ਰੁਜ਼ਗਾਰ ਵੀ ਚਲਿਆ ਜਾਵੇਗਾ ਜਿਸ ਨਾਲ ਸਬੰਧਤ ਰਾਜਾਂ ਵਿੱਚ ਆਰਾਜ਼ਕਤਾ ਫੈਲਣ ਦਾ ਡਰ ਵੀ ਰਹੇਗਾ ।**

ਸਰਕਾਰ ਲਈ ਤੰਬਾਕੂ ਇੰਡਸਟਰੀ ਸੋਨੇ ਦੀ ਖਾਣ ਵਾਂਗ ਹੈ ਜਿਸ ਤੋਂ ਦੇਸ਼ ਦੇ ਮਾਲੀਏ ਵਿੱਚ ਵੱਡਾ ਯੋਗਦਾਨ ਹੋਣ ਕਾਰਨ ਇਸ ਉੱਪਰ ਪੂਰਨ ਪਾਬੰਦੀ ਲਾਉਣੀ ਸੰਭਵ ਨਹੀਂ ਲੱਗਦੀ ।ਤੰਬਾਕੂ ਉਤਪਾਦ ਤਿਆਰ ਕਰਨ ਵਾਲੀਆਂ ਕੰਪਨੀਆਂ ਵੱਡੇ-ਵੱਡੇ ਸਰਮਾਏਦਾਰਾਂ / ਰਾਜਨੀਤਕਾਂ ਦੀਆਂ ਹੋਣ ਕਾਰਨ ਇਨ੍ਹਾਂ ਉਤਪਾਦਾਂ ਉੱਪਰ ਰੋਕ ਲਾਉਣੀ ਸੌਖੀ ਨਹੀਂ, ਕਿਉਂ ਕਿ ਚੋਣਾਂ ਸਮੇਂ ਰਾਜਨੀਤਕ ਪਾਰਟੀਆਂ ਨੂੰ ਮੋਟੇ ਚੰਦੇ ਮਿਲਣੇ ਹੁੰਦੇ ਹਨ । ਇਸ ਇੰਡਸਟਰੀ ਦੇ ਖਤਮ ਹੋਣ ਨਾਲ ਲੱਖਾਂ ਲੋਕਾਂ ਦਾ ਰੁਜ਼ਗਾਰ ਵੀ ਚਲਿਆ ਜਾਵੇਗਾ ਜਿਸ ਨਾਲ ਸਬੰਧਤ ਰਾਜਾਂ ਵਿੱਚ ਆਰਾਜ਼ਕਤਾ ਫੈਲਣ ਦਾ ਡਰ ਵੀ ਰਹੇਗਾ ।

'ਦਾ ਫੂਡ ਸੇਫਟੀ ਐਂਡ ਸਟੈਂਡਰਡਜ਼ ਰੈਗੂਲੇਸ਼ਨਜ਼ 2011' ਅਨੁਸਾਰ ਤੰਬਾਕੂ ਅਤੇ ਨਿਕੋਟੀਨ ਦੀ ਕਿਸੇ ਵੀ ਖਾਣ ਵਾਲੀ ਵਸਤੂ ਵਿੱਚ ਵਰਤੋਂ ਨਹੀਂ ਕੀਤੀ ਜਾ ਸਕਦੀ।ਪਰ ਦੇਖਣ ਵਿੱਚ ਆਉਂਦਾ ਹੈ ਕਿ ਢਾਬਿਆਂ, ਹੋਟਲਾਂ, ਮਠਿਆਈਆਂ ਦੀ ਦੁਕਾਨਾਂ 'ਤੇ ਕੰਮ ਕਰਨ ਵਾਲੇ ਅਤੇ ਹੋਰ ਖਾਣ ਵਾਲੀਆਂ ਚੀਜ਼ਾਂ ਤਿਆਰ ਕਰਨ ਵਾਲੇ ਕਾਰੀਗਰ ਆਮ ਤੌਰ ਤੇ ਸਿਗਰਟ, ਗੁੱਟਖਾ, ਜ਼ਰਦਾ ਜ਼ਿਆਦਾ ਵਰਤੋਂ ਕਰਦੇ ਹਨ ਜੋ ਕੰਮ ਕਰਦੇ ਸਮੇਂ ਵੀ ਵਰਤੋਂ ਕਰਦੇ ਰਹਿੰਦੇ ਹਨ, ਵਾਰ-ਵਾਰ ਥੁੱਕਦੇ ਵੀ ਰਹਿੰਦੇ ਹਨ । ਜ਼ਰਦਾ ਹੱਥ ਉੱਪਰ ਥੁੱਕ ਨਾਲ ਮਲਣ ਤੋਂ ਬਾਅਦ ਉਹ ਹੱਥ ਵੀ ਸਾਫ ਨਹੀਂ ਕਰਦੇ। ਇਹੋ ਜਿਹੇ ਲੋਕਾਂ ਨਾਲ ਹੱਥ ਮਿਲਾਉਣਾ ਵੀ ਬਿਮਾਰੀਆਂ ਨੂੰ ਸੱਦਾ ਦੇਣ ਦਾ ਕਾਰਨ ਬਣਦਾ ਹੈ ਕਿਉਂ ਕਿ ਉਨ੍ਹਾਂ ਦੇ ਥੁੱਕ 'ਚ ਕਈ ਹਾਨੀਕਾਰਕ ਬੈਕਟੀਰੀਆ ਹੋ ਸਕਦੇ ਹਨ ।ਤੰਬਾਕੂ ਦੀ ਵਰਤੋਂ ਸਬੰਧੀ 31 ਮਈ ਨੂੰ ਵਿਸ਼ਵ ਸਿਹਤ ਸੰਗਠਨ ਵਲੋਂ ਘੋਸ਼ਣਾ ਕੀਤੇ 'ਕੋਮਾਂਤਰੀ ਤੰਬਾਕੂਮੁਕਤ ਦਿਵਸ' ਨੂੰ ਪੂਰੀ ਦੁਨੀਆਂ ਵਿੱਚ ਮਨਾਇਆ ਜਾਂਦਾ ਹੈ। ਹਰੇਕ ਸਾਲ ਇਸ ਦਿਨ ਸਰਕਾਰ ਅਤੇ ਮਾਪਿਆਂ ਵਲੋਂ ਰਲ ਕੇ ਲੋਕਾਂ ਨੂੰ ਜਾਗਰੂਕ ਕਰਨ ਲਈ ਸਮੇਂ ਦੀ ਲੋੜ ਮੁਤਾਬਕ ਨਵੀਂ ਮੁਹਿੰਮ ਚਲਾਵੇ ਤਾਂ ਜੋ ਤੰਬਾਕੂ ਦੇ ਸੇਵਨ ਨੂੰ ਠੱਲ੍ਹ ਪਾਈ ਜਾ ਸਕੇ ।

ਮੋ . 9463553962

## ਯੂ.ਕੇ. 'ਚ ਪੰਜਾਬੀ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਹੋਈ ਮੌਤ



ਯੂ.ਕੇ. ਚ ਪੰਜਾਬੀ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਦਾ ਸਮਾਚਾਰ ਸਾਹਮਣੇ ਆਇਆ ਹੈ। ਮ੍ਰਿਤਕ ਨੌਜਵਾਨ ਸੁਨਹਿਰੀ ਭਵਿੱਖ ਲਈ ਪੰਜ ਸਾਲ ਪਹਿਲਾਂ ਯੂ.ਕੇ. ਗਿਆ ਸੀ, ਜਿਥੇ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਜਾਣ ਦੀ ਖਬਰ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਨੌਜਵਾਨ ਗਗਨਦੀਪ ਸਿੰਘ ਪੁੱਤਰ ਸਾਬਕਾ ਸਰਪੰਚ ਸ਼ਮਸ਼ੇਰ ਸਿੰਘ ਜ਼ਿਲ੍ਹਾ ਅੰਮ੍ਰਿਤਸਰ ਦੇ ਇਤਿਹਾਸਿਕ ਪਿੰਡ ਬਰਾੜ ਦਾ ਰਹਿਣ ਵਾਲਾ ਸੀ। ਉਹ 2020 ਵਿਚ ਯੂ.ਕੇ. ਗਿਆ ਸੀ।ਬੀਤੇ ਦਿਨੀਂ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਮੌਤ ਹੋ ਗਈ। ਇਹ ਖਬਰ ਸੁਣਦਿਆਂ ਹੀ ਪਿੰਡ ਵਿਚ ਸੋਗ ਦੀ ਲਹਿਰ ਦੌੜ ਗਈ। ਪਰਿਵਾਰ ਨੇ ਉਸ ਦੀ ਮ੍ਰਿਤਕ ਦੇਹ ਪੰਜਾਬ ਲਿਆਉਣ ਲਈ ਸਰਕਾਰ ਕੋਲੋਂ ਸਹਿਯੋਗ ਦੀ ਮੰਗ ਕੀਤੀ ਹੈ।

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

## ਊਨਾ

ਊਨਾ (ਹਿਮਾਚਲ ਪ੍ਰਦੇਸ਼) ਦਾ ਇਕ ਜ਼ਿਲ੍ਹਾ ਨਗਰ ਹੈ ਜੋ ਨੰਗਲ ਅੰਬ ਸੜਕ 'ਤੇ ਆਉਂਦਾ ਹੈ। ਇਸ ਨਗਰ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦਾ ਇਤਿਹਾਸਕ ਗੁਰਦੁਆਰਾ ਦਮਦਮਾ ਸਾਹਿਬ ਹੈ। ਸ਼ਹਿਰ ਦੀ ਪ੍ਰਮੁੱਖ ਸੜਕ ਦੇ ਦੱਖਣ-ਪੂਰਬ ਵੱਲ ਇਕ ਛੋਟਾ ਜਿਹਾ ਗੁੰਬਦਨੁਮਾ ਗੁਰਦੁਆਰਾ ਦੂਰੋਂ ਨਜ਼ਰ ਪੈਂਦਾ ਹੈ ਜੋ ਚਾਰ ਦੀਵਾਰੀ ਅਹਾਤੇ ਦੇ ਅੰਦਰ ਹੈ। ਇਹ ਗੁਰਦੁਆਰਾ ਲਖਮੀ ਦਾਸ ਬੇਦੀ (ਗੁਰੂ ਨਾਨਕ ਸਾਹਿਬ ਦੇ ਛੋਟੇ ਬੇਟੇ) ਦੇ ਪੈਰੋਕਾਰਾਂ ਦਾ ਕੇਂਦਰ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਬੇਦੀਆਂ ਦਾ ਬੜਾ ਸਤਿਕਾਰ ਕਰਦਾ ਸੀ। ਅੰਗ੍ਰੇਜ਼, ਬਾਬਾ ਬਿਕਰਮ ਸਿੰਘ (ਸਪੁੱਤਰ ਸਾਹਿਬ ਸਿੰਘ ਬੇਦੀ) ਦੇ ਪਰਿਵਾਰ ਨੂੰ ਨਫ਼ਰਤ ਨਾਲ ਦੇਖਦੇ ਸਨ ਜਿਨ੍ਹਾਂ ਦੀ ਵਿਰਾਸਤ ਊਨਾ ਵਿਚ ਸੀ।

ਇਸ ਇਤਿਹਾਸਕ ਗੁਰਦੁਆਰੇ ਨਾਲ 12 ਏਕੜ ਦੇ ਬਾਗ ਤੋਂ ਇਲਾਵਾ ਹੋਰ ਕੋਈ ਜਗੀਰ ਨਹੀਂ।

**ਪੁਸਤਕ ਸੂਚੀ:-**

1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, ਛਾਪ 1990
2. ਸਰਨਾ, ਡਾ. ਜਸਬੀਰ ਸਿੰਘ- ਤੇਰਾਜਨ ਗੁਰੂ ਹਰਿਗੋਬਿੰਦ ਸਾਹਿਬ, ਕਸ਼ਮੀਰ, 2001

## ਉੱਪਲੀ

ਉੱਪਲੀ ਪਿੰਡ, ਸੰਗਰੂਰ ਤੋਂ ਤਿੰਨ ਕਿਲੋਮੀਟਰ ਦੂਰ ਹੈ। ਗੁਰੂ ਤੇਗ ਬਹਾਦਰ ਸਾਹਿਬ ਦਿੱਲੀ ਜਾਣ ਸਮੇਂ ਇਸ ਨਗਰ ਵਿੱਚ ਆਏ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਇਸ ਦਾ ਨਾਮਜ਼ਦ ਕਮੇਟੀ ਪ੍ਰਬੰਧ ਕਰਦੀ ਹੈ। ਜੋ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਸੰਗਰੂਰ-ਪਾਤੜਾਂ ਸੜਕ ਤੋਂ 4 ਕਿਲੋਮੀਟਰ ਦੂਰ ਹੈ।

## ਊੜੀ

ਊੜੀ (ਕਸ਼ਮੀਰ) ਵਿੱਚ ਆਉਂਦਾ ਹੈ ਅਤੇ ਪੁਰਾਣਾ ਨਗਰ ਹੈ ਜੋ ਬਾਰਾਮੂਲਾ ਦੱਖਣ-ਪੱਛਮ ਵੱਲ 54 ਕਿਲੋਮੀਟਰ ਦੂਰ ਹੈ। ਇਹ ਕਸ਼ਮੀਰ ਵਾਦੀ ਦੇ ਪੱਛਮੀ ਸਿਰੇ ਵੱਲ ਹੈ। ਬਾਰਾਮੂਲਾ ਦਾ ਅਕਸ਼ਾਸ਼ 340-13 ਅਤੇ ਰੇਖਾਸ਼ ਦੇਸ਼ਾਂਤਰ 740-23 ਹੈ। ਕੋਟ ਤੀਰਥ ਬਾਰਾਮੂਲਾ ਤੋਂ ਹੁੰਦੇ ਹੋਏ ਗੁਰੂ ਹਰਿਗੋਬਿੰਦ ਸਾਹਿਬ ਪਿੰਡ ਖਾਤ ਨਿਯਾਰ, ਪੀਰਨੀਆਂ ਤੋਂ ਹੁੰਦੇ ਹੋਏ ਉਸ ਥਾਂ ਪੁੱਜੇ ਸਨ ਜਿਸ ਨੂੰ ਸੁਲਤਾਨ ਢੱਕੀ ਆਖਿਆ ਜਾਂਦਾ ਹੈ। ਇਸ ਢੱਕੀ ਨਾਲ ਗੁਰਦੁਆਰਾ ਪਰਮਪੀਲਾਂ ਹੈ।

ਇਸ ਗੁਰਦੁਆਰੇ ਅੰਦਰ ਉਹ ਪੱਥਰ ਦੀ ਸਿੱਲ ਅਜੇ ਤੱਕ ਮੌਜੂਦ ਹੈ ਜਿਸ 'ਤੇ ਬਹਿ ਕੇ ਗੁਰੂ ਸਾਹਿਬ ਨੇ ਪੰਜ ਮੁਸਲਮਾਨ ਫਕੀਰਾਂ ਨਾਲ ਗੁਫਤਗੂ ਕੀਤੀ ਸੀ। ਇਹ ਪੰਜ ਪੀਰ ਸਨ ਮੀਰ ਗੁਲਸ਼ੇਰ, ਪੀਰ ਭੋਰ ਸੁਲਤਾਨ, ਪੀਰ ਰੰਗੀ ਇਮਾਮ, ਪੀਰ ਨੂਰ ਨਿਹਾਲ ਅਤੇ ਪੀਰ ਅਬਦੁਲ ਗਫੂਰ। ਗੁਰੂ ਸਾਹਿਬ ਨੇ ਇਨ੍ਹਾਂ ਪੀਰਾਂ ਨੂੰ ਸਿੱਧੇ ਰਸਤੇ ਪਾਇਆ ਜੋ ਕਰਾਮਾਤਾਂ ਵਿੱਚ ਯਕੀਨ ਰੱਖਦੇ ਸਨ। ਇਨ੍ਹਾਂ ਵਿੱਚੋਂ ਪੀਰ ਅਬਦੁੱਲ ਨੇ ਗੁਰੂ ਸਾਹਿਬ ਨਾਲ ਬਦਕਲਾਮੀ ਕੀਤੀ ਜਿਸ 'ਤੇ ਗੁਰੂ ਸਾਹਿਬ ਨੇ ਫੁਰਮਾਇਆ, ਅੱਲਾ ਦੇ ਬੰਦੇ ਅਜਿਹੇ ਬਚਨ ਨਹੀਂ ਬੋਲਦੇ। ਨਾ ਅਸਮਾਨ ਅਤੇ ਨਾ ਹੀ ਧਰਤੀ ਉਨ੍ਹਾਂ ਨੂੰ ਥਾਂ ਦੇਂਦੀ ਹੈ। ਕੁਦਰਤ ਦੀ ਬਿਜਲੀ ਤੋਂ ਵੀ ਉਹ ਬਚ ਨਹੀਂ ਸਕਦੇ।

ਗੁਰੂ ਸਾਹਿਬ ਦੇ ਪੰਜਾਬ ਜਾਣ ਬਾਅਦ ਪੀਰ ਅਬਦੁੱਲ ਗਫੂਰ ਦੀ ਮੌਤ ਹੋਈ ਤਾਂ ਉਸ ਨੂੰ ਜਿਸ ਤਾਬੂਤ ਵਿੱਚ ਰੱਖਿਆ ਗਿਆ ਸੀ ਉਹ ਹਵਾ ਵਿੱਚ ਉਡਦਾ ਹੋਇਆ ਪਿੰਡ ਪੀਰਨੀਆਂ ਵਿੱਚ ਆਇਆ ਜਿਥੇ ਉਸ ਦਾ ਤਾਬੂਤ ਅੱਜ ਵੀ ਲਟਕ ਰਿਹਾ ਹੈ। ਹੁਣ ਮੁਸਲਮਾਨਾਂ ਨੇ ਜ਼ਿਆਰਤ ਬਣਾ ਕੇ ਤਾਬੂਤ ਨੂੰ ਲੋਹੇ ਦੇ ਸੰਗਲਾਂ ਨਾਲ ਬੰਨ੍ਹ ਦਿੱਤਾ ਹੈ। ਇਸੇ ਤਰ੍ਹਾਂ ਸ਼ਾਹਦਰਾ (ਊੜੀ) ਵਿੱਚ ਪੀਰ ਰੰਗੀ ਇਮਾਮ ਦੀ ਕਬਰ ਵੀ ਅਸਮਾਨੀ ਬਿਜਲੀ ਡਿੱਗਣ ਨਾਲ ਸੜ ਕੇ ਸਵਾਹ ਹੋ ਗਈ।

1936-37 ਵਿੱਚ ਪਰਮਪੀਲਾਂ ਵਿੱਚ ਛੋਟੀ ਜਿਹੀ ਇਮਾਰਤ ਬਣੀ। ਸ. ਨਰੈਣ ਸਿੰਘ ਸਲਾਮਾਬਾਦ, ਸ. ਗੁਰਮੁਖ ਸਿੰਘ ਅਤੇ ਸ. ਦਮੋਦਰ ਸਿੰਘ ਇੰਜੀਨੀਅਰ ਆਦਿ ਗੁਰਸਿੱਖਾਂ ਦੀ ਦੌੜ-ਭੱਜ ਕਾਰਨ ਗੁਰਦੁਆਰਾ ਸਾਹਿਬ ਦੀ ਇਮਾਰਤ ਥੋੜ੍ਹੇ ਦਿਨਾਂ ਵਿੱਚ ਹੀ ਤਿਆਰ ਹੋ ਗਈ। ਸਹਿਜਧਾਰੀ, ਬ੍ਰਾਹਮਣ, ਮੁਸਲਮਾਨ, ਸਈਦ, ਗੁਰੂ-ਘਰ ਆ ਕੇ ਦਿਲ ਦੀਆਂ ਮੁਰਾਦਾਂ ਮੰਗਦੇ ਹਨ।

1970-71 ਵਿੱਚ ਜਿਹਲਮ ਦਰਿਆ 'ਤੇ ਪੁਲ ਬਣਨ ਨਾਲ ਸੰਗਤਾਂ ਨੂੰ ਕਾਫੀ ਆਸਾਨੀ ਹੋਈ ਹੈ। ਸਿੱਖਾਂ ਤੋਂ ਇਲਾਵਾ ਫੌਜੀ ਵੀਰ ਵੀ ਸੇਵਾ ਕਰਦੇ ਹਨ। ਇਹ ਗੁਰ-ਦੁਆਰਾ ਪ੍ਰਬੰਧਕ ਕਮੇਟੀ, ਬਾਰਾਮੂਲਾ ਹੇਠ ਆਉਂਦਾ ਹੈ। ਦੋ ਵਿਸਾਖ ਨੂੰ ਹਰ ਸਾਲ ਭਾਰੀ ਜੋੜ-ਮੇਲਾ ਹੁੰਦਾ ਹੈ। ਗੁਰੂ ਸਾਹਿਬ ਦਾ ਜਨਮ ਉਤਸ਼ਾਹ ਵੀ ਜੋਸ਼-ਖਰੋਸ਼ ਨਾਲ ਮਨਾਇਆ ਜਾਂਦਾ ਹੈ। 51 ਫੁੱਟ ਨਿਸ਼ਾਨ ਸਾਹਿਬ ਦੂਰੋਂ ਨਜ਼ਰੀਂ ਪੈਂਦਾ ਹੈ। ਗੁਰਦੁਆਰੇ ਦਾ ਵੱਡਾ ਸਾਰਾ ਹਾਲ ਹੈ ਜਿਸ ਦੇ ਇਕ ਪਾਸੇ ਪ੍ਰਕਾਸ਼ ਅਸਥਾਨ ਬਣਿਆ ਹੈ। ਊੜੀ ਦੇ ਪੂਰਬ ਵੱਲ 6 ਕਿਲੋਮੀਟਰ ਦੂਰ ਹੈ। ਗੁਰੂ ਸਾਹਿਬ ਇਥੇ 1620 ਨੂੰ ਆਏ ਸਨ।

**ਪੁਸਤਕ ਸੂਚੀ :-**

1. ਸਰਨਾ, ਡਾ. ਜਸਬੀਰ ਸਿੰਘ-ਸਿੱਖ ਸ਼ਰਾਇਨਜ਼ ਇਨ ਜੰਮੂ ਐਂਡ ਕਸ਼ਮੀਰ, ਕੈਨੇਡਾ, 1993 2. ਸਰਨਾ, ਡਾ. ਜਸਬੀਰ ਸਿੰਘ- ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ਼, ਕਸ਼ਮੀਰ, 1997 3. ਸਰਨਾ, ਡਾ. ਜਸਬੀਰ ਸਿੰਘ- ਸਿੱਖਜ਼ ਇਨ ਕਸ਼ਮੀਰ, ਦਿੱਲੀ, 1993 4. ਸਰਨਾ, ਡਾ. ਜਸਬੀਰ ਸਿੰਘ- ਜੰਮੂ ਕਸ਼ਮੀਰ ਦੇ ਇਤਿਹਾਸਕ ਗੁਰਦੁਆਰੇ, ਚੰਡੀਗੜ੍ਹ, 2005


## ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, 106 ਈਸਟ ਪਾਰਕ ਰੋਡ, ਲੈਸਟਰ ਵਿਖੇ

## ਢਾਡੀ ਜਥਾ (4 ਸਿੰਘ), ਕੀਰਤਨੀ ਜਥਾ (3 ਸਿੰਘ) ਅਤੇ ਇਕ ਗ੍ਰੰਥੀ ਸਿੰਘ ਦੀ ਲੋੜ ਹੈ

**ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ, ਈਸਟ ਪਾਰਕ ਰੋਡ, ਲੈਸਟਰ, ਯੂ ਕੇ ਵਿਖੇ (4 ਸਿੰਘਾਂ ਦਾ) ਢਾਡੀ ਜਥਾ, ਅਤੇ (3 ਸਿੰਘਾਂ ਦਾ) ਕੀਰਤਨੀ ਜਥਾ ਅਤੇ ਇੱਕ ਗ੍ਰੰਥੀ ਸਿੰਘ ਸਣੇ (8 ਧਾਰਮਿਕ ਸੇਵਾਦਾਰਾਂ) ਦੀ ਤੁਰੰਤ ਲੋੜ ਹੈ। ਉਹ ਗੁਰਬਾਣੀ ਦਾ ਸ਼ੁੱਧ ਪਾਠ, ਗੁਰਬਾਣੀ ਕੀਰਤਨ ਅਤੇ ਸਿੱਖ ਮਰਯਾਦਾ ਅਨੁਸਾਰ ਗੁਰੂ ਘਰ ਵਿਖੇ ਸੇਵਾਵਾਂ ਨਿਭਾਉਣ ਵਿੱਚ ਨਿਪੁੰਨ ਹੋਣੇ ਚਾਹੀਦੇ ਹਨ। ਰਿਹਾਇਸ਼ ਦਾ ਪ੍ਰਬੰਧ ਗੁਰੂ ਘਰ ਵੱਲੋਂ ਹੋਵੇਗਾ। ਤਨਖਾਹ ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਦੇ ਅਨੁਸਾਰ ਹੋਵੇਗੀ। ਚਾਹਵਾਨ ਸੱਜਣ ਪੂਰੇ ਵੇਰਵੇ ਸਮੇਤ ਆਪਣੀਆਂ ਅਰਜ਼ੀਆਂ ਹੇਠ ਲਿਖੇ ਈਮੇਲ ਐਡਰੈਸ 'ਤੇ ਭੇਜ ਸਕਦੇ ਹਨ। ਉਹਨਾਂ ਕੋਲ ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ।**

**ਕ੍ਰਿਪਾ ਕਰਕੇ ਆਪਣੀਆਂ ਅਰਜ਼ੀਆਂ 4 ਹਫਤਿਆਂ ਦੇ ਅੰਦਰ 27 ਜੂਨ 2025 ਤੋਂ ਪਹਿਲਾਂ ਹੇਠਾਂ ਦਿੱਤੇ ਪਤੇ ਤੇ ਭੇਜੋ ਜੀ ਜਾਂ ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਜਨਰਲ ਸੈਕਟਰੀ ਸਤਵਿੰਦਰ ਸਿੰਘ ਦਿਓਲ ਨਾਲ ਸੰਪਰਕ ਕਰੋ: 44+(0)7877 889115**

**(8 Religious Workers) Dhadi Jatha of 4, Kirtani Jatha of 3 including 1 Granthi Singh Required at**

## GURU TEGH BAHADUR GURDWARA, EAST PARK ROAD, LEICESTER

**The Guru Tegh Bahadur Gurdwara, in Leicester requires 8 Religious workers including 1 Granthi Singh, one Dhadi Jatha of (4 Singhs) and a Kirtani Jatha of (3 Singhs) to undertake duties and responsibilities for the Sikh Temple at 106 East Park Road Leicester. Successful candidates must be prepared to represent the GTB Gurdwara at Religious workshops, Kirtan darbars, as and when required. Job related accommodation and amenities would be provided. Wages starts from minimum rate as employment law in U.K. They must have right to work in U.K. according to law.** ***Closing date 27th June 2025***

**Please forward your application with CV via Email to:gtb_Gurdwara@hotmail.co.uk**
**or Contact: General Secretary Satwinder Singh Deol Mob: 44+(0)7877 889115**

**Please forward your applications with your CV to (General Secretary)**
**Gurdwara Siri Guru Tegh Bahadur 106, EASTPARK ROAD, LEICESTER, LE5 4QB, UK.**

ਲੜੀਵਾਰ ਨਾਵਲ

ਸ਼ਿਵਚਰਨ ਜੱਗੀ (ਕੁੱਸਾ)




ਫ਼ੋਨ : 07853 317 891

Email: jaggikussa@yahoo.de


**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**
**ਕਿਸ਼ਤ 27**

# ਇੱਕ ਮੇਰੀ ਅੱਖ ਕਾਸ਼ਣੀ...

**ਚਾਹੇ ਤਾਰੋ ਦਾ ਰਿਸ਼ਤਾ ਬਾਲੀ ਨੇ ਵਿੱਚ ਪੈ ਕੇ ਕਰਵਾਇਆ ਸੀ। ਕੋਈ ਲੈਣ ਦੇਣ, ਦਾਜ ਦਹੇਜ ਜਾਂ ਉਸ ਦੇ ਬਾਪ ਨੂੰ ਕੋਈ ਤੰਗੀ ਨਹੀਂ ਦਿੱਤੀ ਸੀ, ਪਰ ਪਤਾ ਨਹੀਂ ਕਿਉਂ ਤਾਰੋ ਉਸ ਨਾਲ਼ ਬਹੁਤੀ ਗੱਲ ਨਹੀਂ ਕਰਦੀ ਸੀ, ਅੱਖ ਨਹੀਂ ਮਿਲ਼ਾਉਂਦੀ ਸੀ। ਹਾਲਾਂ ਕਿ ਬਾਲੀ ਨੇ ਕਦੇ ਉਸ ਨੂੰ ਭਰਜਾਈ ਸਮਝਿਆ ਹੀ ਨਹੀਂ ਸੀ, ਇੱਕ ਤਰ੍ਹਾਂ ਨਾਲ਼ ਛੋਟੀ ਭੈਣ ਮੰਨਿਆਂ ਸੀ। ਪਰ ਫ਼ਿਰ ਵੀ ਪਤਾ ਨਹੀਂ ਕਿਉਂ, ਜਦ ਵੀ ਬਾਲੀ ਅਤੇ ਚੰਦ ਸਿਉਂ ਆਉਂਦੇ ਤਾਰੋ ਭਾਂਡੇ ਭੰਨਣ ਲੱਗ ਪੈਂਦੀ। ਤਾਰੋ ਦਾ ਇਹ ਵਰਤਾਰਾ ਦੇਖ ਬਾਲੀ ਅਤੇ ਚੰਦ ਸਿਉਂ ਤੁਰੰਤ ਵਾਪਸ ਪਰਤ ਜਾਂਦੇ। ਉਹ ਦੋਨੋਂ ਹੀ ਨਹੀਂ ਚਾਹੁੰਦੇ ਸਨ ਕਿ ਸਾਊ ਜਿਹੇ ਪ੍ਰੇਮ ਦੇ ਘਰ ਕੋਈ ਕਲੇਸ਼ ਖੜ੍ਹਾ ਹੋਵੇ, ਇਸ ਲਈ ਉਹ ਤਾਰੋ ਦੇ ਓਪਰੇ ਅਤੇ ਰੁੱਖੇ ਵਰਤਾਓ ਬਾਰੇ ਪ੍ਰੇਮ ਨਾਲ਼ ਵੀ ਗੱਲ ਨਾ ਕਰਦੇ। ਬੱਸ, ਸਬਰ ਦੀ ਘੁੱਟ ਜਿਹੀ ਭਰ ਕੇ ਚੁੱਪ ਰਹਿੰਦੇ। ਪਰ ਬਾਲੀ ਅਤੇ ਚੰਦ ਸਿਉਂ ਅੰਦਰੋਂ ਬਹੁਤ ਦੁਖੀ ਹੁੰਦੇ।**




## ਕਾਂਡ 13

ਜਦ ਸਕੂਲਾਂ ਵਿੱਚ ਛੁੱਟੀਆਂ ਹੋ ਜਾਂਦੀਆਂ ਤਾਂ ਉਹ ਆਪਣੀ ਵੱਡੀ ਭੈਣ ਬਾਲੀ ਨੂੰ ਮਿਲਣ ਚਲਿਆ ਜਾਂਦਾ ਅਤੇ ਹਫ਼ਤਾ-ਹਫ਼ਤਾ ਉਸ ਕੋਲ਼ ਰਹਿ ਕੇ ਆਉਂਦਾ। ਬਾਲੀ ਦੇ ਘਰਵਾਲ਼ਾ ਚੰਦ ਸਿਉਂ ਵੀ ਬੜਾ ਨੇਕ ਅਤੇ ਸਾਊ ਇਨਸਾਨ ਸੀ। ਉਹ ਪ੍ਰੇਮ ਨੂੰ ਆਪਣਾ ਸਰਬੰਧੀ ਨਹੀਂ, 'ਨਿੱਕਾ ਭਰਾ' ਹੀ ਸਮਝਦਾ ਸੀ। ਨਾ ਤਾਂ ਪ੍ਰੇਮ ਕਿਸੇ ਦਾਰੂ ਬੱਤੇ ਨੂੰ ਹੱਥ ਲਾਉਂਦਾ ਸੀ ਅਤੇ ਨਾ ਹੀ ਚੰਦ ਸਿਉਂ। ਦੋਨੋਂ ਸਤਿਯੁਗੀ ਅਤੇ ਫ਼ਕੀਰ ਬੰਦੇ ਸਨ।

-"ਵੇ ਪ੍ਰੇਮ, ਹੁਣ ਤਾਂ ਤੂੰ ਵਿਆਹ ਕਰਵਾ ਲੈ ਭਾਈ...!"

-"ਅਜੇ ਵਿਆਹ ਨੂੰ ਕੀ ਐ...?" ਉਹ ਭੈਣ ਅੱਗੇ ਸੰਗ ਗਿਆ।

-"ਨ੍ਹਾਂ ਹੋਰ ਹੁਣ ਤੂੰ ਬੁੜ੍ਹਾ ਹੋ ਕੇ ਕਰਵਾਵੇਂਗਾ...?"

-"...............।" ਪ੍ਰੇਮ ਨਿਰੁੱਤਰ ਸੀ।

-"ਪ੍ਰੇਮ ਸਿਆਂ, ਹੁਣ ਤੈਨੂੰ ਵਿਆਹ ਕਰਵਾ ਲੈਣਾ ਚਾਹੀਦੈ...!" ਚੰਦ ਸਿਉਂ ਨੇ ਕਿਹਾ।

-"ਵੇਲ਼ਾ ਪੂਰਾ ਤਾਂ ਆਪਦਾ ਨੀ ਹੁੰਦਾ, ਅਗਲੀ ਨੂੰ ਕੀ ਖੁਆਊਂ...?" ਪ੍ਰੇਮ ਨੇ ਅਸਲੀ ਗੱਲ ਦੱਸੀ।

-"ਜਿਹੜਾ ਜੀਅ ਆਊਗਾ, ਆਪਦੀ ਕਿਸਮਤ ਨਾਲ਼ ਲੈ ਕੇ ਆਊਗਾ...!" ਬਾਲੀ ਬੋਲੀ। ਉਸ ਨੂੰ ਬੱਚਾ ਬੱਚੀ ਹੋਣ ਵਾਲ਼ਾ ਸੀ।

-"ਹਰ ਕੋਈ ਆਪਣੀ ਕਿਸਮਤ ਖਾਂਦੈ ਪ੍ਰੇਮ ਸਿਆਂ..!"

-"ਕੁੜੀ ਹੈਗੀ ਆ ਮੇਰੀ ਨਿਗਾਹ 'ਚ ਇੱਕ, ਜੇ ਤੂੰ ਲੱਤ ਲਾਵੇਂ...!"

-"ਬਾਲੀ, ਤੂੰ ਗੱਲ ਚਲਾ, ਬਾਕੀ ਜ਼ਿੰਮੇਵਾਰੀ ਮੇਰੇ 'ਤੇ ਛੱਡ...!" ਚੰਦ ਸਿਉਂ ਨੇ ਹਿੱਕ ਠੋਕ ਕੇ ਕਿਹਾ।

-"ਕੱਲ੍ਹ ਨੂੰ ਕਿਤੇ ਲੱਤ ਨਾ ਚੱਕਜੇ...?"

-"ਨਹੀਂ...! ਆਪਣਾ ਪ੍ਰੇਮ ਸਿਉਂ ਐਹੋ ਜਿਆ ਨੀ..! ਸੱਤਾਂ ਧੀਆਂ ਵਰਗਾ ਪੁੱਤ ਐ...!"

ਕੁਝ ਦਿਨਾਂ ਬਾਅਦ ਹੀ ਪ੍ਰੇਮ ਦਾ ਵਿਆਹ ਹੋ ਗਿਆ।

ਵਿਆਹ ਬੜਾ ਸਾਦਾ ਹੋਇਆ ਸੀ। ਪੰਜ ਜਾਣੇ ਬਰਾਤ ਗਏ ਅਤੇ ਵਿਆਹ ਕੇ ਮੁੜ ਆਏ। ਅੱਗੇ ਤਾਂ ਪ੍ਰੇਮ ਇਕੱਲਾ ਸੀ। ਸਾਰਾ ਦਿਨ ਜੂਸ ਵੇਚਦਾ, ਦੁਪਿਹਰੇ ਅਤੇ ਆਥਣੇ ਰੋਟੀ ਢਾਬੇ 'ਤੇ ਖਾ ਲੈਂਦਾ। ਪਰ ਹੁਣ ਉਹ ਦੋ ਜਾਣੇ ਹੋ ਗਏ ਸਨ ਅਤੇ ਕਬੀਲਦਾਰ ਬਣਨ ਤੋਂ ਬਾਅਦ ਉਸ ਦੀਆਂ ਜ਼ਿੰਮੇਵਾਰੀਆਂ ਹੋਰ ਵੀ ਵਧ ਗਈਆਂ ਸਨ। ਅੱਗੇ ਉਸ ਨੇ ਇੱਕ ਕਮਰਾ ਕਿਰਾਏ ਉਪਰ ਲਿਆ ਹੋਇਆ ਸੀ, ਪਰ ਹੁਣ ਉਸ ਨੂੰ ਦੋ ਕਮਰੇ ਦਾ ਮਕਾਨ ਕਿਰਾਏ ਉਪਰ ਲੈਣਾ ਪੈ ਗਿਆ। ਵੈਸੇ ਨਸ਼ਾ ਪੱਤਾ ਜਾਂ ਵੈਲ ਐਬ ਪ੍ਰੇਮ ਨੂੰ ਕੋਈ ਵੀ ਨਹੀਂ ਸੀ, ਜਿਸ ਕਰ ਕੇ ਕੋਈ ਫ਼ਜ਼ੂਲ ਖਰਚਾ ਨਾ ਹੋਣ ਕਾਰਨ ਉਹਨਾਂ ਦਾ ਡੰਗ ਬੜਾ ਵਧੀਆ ਸਰਦਾ ਸੀ।

ਦੋ ਸਾਲਾਂ ਵਿੱਚ ਉਪਰੋਥਲ਼ੀ ਪ੍ਰੇਮ ਦੀ ਘਰਵਾਲ਼ੀ ਤਾਰੋ ਨੇ ਦੋ ਮੁੰਡਿਆਂ ਨੂੰ ਜਨਮ ਦਿੱਤਾ।

ਪ੍ਰੇਮ ਬੜਾ ਖੁਸ਼ ਸੀ। ਪਰ ਉਸ ਦੀਆਂ ਜ਼ਿੰਮੇਵਾਰੀਆਂ ਦਾ ਬੋਝ ਹੋਰ ਵਧ ਗਿਆ ਸੀ।

ਹੁਣ ਉਹ ਦਿਨੇ ਜੂਸ ਵੇਚਦਾ ਅਤੇ ਰਾਤ ਨੂੰ ਬਰਫ਼ ਬਣਾਉਣ ਵਾਲ਼ੇ ਕਾਰਖਾਨੇ ਵਿੱਚ ਚਾਰ ਘੰਟੇ ਕੰਮ ਕਰਦਾ। ਚਾਹੇ ਦਿਨ ਰਾਤ ਦੇ ਕੰਮ ਦਾ ਮਧੋਲ਼ਿਆ ਪ੍ਰੇਮ ਥੱਕ ਟੁੱਟ ਕੇ ਚੂਰ ਹੋ ਜਾਂਦਾ। ਪਰ ਉਸ ਨੂੰ ਦੋ ਪੁੱਤਾਂ ਦਾ ਪਹਿਲੇ ਤੋੜ ਦੀ ਬੋਤਲ ਜਿੰਨਾਂ 'ਸਰੂਰ' ਸੀ। ਹੁਣ ਉਸ ਨੇ ਆਪਣੇ ਕੰਮ ਨੂੰ 'ਤਰਤੀਬ' ਦੇ ਲਈ ਸੀ। ਸਕੂਲ ਬੰਦ ਹੋਣ ਸਾਰ ਉਹ ਆ ਕੇ ਚਾਰ ਘੰਟੇ ਸੌਂ ਜਾਂਦਾ ਅਤੇ ਰਾਤ ਨੂੰ ਸੱਤ ਕੁ ਵਜੇ ਉਠ, ਰੋਟੀ ਖਾ ਕੇ ਬਰਫ਼ ਵਾਲ਼ੇ ਕਾਰਖਾਨੇ ਵਿੱਚ ਰਾਤ ਬਾਰਾਂ ਵਜੇ ਤੱਕ ਕੰਮ ਕਰਦਾ। ਉਸ ਦਾ ਤੋਰਾ ਬੜਾ ਵਧੀਆ ਤੁਰਿਆ ਜਾਂਦਾ ਸੀ। ਉਸ ਦੀ ਭੈਣ ਬਾਲੀ ਅਤੇ ਪ੍ਰਾਹੁੰਣਾ ਚੰਦ ਸਿਉਂ ਵੀ ਆ ਕੇ ਮਿਲ਼ ਜਾਂਦੇ। ਬਾਲੀ ਦੀ ਕੁੱਛੜ ਵੀ ਇੱਕ ਸੋਹਣਾ ਸੁਣੱਖਾ, ਗਲੋਟੇ ਵਰਗਾ ਮੁੰਡਾ ਸੀ।

ਚਾਹੇ ਤਾਰੋ ਦਾ ਰਿਸ਼ਤਾ ਬਾਲੀ ਨੇ ਵਿੱਚ ਪੈ ਕੇ ਕਰਵਾਇਆ ਸੀ। ਕੋਈ ਲੈਣ ਦੇਣ, ਦਾਜ ਦਹੇਜ ਜਾਂ ਉਸ ਦੇ ਬਾਪ ਨੂੰ ਕੋਈ ਤੰਗੀ ਨਹੀਂ ਦਿੱਤੀ ਸੀ, ਪਰ ਪਤਾ ਨਹੀਂ ਕਿਉਂ ਤਾਰੋ ਉਸ ਨਾਲ਼ ਬਹੁਤੀ ਗੱਲ ਨਹੀਂ ਕਰਦੀ ਸੀ, ਅੱਖ ਨਹੀਂ ਮਿਲ਼ਾਉਂਦੀ ਸੀ। ਹਾਲਾਂ ਕਿ ਬਾਲੀ ਨੇ ਕਦੇ ਉਸ ਨੂੰ ਭਰਜਾਈ ਸਮਝਿਆ ਹੀ ਨਹੀਂ ਸੀ, ਇੱਕ ਤਰ੍ਹਾਂ ਨਾਲ਼ ਛੋਟੀ ਭੈਣ ਮੰਨਿਆਂ ਸੀ। ਪਰ ਫ਼ਿਰ ਵੀ ਪਤਾ ਨਹੀਂ ਕਿਉਂ, ਜਦ ਵੀ ਬਾਲੀ ਅਤੇ ਚੰਦ ਸਿਉਂ ਆਉਂਦੇ ਤਾਰੋ ਭਾਂਡੇ ਭੰਨਣ ਲੱਗ ਪੈਂਦੀ। ਤਾਰੋ ਦਾ ਇਹ ਵਰਤਾਰਾ ਦੇਖ ਬਾਲੀ ਅਤੇ ਚੰਦ ਸਿਉਂ ਤੁਰੰਤ ਵਾਪਸ ਪਰਤ ਜਾਂਦੇ। ਉਹ ਦੋਨੋਂ ਹੀ ਨਹੀਂ ਚਾਹੁੰਦੇ ਸਨ ਕਿ ਸਾਊ ਜਿਹੇ ਪ੍ਰੇਮ ਦੇ ਘਰ ਕੋਈ ਕਲੇਸ਼ ਖੜ੍ਹਾ ਹੋਵੇ, ਇਸ ਲਈ ਉਹ ਤਾਰੋ ਦੇ ਓਪਰੇ ਅਤੇ ਰੁੱਖੇ ਵਰਤਾਓ ਬਾਰੇ ਪ੍ਰੇਮ ਨਾਲ਼ ਵੀ ਗੱਲ ਨਾ ਕਰਦੇ। ਬੱਸ, ਸਬਰ ਦੀ ਘੁੱਟ ਜਿਹੀ ਭਰ ਕੇ ਚੁੱਪ ਰਹਿੰਦੇ। ਪਰ ਬਾਲੀ ਅਤੇ ਚੰਦ ਸਿਉਂ ਅੰਦਰੋਂ ਬਹੁਤ ਦੁਖੀ ਹੁੰਦੇ।

ਮੁੰਡੇ ਵੱਡੇ ਹੁੰਦੇ ਆ ਰਹੇ ਸਨ ਅਤੇ ਪ੍ਰੇਮ ਦਿਨ ਰਾਤ ਕੰਮ ਕਰਦਾ "ਕੁੱਬਾ" ਹੁੰਦਾ ਜਾ ਰਿਹਾ ਸੀ। ਤਾਰੋ ਦਾ ਸੁਭਾਅ ਹੁਣ ਹੋਰ ਵੀ 'ਕੱਬਾ' ਅਤੇ 'ਕਲੇਸ਼ੀ' ਹੁੰਦਾ ਜਾ ਰਿਹਾ ਸੀ। ਉਹ ਭਰਿੰਡ ਖਾਧਿਆਂ ਵਾਂਗ ਬਿਨਾ ਗੱਲੋਂ ਸੂਈ ਕੁੱਤੀ ਵਾਂਗ ਪੈਂਦੀ। ਪ੍ਰੇਮ ਦੜ ਵੱਟ ਲੈਂਦਾ। ਉਹ ਕਲੇਸ਼ ਤੋਂ ਡਰਨ ਵਾਲ਼ਾ ਬੰਦਾ ਸੀ।

ਪ੍ਰੇਮ ਦਾ ਮੁੰਡਾ ਰੂਪ ਅਤੇ ਮਹੇਸ਼ੀ ਸਕੂਲ ਪੜ੍ਹਦੇ ਸਨ।

ਪ੍ਰੇਮ ਇਹੀ ਚਾਹੁੰਦਾ ਸੀ ਕਿ ਉਸ ਦੀ ਔਲ਼ਾਦ ਪੜ੍ਹ ਲਿਖ ਕੇ ਕੁਛ ਬਣੇ। ਉਹ ਨਹੀਂ ਚਾਹੁੰਦਾ ਸੀ ਕਿ ਉਸ ਦੇ ਮੁੰਡੇ ਵੀ ਉਸ ਵਾਂਗ ਕੋਹਲੂ ਦੇ ਬੈਲ ਬਣ ਕੇ ਚੱਲਣ। ਹਰ ਬਾਪ ਵਾਂਗ ਉਹ ਇਹੀ ਚਾਹੁੰਦਾ ਸੀ ਕਿ ਉਸ ਦੇ ਬੇਟੇ ਕੁਰਸੀ ਉਪਰ ਬੈਠ ਕੇ ਹੁਕਮ ਚਲਾਉਣ ਅਤੇ ਮੌਜਾਂ ਕਰਨ। ਚਾਹੇ ਪ੍ਰੇਮ ਅਜੇ ਵੀ ਕਿਰਾਏ ਦੇ ਮਕਾਨ ਵਿੱਚ ਰਹਿ ਰਿਹਾ ਸੀ, ਪਰ ਆਪਣੀ ਸਖ਼ਤ ਮਿਹਨਤ ਸਦਕਾ ਘਰ ਦਾ ਗੁਜ਼ਾਰਾ ਵੀ ਵਧੀਆ ਚਲਾ ਰਿਹਾ ਸੀ। ਪਰ ਤਾਰੋ ਨੱਕ ਬੁੱਲ੍ਹ ਮਾਰਦੀ, ਨਿਘੋਚਾਂ ਕੱਢਦੀ ਰਹਿੰਦੀ। ਮੁੰਡੇ ਵੀ ਉਸ ਦੇ ਬੇਪ੍ਰਵਾਹ, ਅਣਭਿੱਜ ਅਤੇ ਨਿਰਮੋਹੇ ਜਿਹੇ ਹੀ ਸਨ।

## ਕਾਂਡ 14

ਸਿਆਣੇ ਕਹਿੰਦੇ ਨੇ ਕਿ ਜਦ ਰੱਬ ਦਿੰਦਾ ਹੈ, ਤਾਂ ਛੱਪਰ ਪਾੜ ਕੇ ਦਿੰਦੈ!

ਇੱਕ ਅਲੋਕਾਰ ਘਟਨਾ ਵਾਪਰੀ। ਤੁਰੇ ਜਾਂਦੇ ਪ੍ਰੇਮ ਨੇ ਇੱਕ ਦਿਨ ਅਚਨਚੇਤ ਹੀ ਲਾਟਰੀ ਦਾ ਟਿਕਟ ਖਰੀਦ ਲਿਆ ਅਤੇ ਕੁਦਰਤ ਰੱਬ ਦੀ ਉਸ ਨੂੰ ਦਸ ਕਰੋੜ ਦੀ ਲਾਟਰੀ ਨਿਕਲ਼ ਆਈ। ਪੂਰੇ ਇਲਾਕੇ ਵਿੱਚ ਧੁੰਮ ਪੈ ਗਈ ਅਤੇ ਪ੍ਰੇਮ ਦੀਆਂ 'ਪੌਂਅ ਬਾਰਾਂ' ਹੋ ਗਈਆਂ। ਜਿਹੜੇ ਰਿਸ਼ਤੇਦਾਰਾਂ ਨੇ ਕਦੇ ਪ੍ਰੇਮ ਨਾਲ਼ ਜ਼ੁਬਾਨ ਵੀ ਸਾਂਝੀ ਨਹੀਂ ਕੀਤੀ ਸੀ, ਗਰਜ਼ਾਂ ਮਾਰੇ ਉਹ ਵੀ ਉਸ ਦੇ ਨੇੜੇ ਢੁਕ-ਢੁਕ ਬੈਠਣ ਲੱਗ ਪਏ। ਪਰ ਪ੍ਰੇਮ ਨੇ ਕਿਸੇ ਨੂੰ ਮੂੰਹ ਨਾ ਲਾਇਆ। ਕਿਉਂਕਿ ਜਿੰਨੀ ਮਿਹਨਤ ਮੁਸ਼ੱਕਤ ਉਸ ਨੇ ਕੀਤੀ ਸੀ, ਸਿਰਫ਼ ਉਸ ਨੂੰ ਹੀ ਪਤਾ ਅਤੇ ਅਹਿਸਾਸ ਸੀ। ਪੈਰਾਂ 'ਤੇ ਪਏ ਛਾਲੇ ਅਤੇ ਹੱਥਾਂ ਉਪਰ ਪਏ ਅੱਟਣ ਅੱਜ ਵੀ ਗਵਾਹੀ ਭਰਦੇ ਸਨ।

ਜਦ ਲਾਟਰੀ ਨਿਕਲ਼ਣ ਦਾ ਪਤਾ ਪ੍ਰੇਮ ਦੇ ਚਾਚੇ ਅਤੇ ਚਾਚੀ ਨੂੰ ਲੱਗਿਆ ਤਾਂ ਉਹ ਵੀ ਮੱਕੀ ਦੇ ਗੁੱਲ ਵਾਂਗ ਪ੍ਰੇਮ ਦੇ ਘਰ ਆ ਡਿੱਗੇ। ਪਰ ਪ੍ਰੇਮ ਮੀਸਣੇ ਚਾਚੇ ਅਤੇ ਜ਼ਾਲਮ ਚਾਚੀ ਦਾ ਮੂੰਹ ਵੀ ਨਹੀਂ ਦੇਖਣਾ ਚਾਹੁੰਦਾ ਸੀ, ਜਿੰਨ੍ਹਾਂ ਦੀਆਂ ਵਧੀਕੀਆਂ ਕਰ ਕੇ ਉਹ ਧੋਬੀ ਦਾ ਕੁੱਤਾ ਬਣਿਆਂ ਰਿਹਾ ਸੀ। ਪ੍ਰੇਮ ਨੂੰ ਰੱਖੜੀ ਵਾਲ਼ੇ ਦਿਨ ਦੀ ਕੁੱਟ ਜ਼ਿੰਦਗੀ ਵਿੱਚ ਕਦੇ ਨਹੀਂ ਭੁੱਲੀ ਸੀ। ਪਰ ਅੱਜ ਪ੍ਰੇਮ ਨੇ ਬੁੱਢੇ ਚਾਚੇ ਅਤੇ ਚਾਚੀ ਨੂੰ ਕੱਪੜਾ ਲੱਤਾ ਦੇ ਕੇ ਬੜੇ ਸਨਮਾਨ ਨਾਲ਼ ਵਿਦਾਅ ਕੀਤਾ। ਪ੍ਰੇਮ ਨੇ ਨਿੱਕੇ ਹੁੰਦਿਆਂ ਆਪਣੀ ਮਾਂ ਕੋਲ਼ੋਂ ਸੁਣਿਆਂ ਸੀ, ਜਦ ਉਹ ਕਹਿੰਦੀ ਹੁੰਦੀ ਸੀ, "ਵੈਰੀ ਆਵੇ ਚੱਲ ਕੇ, ਪੀੜ੍ਹੀ ਦੇਈਏ ਡਾਹ..! ਨਾ ਉਹਨੂੰ ਮੰਦਾ ਬੋਲੀਏ, ਨਾ ਆਖੀਏ ਜਾਹ...!" ਮਾਂ ਦੀ ਦਿੱਤੀ ਸਿੱਖਿਆ 'ਤੇ ਚੱਲਦੇ ਪ੍ਰੇਮ ਨੇ ਆਪਣਾ ਜਾਬਤਾ ਬਣਾਈ ਰੱਖਿਆ ਸੀ।

ਲਾਟਰੀ ਦੇ ਪੈਸਿਆਂ ਨਾਲ਼ ਗਰੀਬ ਪ੍ਰੇਮ ਦੇ ਦੁੱਖ ਕੱਟੇ ਗਏ ਸਨ।

ਸਾਰੇ ਧੋਣੇ ਧੋਤੇ ਗਏ ਸਨ।

ਉਸ ਨੇ ਇੱਕ ਲੋਹੇ ਦਾ ਕਾਰਖਾਨਾ ਅਤੇ ਇੱਕ ਬਰਫ਼ ਦਾ ਕਾਰਖਾਨਾ ਲੈ ਲਿਆ ਸੀ। ਬਾਕੀ ਬਚਦੀ ਰਕਮ ਉਸ ਨੇ ਬੈਂਕ ਵਿੱਚ ਐੱਫ਼. ਡੀ. ਕਰਵਾ ਦਿੱਤੀ ਸੀ। ਹੁਣ ਉਸ ਦੀ ਭੱਜ ਨੱਠ ਹੋਰ ਵੀ ਵਧ ਗਈ ਸੀ। ਦੋ ਕਾਰਖਾਨਿਆਂ ਦਾ ਕੰਮ ਉਹ ਇਕੱਲਾ ਹੀ ਸੰਭਾਲ਼ਦਾ। ਦਿਨ ਰਾਤ ਉਸ ਦੀ ਭੂਤਨੀ ਭੁੱਲੀ ਰਹਿੰਦੀ। ਹੁਣ ਉਸ ਨੂੰ ਘਰੇ ਰੋਟੀ ਖਾਣ ਦਾ ਸਮਾਂ ਨਾ ਮਿਲ਼ਦਾ। ਉਹ ਕਾਰਖਾਨਿਆਂ ਵਿੱਚ ਤੁਰਦਾ ਫ਼ਿਰਦਾ ਹੀ ਖਾ ਪੀ ਛੱਡਦਾ। ਪਰ ਉਸ ਨੂੰ ਇਹ ਨਹੀਂ ਪਤਾ ਸੀ ਕਿ ਇਹ ਸਿਰਤੋੜ ਭੱਜ ਦੌੜ ਉਸ ਦੀ ਸਿਹਤ 'ਤੇ ਬੁਰਾ ਅਸਰ ਕਰ ਰਹੀ ਸੀ।

ਪ੍ਰੇਮ ਸਿਉਂ ਹੁਣ "ਸਰਦਾਰ ਪ੍ਰੇਮ ਸਿਉਂ" ਜਾਂ "ਸਾਹਿਬ ਬਹਾਦਰ" ਵੱਜਣ ਲੱਗ ਪਿਆ ਸੀ। ਮਾਇਆ ਦੇ ਪ੍ਰਭਾਵ ਨੇ ਸਮਾਜ ਵਿੱਚ ਉਸ ਦਾ ਮੁਹਾਂਦਰਾ ਰਾਤੋ ਰਾਤ ਬਦਲ ਕੇ ਰੱਖ ਦਿੱਤਾ ਸੀ। ਪਰਸਾ, ਪਰਸੂ, ਪਰਸ ਰਾਮ ਵਾਲ਼ੀ ਕਹਾਵਤ ਦਾ ਰੰਗ "ਸਾਹਿਬ ਬਹਾਦਰ ਜੀ" ਨੇ ਪ੍ਰਤੱਖ ਅੱਖੀਂ ਦੇਖ ਲਿਆ ਸੀ। ਜਿਹੜੇ ਕਦੇ ਜੂਸ ਵਾਸਤੇ ਉਸ ਨੂੰ ਦਸ ਕਿੱਲੋ ਫ਼ਲ਼ ਉਧਾਰੇ ਨਹੀਂ ਦੇਣੇ ਚਾਹੁੰਦੇ ਸਨ, ਉਹ ਅੱਜ ਕੱਲ੍ਹ ਉਸ ਦੇ ਝੋਲ਼ੀ ਚੁੱਕ ਬਣ, ਪੈਰਾਂ ਵਿੱਚ ਲਿਟਣ ਲਈ ਤਿਆਰ ਸਨ। ਪ੍ਰੇਮ ਸਿਉਂ ਦੀ ਅਣਥੱਕ ਮਿਹਨਤ ਦਾ ਸਦਕਾ ਉਸ ਦਾ ਕਾਰੋਬਾਰ ਅਸਮਾਨੀਂ ਛੂਹਣ ਲੱਗ ਪਿਆ ਸੀ। ਵੱਡੇ-ਵੱਡੇ ਲੀਡਰ ਉਸ ਦੇ ਪੈਰਾਂ 'ਤੇ ਪਰਨਾ ਮਾਰਦੇ ਅਤੇ ਵੱਡੇ-ਵੱਡੇ ਅਫ਼ਸਰ ਉਸ ਦੀ 'ਛਿਆਨੀ' ਭਰਦੇ।

ਜਦ ਪ੍ਰੇਮ ਸਿਉਂ ਦੇ ਦੋਨੋਂ ਮੁੰਡਿਆਂ ਨੇ ਆਪਣੀ ਯੂਨੀਵਰਸਿਟੀ ਦੀ ਪੜ੍ਹਾਈ ਪੂਰੀ ਕਰ ਲਈ, ਤਾਂ ਉਸ ਨੇ ਇੱਕ ਕਾਰਖਾਨਾ ਵੱਡੇ ਮੁੰਡੇ ਰੂਪ ਅਤੇ ਦੂਜਾ ਕਾਰਖਾਨਾ ਛੋਟੇ ਮੁੰਡੇ ਮਹੇਸ਼ੀ ਨੂੰ ਸੰਭਾਲ਼ ਦਿੱਤੇ ਅਤੇ ਆਪ "ਉਤਲੇ ਕੰਮਾਂ" 'ਤੇ ਹੋ ਗਿਆ। ਪਰ ਉਸ ਨੇ ਉਦਮ ਨਾ ਤਿਆਗਿਆ।

**ਚਲਦਾ...**

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!**
**-ਸੰਪਾਦਕ**

# ਇੰਗਲੈਂਡ ਕਬੱਡੀ ਫੈਡਰੇਸ਼ਨ ਯੂ ਕੇ ਦੀ ਸਰਪ੍ਰਸਤੀ ਹੇਠ

## ਸਿੱਖ ਟੈਂਪਲਜ਼ (ਛਿੰਦਾ ਅਮਲੀ) ਕਬੱਡੀ ਕਲੱਬ ਵੁਲਵਰਹੈਂਪਟਨ ਵੱਲੋਂ ਟੂਰਨਾਮੈਂਟ




ਸਵਿੰਦਰ ਸਿੰਘ ਬਾਠ ਛਿੰਦਾ ਅਮਲੀ

# 8 ਜੂਨ 2025 ਦਿਨ ਐਤਵਾਰ ਨੂੰ

# ਸਪੋਰਟਿੰਗ ਖਾਲਸਾ ਫੁੱਟਬਾਲ ਕਲੱਬ ਨੂਜ਼ ਲੇਨ ਵੁਲਵਰਹੈਂਪਟਨ ਵਿਖੇ ਕਰਵਾਇਆ ਜਾ ਰਿਹਾ ਹੈ

## Address: SPORTING KHALSA FC, NOOSE LANE, WILLENHALL, WV13 3BB

# ਕਬੱਡੀ ਪ੍ਰੇਮੀਆਂ ਨੂੰ ਹੁੰਮ ਹੁੰਮਾ ਕੇ ਪਹੁੰਚਣ ਦੀ ਅਪੀਲ



ਮਹਿੰਦਰ ਸਿੰਘ ਮੌੜ



ਹਰਭਜਨ ਸਿੰਘ ਭਜੀ ਪੱਡਾ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ ਖੇਡ ਪ੍ਰੇਮੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਿੱਖ ਟੈਂਪਲਜ਼ ਕਬੱਡੀ ਕਲੱਬ ਵੁਲਵਰਹੈਂਪਟਨ ਵੱਲੋਂ **ਇੰਗਲੈਂਡ ਕਬੱਡੀ ਫੈਡਰੇਸ਼ਨ ਯੂ ਕੇ** ਦੀ ਦੇਖ ਰੇਖ ਹੇਠ ਅਤੇ ਕਬੱਡੀ ਫੈਡਰੇਸ਼ਨ ਦੇ ਨਿਯਮਾਂ ਅਨੁਸਾਰ ਦਿਨ ਐਤਵਾਰ 8 ਜੂਨ 2025 ਨੂੰ ਕਬੱਡੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਇਹ ਤੁਹਾਡਾ ਸਾਰਿਆਂ ਦਾ ਸਾਂਝਾ ਟੂਰਨਾਮੈਂਟ ਹੈ। ਇਸ ਕਬੱਡੀ ਟੂਰਨਾਮੈਂਟ ਮੌਕੇ ਹੁੰਮ-ਹੁੰਮਾ ਕੇ ਪਹੁੰਚੋ ਅਤੇ ਕਬੱਡੀ ਖਿਡਾਰੀਆਂ ਦੇ ਜੌਹਰ ਵੇਖੋ, ਤੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰੋ। ਇਹ ਟੂਰਨਾਮੈਂਟ ਕਬੱਡੀ ਦੀਆਂ ਅਹਿਮ ਸ਼ਖਸੀਅਤਾਂ, ਮਹਿੰਦਰ ਸਿੰਘ ਮੌੜ, ਸਵਿੰਦਰ ਸਿੰਘ ਬਾਠ ਛਿੰਦਾ ਅਮਲੀ ਅਤੇ ਹਰਭਜਨ ਸਿੰਘ ਪੱਡਾ ਭਜੀ ਖੀਰਾਂਵਾਲੀ ਦੀ ਯਾਦ ਨੂੰ ਸਮਰਪਿਤ ਹੈ।

**ALCOHOL IS STRICTLY DISCOURAGED**

### == ਪ੍ਰਬੰਧਕਾਂ ਵੱਲੋਂ ਜ਼ਰੂਰੀ ਬੇਨਤੀਆਂ ==

* ਕਰਵਾਏ ਜਾ ਰਹੇ ਇਸ ਟੂਰਨਾਮੈਂਟ ਵਿੱਚ, ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਰੇ ਨਿਯਮ ਲਾਗੂ ਹੋਣਗੇ ਤੇ ਫੈਡਰੇਸ਼ਨ ਦਾ ਫੈਸਲਾ ਅੰਤਮ ਹੋਵੇਗਾ।
* ਹਰ ਇੱਕ ਟੀਮ ਦਿੱਤੇ ਹੋਏ ਸਮੇਂ ਉਪਰ ਪਹੁੰਚਣੀ ਚਾਹੀਦੀ ਹੈ।
* ਅਗਰ ਟੀਮ 10 ਮਿੰਟ ਲੇਟ ਪਹੁੰਚਦੀ ਹੈ ਤਾਂ ਸਕਰੈਚ ਕਰ ਦਿੱਤੀ ਜਾਵੇਗੀ।
* ਰੈਫਰੀ ਦਾ ਫੈਸਲਾ ਅਟੱਲ ਹੋਵੇਗਾ।
* ਕਬੱਡੀ ਮੈਦਾਨ ਵਿਚ ਸ਼ਰਾਬ ਪੀ ਕੇ ਅਤੇ ਲੈ ਕੇ ਆਉਣਾ ਮਨ੍ਹਾ ਹੈ।
* ਸੁਰੱਖਿਆ ਦਾ ਸਖਤ ਪ੍ਰਬੰਧ ਕੀਤਾ ਗਿਆ ਹੈ।

**ਦਾਖਲਾ ਟਿਕਟ £15.00 – Entry Ticket £15.00**

### GROUP-A ਵੁਲਵਰਹੈਪਟਨ ਟੂਰਨਾਮੈਂਟ ਦੀਆਂ ਟਾਈਆਂ

Pool - A
- HAYES / DERBY KC vs BIRMINGHAM / COVENTRY KC — 3rd Match 11:40pm
- SOUTHALL / ERITH / WOOLWICH KC vs SLOUGH / ICKENHAM KC — 5th Match 12:50pm
- 7th Match 14:00pm

Pool - B
- BARKING / GRAVESEND KC vs ST WOLVERHAMPTON / MEDWAY KC — 4th Match 12:15pm
- TELFORD Kabaddi Club vs LEICESTER / BRADFORD KC — 6th Match 13:25pm
- 8th Match 14:45pm

10th Match Final 17:00 PM

### GROUP - B

- BABA DEEP SINGH JI (B TEAM) vs MIDLAND TIGERS (B TEAM) — 1st Match 10:30am
- ERITH & WOOLWICH (B TEAM) vs MAUR CLUB (B TEAM) — 2nd Match 11:05am
- 9th Match 15:30pm B TEAM Final

### ਸਹਿਯੋਗੀ ਸੱਜਣ

SUKHJINDER SINGH SAMRA
SHEERA AULAKH
GAVIN BATH
MANNA NURPUR CHATHAWALA
NINDI NURPUR CHATHA WALA
MANNY AULAKH
AMRIT BARMI
SONA DANSIWAL
SABI MALSIA
MOHAN KHANOWAL
SONA HOTHIAN
HARRY BHULLAR
SHEERA BAL
TRALOK BILA RANGRA
TONY MAROK
GOPPY DUGGA
SODHI WARAICH
MANJIT SEDHOWAL
NEKA DHALIWAL
BALJIT SINGH DEVGUN
H SINGH DEVGUN
TALLY KAILA

MINTU KISHTIWAL
TALL SIRA
ARJAN TUMBAL
SABI BAIWA
KULDEEP JOHAL
SODHI MANDHER
JINDHU RAMEWAL
SABI PHAGURA
AMRIK SAHI
SUNNY SHARMA
JASS KHAIRA
KEEPA RAMEWAL
JEETA NAGRA
HARDEEP DUGGA
NEKA NAGRA.
HARRY LADHAR
KULVIR MANAN.
AMAN MAND
BISHU LAMBA
JINDA SHERGILL
JEET ARORA
MOHNI KANDOLA

NIRMAL SANDHU
SHIN ARK
LAKHA SIDHU GLASGOW
GARRY SIDHU GLASGOW
PRAN PALLI GLASGOW
SUKH GLAScow
SHEERA NATHU CHAHAL
KULVIR VEERU WALES
JASSIE AUJLA WALES.
RAMMI AUJLA WALES
JINDHAR BANDHAL
GURDAWAR SIDHU
BAGGA NAHAR
JASS MAAN
MALLI
GURNAM GAMA
MINDHA BHULLAR
SEETAL TUT
PINDER CHEEMA SOUTHAMPTON

JEET RED LION
BALJEET AULAKH
GILL GROUP
HQ FOODS GROUP
JAGEER SINGH MIDLAND
BALBIR SINGH (BABBI)
LEMBAR SINGH ATTHWAL
HAPPY SOHI
BUTTA SAHOTA
DR. UPPAL
GURNEK SINGH
AMRIT SEHMBI
AZAD LION PUNJAB CLUB UK
DEEPA RANGRA
GELLA KANG
PAMMA WOLVERHAMPTON
RANA CHAMYARA
AMRINDER GILL
RANA-SUNRA
AMRIT BARMI
LUMBAD MOHANWAL
JYOTI REHPA

SAABI GARHI
HAPPY SOHI
RAJU SAFFEWAL
JYOTI KANDOLA
MANNA CHATHA
JEETA TAHLAN
SHERA TAHLAN
SODHI KOONER
TIRTH SINGH UPPAL
MANGA (JINDHER CATERING)
BALVIR SINGH (RANA GORA)
BINDA KANG (SANDWICH COMPANY)
STEVEN WRING (GRANNY BAKERY)
LABBI NURPUR CHATHA
GINDA BHULLAR
JASSA-GINJER PALAHI
DHONI WOLVERHAMPTON
S &G FOODS
GARRY (OLD BUSH INN PUBB TIPTON)
JASWINDER SINGH BAINS (LOWESTOFT)
JAGJEET SINGH (MD FOODS)

## ਜਾਰੀ ਕਰਤਾ – ਸਿੱਖ ਟੈਂਪਲਜ਼ ਕਬੱਡੀ ਕਲੱਬ ਵੁਲਵਰਹੈਂਪਟਨ

ਸੁਖਜਿੰਦਰ ਸਿੰਘ ਸਮਰਾ- 07779 453362, ਸ਼ੀਰਾ ਔਲਖ- 07932 622223, ਮਾਨਾਂ ਚੱਠਾ-7999 999130, ਤਰਲੋਕ ਸਿੰਘ ਬਿੱਲਾ ਰਾਂਗੜਾ- 07490 555935, ਸੋਨਾ ਹੇਠੀਆਂ-07886 880327, ਸ਼ੀਰਾ ਬੱਲ-07397 515270, ਸੋਨਾ ਡਾਨਸੀਵਾਲ-07557 404393, ਜਸ ਮੇਤਲਾ-07950 998033, ਅੰਮ੍ਰਿਤ ਬਰਮੀ-7455 559904

## ਸਾਊਥਾਲ ਕਬੱਡੀ ਟੂਰਨਾਮੈਂਟ

14 ਸਫੇ ਦੀ ਬਾਕੀ

ਦੂਜੇ ਸੈਮੀਫਾਈਨਲ ਮੈਚ ਵਿੱਚ ਟੈਲਫੋਰਡ ਅਤੇ ਬਾਰਕਿੰਗ/ਗ੍ਰੇਵਜ਼ੈਂਡ ਵਿਚਕਾਰ ਮਹਾਂ ਮੁਕਾਬਲਾ ਹੋਇਆ ਸੱਤਾ ਮੁਠੱਡਾ, ਪਾਲਾ, ਬਿੱਲਾ ਗਿੱਲ ਨੇ ਜੇਬਾਂ ਵਿੱਚੋਂ ਨੋਟ ਕੱਢਣੇ ਸ਼ੁਰੂ ਕਰ ਦਿੱਤੇ, ਇੱਕ ਇੱਕ ਜੱਫੇ ਤੇ ਰੇਡ ਤੇ ਨੋਟ ਵਾਰਦੇ। ਰਾਣਾ ਪੱਡਾ, ਮਨਦੀਪ ਅਤੇ ਸਾਥੀ ਹੌਂਸਲਾ ਦੇ ਰਹੇ ਸੀ। ਟੈਲਫੋਰਡ ਵੱਲੋਂ ਚੱਠਾ, ਸੁੱਖੀ ਬੈਂਸ, ਮੇਸ਼ੀ ਅਤੇ ਸਾਥੀ ਧਰਤੀ ਪੈਰ ਨਹੀਂ ਸੀ ਲਾ ਰਹੇ। ਇਸ ਮੈਚ ਵਿੱਚ ਰਾਜਾ ਪੱਧਰੀ ਨੇ ਕੁਲਵਿੰਦਰ, ਬੂਰੀਆ ਨੂੰ ਰੋਕਿਆ, ਸੋਹਣ ਛੋਟੇ ਨੇ ਤਿੰਨ ਜੱਫੇ ਲਾਏ, ਸਾਜ਼ੀ 18 ਕੌਢੀਆਂ ਪਾ ਕੇ 16 ਅੰਕ ਲੈ ਗਿਆ, ਪਰ ਫਾਈਨਲ ਵਿੱਚ ਪਹੁੰਚਾਉਣ ਲਈ ਟੈਲਫੋਰਡ ਦੇ ਖੁਸ਼ੀ ਦੁੱਗਾ ਨੇ ਤਿੰਨ, ਯੋਧੇ ਅਤੇ ਲੰਬੜ ਨੇ 2-2 ਜੱਫੇ ਲਾਏ, ਪਰ ਸੋਨੀ ਫੱਕਰਝੰਡੇ ਅੱਜ ਪੂਰਾ ਛਾਇਆ ਰਿਹਾ ਜਿਸ ਨੇ 5 ਜੱਫੇ ਕੱਢ ਨੇ ਟੀਮ ਨੂੰ ਜਿੱਤ ਦਿਵਾਈ। ਇਸ ਮੈਚ ਵਿੱਚ ਰਮਨ ਮੱਲੀਆਂ ਨੂੰ ਕੋਈ ਜੱਫਾ ਨਹੀਂ ਲੱਗ ਸਕਿਆ। ਆਖਿਰ ਟੈਲਫੋਰਡ ਨੇ 48.5/40 ਅੰਕਾਂ ਦੇ ਫਰਕ ਨਾਲ ਜਿੱਤ ਦਰਜ਼ ਕਰਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ।

ਬੀ ਟੀਮ ਦੇ ਫਾਈਨਲ ਦਾ ਮੈਚ ਬਾਬਾ ਦੀਪ ਸਿੰਘ ਟੀਮ ਨੂੰ 41/36.5 ਅੰਕਾਂ ਨਾਲ ਮੋੜ ਟੀਮ ਨੇ ਹਰਾ ਕੇ ਜਿੱਤਿਆ। ਜਦ ਕਿ ਟੈਲਫੋਰਡ ਨੇ ਸਲੋਹ/ਇਕਨਹਮ ਨੂੰ 41.5/29 ਅੰਕਾਂ ਦੇ ਵੱਡੇ ਫਰਕ ਨਾਲ ਹਰਾ ਕੇ ਜਿੱਤਿਆ। ਸੁੱਖੀ ਬੈਂਸ ਨੇ ਸ਼ੁਰੂ 'ਚ ਹੀ ਹਰ ਜੱਫੇ ਦਾ 100 ਪੌਂਡ ਇਨਾਮ ਐਲਾਨ ਦਿੱਤਾ, ਬਲਵਿੰਦਰ ਚੱਠਾ, ਗੁਰਜੀਤ ਸੰਧੂ ਬਾਗੋ ਬਾਗ ਸੀ ਕਿ ਅੱਜ ਦਾ ਕੱਪ ਵੀ ਉਹਨਾਂ ਦੇ ਚੋਬਰ ਹੀ ਜਿੱਤਣਗੇ। ਜਦ ਕਿ ਸਲੋਹ/ਇਕਨਹਮ ਵੱਲੋਂ ਰਣਜੀਤ ਵੜੈਚ, ਸ਼ੀਪਾ ਚਕਰ, ਬਲਜੀਤ ਮੱਲੀ, ਬਿੱਲਾ ਗਿੱਲ ਦੀਨੇਵਾਲੀਆ, ਜਸਕਰਨ ਜੌਹਲ, ਪ੍ਰਤਾਪ ਸੀ ਪੀ ਐਮ, ਸੋਨੀ, ਅਮਰੀਕ, ਬਲਬੀਰ ਰਣੀਆਂ, ਗੋਲਡੀ, ਸ਼ੀਰਾ ਸੰਮੀਪੁਰ, ਕੁਲਵੰਤ ਚੱਠਾ ਅਤੇ ਸਾਥੀ ਨੋਟ ਵਾਰਨ ਲੱਗੇ। ਇਸ ਮੈਚ ਤੇ 10 ਹਜ਼ਾਰ ਪੌਂਡ ਤੱਕ ਦੇ ਇਨਾਮ ਲੱਗ ਗਏ ਸੀ। ਇਸ ਤਰ੍ਹਾਂ ਲੱਗਦਾ ਸੀ ਕੌਡੀਆਂ ਤੇ ਜੱਫੇ ਖਿਡਾਰੀ ਨਹੀਂ ਬਲਕਿ ਪੌਂਡ ਲਾ ਰਹੇ ਸੀ। ਸਾਊਥਾਲ ਵਾਲੇ ਕੰਮਾ ਔਜਲਾ, ਪਾਲਾ ਬਾਜਵਾ, ਗੁਰਮੀਤ ਰੰਧਾਵਾ, ਪਾਲੀ ਸੰਘਾ, ਜਸਪਾਲ ਜੱਸੀ ਅਤੇ ਸਾਥੀ ਖੁਸ਼ ਸਨ ਕਿ ਜਿੱਤ ਹਾਰ ਦਾ ਨਹੀਂ ਅੱਜ ਸਾਡਾ ਮੇਲਾ ਨਜ਼ਾਰੇ ਬੰਨ ਬਣ ਗਿਆ। ਦਰਸ਼ਕਾਂ ਦਾ ਇਕੱਠ ਅਤੇ ਸੁੱਖ ਸ਼ਾਂਤੀ ਨਾਲ ਨੇਪਰੇ ਚਾੜ੍ਹਨਾ ਵੱਡੀ ਗੱਲ ਹੁੰਦੀ ਹੈ। ਇਸ ਮੈਚ ਵਿੱਚ ਕੁਲਵਿੰਦਰ ਧਮਰਪੁਰਾ ਨੇ ਸਭ ਤੋਂ ਵੱਧ 14 'ਚੋਂ 13, ਬੂਰੀਆ ਨੇ 10 'ਚੋਂ 7 ਅਤੇ ਰਮਨ ਮੱਲੀਆਂ ਨੇ 9 'ਚੋਂ 8 ਅੰਕ ਲਏ। ਜਾਫੀਆਂ ਚੋਂ ਸੋਨੀ ਫੱਕਰ ਝੰਡੇ ਨੇ ਸਭ ਤੋਂ ਵੱਧ 6 ਜੱਫੇ ਲਾਏ, ਫੂਲੇ ਸੁਸ਼ਕ ਨੇ 4, ਯੋਧੇ ਨੇ 2 ਜੱਫੇ ਕੱਢੇ। ਦੂਜੇ ਪਾਸੇ ਸਲੋਹ/ਇਕਨਹਮ ਵੱਲੋਂ ਪੰਕਜ਼ ਨੇ 13 'ਚੋਂ 10, ਰੇਸ਼ਮ ਨੇ 11 ਚੋਂ 7, ਡੀਲਾ ਜਾਂਗਲੀ ਨੇ 11 'ਚੋਂ 6 ਅੰਕ ਲਏ, ਫਰਿਆਦ ਨੇ ਕੁਲਵਿੰਦਰ ਨੂੰ ਜੱਫਾ ਲਾਇਆ ਅਤੇ ਕੁਲ੍ਹ 2, ਸ਼ੀਰਾ ਧੁਡਕੋਟੀਏ ਨੇ 2, ਬਿੱਲਾ ਢੋਟੀਆ ਨੇ ਸਿਰਫ ਬੂਰੀਏ ਨੂੰ ਕਾਬੂ ਕੀਤਾ ਅਤੇ ਗੋਲੇ ਨੇ ਇੱਕ ਜੱਫਾ ਲਾਇਆ।

ਖੇਡ ਦੇ ਦੌਰਾਨ ਫੈਡਰੇਸ਼ਨ ਵੱਲੋਂ ਵਾਰ ਵਾਰ ਕਹਿਣ ਤੇ ਜਦੋਂ ਖਿਡਾਰੀ ਨਿਯਮਾਂ ਦੀ ਉਲੰਘਣਾ ਕਰਦੇ ਰਹੇ ਤਾਂ ਆਖਿਰ ਸੱਤਾ ਮੁਠੱਡਾ ਨੇ ਚਿਤਾਵਨੀ ਦਿੱਤੀ ਕਿ ਅਗਲੇ ਟੂਰਨਾਮੈਂਟ 'ਤੋਂ ਜੇ ਕਿਸੇ ਵੀ ਖਿਡਾਰੀ ਦੇ ਚਿਕਨਾਈ ਵਾਲੀ ਚੀਜ਼ ਲੱਗੀ ਹੋਈ ਤਾਂ 1000 ਪੌਂਡ ਜੁਰਮਾਨਾਂ ਅਤੇ ਖਿਡਾਰੀ ਜ ਟੀਮ ਨੂੰ ਬਾਹਰ ਦਾ ਰਸਤਾ ਵੀ ਵਿਖਾਇਆ ਜਾ ਸਕੇਗਾ।

ਆਖਿਰ ਟੈਲਫੋਰਡ ਦੀ ਟੀਮ ਅੱਜ ਦਾ ਲੱਕ ਜਿੱਡਾ ਚਮਕਦਾ ਕੱਪ ਜਿੱਤ ਗਈ ਅਤੇ ਸਲੋਹ/ਇਕਨਹਮ ਦੀ ਟੀਮ ਦੂਜੇ ਸਥਾਨ ਤੇ ਰਹੀ। ਕੁਲਵਿੰਦਰ ਧਰਮਪੁਰਾ ਨੇ 14 ਕੌਢੀਆਂ ਪਾ ਕੇ 13 ਅੰਕ ਪ੍ਰਾਪਤ ਕੀਤੇ ਅਤੇ ਸੋਨੀ ਫੱਕਰ ਝੰਡੇ ਨੇ 11 ਕੋਸ਼ਿਸ਼ਾਂ 'ਚ 6 ਜੱਫੇ ਲਾ ਕੇ ਸਰਬੋ-ਤਮ ਧਾਵੀ ਅਤੇ ਜਾਫੀ ਹੋਣ ਦਾ ਖਿਤਾਬ ਜਿੱਤਿਆ। ਸਵੇਰ ਤੋਂ ਸ਼ਾਮ ਤੱਕ ਜਿੱਥੇ ਕੇਸਰ ਧਾਲੀਵਾਲ, ਮੇਸ਼ੀ ਨੰਬਰਾਂ ਤੇ, ਸ਼ਿੰਦਰ ਮਾਹਲ ਅਤੇ ਮੱਖਣ ਘੁੱਗੂ ਤੇ ਡਿਊਟੀਆਂ ਦਿੰਦੇ ਰਹੇ, ਉੱਥੇ ਹੀ ਜੱਫਿਆਂ ਤੇ ਰੇਡਾਂ ਦਾ ਹਿਸਾਬ ਕਿਤਾਬ ਜਤਿੰਦਰ ਬਿਲਗਾ ਉੱਡਣੇ ਬਾਜ਼ ਵਰਗੀ ਨਜ਼ਰ ਰੱਖ ਰਿਹਾ ਸੀ। ਜਤਿੰਦਰ ਕਹਿੰਦਾ ਹੈ ਤਾਂ ਔਖਾ ਪਰ ਕੀ ਕਰੀਏ ਕਬੱਡੀ ਹੁਣ ਤਾਂ ਸੁਪਨਿਆਂ 'ਚ ਵੀ ਦਿਸਦੀ ਰਹਿੰਦੀ ਹੈ। ਉਸ ਮੁਤਾਬਿਕ ਸਾਰੇ ਦਿਨ ਵਿੱਚ ਸੋਨੀ ਫੱਕਰਝੰਡੇ ਨੇ ਸਭ ਤੋਂ ਵੱਧ 13 ਜੱਫੇ ਲਾਏ ਅਤੇ ਕੁਲਵਿੰਦਰ ਧਰਮਪੁਰਾ ਨੇ 38 ਕੌਡੀਆਂ ਪਾ ਕੇ 33 ਨੰਬਰ ਲਏ।

ਉੱਘੇ ਗਾਇਕ ਅੰਗਰੇਜ਼ ਅਲੀ ਅਤੇ ਬਲਦੇਵ ਔਜਲਾ ਬੁਲਟ ਨੇ ਗੀਤਾਂ ਨਾਲ ਰੌਣਕਾਂ ਲਾਈਆਂ, ਗੁਰਪਾਲ ਉੱਪਲ, ਸਾਬਕਾ ਡੀ ਐਸ ਪੀ ਸੁਰਿੰਦਰ ਸਿੰਘ ਵੜੈਚ, ਸੁਖਦੇਵ ਸਿੰਘ ਔਜਲਾ, ਪੰਮਾ ਔਜਲਾ, ਬਿੰਦੀ ਸੋਹੀ, ਭਿੰਦਾ ਸੋਹੀ, ਇੰਦਰਜੀਤ ਲੰਡਨ, ਬਲਜਿੰਦਰ ਜੈਨਪੁਰੀਆ, ਜਸਪਾਲ ਸਵਾਲ, ਬਾਗੀ ਅਟਵਾਲ ਨੇ ਵੀ ਸਾਰਾ ਦਿਨ ਕਬੱਡੀ ਦਾ ਅਨੰਦ ਮਾਣਿਆਂ। ਭਿੰਦਾ ਮੁਠੱਡਾ, ਸੋਖਾ ਢੇਸੀ, ਅਮਨ ਲੋਪੋ, ਤੇਲੂ, ਮਿੱਠਾ ਨੇ ਕੁਮੈਂਟਰੀ ਨਾਲ ਰੌਣਕਾਂ ਲਾਈਆਂ।

ਮਨੀ ਧੂੜ, ਗਾਲਿਬ, ਸਵਰਨਾ, ਜ਼ੈਲਾ, ਗੋਪੀ, ਲਾਲਾ ਅਤੇ ਸਾਥੀਆਂ ਨੇ ਆਪਣੀਆਂ ਡਿਊਟੀਆਂ ਨਿਭਾਈਆਂ। ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਯੂ ਟਿਊਬ ਚੈਨਲ ਦਾ ਪ੍ਰਬੰਧ ਸੱਤੀ ਵੇਖ ਰਿਹਾ ਸੀ ਅਤੇ ਸ਼ੀਰੇ ਕਵੈਂਟਰੀ ਵਾਲੇ ਦਾ ਸਪੀਕਰ ਪੂਰਾ ਬੋਲਦਾ ਰਿਹਾ।

ਕੁੱਲ ਮਿਲਾ ਕੇ ਸਾਊਥਾਲ ਦਾ ਕਬੱਡੀ ਟੂਰਨਾਮੈਂਟ ਹਰ ਪੱਖੋਂ ਕਾਮਯਾਬ ਰਿਹਾ। ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵੱਲੋਂ ਲੰਗਰਾਂ ਦੀ ਸੇਵਾ ਕੀਤੀ ਗਈ। ਪ੍ਰਬੰਧਕਾਂ ਵੱਲੋਂ ਫੈਡਰੇਸ਼ਨ, ਇੰਗਲੈਂਡ ਦੀਆਂ ਕਬੱਡੀ ਕਲੱਬਾਂ ਦੇ ਨੁਮਾਇੰਦਿਆਂ ਅਤੇ ਸਹਿਯੋਗੀਆਂ ਦੇ ਵਿਸ਼ੇਸ਼ ਸਨਮਾਨ ਕੀਤੇ ਗਏ। ਆਖਿਰ ਵਿੱਚ ਫੈਡਰੇਸ਼ਨ ਦੇ ਪ੍ਰਧਾਨ ਕੰਮਾ ਔਜਲਾ ਅਤੇ ਸਾਊਥਾਲ ਦੇ ਪ੍ਰਧਾਨ ਪਾਲਾ ਬਾਜਵਾ ਨੇ ਸਮੂਹ ਖਿਡਾਰੀਆਂ, ਪ੍ਰਬੰਧਕਾਂ ਅਤੇ ਸਹਿਯੋਗੀਆਂ ਦੇ ਨਾਲ ਨਾਲ ਦਰਸ਼ਕਾਂ ਦਾ ਧੰਨਵਾਦ ਕੀਤਾ।


**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ । ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ ।

**07966 388 388**


# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**


**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**


PANJAB TIMES, Bridle Gate Lane, Alvaston, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388


**ਆਓ ਚੌਥੀ ਪੰਗਤੀ ਦੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...**



# ਲੰਡਨ ਵਿੱਚ ਸਿੱਖਾਂ ਵੱਲੋਂ ਜੂਨ 1984 ਦੇ ਸ੍ਰੀ ਦਰਬਾਰ ਸਾਹਿਤ ਤੇ ਹਮਲੇ ਨੂੰ ਲੈ ਕੇ ਰੋਸ ਪ੍ਰਦਰਸ਼ਨ 1984 ਘੱਲੂਘਾਰੇ 'ਚ ਬਰਤਾਨੀਆਂ ਸਰਕਾਰ ਦੀ ਭੂਮਿਕਾ ਦੀ ਜਾਂਚ 31 ਜੁਲਾਈ ਤੱਕ ਸ਼ੁਰੂ ਕਰਨ ਦੀ ਮੰਗ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਵਿੱਚ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਤੇ ਉਸ ਸਮੇਂ ਦੀ ਕਾਂਗਰਸ ਸਰਕਾਰ ਦੀ ਸ਼ਹਿਰ ਤੇ ਭਾਰਤੀ ਫੌਜ ਵੱਲੋਂ ਕੀਤੇ ਹਮਲੇ ਦੀ 41ਵੀਂ ਵਰ੍ਹੇਗੰਢ ਮੌਕੇ ਸਿੱਖਾਂ ਵੱਲੋਂ ਭਾਰੀ ਰੋਸ ਪ੍ਰਦਰਸ਼ਨ ਕੀਤਾ ਗਿਆ। ਜਿਸ ਵਿੱਚ ਬਰਤਾਨੀਆਂ ਦੀ ਲੇਬਰ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ 31 ਜੁਲਾਈ 2025 ਤੱਕ ਬਰਤਾਨੀਆਂ ਸਰਕਾਰ ਦੀ 1984 ਘੱਲੂਘਾਰੇ ਵਿੱਚ ਭੂਮਿਕਾ ਦੀ ਜਨਤਕ ਜਾਂਚ ਸ਼ੁਰੂ ਨਾ ਕੀਤੀ ਤਾਂ 1 ਅਗਸਤ ਤੋਂ ਜਾਂਚ ਦਾ ਵਿਰੋਧ ਕਰਨ ਵਾਲੇ ਸਾਂਸਦਾਂ ਦਾ ਵਿਰੋਧ ਸ਼ੁਰੂ ਕੀਤਾ ਜਾਵੇਗਾ।***


ਲੰਡਨ ਵਿੱਚ ਜੂਨ 1984 ਦੇ ਘੱਲੂਘਾਰੇ ਸਬੰਧੀ ਰੋਸ ਪ੍ਰਦਰਸ਼ਨ ਕਰਦੇ ਹੋਏ ਸਿੱਖ

ਹਜ਼ਾਰਾਂ ਸਿੱਖ ਸਵੇਰੇ ਵੈਲਿੰਗਟਨ ਆਰਚ ਵਿਖੇ ਇਕੱਠੇ ਹੋਣੇ ਸ਼ੁਰੂ ਹੋਏ ਅਤੇ ਮਾਰਚ ਕਰਦਿਆਂ ਟ੍ਰੈਫਲਗਰ ਸਕੁਏਅਰ ਪਹੁੰਚੇ। ਜਿੱਥੇ ਇਨਸਾਫ ਰੈਲੀ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਸਿੱਖਾਂ ਨਾਲ ਭਾਰਤ ਵਿੱਚ ਹੋਈਆਂ ਵਧੀਕੀਆਂ ਅਤੇ ਹੁਣ ਤੱਕ ਇਨਸਾਫ ਨਾ ਦਿੱਤੇ ਜਾਣ ਬਾਰੇ ਖੁੱਲ੍ਹ ਕੇ ਵਿਚਾਰਾਂ ਕੀਤੀਆਂ। ਰੋਸ ਪ੍ਰਦਰਸ਼ਨ ਵਿੱਚ ਸਾਊਥਾਲ, ਬ੍ਰਮਿੰਘਮ, ਕਵੈਂਟਰੀ, ਡਰਬੀ, ਇਲਫੋਰਡ ਅਤੇ ਵੁਲਵਰਹੈਂਪਟਨ, ਸਲੋਹ ਆਦਿ ਸ਼ਹਿਰਾਂ ਤੋਂ ਹਜ਼ਾਰਾਂ ਸਿੱਖਾਂ ਨੇ ਸ਼ਮੂਲੀਅਤ ਕੀਤੀ। ਰੋਸ ਰੈਲੀ ਨੂੰ ਐਫ ਐਸ ਓ ਦੇ ਕੋਆਰਡੀਨੇਟਰ ਭਾਈ ਜੋਗਾ ਸਿੰਘ, ਭਾਈ ਕੁਲਦੀਪ ਸਿੰਘ ਚਹੇੜੂ, ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਅਮਰੀਕ ਸਿੰਘ ਗਿੱਲ, ਭਾਈ ਮਨਿੰਦਰ ਸਿੰਘ ਕੈਨੇਡਾ, ਭਾਈ ਦਬਿੰਦਰਜੀਤ ਸਿੰਘ, ਡਾ: ਗੁਰਤੇਜ ਸਿੰਘ ਅਮਰੀਕਾ, ਬਲਵਿੰਦਰ ਸਿੰਘ ਵੁਲਵਰਹੈਂਪਟਨ, ਮਨਪ੍ਰੀਤ ਸਿੰਘ ਖਾਲਸਾ, ਨਰਿੰਦਰਜੀਤ ਸਿੰਘ ਥਾਂਦੀ, ਸ: ਰਾਜਿੰਦਰ ਸਿੰਘ ਪੁਰੇਵਾਲ, ਜਸ ਸਿੰਘ ਡਰਬੀ, ਹਰਵਿੰਦਰ ਸਿੰਘ, ਬਸੰਤ ਕੌਰ, ਸੁਰਿੰਦਰ ਕੌਰ, ਗੁਰਪ੍ਰਤਾਪ ਸਿੰਘ ਢਿੱਲੋਂ ਆਦਿ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਭਾਈ ਦਬਿੰਦਰਜੀਤ ਸਿੰਘ ਨੇ ਕਿਹਾ ਕਿ ਯੂ ਕੇ ਦੇ 400 ਤੋਂ ਵੱਧ ਗੁਰਦੁਆਰਿਆਂ ਅਤੇ ਸਿੱਖ ਸੰਗਠਨਾਂ ਨੇ 31 ਮਾਰਚ 2025 ਨੂੰ ਕੀਰ ਸਟਾਰਮਰ ਨੂੰ ਪੱਤਰ ਲਿਖ ਕੇ ਇੱਕ ਸੁਤੰਤਰ ਜਨਤਕ ਜਾਂਚ ਕਰਵਾਉਣ ਦੀ ਉਹਨਾਂ ਦੀ ਲਿਖਤੀ ਵਚਨਬੱਧਤਾ ਨੂੰ ਮੁੜ ਯਾਦ ਕਰਵਾਇਆ ਗਿਆ। ਉਹਨਾਂ ਕਿਹਾ ਕਿ ਉਪ ਪ੍ਰਧਾਨ ਮੰਤਰੀ ਐਂਜੇਲਾ ਰੇਨਰ ਵੱਲੋਂ 1 ਜੂਨ 2024 ਨੂੰ ਇੱਕ ਜਨਤਕ ਵਚਨਬੱਧਤਾ ਨੂੰ ਵੀ ਇੱਕ ਸਾਲ ਬੀਤ ਚੁੱਕਾ ਹੈ ਲੇਕਨ ਸਰਕਾਰ ਵੱਲੋਂ ਅਜੇ ਤੱਕ ਕੋਈ ਪ੍ਰਕ੍ਰਿਆ ਸ਼ੁਰੂ ਨਹੀਂ ਕੀਤੀ। ਜੇਕਰ ਲੇਬਰ ਸਰਕਾਰ ਆਪਣਾ ਵਾਅਦਾ ਤੋੜਦੀ ਹੈ ਤਾਂ ਇਸਨੂੰ ਵਿਸ਼ਵਾਸਘਾਤ ਵਜੋਂ ਦੇਖਿਆ ਜਾਵੇਗਾ ਜਿਸਨੂੰ ਸਿੱਖ ਕਦੇ ਮਾਫ਼ ਨਹੀਂ ਕਰਨਗੇ।

ਲੇਬਰ ਸੰਸਦ ਮੈਂਬਰਾਂ, ਕੁਝ ਮੰਤਰੀਆਂ, ਲੇਬਰ ਕੌਂਸਲਾਂ ਦੇ ਆਗੂਆਂ ਅਤੇ ਸਿੱਖ ਭਾਈਚਾਰੇ ਵੱਲੋਂ ਵਾਰ ਵਾਰ ਮੰਗ ਕਰਨ ਤੇ ਵੀ 11 ਮਹੀਨੇ ਤੋਂ ਚੱਲ ਰਹੀ ਲੇਬਰ ਸਰਕਾਰ ਦੀ ਚੁੱਪ ਤੇ ਸਵਾਲ ਉਠ ਰਹੇ ਹਨ। ਇਸ ਮੌਕੇ ਭਾਈ ਹਰਦੀਸ਼ ਸਿੰਘ, ਤਰਸੇਮ ਸਿੰਘ ਦਿਓਲ, ਜਸਪਾਲ ਸਿੰਘ ਬੈਂਸ, ਜਤਿੰਦਰ ਸਿੰਘ ਬਾਸੀ, ਰਘਬੀਰ ਸਿੰਘ ਬੀਰਾ, ਗੁਰਨਾਮ ਸਿੰਘ ਆਦਿ ਵੀ ਹਾਜ਼ਰ ਸਨ।

## ਭੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com




## ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਲੈਸਟਰ ਦੇ ਵੱਖ-ਵੱਖ ਗੁਰੂ ਘਰਾਂ ਵਿੱਚ ਸ਼ਰਧਾ ਸਹਿਤ ਮਨਾਇਆ ਗਿਆ






ਲੈਸਟਰ-(ਸੁਖਜਿੰਦਰ ਢੱਡੇ)- ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ 319ਵਾਂ ਸ਼ਹੀਦੀ ਦਿਹਾੜਾ ਸ਼ਹਿਰ ਦੇ ਵੱਖ-ਵੱਖ ਗੁਰੂ ਘਰਾਂ ਵਿੱਚ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਤੇ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੀ ਸਮਾਪਤੀ ਤੇ ਵਿਸ਼ੇਸ਼ ਗੁਰਮਤਿ ਸਮਾਗਮਾਂ ਦਾ ਅਯੋਜਿਨ ਕੀਤਾ ਗਿਆ। ਵੱਡੀ ਗਿਣਤੀ ਵਿੱਚ ਸੰਗਤਾਂ ਨੇ ਗੁਰੂ ਘਰਾਂ ਵਿੱਚ ਨਤਮਸਤਕ ਹੋ ਕੇ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਸਬੰਧ ਵਿੱਚ ਗੁਰ-ਦੁਆਰਾ ਸਿੱਖ ਟੈਂਪਲ ਗੁਰੂ ਰਵਿਦਾਸ ਜੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸਜਾਏ ਗਏ ਵਿਸ਼ੇਸ਼ ਦੀਵਾਨ ਵਿੱਚ ਹਜ਼ੂਰੀ ਰਾਗੀ ਗਿਆਨੀ ਸੰਸਾਰ ਸਿੰਘ, ਭਾਈ ਕੁਲਤਾਰਨ ਸਿੰਘ ਲਾਲੀ ਨੇ ਕੀਰਤਨ ਰਾਹੀਂ ਅਤੇ ਢਾਡੀ ਜਥਾ ਗਿਆਨੀ ਜੁਗਰਾਜ ਸਿੰਘ ਨੇ ਢਾਡੀ ਵਾਰਾਂ ਦੁਆਰਾ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਸੰਤ ਗੁਰਦਿਆਲ ਸਿੰਘ, ਸਿੱਖ ਵਿਦਵਾਨ ਭਾਈ ਰਣਧੀਰ ਸਿੰਘ ਸੰਭਲ, ਸ੍ਰੀ ਲਾਲ ਚੰਦ ਲੀਹਲ, ਜਸਵੀਰ ਰਾਮ ਹੀਰ, ਗਿਆਨੀ ਝਲਮਣ ਸਿੰਘ, ਅਜਮੇਰ ਸਿੰਘ ਨਾਗਰਾ, ਬੀਬੀ ਬਲਵੀਰ ਕੌਰ, ਜਸਵਿੰਦਰ ਕੌਰ, ਸ: ਜਸਪਾਲ ਸਿੰਘ ਅਤੇ ਸ: ਮਨਮਿੰਦਰ ਸਿੰਘ ਆਦਿ ਪਤਵੰਤੇ ਹਾਜ਼ਰ ਸਨ।

# ਦਸ਼ਮੇਸ਼ ਪਿਤਾ ਦਾ ਜ਼ਫ਼ਰਨਾਮਾ ਬਨਾਮ ਔਰੰਗਜ਼ੇਬ ਦਾ ਸ਼ਿਕਸ਼ਤਨਾਮਾ

ਆਪਣੇ ਆਪ ਨੂੰ ਅਜਿੱਤ ਸਮਝਣ ਵਾਲੇ ਹਿੰਦੁਸਤਾਨ ਦੇ ਬਾਦਸ਼ਾਹ ਔਰੰਗਜ਼ੇਬ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲਿਖਿਆ ਜ਼ਫ਼ਰਨਾਮਾ (ਜਿੱਤ ਦੀ ਚਿੱਠੀ) ਮਿਲਿਆ ਔਰੰਗਜ਼ੇਬ ਨੇ ਜਦੋਂ ਜ਼ਫ਼ਰਨਾਮੇ ਵਿੱਚ ਲਿਖੀ ਤਰਕਵਾਰਤਾ ਪੜ੍ਹੀ ਤਾਂ ਉਹ ਧੁਰ ਆਤਮਾ ਤੱਕ ਹਿੱਲ ਗਿਆ ਸੀ। ਜ਼ਫ਼ਰਨਾਮੇ ਦਾ ਔਰੰਗਜ਼ੇਬ ’ਤੇ ਪਿਆ

**ਲੇਖਕ - ਜਥੇਦਾਰ ਮਹਿੰਦਰ ਸਿੰਘ ਯੂ ਕੇ**
ਮੋਬਾਈਲ ਫੋਨ:
07989 927477



ਅਸਰ, ਉਸ ਦਾ ਪ੍ਰਮਾਣ ਉਸ ਦੇ ਹੀ ਲਿਖੇ ਸ਼ਿਕਸ਼ਤਨਾਮੇ ਤੋਂ ਪ੍ਰਗਟ ਹੁੰਦਾ ਹੈ। ਜਾਦੂ ਨਾਥ ਸਰਕਾਰ ਦੇ ਕਥਨ ਅਨੁਸਾਰ ਔਰੰਗਜ਼ੇਬ ਨੇ ਆਪਣੇ ਬੇਟੇ ਆਜ਼ਮ ਨੂੰ ਲਿਖਿਆ ਕਿ ਮੈਂ ਇਕੱਲਾ ਹੀ ਆਇਆ ਸੀ ਤੇ ਇਕੱਲਾ ਹੀ ਜਾ ਰਿਹਾ ਹਾਂ। ਮੈਨੂੰ ਇਤਨਾ ਵੀ ਗਿਆਨ ਨਹੀਂ ਕਿ ਮੈਂ ਕੌਣ ਹਾਂ, ਕੀ ਕਰਦਾ ਰਿਹਾ ਹਾਂ ਅਤੇ ਕਿਥੇ ਜਾਣਾ ਹੈ ਜੋ ਸਮਾਂ ਬੰਦਗੀ ਤੋਂ ਬਗੈਰ ਮੈਂ ਗੁਜ਼ਾਰ ਦਿੱਤਾ ਉਸ ਦਾ ਮੈਨੂੰ ਪਛਤਾਵਾ ਹੈ ਮੈਂ ਆਪਣੇ ਰਾਜ ਵਿੱਚ ਚੰਗੀ ਹਕੂਮਤ ਨਹੀਂ ਕਰ ਸਕਿਆ ਅਤੇ ਨਾ ਹੀ ਪਰਜਾ ਦਾ ਪਿਆਰ ਜਿੱਤ ਸਕਿਆ ਹਾਂ ਮੈਂ ਦੁਨੀਆਂ ਵਿੱਚ ਖਾਲੀ ਹੱਥੀਂ ਆਇਆ ਸਾਂ ਪਰ ਜਾਂਦੀ ਵਾਰ ਪਾਪਾਂ ਦਾ ਭਾਰ ਨਾਲ ਲੈ ਕੇ ਜਾ ਰਿਹਾ ਹਾਂ ਸਭ ਕੁਝ ਕੋਲ ਹੁੰਦਿਆਂ ਔਰੰਗਜ਼ੇਬ ਨੇ ਸ਼ਿਕੱਸ਼ਤਨਾਮਾ (ਹਾਰ ਦੀ ਚਿੱਠੀ) ਲਿਖਿਆ। ਹਮੀਦ-ਉਦ-ਦੀਨ ਨੇ ਆਪਣੀ ਪੁਸਤਕ ਵਿੱਚ ਔਰੰਗਜ਼ੇਬ ਦੀ ਆਖਰੀ ਵਸੀਅਤ ਦਾ ਜੋ ਹਵਾਲਾ ਦਿੱਤਾ ਹੈ ਉਸ ਦੀ ਇਬਾਰਤ ਵੀ ਔਰੰਗਜ਼ੇਬ ਦੇ ਸ਼ਿਕੱਸ਼ਤਨਾਮੇ ਨਾਲ ਮਿਲਦੀ ਜੁਲਦੀ ਹੈ।

ਦੂਜੇ ਪਾਸੇ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਤੋਂ ਸਾਰਾ ਸਰਬੰਸ ਵਾਰ ਕੇ ਜ਼ਫ਼ਰਨਾਮਾ (ਜਿੱਤ ਦੀ ਚਿੱਠੀ) ਲਿਖਿਆ। ਜ਼ਫ਼ਰਨਾਮਾ ਪੜ੍ਹਨ ਤੋਂ ਬਾਅਦ ਔਰੰਗਜ਼ੇਬ ਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਈਆਂ ਵਧੀਕੀਆਂ ਦਾ ਪਛਤਾਵਾ ਗੁਰੂ ਸਾਹਿਬ ਨੂੰ ਸੰਬੋਧਨ ਹੋ ਕੇ ਹੇਠ ਲਿਖੇ ਅਨੁਸਾਰ ਕੀਤਾ।

“ਮੈਂ ਚੰਗੀ ਤਰ੍ਹਾਂ ਜਣ ਲਿਆ ਹੈ ਕਿ ਤੁਸੀਂ ਉਸ ਸੱਚੇ ਸਤਿਗੁਰੂ ਨਾਨਕ ਦੀ ਗੱਦੀ ਦੇ ਵਾਰਿਸ, ਸੱਚੇ ਖੁਦਾ-ਪ੍ਰਸਤ ਹੋ। ਮੇਰੇ ਅਮਲੇ ਨੇ ਬੁੱਤ-ਪ੍ਰਸਤ ਹਿੰਦੂ ਪਹਾੜੀ ਰਾਜਿਆਂ ਦੇ ਆਖੇ ਲੱਗ ਕੇ ਤੁਹਾਡੇ ਉਪਰ ਜ਼ੋਰ-ਜ਼ੁਲਮ ਦਾ ਵਰਤਾਵਾ ਕੀਤਾ ਹੈ। ਜਿਸ ਦੀ ਸਜ਼ਾ ਮੈਂ ਖੁਦ ਉਹਨਾਂ ਨੂੰ ਦੇਵਾਂਗਾ, ਤੇ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਦੱਖਣ ਵਿਖੇ ਆ ਕੇ ਮਿਲਣ ਲਈ ਸੱਦਾ ਭੇਜਿਆ। (ਹਵਾਲਾ - ਤਵਾਰੀਖ਼ ਗੁਰੂ ਖਾਲਸਾ ਭਾਗ-ਦੂਜਾ, ਪੰਨਾ 1085) ਗੁਰੂ ਸਾਹਿਬ ਅਜੇ ਰਾਜਪੂਤਾਨੇ ਦੇ ਸ਼ਹਿਰ ਬਘੋਰ ਵਿੱਚ ਹੀ ਸਨ ਕਿ ਫਰਵਰੀ 1707 ਵਿੱਚ ਔਰੰਗਜ਼ੇਬ ਦੀ ਮੌਤ ਹੋ ਗਈ।

ਔਰੰਗਜ਼ੇਬ ਦੀ ਮੌਤ ਤੋਂ ਬਾਅਦ ਜਦੋਂ ਔਰੰਗਜ਼ੇਬ ਦੇ ਪੁੱਤਰਾਂ ਦੀ ਦਿੱਲੀ ਦੇ ਤਖ਼ਤ ਬਦਲੇ ਆਪਸੀ ਲੜਾਈ ਸ਼ੁਰੂ ਹੋਈ ਤਾਂ ਔਰੰਗਜ਼ੇਬ ਦੇ ਵੱਡੇ ਪੁੱਤਰ ਬਹਾਦਰ ਸ਼ਾਹ ਨੇ ਭਾਈ ਨੰਦ ਲਾਲ ਸਿੰਘ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਸਾਹਿਬ ਬਹਾਦਰ ਸ਼ਾਹ ਨੂੰ ਦਿੱਲੀ ਦਾ ਤਖ਼ਤ ਦਿਵਾਉਣ ਵਿੱਚ ਮਦਦ ਕਰਨ, ਗੁਰੂ ਸਾਹਿਬ ਜੀ ਨੇ ਭਾਈ ਨੰਦ ਲਾਲ ਸਿੰਘ ਨੂੰ ਕਿਹਾ ਕਿ ਬਹਾਦਰ ਸ਼ਾਹ ਸਾਡੀਆਂ ਕੁਝ ਸ਼ਰਤਾਂ ਮੰਨਣ ਨੂੰ ਤਿਆਰ ਹੈ ਤਾਂ ਅਸੀਂ ਉਸ ਦੀ ਯੁੱਧ ਵਿੱਚ ਮਦਦ ਕਰਾਂਗੇ ਬਹਾਦਰ ਸ਼ਾਹ ਨੇ ਗੁਰੂ ਸਾਹਿਬ ਦੀਆਂ ਸ਼ਰਤਾਂ ਮੰਨ ਲਈਆਂ ਅਤੇ ਉਹ ਸ਼ਰਤਾਂ ਸਨ:

(1) ਹਿੰਦੂ, ਮੁਸਲਮਾਨਾਂ ਅਤੇ ਸਿੱਖਾਂ ਨੂੰ ਇਕ ਸਮਾਨ ਜਾਣੇਂਗਾ। (2) ਇਨਸਾਫ ਕਰੇਂਗਾ। (3) ਦੂਜੇ ਦੇ ਧਰਮ ਵਿੱਚ ਦਖ਼ਲ ਨਹੀਂ ਦੇਵੇਂਗਾ। (4) ਜਿਨ੍ਹਾਂ ਨੇ ਬੇਦੋਸ਼ਿਆਂ ਨੂੰ ਮਾਰਿਆ ਹੈ ਉਨ੍ਹਾਂ ਨੂੰ ਸਜ਼ਾਵਾਂ ਦੇਵੇਂਗਾ (ਇਥੇ ਗੁਰੂ ਸਾਹਿਬ ਦਾ ਇਸ਼ਾਰਾ ਸਰਹੰਦ ਦੇ ਨਵਾਬ ਵਜ਼ੀਰ ਖਾਨ ਵੱਲ ਸੀ ਜਿਸ ਨੇ ਗੁਰੂ ਸਾਹਿਬ ਦੇ ਦੋਵੇਂ ਨਿਰਦੋਸ਼ ਅਤੇ ਮਾਸੂਮ ਛੋਟੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿੱਚ ਚਿਣਵਾਉਣ ਤੋਂ ਬਾਅਦ ਜਦੋਂ ਦੀਵਾਰ ਡਿੱਗ ਪਈ ਤਾਂ ਸ਼ਾਸ਼ਲਬੇਗ ਅਤੇ ਬਾਸ਼ਲ ਕੋਲੋਂ ਕੋਹ-ਕੋਹ ਕੇ ਸ਼ਹੀਦ ਕਰਵਾ ਦਿੱਤਾ ਸੀ)

ਜੂਨ 1707 ਨੂੰ ਜੈਜੂ ਦੇ ਮੈਦਾਨ ਵਿੱਚ ਆਪਣੇ ਛੋਟੇ ਭਰਾ ਤਾਰਾ ਆਜ਼ਮ ਨਾਲ ਬਹਾਦਰ ਸ਼ਾਹ ਨੇ ਜੰਗ ਲੜੀ। ਗੁਰੂ ਸਾਹਿਬ ਨੇ ਧਰਮ ਸਿੰਘ ਦੀ ਅਗਵਾਈ ਵਿੱਚ ਜਥਾ ਬਹਾਦਰ ਸ਼ਾਹ ਦੀ ਮਦਦ ਲਈ ਭੇਜਿਆ। ਇਸ ਜੰਗ ਵਿੱਚ ਤਾਰਾ ਆਜ਼ਮ ਮਾਰਿਆ ਗਿਆ ਅਤੇ ਗੁਰੂ ਸਾਹਿਬ ਦੀ ਜੰਗੀ ਮਦਦ ਨਾਲ ਬਹਾਦਰ ਸ਼ਾਹ ਦੀ ਜਿੱਤ ਹੋਈ।

ਬਹਾਦਰ ਸ਼ਾਹ ਜੇਤੂ ਬਾਦਸ਼ਾਹ ਬਣ ਕੇ 19 ਜੂਨ, 1707 ਨੂੰ ਆਗਰੇ ਦਾਖ਼ਲ ਹੋਇਆ। ਬਹਾਦਰ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਇਨ੍ਹਾਂ ਸ਼ਬਦਾਂ ਨਾਲ ਧੰਨਵਾਦ ਕੀਤਾ ਕਿ

ਅੱਜ ਦੀਦਾਰੇ ਫ਼ੇਜ਼ ਆਸਰੇ ਏਸ਼ਾ ਤਮਾਮ।
ਗਮ ਅਜ ਜਾਮ ਦੂਰ ਸ਼ੁਦਹ।
(ਉਮਦਾਤ-ਉਲ-ਤ੍ਵਾਰੀਖ਼, ਪੰਨਾ 62)

ਅਰਥਾਤ ਠੀਕ ਗੱਲ ਤਾਂ ਇਹ ਹੈ ਕਿ ਇਹ ਸਲਤਨਤ ਤੇ ਬਾਦਸ਼ਾਹਤ ਆਪ ਜੀ ਦੇ ਰਹਿਮ ’ਤੇ ਦਇਆ ਸਦਕਾ ਹੀ ਪ੍ਰਾਪਤ ਹੋਈ ਹੈ। ਬਹਾਦਰ ਸ਼ਾਹ ਨੇ ਗੁਰੂ ਸਾਹਿਬ ਦਾ ਧੰਨਵਾਦ ਕਰਨ ਲਈ ਗੁਰੂ ਸਾਹਿਬ ਜੀ ਨੂੰ ਆਗਰੇ ਸ਼ਾਹੀ ਦਰਬਾਰ ਵਿਖੇ ਦਰਸ਼ਨ ਦੇਣ ਦੀ ਬੇਨਤੀ ਕੀਤੀ ਅਤੇ ਜਦੋਂ ਗੁਰੂ ਸਾਹਿਬ ਜੀ ਨੇ ਆਗਰੇ ਦਰਬਾਰ ਵਿਖੇ ਦਰਸ਼ਨ ਦਿੱਤੇ ਤਾਂ ਬਹਾਦਰ ਸ਼ਾਹ ਨੇ ਇਨ੍ਹਾਂ ਸ਼ਬਦਾਂ ਨਾਲ ਗੁਰੂ ਸਾਹਿਬ ਜੀ ਨੂੰ ਜੀ ਆਇਆਂ ਆਖਿਆ, ਆਮ ਤੌਰ ’ਤੇ ਸ਼ਸ਼ਤਰਾਂ ਸਮੇਤ ਕਿਸੇ ਨੂੰ ਸ਼ਾਹੀ ਦਰਬਾਰ ਵਿੱਚ ਜਾਣ ਦੀ ਆਗਿਆ ਨਹੀਂ ਸੀ ਹੁੰਦੀ, ਪਰ ਗੁਰੂ ਗੋਬਿੰਦ ਸਿੰਘ ਸ਼ਸ਼ਤਰਾਂ ਸਮੇਤ ਸ਼ਾਹੀ ਦਰਬਾਰ ਵਿੱਚ ਬਹਾਦਰ ਸ਼ਾਹ ਨੂੰ ਮਿਲੇ ਅਤੇ ਉਸ ਨੇ ਹੇਠ ਲਿਖੇ ਅਨੁਸਾਰ ਗੁਰੂ ਸਾਹਿਬ ਦੇ ਚਰਨੀਂ ਹੱਥ ਲਾਕੇ ਉਨ੍ਹਾਂ ਦਾ ਸੁਆਗਤ ਕੀਤਾ। ਕਵੀ ਸੈਨਾਪਤਿ ਸ੍ਰੀ ਗੁਰ ਸੋਭਾ ਵਿੱਚ ਲਿਖਦਾ ਹੈ:

ਚੜ੍ਹੀ ਕਮਾਨ ਸ਼ਸ਼ਤਰ ਸਬ ਸਾਰੇ।
ਕਲਗੀ ਛਬ ਹੈ ਅਪਰ ਅਪਾਰੇ
ਲਟਕਤ ਚਲਤ ਤਹਾਂ ਚਲ ਆਏ
ਸ਼ਾਹ ਪਾਸ ਬੈਠੇ ਇਮ ਜਾਏ।

ਬਹਾਦਰ ਸ਼ਾਹ ਨੇ ਗੁਰੂ ਦੇ ਚਰਨੀਂ ਹੱਥ ਲਾਕੇ ਆਖਿਆ ਕਿ ਮੈਨੂੰ ਇਸ ਮੁਲਕ ਦਾ ਤਖ਼ਤ ਆਪ ਜੀ ਦੀ ਕ੍ਰਿਪਾ ਦੁਆਰਾ ਹੀ ਪ੍ਰਾਪਤ ਹੋਇਆ ਹੈ:

ਚਰਨ ਕਵਲ ਕੋ ਹਾਥ ਚਲਾਏ।
ਥਾਪੀ ਦਈ ਪ੍ਰਭੂ ਬਿਗਸਾਏ
(ਗੁਰੂ ਸਾਹਿਬ ਨੇ ਬਹਾਦਰ ਸ਼ਾਹ ਨੂੰ ਥਾਪੀ ਦਿੱਤੀ)
ਧੰਨ ਧੰਨ ਪ੍ਰਭ ਅਲਖ ਅਪਾਰਾ
ਨਿਹਚਲ ਕੀਨੋ ਰਾਜ ਹਮਾਰਾ
ਦਯਾ ਧਾਰਿ ਹਮਰੇ ਘਰ ਆਏ,
ਤਖ਼ਤ ਬਖ਼ਤ ਤੁਮ ਤੇ ਪ੍ਰਭ ਪਾਏ॥
ਆਦਰ ਬਹੁਤ ਪ੍ਰਭੁ ਕਾ ਕੀਨਾ।
ਤਾਹੀ ਸਮੈ ਬਿਦਾ ਕਰ ਦੀਨਾ।
ਕਲਗੀ ਔਰ ਧੁਗਧੁਗੀ ਆਨੀ।
ਖਿਲਅਤ ਏਕ ਸ਼ਾਹ ਮਨਮਾਨੀ।
ਸ਼ਾਹ ਪ੍ਰਭੁ ਕੋ ਭੇਟ ਚੜ੍ਹਾਈ।
ਖ਼ੁਸ਼ੀ ਕਰੋ ਤੁਮ ਸੋ ਬਨ ਆਈ।

ਆਮ ਤੌਰ ‘ਤੇ ਬਾਦਸ਼ਾਹ ਵੱਲੋਂ ਦਿੱਤੀ ਖਿਲਅਤ ਬਾਦਸ਼ਾਹ ਦੇ ਸਾਹਮਣੇ ਦਰਬਾਰ ਵਿੱਚ ਹੀ ਪਹਿਨਣੀ ਪੈਂਦੀ ਸੀ। ਪੂਰੂ ਗੁਰੂ ਸਾਹਿਬ ਨੇ ਸਿੰਘਾਂ ਨੂੰ ਅੰਦਰ ਬੁਲਾ ਕੇ ਆਖਿਆ ਕਿ ਸਭ ਵਸਤਾਂ ਉਠਾ ਕੇ ਡੇਰੇ ਲੈ ਚੱਲੋ, ਅਰਥਾਤ-

ਤਾਂਹਿ ਸਮੇਂ ਪ੍ਰਭ ਨੇ ਫੁਰਮਾਯੋ।
ਅੰਦਰਿ ਸ਼ਾਹਿ ਪੈ ਸਿੰਘ ਬੁਲਾਯੋ।
ਬਸਤ੍ਰ ਤਾਂਹਿ ਪਾਸ ਉਠਵਾਏ।
ਬਿਦਾ ਭਏ ਪ੍ਰਭ ਡੇਰੇ ਆਏ॥
ਕਰਤ ਅਨੰਦ ਕੇਲ ਪ੍ਰਭ ਘਨੀ।
ਪ੍ਰਭ ਕੀ ਉਪਮਾ ਪ੍ਰਭ ਕੋ ਬਨੀ।

ਗੁਰੂ ਗੋਬਿੰਦ ਸਿੰਘ ਜੀ ਨੇ ਬਹਾਦਰ ਸ਼ਾਹ ਤੋਂ ਵਿਦਾਇਗੀ ਲੈਣ ਤੋਂ ਪਹਿਲਾਂ ਜਦੋਂ ਉਸ ਨੂੰ ਗੁਰੂ ਨਾਲ ਕੀਤੇ ਚਾਰ ਸ਼ਰਤਾਂ ਵਾਲੇ ਅਹਿਦਨਾਮੇ ਦਾ ਚੇਤਾ ਕਰਾਇਆ ਤਾਂ ਬਹਾਦਰ ਸ਼ਾਹ ਨੇ ਗੁਰੂ ਸਾਹਿਬ ਕੋਲੋਂ ਇਹ ਅਹਿਦਨਾਮਾ ਲਾਗੂ ਕਰਨ ਲਈ ਇਹ ਆਖ ਕੇ ਇਕ ਸਾਲ ਦਾ ਸਮਾਂ ਮੰਗ ਲਿਆ ਕਿ ਐਸਾ ਕਰਨ ਨਾਲ ਬਾਕੀ ਦੇ ਸੂਬੇ ਵੀ ਬਿਗੜ ਕੇ ਆਕੀ ਹੋ ਜਾਣਗੇ ਅਤੇ ਸ਼ਰਾ ਦੀ ਫਾਹੀ ਵੀ ਮੇਰੇ ਗੱਲ ਵਿੱਚ ਪਈ ਹੋਈ ਹੈ ਅਤੇ ਮੈਨੂੰ ਇਕ ਸਾਲ ਦਾ ਸਮਾਂ ਚਾਹੀਦਾ ਹੈ।

ਮੈਂ ਭੂਲਿਓ ਤੁਮ ਬਖ਼ਸ਼ਣਹਾਰੇ।
ਬੋਲਿਯੋ ਕਰੂਰ ਤ੍ਰਾਸ ਉਰਧਾਰੇ।
ਬਿਗਰੈਂ ਸੂਬੇ ਹੋਇੰ ਮੁਵਾਸੀ-ਪੁਨ ਲਗ
ਪਰੀ ਸ਼ਰਾ ਕੀ ਫਾਂਸੀ (ਗੁਰਪ੍ਰਤਾਪ ਸੂਰਜ ਐਨ 2 ਅੰਸੂ 14)

ਇਸ ਮੁਲਾਕਾਤ ਤੋਂ ਬਾਅਦ ਬਹਾਦਰ ਸ਼ਾਹ ਦੱਖਣ ਨੂੰ ਚਲਾ ਗਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਵੀ ਸਿੱਖੀ ਦਾ ਪ੍ਰਸਾਰ ਪ੍ਰਚਾਰ ਕਰਦੇ ਹੋਏ ਨਾਂਦੇੜ ਪਹੁੰਚ ਗਏ। ਨਾਂਦੇੜ ਵਿਖੇ ਹੀ ਇਕ ਦਿਨ ਜਦੋਂ ਗੁਰੂ ਸਾਹਿਬ ਜੀ ਗੋਦਾਵਰੀ ਨਦੀ ਦੇ ਕੰਢੇ ਸੰਗਤਾਂ ਨੂੰ ਦਰਸ਼ਨ ਦੇ ਰਹੇ ਸਨ ਤਾਂ ਬਹਾਦਰ ਸ਼ਾਹ ਨੇ ਆ ਕੇ ਇਕ ਕੀਮਤੀ ਹੀਰਾ ਭੇਟ ਕੀਤਾ, ਅੱਜ ਕੱਲ੍ਹ ਉਸ ਅਸਥਾਨ ਵਿਖੇ ਹੀਰਾ ਘਾਟ ਗੁਰਦੁਆਰਾ ਸੁਸ਼ੋਭਿਤ ਹੈ। ਗੁਰੂ ਸਾਹਿਬ ਜੀ ਨੇ ਬਹਾਦਰ ਸ਼ਾਹ ਨੂੰ ਆਖਿਆ ਕਿ ਸਾਨੂੰ ਹੀਰਿਆਂ ਦੀ ਲੋੜ ਨਹੀਂ ਹੈ, ਸਗੋਂ ਅਸੀਂ ਤਾਂ ਤੁਹਾਨੂੰ ਇਹ ਯਾਦ ਕਰਾਉਣਾ ਚਾਹੁੰਦੇ ਹਾਂ ਕਿ ਜੂਨ 1707 ਨੂੰ ਦਿੱਲੀ ਵਿਖੇ ਸਾਡੇ ਨਾਲ ਕੀਤੇ ਅਹਿਦਨਾਮੇ ਨੂੰ ਅਮਲੀ ਰੂਪ ਦੇਣ ਲਈ ਤੁਸੀਂ ਇਕ ਸਾਲ ਦਾ ਸਮਾਂ ਮੰਗਿਆ ਸੀ ਅਤੇ ਅੱਜ ਇਹ ਸਮਾਂ ਇਕ ਸਾਲ ਤੋਂ ਉੱਤੇ ਹੋ ਗਿਆ ਹੈ ਤੇ ਹੁਣ ਅਸੀਂ ਤੇਰੇ ਕੋਲੋਂ ਜਵਾਬ ਚਾਹੁੰਦੇ ਹਾਂ। ਬਹਾਦਰ ਸ਼ਾਹ ਇਸ ਦਾ ਕੋਈ ਸਪੱਸ਼ਟ ਜਵਾਬ ਨਾ ਦੇ ਸਕਿਆ ਸਗੋਂ ਆਪਣੀ ਪਹਿਲਾਂ ਵਾਲੀ ਮਜਬੂਰੀ ਦੱਸ ਕੇ ਹੀ ਆਨਾ-ਕਾਨੀ ਕਰਦਾ ਰਿਹਾ। ਜਾਣੀ ਜਾਣ ਗੁਰੂ ਭਾਂਪ ਗਏ ਕਿ ਬਹਾਦਰ ਸ਼ਾਹ ਅਹਿਦਨਾਮੇ ਨੂੰ ਅਮਲੀ ਰੂਪ ਦੇਣ ਲਈ ਸੁਹਿਰਦ ਨਹੀਂ ਹੈ ਅਤੇ ਟਾਲ ਮਟੋਲ ਕਰ ਰਿਹਾ ਹੈ।

ਗੁਰੂ ਸਾਹਿਬ ਜੀ ਨੂੰ ਵਿਸ਼ਵਾਸ਼ ਹੋ ਗਿਆ ਕਿ ਬਹਾਦਰ ਸ਼ਾਹ ਗੱਲੀਂ ਬਾਤੀਂ ਇਕਰਾਰ ਨਾਮੇ ਤੋਂ ਮੁਕਰ ਰਿਹਾ ਹੈ ਤੇ ਹੁਣ ਸਾਨੂੰ ਆਪ ਹੀ ਕੁਝ ਕਰਨਾ ਪਵੇਗਾ।

(ਚਲਦਾ ਬਾਕੀ ਅਗਲੇ ਹਫ਼ਤੇ)

ਗੁਰੂ ਪੰਥ ਦਾ ਦਾਸ
ਜਥੇਦਾਰ ਮਹਿੰਦਰ ਸਿੰਘ ਯੂ.ਕੇ.

* * * * * *



# ਪੰਜਾਬ ਦੀ ਤਬਾਹੀ ਲਈ ਜ਼ਿੰਮੇਵਾਰ ਕਾਰਕਾਂ ਦੀ ਨਿਸ਼ਾਨਦੇਹੀ ਜ਼ਰੂਰੀ

ਗੁਰਮੀਤ ਸਿੰਘ ਪਲਾਹੀ
-9815802070



ਜਦੋਂ ਪੰਜਾਬ ਵਿੱਚ ਕਿਸੇ ਵੀ ਕਿਸਮ ਦੀਆਂ ਚੋਣਾਂ ਆਉਂਦੀਆਂ ਹਨ, ਪੰਜਾਬ ਦੇ ਨੇਤਾ ਪੰਜਾਬ ਦੇ ਮੁੱਦਿਆਂ, ਮਸਲਿਆਂ, ਪੰਜਾਬ ਨਾਲ ਹੋਏ ਵਿਤਕਰਿਆਂ ਦੀ ਗੱਲ ਕਰਦੇ ਹਨ ; ਪਰ ਫਿਰ ਚੁੱਪ ਧਾਰ ਲੈਂਦੇ ਹਨ।

ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਦਾ ਮਸਲਾ ਹੋਵੇ, ਭਾਖੜਾ ਨੰਗਲ ਡੈਮ 'ਚੋਂ ਪਾਣੀ ਛੱਡਣ ਦਾ ਮਾਮਲਾ ਹੋਵੇ, ਪੰਜਾਬ ਨੂੰ ਚੰਡੀਗੜ੍ਹ ਸੌਂਪਣ ਦੀ ਗੱਲ ਹੋਵੇ,ਨਸ਼ਿਆਂ ਦੀ ਭਰਮਾਰ, ਨੌਜਵਾਨਾਂ 'ਚ ਵੱਧ ਰਹੀ ਬੇਰੁਜ਼ਗਾਰੀ ਦਾ ਭਖ਼ਦਾ ਮਸਲਾ ਹੋਵੇ, ਕਿਸਾਨਾਂ ਨੂੰ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਦੇਣ ਦੀ ਗੱਲ ਹੋਵੇ ਜਾਂ ਮਜ਼ਦੂਰਾਂ, ਖੇਤ ਮਜ਼ਦੂਰਾਂ, ਬੇਰੁਜ਼ਗਾਰਾਂ ਲਈ ਰੁਜ਼ਗਾਰ ਜਾਂ ਉਹਨਾਂ ਲਈ ਘੱਟੋ-ਘੱਟ ਮਿਹਨਤਾਨਾ ਦੇਣ ਦਾ ਮਸਲਾ ਹੋਵੇ, ਇਸ ਸੰਬੰਧੀ ਚਰਚਾ, ਬਿਆਨਬਾਜ਼ੀ ਕਰਕੇ ਸਿਆਸੀ ਧਿਰਾਂ ਦੇ ਢੁੱਠਾਂ ਵਾਲੇ ਨੇਤਾ ਆਪਣੇ ਮਨ ਦਾ ਗ਼ੁਬਾਰ ਕੱਢਦੇ ਹਨ, ਇੱਕ-ਦੂਜੇ ਨੂੰ ਨਿੰਦਦੇ ਹਨ ਤੇ ਫਿਰ ਮੂੰਹ ਸੀਊਂ ਲੈਂਦੇ ਹਨ।

ਕੇਂਦਰ ਪੰਜਾਬ ਨਾਲ ਕੋਈ ਧੱਕਾ ਕਰਦਾ ਹੈ, ਆਪਣੀ ਪਾਰਟੀ ਦੇ ਨਿਯਮਾਂ, ਅਸੂਲਾਂ ਅਤੇ ਤਾਕਤ ਦੀ ਪ੍ਰਾਪਤੀ ਦੀ ਬਿੱਲੀ ਝਾਕ 'ਚ ਉਹ ਚੰਗਾ ਜਾਂ ਮਾੜਾ, ਸਿੱਧਾ ਜਾਂ ਵਿੰਗਾ ਬਿਆਨ ਲੋਕਾਂ ਤੋਂ ਚੰਮ ਬਚਾਉਣ ਖਾਤਰ ਦਾਗ ਦਿੰਦੇ ਹਨ ਅਤੇ ਆਪਣੇ-ਆਪ ਨੂੰ ਸੁਰਖ਼ਰੂ ਹੋ ਗਿਆ ਮਹਿਸੂਸ ਕਰਦੇ ਹਨ। ਕੀ ਇਹ ਉਹਨਾਂ ਦੀ ਸਾਜ਼ਿਸ਼ੀ ਚੁੱਪੀ ਨਹੀਂ ? ਕੀ ਇਹ ਵੋਟਾਂ ਬਟੋਰਨ ਜਾਂ ਕੁਰਸੀ ਹਥਿਆਉਣ ਲਈ ਵਰਤਿਆ ਦਾਅ-ਪੇਚ ਨਹੀਂ ?

ਇਹਨਾਂ ਸਾਰੇ ਵਿਤਕਰਿਆਂ, ਮਸਲਿਆਂ ਸੰਬੰਧੀ ਤਾਂ ਉਹ ਕਦੇ- ਕਦੇ ਦਿਲ ਦੀ ਭੜਾਸ ਕੱਢਦੇ ਹਨ,ਪਰ ਉਹ ਕਦੇ ਪੰਜਾਬ ਦੀ ਬਦਲ ਰਹੀ "ਜਨਸੰਖਿਆ ਤਸਵੀਰ", ਪੰਜਾਬ ਦੇ ਸੱਭਿਆਚਾਰ ਨੂੰ ਲੱਗ ਰਹੇ ਠੁੰਗੇ, ਪੰਜਾਬ ਦੀ ਬੋਲੀ ਨੂੰ ਅਣਗੌਲਿਆਂ ਕਰਨ ਅਤੇ ਪੰਜਾਬ ਦੇ ਹੱਕਾਂ ਨੂੰ ਖੋਹੇ ਜਾਣ ਬਾਰੇ ਕੁਝ ਬੋਲਣਾ ਤਾਂ ਦੂਰ ਕੁਸਕਦੇ ਤੱਕ ਨਹੀਂ ਹਨ।

ਸ਼ਹਿਰ ਚੰਡੀਗੜ੍ਹ ਪੰਜਾਬ ਦਾ ਹੈ, ਪੰਜਾਬ ਦੀ ਰਾਜਧਾਨੀ ਹੈ। ਬਿਨਾਂ ਸ਼ੱਕ ਇਹ ਪੰਜਾਬ ਦਾ ਰਹਿਣਾ ਚਾਹੀਦਾ ਹੈ। ਪਰ ਪਿਛਲੇ ਕਈ ਦਹਾਕਿਆਂ ਤੋਂ ਕੀ ਚੰਡੀਗੜ੍ਹ ਦੇ ਪੰਜਾਬ 'ਚ ਰਲੇਂਵੇ ਲਈ ਕਿਸੇ ਧਿਰ ਨੇ ਯਤਨ ਕੀਤਾ ? ਚੰਡੀਗੜ੍ਹ, ਪੰਜਾਬ ਦੇ ਦਰਜਨਾਂ ਪਿੰਡਾਂ ਨੂੰ ਉਜਾੜ ਕੇ ਬਣਾਇਆ ਗਿਆ ਹੈ।

ਇਹ ਸਾਰੇ ਪਿੰਡ ਪੰਜਾਬੀ ਬੋਲਦੇ ਪਿੰਡ ਸਨ। ਪਿੰਡਾਂ ਦੇ ਲੋਕਾਂ ਦੀ ਜਮੀਨ ਹਥਿਆਈ ਗਈ। ਉਹਨਾਂ ਦੇ ਉਜਾੜੇ ਉਪਰੰਤ, ਉਹਨਾਂ ਦੇ ਮੁੜ-ਵਸੇਬੇ ਲਈ ਕਿੰਨੇ ਕੁ ਉਪਰਾਲੇ ਹੋਏ ?

ਸਿਤਮ ਦੇਖੋ ! ਪਿਛਲੇ ਦਿਨੀ ਪੰਜਾਬ ਦੇ ਇਤਿਹਾਸ, ਸਭਿਆਚਾਰਕ ਅਤੇ ਸੰਵਿਧਾਨਿਕ ਵਿਰਾਸਤ ਦੀ ਪ੍ਰਤੀਕ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਨਾਮ ਬਦਲਣ ਲਈ ਤੇ ਨਾਮ ਪੰਜਾਬ ਅਤੇ ਹਰਿਆਣਾ ਯੂਨੀਵਰਸਿਟੀ ਚੰਡੀਗੜ੍ਹ ਰੱਖਣ ਦੀ ਮੰਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਯੂਨੀਅਨ ਦੇ ਪ੍ਰਧਾਨ ਵੱਲੋਂ ਰੱਖ ਦਿੱਤੀ ਗਈ। ਕਿਸ ਦੇ ਇਸ਼ਾਰੇ 'ਤੇ ? ਸੂਝਵਾਨ ਵਿਦਿਆਰਥੀਆਂ ਦੇ ਦਬਾਅ 'ਚ ਇਹ ਮੰਗ ਵਾਪਸ ਲੈਣੀ ਪਈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਪੰਜਾਬ ਦੀ ਹਰ ਚੀਜ਼ ਹਥਿਆਉਣ ਅਤੇ ਪੰਜਾਬ ਨੂੰ ਬੇਰੰਗ ਕਰਨ ਦੀ ਸਾਜ਼ਿਸ਼ ਕਿੱਥੋਂ ਘੜੀ ਜਾ ਰਹੀ ਹੈ ?

*** ਕੀ ਪੰਜਾਬ ਦੀ ਕਿਸੇ ਸਿਆਸੀ ਧਿਰ ਨੇ ਪੰਜਾਬ 'ਚ ਬਾਹਰੋਂ ਆਏ ਲੋਕਾਂ ਨੂੰ ਪੱਕੀ ਰਿਹਾਇਸ਼ ਦੇਣ, ਪਲਾਟ ਜਾਂ ਜਾਇਦਾਦ ਖਰੀਦਣ ਉੱਤੇ ਰੋਕ ਲਗਾਉਣ ਦੀ ਮੰਗ ਕੀਤੀ ਹੈ**

*** ਕੀ ਕਦੇ ਪੰਜਾਬ ਦੀ ਕਿਸੇ ਸਿਆਸੀ ਧਿਰ ਨੇ ਪੰਜਾਬ 'ਚ ਸਰਕਾਰੀ ਨੌਕਰੀਆਂ ਜਾਂ ਵੱਡੇ ਉਦਯੋਗਾਂ 'ਚ ਪੰਜਾਬੀ ਨੌਜਵਾਨਾਂ ਲਈ 100 ਫੀਸਦੀ ਨੌਕਰੀਆਂ ਦੇਣ ਦੀ ਗੱਲ ਕੀਤੀ ਹੈ ?**

ਹੈਰਾਨੀ ਤਾਂ ਇਹ ਵੀ ਹੈ ਕਿ ਮੌਜੂਦਾ ਸਰਕਾਰ ਵੱਲੋਂ ਵੱਡੇ ਸਰਕਾਰੀ ਅਹੁਦੇ ਪੰਜਾਬੋਂ ਬਾਹਰ ਦੇ "ਬੁੱਧੀਮਾਨ", "ਸਿਆਣੇ" ਲੋਕਾਂ ਨੂੰ ਬਖ਼ਸ਼ੇ ਜਾ ਰਹੇ ਹਨ, ਪੰਜਾਬ ਪਲਿਊਸ਼ਨ ਕੰਟਰੋਲ ਬੋਰਡ ਦੇ ਚੇਅਰਮੈਨ ਦਾ ਅਹੁਦਾ, ਪੰਜਾਬ ਹਿਊਮਨ ਰਾਈਟਸ ਕਮਿਸ਼ਨ ਦੇ ਚੇਅਰਮੈਨ ਦੇ ਅਹੁਦੇ ਸਮੇਤ ਕਈ ਹੋਰ ਅਹੁਦੇ ਬਾਹਰਲਿਆਂ ਨੂੰ ਬਖ਼ਸ਼ੇ ਗਏ। ਇਥੋਂ ਤੱਕ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਦਾ ਅਹੁਦਾ ਵੀ। ਕੀ ਪੰਜਾਬ 'ਚ "ਬੁੱਧੀਮਾਨ, ਸਿਆਣੇ, ਚਿੰਤਕ, ਮਾਹਰ "ਮੁੱਕ ਗਏ ਹਨ ? ਕੀ ਸੱਚਮੁੱਚ ਉਹ ਸਿਆਣੇ ਨਹੀਂ ,ਨਿਤਾਣੇ ਹੋ ਗਏ ਹਨ ? ਉਹ ਸੱਚ-ਹੱਕ ਖਾਤਰ ਬੋਲਣੋ ਵੀ ਰਹਿ ਗਏ ਹਨ ?

ਪੰਜਾਬ ਵਿੱਚ ਵੱਡੀ ਗਿਣਤੀ 'ਚ ਯੂ.ਪੀ., ਐੱਮ .ਪੀ., ਬਿਹਾਰ ਅਤੇ ਜੰਮੂ ਕਸ਼ਮੀਰ ਤੋਂ ਲੋਕ ਮਜ਼ਦੂਰੀ ਲਈ ਆਉਂਦੇ ਹਨ। ਇਹ ਪੰਜਾਬ ਦੇ ਖੇਤੀ ਅਤੇ ਇੰਡਸਟਰੀ ਖੇਤਰ ਦੀ ਲੋੜ ਵੀ ਹੈ, ਪਰ ਜਿਸ ਢੰਗ ਨਾਲ ਉਹਨਾਂ ਵੱਲੋਂ ਕਰੋੜਾਂ ਰੁਪਏ, ਪੰਜਾਬ ਤੋਂ ਬਾਹਰ ਆਪਣੇ ਰਾਜਾਂ ਨੂੰ, ਆਪਣੇ ਘਰਾਂ ਨੂੰ ਭੇਜੇ ਜਾ ਰਹੇ ਹਨ, ਪੰਜਾਬ 'ਚ ਆਧਾਰ ਕਾਰਡ ਬਣਾ ਕੇ, ਇੱਥੇ ਹੀ ਜ਼ਮੀਨਾਂ ਜਾਂ ਰਿਹਾਇਸ਼ੀ ਪ੍ਰਾਪਰਟੀ ਖਰੀਦ ਕੇ ਪੱਕਾ ਵਸੇਬਾ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਦੇ ਸੱਭਿਆਚਾਰ ਨੂੰ ਬੇਰੰਗ ਕੀਤਾ ਜਾ ਰਿਹਾ ਹੈ; ਕੀ ਇਸ ਪਿੱਛੇ ਕੋਈ ਖ਼ਾਸ ਮੰਤਵ ਨਹੀਂ ਹੈ ?

ਇਹਨਾਂ ਪ੍ਰਵਾਸੀ ਮਜ਼ਦੂਰਾਂ ਵਿੱਚ ਕਈ ਇਹੋ-ਜਿਹੇ ਹਨ, ਜਿਹੜੇ ਅਪਰਾਧ ਕਰਕੇ ਆਪਣੇ ਸੂਬਿਆਂ ਤੋਂ ਭੱਜਦੇ ਹਨ। ਪਰ ਉਹਨਾਂ ਨੂੰ ਇੱਥੇ ਖੇਤਾਂ, ਕਾਰਖਾਨਿਆਂ ਅਤੇ ਮਜ਼ਦੂਰ ਬਸਤੀਆਂ 'ਚ ਸੁਰੱਖਿਆ ਮਿਲਦੀ ਹੈ। ਸਿੱਟਾ ਪੰਜਾਬ 'ਚ ਜੁਰਮ ਗ੍ਰਾਫ਼ ਵੱਧਦਾ ਹੈ।

ਕੀ ਪੰਜਾਬ ਦੀ ਕਿਸੇ ਸਿਆਸੀ ਧਿਰ ਨੇ ਪੰਜਾਬ 'ਚ ਬਾਹਰੋਂ ਆਏ ਲੋਕਾਂ ਨੂੰ ਪੱਕੀ ਰਿਹਾਇਸ਼ ਦੇਣ, ਪਲਾਟ ਜਾਂ ਜਾਇਦਾਦ ਖਰੀਦਣ ਉੱਤੇ ਰੋਕ ਲਗਾਉਣ ਦੀ ਮੰਗ ਕੀਤੀ ਹੈ ਜਾਂ ਇਸ ਸਥਿਤੀ 'ਤੇ ਕਦੇ ਵਿਚਾਰ ਕੀਤਾ ਹੈ ਕਿ ਪੰਜਾਬੀ ਪੰਜਾਬੋਂ ਪ੍ਰਵਾਸ ਕਰ ਜਾਣਗੇ ਤੇ ਬਾਹਰਲੇ ਸੂਬਿਆਂ ਦੇ ਲੋਕ ਇੱਥੇ ਆ ਕੇ ਪੱਕਾ ਵਸੇਬਾ ਕਰਕੇ, ਪੰਜਾਬ ਦੇ ਸੱਭਿਆਚਾਰ ਅਤੇ ਬੋਲੀ ਉੱਤੇ ਵੱਡਾ ਹਮਲਾ ਕਰਨਗੇ।

ਕੀ ਕਦੇ ਪੰਜਾਬ ਦੀ ਕਿਸੇ ਸਿਆਸੀ ਧਿਰ ਨੇ ਪੰਜਾਬ 'ਚ ਸਰਕਾਰੀ ਨੌਕਰੀਆਂ ਜਾਂ ਵੱਡੇ ਉਦਯੋਗਾਂ 'ਚ ਪੰਜਾਬੀ ਨੌਜਵਾਨਾਂ ਲਈ 100 ਫੀਸਦੀ ਨੌਕਰੀਆਂ ਦੇਣ ਦੀ ਗੱਲ ਕੀਤੀ ਹੈ ?

ਹੈਰਾਨੀ ਤਾਂ ਇਹ ਵੀ ਹੈ ਕਿ ਮੌਜੂਦਾ ਸਰਕਾਰ ਵੱਲੋਂ ਵੱਡੇ ਸਰਕਾਰੀ ਅਹੁਦੇ ਪੰਜਾਬੋਂ ਬਾਹਰ ਦੇ "ਬੁੱਧੀਮਾਨ", "ਸਿਆਣੇ" ਲੋਕਾਂ ਨੂੰ ਬਖ਼ਸ਼ੇ ਜਾ ਰਹੇ ਹਨ, ਪੰਜਾਬ ਪਲਿਊਸ਼ਨ ਕੰਟਰੋਲ ਬੋਰਡ ਦੇ ਚੇਅਰਮੈਨ ਦਾ ਅਹੁਦਾ, ਪੰਜਾਬ ਹਿਊਮਨ ਰਾਈਟਸ ਕਮਿਸ਼ਨ ਦੇ ਚੇਅਰਮੈਨ ਦੇ ਅਹੁਦੇ ਸਮੇਤ ਕਈ ਹੋਰ ਅਹੁਦੇ ਬਾਹਰਲਿਆਂ ਨੂੰ ਬਖ਼ਸ਼ੇ ਗਏ। ਇਥੋਂ ਤੱਕ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਦਾ ਅਹੁਦਾ ਵੀ। ਕੀ ਪੰਜਾਬ 'ਚ "ਬੁੱਧੀਮਾਨ, ਸਿਆਣੇ, ਚਿੰਤਕ, ਮਾਹਰ "ਮੁੱਕ ਗਏ ਹਨ ? ਕੀ ਸੱਚਮੁੱਚ ਉਹ ਸਿਆਣੇ ਨਹੀਂ ,ਨਿਤਾਣੇ ਹੋ ਗਏ ਹਨ ? ਉਹ ਸੱਚ-ਹੱਕ ਖਾਤਰ ਬੋਲਣੋ ਵੀ ਰਹਿ ਗਏ ਹਨ ?

ਪੰਜਾਬ ਹਿਤੈਸ਼ੀ ਬਹੁਤੀਆਂ ਸੰਸਥਾਵਾਂ ਬਣੀਆਂ ਹਨ, ਬਹੁਤ ਬਣ ਵੀ ਰਹੀਆਂ ਹਨ : ਚੇਤਨਾ ਮੰਚ, ਚਿੰਤਕ ਮੰਚ, ਜਾਗ੍ਰਿਤੀ ਮੰਚ, ਲੇਖਕ ਮੰਚ, ਮਨੁੱਖੀ ਅਧਿਕਾਰ ਮੰਚ ਤੇ ਪਤਾ ਨਹੀਂ ਕਿੰਨੇ ਹੋਰ ? ਪਰ ਲਗਭਗ ਸਭ ਖ਼ਬਰਾਂ ਤੱਕ ਹੀ ਸੀਮਤ ਹਨ । ਸਾਂਝਾ ਪਲੇਟਫ਼ਾਰਮ ਉਸ ਹਾਲਤ ਵਿੱਚ ਪੰਜਾਬ 'ਚ ਕਿਉਂ ਨਹੀਂ ਉਸਾਰਿਆ ਜਾ ਰਿਹਾ, ਜਦੋਂ ਪੰਜਾਬ ਲੁੱਟਿਆ, ਕੁੱਟਿਆ ਅਤੇ ਤਬਾਹ ਕੀਤਾ ਜਾ ਰਿਹਾ ਹੈ ! ਕੀ ਅਸਲ ਵਿੱਚ ਹੀ ਪੰਜਾਬ, ਸਿਆਣੇ ਲੋਕਾਂ ਤੋਂ ਵਾਂਝਾ ਹੋ ਗਿਆ ਹੈ ?

ਪੰਜਾਬ ' ਚ ਛੁੱਟੀਆਂ 'ਚ ਸਮਰ - ਕੈਂਪ ਦੌਰਾਨ ਤੇਲਗੂ ਭਾਸ਼ਾ ਦੀ ਆਨਲਾਈਨ ਪੜ੍ਹਾਈ ਲਾਗੂ ਕਰਨ ਪਿੱਛੇ ਕੀ ਮਨਸ਼ਾ ਹੈ ? ਕੀ ਇਹ ਕੇਂਦਰ ਵੱਲੋਂ ਆਪਣੇ ਆੜੀ ਚੰਦਰ ਬਾਬੂ ਨਾਇਡੂ ਨੂੰ ਖ਼ੁਸ਼ ਕਰਨ ਦੀ ਤਰਕੀਬ ਤਾਂ ਨਹੀਂ ?

ਹਾਲਾਂਕਿ ਇਹ ਵੀ ਕਿਹਾ ਜਾ ਰਿਹਾ ਹੈ ਕਿ ਖੇਤਰੀ ਭਾਸ਼ਾਵਾਂ ਨੂੰ ਪੂਰੇ ਦੇਸ਼ 'ਚ ਵਾਰੋ-ਵਾਰੀ ਸਿਰ ਪੜ੍ਹਾਇਆ ਜਾਏਗਾ। ਕੀ ਪੰਜਾਬ ਦੀ ਸਰਕਾਰ ਨੇ ਕੇਂਦਰ ਸਰਕਾਰ ਤੋਂ ਪੁੱਛਿਆ ਹੈ ਕਿ ਖੇਤਰੀ ਭਾਸ਼ਾ ਪੰਜਾਬੀ ਕਿਹੜੇ ਸੂਬੇ, 'ਚ ਕਦੋਂ ਪੜ੍ਹਾਈ ਜਾਣੀ ਹੈ ? ਜਾਂ ਕਦੇ ਸੋਚਿਆ ਹੈ ਕਿ ਆਪਣੇ ਸੂਬੇ ਵਿੱਚ ਪੰਜਾਬੀ ਨਾਲ ਵਿਤਕਰਾ ਕਰਨ ਵਾਲੇ, ਪੰਜਾਬੀ ਬੋਲਣ 'ਤੇ ਵਿਦਿਆਰਥੀਆਂ ਨੂੰ ਸਜ਼ਾਵਾਂ ਦੇਣ ਵਾਲੇ ਪਬਲਿਕ ਸਕੂਲਾਂ ਅਤੇ ਅੰਗਰੇਜ਼ੀ ਨੂੰ ਉਤਸ਼ਾਹਿਤ ਕਰਨ ਵਾਲੇ ਆਪਣੀ ਮਾਂ - ਬੋਲੀ ਪੰਜਾਬੀ ਦੇ ਵੈਰੀਆਂ ਨਾਲ ਕਿਵੇਂ ਨਜਿੱਠਣਾ ਹੈ ? ਬਣਦਾ ਤਾਂ ਇਹ ਹੈ ਕਿ ਪੰਜਾਬ, ਆਪਣੀ ਮਾਂ - ਬੋਲੀ ਪੰਜਾਬੀ ਅਤੇ ਪੰਜਾਬੀ ਸੱਭਿਆਚਾਰ ਦੀ ਪ੍ਰਫੁੱਲਤਾ ਖਾਤਰ ਦੱਖਣੀ ਰਾਜਾਂ ਵਾਂਗਰ ਨਵੀਂ ਸਿੱਖਿਆ ਨੀਤੀ ਨੂੰ ਰੱਦ ਕਰੇ ਜਦ ਕਿ ਪੰਜਾਬ ਦਾ ਬੁੱਧੀਜੀਵੀ ਵਰਗ, ਇਸ ਗੱਲ ਦੀ ਮੰਗ ਲਗਾਤਾਰ ਕਰ ਰਿਹਾ ਹੈ ਤਾਂ ਫਿਰ ਕੇਂਦਰ ਦੀ ਇਸ ਨੀਤੀ ਨੂੰ ਪਿਛਲੇ ਦਰਵਾਜਿਓਂ ਲਾਗੂ ਕਰਨ ਦੀ ਇਹ ਪੰਜਾਬ ਸਰਕਾਰ ਦੀ ਕੋਈ ਯੋਜਨਾ ਹੈ ?

ਲੇਖਕਾਂ ਨੂੰ ਛੱਡ ਕੇ ਕੀ ਬਾਕੀ ਪੜ੍ਹੇ-ਲਿਖੇ ਪੰਜਾਬੀਆਂ ਦੀ ਬੋਲੀ ਪੰਜਾਬੀ ਹੈ ? ਅੱਠਵੀਂ, ਦਸਵੀਂ ਦੀਆਂ ਬੋਰਡ ਪ੍ਰੀਖਿਆਵਾਂ 'ਚ ਕਾਫ਼ੀ ਵਿਦਿਆਰਥੀ ਪੰਜਾਬੀ ਵਿਸ਼ੇ 'ਚੋਂ ਫੇਲ੍ਹ ਹੋਏ ਹਨ। ਕਾਰਨ ? ਪੰਜਾਬੀ ਅਧਿਆਪਕਾਂ ਦੀ ਸਕੂਲਾਂ 'ਚ ਕਮੀ ਹੈ। ਕਈ ਮਿਡਲ ਸਕੂਲ ਇਹੋ-ਜਿਹੇ ਹਨ,ਜਿੱਥੇ ਛੇਵੀਂ ਤੋਂ ਅੱਠਵੀਂ ਤੱਕ ਜਮਾਤਾਂ ਨੂੰ ਪੜ੍ਹਾਉਣ ਲਈ ਸਿਰਫ਼ ਇੱਕ ਅਧਿਆਪਕ ਹੈ , ਸਾਇੰਸ ਜਾਂ ਅੰਗਰੇਜ਼ੀ ਦਾ। ਪਰ ਪੰਜਾਬੀ ਅਧਿਆਪਕ ਹੈ ਹੀ ਨਹੀਂ। ਕੀ ਇਹ ਮਾਂ- ਬੋਲੀ ਨਾਲ ਵਿਤਕਰਾ ਨਹੀਂ ? ਪੰਜਾਬ ਭਾਸ਼ਾ ਦੇ ਆਧਾਰ 'ਤੇ ਬਣਿਆ ਪੰਜਾਬੀ ਸੂਬਾ ਹੈ। ਇੱਥੇ ਹਰ ਸਕੂਲ 'ਚ ਪੰਜਾਬੀ ਭਾਸ਼ਾ ਅਧਿਆਪਕ ਕਿਉਂ ਨਹੀਂ ? ਕਿਉਂ ਨਹੀਂ ਦਫ਼ਤਰਾਂ 'ਚ ਸਿਰਫ਼ ਪੰਜਾਬੀ ਬੋਲੀ ਦੀ ਵਰਤੋਂ ਕੀਤੀ ਜਾਂਦੀ ? ਕਿਉਂ ਨਹੀਂ ਅਦਾਲਤਾਂ 'ਚ ਪੰਜਾਬੀ ਬੋਲੀ ਲਾਗੂ ਕੀਤੀ ਜਾਂਦੀ ? ਜਦ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵੱਲੋਂ ਹੇਠਲੀਆਂ ਅਦਾਲਤਾਂ 'ਚ ਪੰਜਾਬੀ ਬੋਲੀ ਲਾਗੂ ਕਰਨ ਲਈ 117 ਪੰਜਾਬੀ ਸਟੈਨੋਗ੍ਰਾਫ਼ਰਾਂ ਦੀਆਂ ਪੋਸਟਾਂ ਮੰਗੀਆਂ ਗਈਆਂ। ਉਹ ਕਿਸੇ ਸਰਕਾਰ ਵੱਲੋਂ ਕਿਉਂ ਨਹੀਂ ਦਿੱਤੀਆਂ ਗਈਆਂ ? ਕਿਸ ਦੇ ਪ੍ਰਭਾਵ ਨਾਲ ਇਹ ਹੋ ਰਿਹਾ ਹੈ ? ਸ਼੍ਰੋਮਣੀ ਅਕਾਲੀ ਦਲ (ਬ), ਅਕਾਲੀ -ਭਾਜਪਾ ਦੀ ਰਾਸ਼ਟਰੀ ਸਰਕਾਰ ਦਾ ਹਿੱਸਾ ਰਿਹਾ। ਇਲਾਕਾਈ ਪਾਰਟੀ ਦੀ ਤਰਜਮਾਨੀ ਕਰਦਾ ਰਿਹਾ। ਪਰ ਉਹ ਸਦਾ ਹੀ ਚੰਡੀਗੜ੍ਹ ਪੰਜਾਬ ਲਈ ਲੈਣ ਤੇ ਪੰਜਾਬ ਨਾਲ ਹੋਏ ਵਿਤਕਰਿਆਂ ਸੰਬੰਧੀ ਅਵਾਜ਼ ਉਠਾਉਣ ਲਈ, ਪੰਜਾਬੀਆਂ ਦੀ ਆਵਾਜ਼ ਕਿਉਂ ਨਹੀਂ ਬਣਿਆ ?

ਪੰਜਾਬ ਵਿੱਚੋਂ ਪੰਜਾਬੀ ਨੂੰ ਪਾਸੇ ਕਰਨ ਲਈ ਕਦੇ ਵੀ ਕੋਈ ਮੌਕਾ ਨਹੀਂ ਜਾਣ ਦਿੱਤਾ ਜਾਂਦਾ। ਕਦੇ ਪੰਜਾਬੀ ਯੂਨੀਵਰਸਿਟੀ, ਜਿਸ ਦੀ ਸਥਾਪਨਾ ਪੰਜਾਬੀ ਪ੍ਰਫੁੱਲਤ ਕਰਨ ਲਈ ਕੀਤੀ ਗਈ , ਉੱਥੇ ਲਾਜ਼ਮੀ ਪੰਜਾਬੀ ਗ੍ਰੈਜੂਏਟ ਕੋਰਸਾਂ 'ਚ ਹਟਾਏ ਜਾਣ ਦਾ ਯਤਨ ਹੁੰਦਾ ਹੈ, ਕਦੇ ਦੂਰਦਰਸ਼ਨ ਜਲੰਧਰ 'ਚ ਪੰਜਾਬੀ ਪ੍ਰੋਗਰਾਮਾਂ ਨੂੰ ਪਿੱਛੇ ਸੁੱਟਿਆ ਜਾਂਦਾ ਹੈ। ਦੂਰਦਰਸ਼ਨ ਜਲੰਧਰ, ਜੋ ਪੰਜਾਬ ਦੀ ਬੋਲੀ ਪੰਜਾਬੀ, ਪੰਜਾਬ ਦੇ ਸੱਭਿਆਚਾਰ ਦੇ ਪ੍ਰਚਾਰ ਤੇ ਪ੍ਰਸਾਰ ਲਈ ਬਣਾਇਆ ਗਿਆ ਸੀ, ਅੱਜ ਇਸ ਨੂੰ ਗ੍ਰਹਿਣ ਲੱਗਿਆ ਹੋਇਆ ਹੈ । ਪ੍ਰੋਗਰਾਮ ਅਫ਼ਸਰਾਂ ਦੀ ਘਾਟ ਹੈ। ਨਵੇਂ ਪ੍ਰੋਗਰਾਮ ਨਹੀਂ ਬਣ ਰਹੇ। ਬਸ ਡੰਗ -ਟਪਾਊ ਕੰਮ ਹੋ ਰਿਹਾ ਹੈ। ਇਹੋ ਹਾਲ ਜਲੰਧਰ ਰੇਡੀਓ ਆਕਾਸ਼ਵਾਣੀ ਦਾ ਹੈ, ਜੋ ਕਦੇ ਪੰਜਾਬੀਆਂ ਦੀ ਜਾਨ ਹੋਇਆ ਕਰਦਾ ਸੀ। ਕੀ ਕਦੇ ਕਿਸੇ ਪੰਜਾਬ ਸਰਕਾਰ ਨੇ ਇਸਦਾ ਨੋਟਿਸ ਲਿਆ।

ਇਹ ਤਾਂ ਕੁਝ ਉਹ ਗੱਲਾਂ ਹਨ, ਜੋ ਵੱਡੀ ਚਿੰਤਾ ਅਤੇ ਚਿੰਤਨ ਦੀਆਂ ਹਨ। ਪਰ ਪੰਜਾਬ ਦੇ ਪਿੰਡਾਂ ਦੀ ਅਸਲ ਦਿੱਖ ਬਦਲ ਗਈ ਹੈ। ਪੰਜਾਬ ਦੇ ਪਿੰਡਾਂ 'ਚੋਂ "ਸੱਥ" ਗਾਇਬ ਹੋ ਗਈ ਹੈ। ਆਪਸੀ ਮੇਲ- ਮਿਲਾਪ, ਭਾਈਚਾਰਾ ਖਤਮ ਹੋ ਗਿਆ ਹੈ ਜਾਂ ਸਿਆਸਤਦਾਨਾਂ ਨੇ ਪੰਚਾਇਤੀ ਧੜੇਬੰਦੀਆਂ ਵੱਡੀਆਂ ਕਰਕੇ ਨਿਪਟਾ ਦਿੱਤਾ ਹੈ। ਉਂਵ ਵੀ ਵੱਡੀ ਗਿਣਤੀ ਲੋਕ ਪਿੰਡ ਛੱਡ ਕੇ ਵਿਦੇਸ਼ਾਂ ਵੱਲ ਚਾਲੇ ਪਾ ਰਹੇ ਹਨ ਜਾਂ ਸ਼ਹਿਰਾਂ ਵੱਲ ਵਹੀਰਾਂ ਘੱਤ ਰਹੇ ਹਨ।

ਬਾਕੀ ਹਿਸਾ ਸਫਾ 44 ਤੇ ਪੜ੍ਹੋ

# ਯੂਕਰੇਨ-ਰੂਸ ਜੰਗ ਵਿੱਚ ਫਸੇ ਭਾਰਤੀ, 15 ਮਹੀਨਿਆਂ ਤੋਂ ਲਾਪਤਾ

ਖਾਸ ਖਬਰ

## ✪ 16 ਭਾਰਤੀ ਲਾਪਤਾ, 12 ਦੀ ਮੌਤ, ਪਰਿਵਾਰਾਂ ਦਾ ਜੰਤਰ-ਮੰਤਰ ’ਤੇ ਪ੍ਰਦਰਸ਼ਨ ✪ ਭਾਰਤ ਸਰਕਾਰ ਦੀਆਂ ਕੋਸ਼ਿਸ਼ਾਂ ਨਾਕਾਫ਼ੀ, ਰੂਸੀ ਸ.ਫ਼ਾਰਤਖਾਨੇ ਨੇ ਨਹੀਂ ਦਿੱਤਾ ਸਾਥ, ਪਰਿਵਾਰ ਨੇ ਲਗਾਏ ਦੋਸ਼

ਯੂਕਰੇਨ ਅਤੇ ਰੂਸ ਵਿਚਕਾਰ ਜਾਰੀ ਜੰਗ ਨੇ ਸਿਰ.ਫ ਖੇਤਰੀ ਸੀਮਾਵਾਂ ਨੂੰ ਹੀ ਨਹੀਂ ਹਿਲਾਇਆ, ਸਗੋਂ ਦਰਜਨਾਂ ਭਾਰਤੀ ਪਰਿਵਾਰਾਂ ਦੀਆਂ ਜ਼ਿੰਦਗੀਆਂ ਵੀ ਉਜਾੜ ਦਿੱਤੀਆਂ ਹਨ। ਪਿਛਲੇ 15 ਮਹੀਨਿਆਂ ਤੋਂ ਕਈ ਭਾਰਤੀ ਨੌਜਵਾਨ, ਜਿਨ੍ਹਾਂ ਨੂੰ ਏਜੰਟਾਂ ਨੇ ਵਿਦੇਸ਼ ਵਿੱਚ ਨੌਕਰੀ ਦਾ ਝਾਂਸਾ ਦੇ ਕੇ ਰੂਸੀ ਸੈਨਾ ਵਿੱਚ ਭਰਤੀ ਕਰਵਾਇਆ, ਲਾਪਤਾ ਹਨ। ਇਨ੍ਹਾਂ ਪਰਿਵਾਰਾਂ ਨੇ ਆਪਣੇ ਜੀਆਂ ਦੀ ਭਾਲ ਵਿੱਚ ਜੰਤਰ-ਮੰਤਰ ’ਤੇ ਪ੍ਰਦਰਸ਼ਨ ਕਰਕੇ ਸਰਕਾਰ ਤੋਂ ਮਦਦ ਦੀ ਗੁਹਾਰ ਲਗਾਈ ਹੈ।

ਜਗਦੀਪ ਕੁਮਾਰ, ਜਿਸ ਦਾ ਛੋਟਾ ਭਰਾ ਮਨਦੀਪ ਕੁਮਾਰ ਮਾਰਚ 2024 ਤੋਂ ਲਾਪਤਾ ਹੈ, ਨੇ ਦੱਸਿਆ ਕਿ ਉਹ ਸਿਰ.ਫ ਇਹ ਜਾਣਨਾ ਚਾਹੁੰਦੇ ਹਨ ਕਿ ਉਨ੍ਹਾਂ ਦਾ ਭਰਾ ਜਿਉਂਦਾ ਹੈ ਜਾਂ ਨਹੀਂ। ਪਰਿਵਾਰਾਂ ਦਾ ਦੋਸ਼ ਹੈ ਕਿ ਏਜੰਟਾਂ ਨੇ ਇਨ੍ਹਾਂ ਨੌਜਵਾਨਾਂ ਨੂੰ ਯੂਰਪ ਵਿੱਚ ਚੰਗੀ ਨੌਕਰੀ ਦਾ ਲਾਲਚ ਦੇ ਕੇ ਰੂਸ-ਯੂਕਰੇਨ ਜੰਗ ਦੇ ਮੈਦਾਨ ਵਿੱਚ ਧੱਕ ਦਿੱਤਾ। ਕਈ ਪਰਿਵਾਰ ਰੂਸ ਵੀ ਗਏ, ਪਰ ਭਾਰਤੀ ਸ.ਫ਼ਾਰਤਖਾਨੇ ਸਮੇਤ ਕਿਤੋਂ ਵੀ ਸਹਾਇਤਾ ਨਹੀਂ ਮਿਲੀ।

ਜਗਦੀਪ ਨੇ ਦੱਸਿਆ ਕਿ ਉਸ ਨੂੰ ਏਜੰਟਾਂ ਵੱਲੋਂ ਧਮਕੀਆਂ ਵਾਲੇ ਵੀਡੀਓ ਮਿਲੇ ਹਨ, ਜਿਨ੍ਹਾਂ ਵਿੱਚ ਉਸ ਦੇ ਭਰਾ ਨੂੰ ਕੁੱਟਿਆ ਜਾ ਰਿਹਾ ਹੈ ਅਤੇ ਹੋਰ ਪੈਸਿਆਂ ਦੀ ਮੰਗ ਕੀਤੀ ਜਾ ਰਹੀ ਹੈ। ਪ੍ਰਦਰਸ਼ਨਕਾਰੀਆਂ ਵਿੱਚੋਂ ਇੱਕ ਮਾਂ ਨੇ ਕਿਹਾ, “ਹਰ ਦਿਨ ਮੌਤ ਦੀ ਸਜ਼ਾ ਵਾਂਗ ਲੱਗਦਾ ਹੈ।”

ਪਰਿਵਾਰਾਂ ਨੇ ਵਿਦੇਸ਼ ਮੰਤਰਾਲੇ ਨੂੰ ਪੱਤਰ ਲਿਖ ਕੇ ਲਾਪਤਾ ਵਿਅਕਤੀਆਂ ਬਾਰੇ ਜਾਣਕਾਰੀ ਅਤੇ ਸਹਾਇਤਾ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਜੇ ਸਰਕਾਰ ਨੇ ਕੋਈ ਕਦਮ ਨਾ ਚੁੱਕਿਆ ਤਾਂ ਉਹ ਹਰ



ਮਹੀਨੇ ਦੋ ਵਾਰ ਪ੍ਰਦਰਸ਼ਨ ਕਰਨਗੇ। ਪਰਿਵਾਰਾਂ ਨੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਦੇ ਦਸਤਖਤ ਵਾਲੇ ਪੱਤਰ ਨਾਲ ਰੂਸ ਵਿੱਚ ਭਾਰਤੀ ਸ.ਫ਼ਾਰਤਖਾਨੇ ਤੋਂ ਸਹਿਯੋਗ ਦੀ ਮੰਗ ਕੀਤੀ ਹੈ।

ਸਾਧਾਰਨ ਜਿਹੇ ਪਰਿਵਾਰਾਂ ਤੋਂ ਆਉਣ ਵਾਲੇ ਘੱਟੋ-ਘੱਟ 50 ਭਾਰਤੀਆਂ ਨੇ ਚੰਗੀ ਨੌਕਰੀ ਦੀ ਉਮੀਦ ਵਿੱਚ ਏਜੰਟਾਂ ਨੂੰ ਵੱਡੀ ਰਕਮ ਅਦਾ ਕੀਤੀ ਸੀ।

ਏਜੰਟਾਂ ਨੇ ਰੂਸੀ .ਫੌਜ ਵਿੱਚ ਸਹਾਇਕ ਦੀ ਨੌਕਰੀ ਦਾ ਵਾਅਦਾ ਕਰਕੇ ਇਨ੍ਹਾਂ ਲੋਕਾਂ ਤੋਂ ਕਰੀਬ ਤਿੰਨ ਲੱਖ ਰੁਪਏ ਵਸੂਲੇ ਸਨ।

ਰੂਸ ਜਾਣ ਵਾਲੇ ਇਨ੍ਹਾਂ ਸਾਰੇ ਭਾਰਤੀ ਨੌਜਵਾਨਾਂ ਦੀ ਉਮਰ 22 ਸਾਲ ਤੋਂ 31 ਸਾਲ ਦੇ ਵਿੱਚ ਹੈ। ਉਨ੍ਹਾਂ ਦਾ ਮਾਂ-ਪਿਓ ਜਾਂ ਭਰਾ-ਭੈਣ ਕੋਈ ਛੋਟਾ-ਮੋਟਾ ਕੰਮ ਕਰਦੇ ਸਨ, ਕੁਝ ਰਿਕਸ਼ਾ ਚਲਾਉਂਦੇ ਸਨ ਜਾਂ ਫਿਰ ਠੇਲੇ ’ਤੇ ਚਾਹ ਵੇਚਦੇ ਸਨ।

ਪੀੜਤਾਂ ਅਤੇ ਉਨ੍ਹਾਂ ਨੇ ਪਰਿਵਾਰਾਂ ਦਾ ਕਹਿਣਾ ਹੈ ਕਿ ਜਦੋਂ ਇਹ ਲੋਕ ਰੂਸ ਪਹੁੰਚੇ ਤਾਂ ਉਨ੍ਹਾਂ ਨੇ ਘੱਰ ਭੇਜੇ ਗਏ ਆਪਣੇ ਵੀਡੀਓ ਸੰਦੇਸ਼ ਵਿੱਚ ਇਹ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਸਿਖਲਾਈ ਦੇ ਨਾਮ ’ਤੇ ਜੰਗ ਵਿੱਚ ਭੇਜ ਦਿੱਤਾ ਗਿਆ ਹੈ।

### ਕਿੰਨੇ ਭਾਰਤੀ ਲਾਪਤਾ ਹਨ ?

ਸਰਕਾਰੀ ਅੰਕੜਿਆਂ ਅਨੁਸਾਰ, ਰੂਸ-ਯੂਕਰੇਨ ਜੰਗ ਵਿੱਚ 16 ਭਾਰਤੀ ਨੌਜਵਾਨ ਲਾਪਤਾ ਹਨ। ਇਹ ਨੌਜਵਾਨ ਮੁੱਖ ਤੌਰ ’ਤੇ .ਗਰੀਬ ਪਰਿਵਾਰਾਂ ਨਾਲ ਸਬੰਧਤ ਹਨ ਅਤੇ ਏਜੰਟਾਂ ਦੁਆਰਾ ਧੋਖੇ ਨਾਲ ਰੂਸੀ ਸੈਨਾ ਵਿੱਚ ਭਰਤੀ ਕੀਤੇ ਗਏ ਸਨ।

### ਕਿੰਨੇ ਭਾਰਤੀ ਮਾਰੇ ਗਏ ?

ਕੇਂਦਰ ਸਰਕਾਰ ਨੇ ਸੰਸਦ ਵਿੱਚ ਜਾਣਕਾਰੀ ਦਿੱਤੀ ਹੈ ਕਿ ਰੂਸ-ਯੂਕਰੇਨ ਜੰਗ ਵਿੱਚ ਹੁਣ ਤੱਕ 12 ਭਾਰਤੀ ਨੌਜਵਾਨਾਂ ਦੀ ਮੌਤ ਹੋ ਚੁੱਕੀ ਹੈ। ਇਹ ਵਿਅਕਤੀ ਰੂਸੀ ਸੈਨਾ ਵਿੱਚ ਸਹਾਇਕ ਜਾਂ ਲੜਾਕੂ ਵਜੋਂ ਕੰਮ ਕਰ ਰਹੇ ਸਨ।

### ਭਾਰਤ ਸਰਕਾਰ ਨੇ ਕੀ ਯਤਨ ਕੀਤੇ ?

ਭਾਰਤ ਸਰਕਾਰ ਨੇ ਰੂਸ ਨਾਲ ਗੱਲਬਾਤ ਕਰਕੇ ਲਾਪਤਾ ਨੌਜਵਾਨਾਂ ਦੀ ਭਾਲ ਅਤੇ ਬਾਕੀਆਂ ਨੂੰ ਵਾਪਸ ਲਿਆਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਹਨ। ਵਿਦੇਸ਼ ਮੰਤਰਾਲੇ ਨੇ ਪੁਸ਼ਟੀ ਕੀਤੀ ਹੈ ਕਿ ਉਹ ਰੂਸੀ ਅਧਿਕਾਰੀਆਂ ਨਾਲ ਸੰਪਰਕ ਵਿੱਚ ਹਨ। ਪੰਜਾਬ ਵਿੱਚ ਏਜੰਟਾਂ ਵਿਰੁੱਧ ਐਫਆਈਆਰ ਦਰਜ ਕੀਤੀ ਗਈ ਅਤੇ ਕੁਝ ਗ੍ਰਿਫਤਾਰੀਆਂ ਵੀ ਹੋਈਆਂ ਹਨ, ਪਰ ਪਰਿਵਾਰਾਂ ਦਾ ਕਹਿਣਾ ਹੈ ਕਿ ਸਰਕਾਰ ਦੀਆਂ ਕੋਸ਼ਿਸ਼ਾਂ ਨਾਕਾ.ਫੀ ਹਨ।

### ਕੀ ਰੂਸ ਨੇ ਭਾਰਤ ਦੀ ਬੇਨਤੀ ਵੱਲ ਧਿਆਨ ਦਿੱਤਾ ?

ਰੂਸ ਨੇ ਭਾਰਤ ਦੀਆਂ ਅਪੀਲਾਂ ਦਾ ਸਕਾਰਾਤਮਕ ਜਵਾਬ ਨਹੀਂ ਦਿੱਤਾ। ਭਾਰਤੀ ਸ.ਫ਼ਾਰਤਖਾਨੇ ਨੂੰ ਮਾਸਕੋ ਵਿੱਚ ਸਹਿਯੋਗ ਨਹੀਂ ਮਿਲਿਆ, ਅਤੇ ਪਰਿਵਾਰਾਂ ਦਾ ਦੋਸ਼ ਹੈ ਕਿ ਰੂਸੀ ਅਧਿਕਾਰੀ ਲਾਪਤਾ ਵਿਅਕਤੀਆਂ ਬਾਰੇ ਜਾਣਕਾਰੀ ਸਾਂਝੀ ਨਹੀਂ ਕਰ ਰਹੇ। ਜੁਲਾਈ 2024 ਵਿੱਚ ਰੂਸ ਨੇ ਭਾਰਤੀਆਂ ਨੂੰ ਸੈਨਾ ਵਿੱਚੋਂ ਮੁਕਤ ਕਰਨ ਦਾ ਫੈਸਲਾ ਕੀਤਾ ਸੀ, ਪਰ ਇਸ ਦੀ ਪ੍ਰਗਤੀ ਬਾਰੇ ਕੋਈ ਸਪੱਸ਼ਟ ਜਾਣਕਾਰੀ ਨਹੀਂ ਮਿਲੀ।

43 ਸਫ਼ੇ ਦੀ ਬਾਕੀ

ਹਾਲਾਤ ਇਹ ਹਨ ਕਿ ਪਿੰਡਾਂ ਦੇ ਸਰਕਾਰੀ ਸਕੂਲਾਂ ‘ਚ ਨਵੀਆਂ ਗਠਿਤ ਕੀਤੀਆਂ ਜਾ ਰਹੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਲਈ ਸਥਾਨਕ ਲੋਕਾਂ ਵਿਚੋਂ ਚੁਣੇ ਜਾਣ ਲਈ 12 ਪੰਜਾਬੀ ਨੁਮਾਇੰਦੇ ਵੀ ਨਹੀਂ ਮਿਲ ਰਹੇ। ਪਰਵਾਸੀ ਬੱਚਿਆਂ ਦੇ ਮਾਪੇ ਪ੍ਰਬੰਧ ‘ਚ “ਭਰਤੀ“ ਕਰਨ ਵਜੋਂ ਸ਼ਾਮਲ ਕੀਤੇ ਜਾ ਰਹੇ ਹਨ। ਇਹ ਇੱਕ ਇਹੋ-ਜਿਹਾ ਸੰਕੇਤ ਹੈ, ਜੋ ਵੱਡੀ ਚਿੰਤਾ ਦਾ ਵਿਸ਼ਾ ਹੈ। ਫਗਵਾੜਾ ਸ਼ਹਿਰ ਦੇ ਇਕ ਲਾਗਲੇ ਪਿੰਡ ‘ਸਰਕਾਰੀ ਮਿਡਲ ਸਕੂਲ ਹੈ, ਜਿੱਥੇ ਵਿਦਿਆਰਥੀਆਂ ਦੀ ਗਿਣਤੀ 70 ਹੈ । ਇਕ ਸਾਇੰਸ ਅਧਿਆਪਕ ਹੈ । ਸਮਾਜਿਕ ਸਿੱਖਿਆ, ਪੰਜਾਬੀ, ਹਿੰਦੀ , ਪੀ. ਟੀ. ਆਈ., ਆਰਟ ਕਰਾ.ਫਟ ਦੀਆਂ ਪੋਸਟਾਂ ਖਾਲੀ ਹਨ। 70 ਵਿਦਿਆਰਥੀਆਂ ਵਿੱਚੋਂ 64 ਬੱਚੇ ਪਰਵਾਸੀ ਅਤੇ 6 ਸਥਾਨਕ ਲੋਕਾਂ ਦੇ ਹਨ, 6 ਪੰਜਾਬੀਆਂ ਵਿੱਚੋਂ ਪ੍ਰਬੰਧਕ ਕਮੇਟੀ ਲਈ 12 ਮਾਪੇ ਕਿੱਥੋਂ ਲੱਭਣ ? ਜਦੋਂ ਪਰਵਾਸੀ ਬੱਚੇ ਅਤੇ ਉਹਨਾਂ ਦੇ ਮਾਪੇ ਸਾਲ ‘ਚ ਦੋ-ਤਿੰਨ ਵਾਰ ਆਪੋ - ਆਪਣੇ ਸੂਬੇ ‘ਚ ਦੋ ਜਾਂ ਤਿੰਨ ਮਹੀਨਿਆਂ ਲਈ ਬੱਚਿਆਂ ਸਮੇਤ ਚਲੇ ਜਾਂਦੇ ਹਨ, ਉਦੋਂ ਸਕੂਲ ਦੀਆਂ ਇਹਨਾਂ ਪ੍ਰਬੰਧਕ ਕਮੇਟੀਆਂ ਦਾ ਪ੍ਰਬੰਧ ਸਰਕਾਰੀ ਨਿਯਮਾਂ ਅਨੁਸਾਰ ਕਿਵੇਂ ਚਲਾਇਆ ਜਾ ਸਕਦਾ ਹੈ ?

ਪਿੰਡਾਂ ਦੀ ਹਾਲਤ ਸਮਾਜਿਕ ਤੌਰ ‘ਤੇ ਵੀ ਪੁੱਠੇ ਗੇੜ ‘ਚ ਹੈ। ਰਿਸ਼ਤੇਦਾਰੀਆਂ, ਸੁੰਗੜ ਚੁੱਕੀਆਂ ਹਨ। ਬੱਚਿਆਂ, ਵਿਦਿਆਰਥੀਆਂ, ਨੌਜਵਾਨਾਂ ਉੱਤੇ ਆਪਣੀ ਮਾਂ-ਬੋਲੀ ਨਾਲੋਂ ਅੰਗਰੇਜ਼ੀ ਸਿੱਖਣ ਦਾ ਸ਼ੌਕ ਵਧਿਆ ਹੋਇਆ ਹੈ, ਕਿਉਂਕਿ ਉਹ ਆਇਲਟਸ ਪਾਸ ਕਰ ਕੇ, ਪਾਸਪੋਰਟ ਬਣਾ ਕੇ, ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਇਹ ਰੁਝਾਨ ਕੁਝ ਸਮਾਂ ਭਾਵੇਂ ਘਟਿਆ, ਪਰ ਨਿਰੰਤਰ ਜਾਰੀ ਹੈ। ਪੰਜਾਬ ਦੀਆਂ ਯੂਨੀਵਰਸਿਟੀਆਂ, ਕਾਲਜਾਂ, ਪ੍ਰੋਫੈਸ਼ਨਲ ਕਾਲਜਾਂ ਵਿੱਚ ਵੱਡੀ ਪੱਧਰ ‘ਤੇ ਦੂਜੇ ਸੂਬਿਆਂ ਦੇ ਵਿਦਿਆਰਥੀ, ਪੰਜਾਬੀਆਂ ਨਾਲੋਂ ਵੱਧ ਗਿਣਤੀ ‘ਚ ਦਾਖਲਾ ਲੈਂਦੇ ਹਨ, ਉਹ ਵੀ .ਖਾਸ ਕਰਕੇ ਪ੍ਰੋਫੈਸ਼ਨਲ ਕੋਰਸਾਂ ਵਿੱਚ।

ਇਹੋ ਜਿਹੀ ਸਥਿਤੀ ਵਿੱਚ ਪੰਜਾਬ ਦਾ ਭਵਿੱਖ ਆਖਰ ਹੈ ਕੀ ? ਕੌਣ ਫੜੇਗਾ ਪੰਜਾਬ ਦੀ ਬਾਂਹ ? ਜਦੋਂ ਕਿ ਸਿਆਸਤਦਾਨ, ਸਮਾਜ ਸੇਵਾ ਛੱਡ ਚੁੱਕੇ ਹਨ। ਉਹਨਾਂ ਦਾ ਕਾਰੋਬਾਰ ਵੋਟ ਹਥਿਆਉਣਾ ਹੈ।

ਪੰਜਾਬ ਦਾ ਖੇਤੀ ਖੇਤਰ ਸੰਕਟ ‘ਚ ਹੈ। ਵੱਡੀਆਂ ਹਾਈਵੇ ਸੜਕਾਂ ਬਣਾ ਕੇ ਪੰਜਾਬ ਦੀ ਵਾਹੀਯੋਗ ਜ਼ਮੀਨ, ਸਰਕਾਰੀ ਕਬਜ਼ੇ ‘ਚ ਨਹੀਂ, ਕਾਰਪੋਰੇਟੀ ਕਬਜ਼ੇ ‘ਚ ਕੀਤੀ ਜਾ ਰਹੀ ਹੈ, ਕਿਉਂਕਿ ਇਹ ਸਿਰ.ਫ ਨਿੱਜੀ ਅਤੇ ਵਪਾਰਕ ਹਿੱਤਾਂ ਲਈ ਵਰਤੀ ਜਾਣੀ ਹੈ। ਫਿਰ ਪੰਜਾਬ ਦਾ ਕਿਸਾਨ ਕਿੱਥੇ ਜਾਏਗਾ ? ਕੀ ਮਜ਼ਦੂਰ ਉਹ ਮਜ਼ਦੂਰ ਬਣੇਗਾ ? ਇਹਨਾਂ ਵੱਡੇ-ਵੱਡੇ ਕਾਰਪੋਰੇਟ ਘਰਾਣਿਆਂ ਦੇ ਮਾਲਜ਼ ਵਿੱਚ ਕੰਮ ਕਰੇਗਾ ? ਕਾਰਖਾਨਿਆਂ ‘ਚ ਮਜ਼ਦੂਰੀ ਕਰੇਗਾ ? ਜਿੱਥੇ ਪਹਿਲਾਂ ਹੀ ਵੱਡੀ ਬੇਰੁਜ਼ਗਾਰੀ ਹੈ। ਖੇਤ ਮਜ਼ਦੂਰ ਕਿੱਥੇ ਰੁਲੇਗਾ ?

ਪੰਜਾਬ ਦੀ ਤਬਾਹੀ ਲਈ ਜ਼ਿੰਮੇਵਾਰ ਸਾਰੇ ਕਾਰਕਾਂ ਦੀ ਨਿਸ਼ਾਨਦੇਹੀ ਸਮੇਂ ਦੀ ਮੰਗ ਹੈ। ਇਹ ਕਾਰਕ ਪੰਜਾਬ ਨੂੰ ਪੰਜਾਬ ਨਹੀਂ ਰਹਿਣ ਦੇਣਗੇ ਇਹ ਕਾਰਕ ਸਿਆਸੀ ਹਵਸ ਕਾਰਨ, ਹੋਰ ਵੀ ਵੱਧ ਫੁੱਲ ਰਹੇ ਹਨ ਅਤੇ ਤੇਜ਼ੀ ਨਾਲ ਪਨਪ ਰਹੇ ਹਨ। ਪੰਜਾਬ ਦੀ ਬੋਲੀ ਪੰਜਾਬ ‘ਚ ਵਧਣ ਦੀ ਥਾਂ ਘਰਾਂ, ਕਾਰੋਬਾਰਾਂ, ਸਰਕਾਰੀ ਦ.ਫਤਰਾਂ ‘ਚ ਛੁਟਿਆਈ ਜਾ ਰਹੀ ਹੈ। ਪੰਜਾਬ ਦਾ ਸੱਭਿਆਚਾਰ ਗਿੱਧੇ, ਭੰਗੜੇ ਤੇ ਗਾਣਿਆਂ ਤੱਕ ਸੀਮਤ ਕਰਨ ਦੀ ਸਾਜ਼ਿਸ਼ ਰਚੀ ਜਾ ਚੁੱਕੀ ਹੈ। ਪੰਜਾਬ ਨੂੰ ਰਾਜਧਾਨੀ ਰਹਿਤ, ਪਾਣੀਆਂ ਰਹਿਤ, ਵਾਹੀਯੋਗ ਜ਼ਮੀਨ ਰਹਿਤ, ਬੇਰੁਜ਼ਗਾਰੀ ਭਰਪੂਰ ਬਣਾਉਣ ਲਈ ਸਾਜ਼ਿਸ਼ਨ ਟਿੱਲ ਲਾਇਆ ਜਾ ਚੁੱਕਾ ਹੈ।

ਹਰਿਆ-ਭਰਿਆ ਪੰਜਾਬ ਮਧੋਲਿਆ ਜਾ ਚੁੱਕਾ ਹੈ। ਜਵਾਨੀ ਨੂੰ ਨਸ਼ਿਆਂ ਅਤੇ ਬੇਰੁਜ਼ਗਾਰੀ ਦੀ ਸਿਓਂਕ ਖਾ ਰਹੀ ਹੈ। ਆਓ ਸ਼ਨਾਖਤ ਕਰੀਏ ! ਉਹਨਾਂ ਲੋਕਾਂ ਦੀ ਜੋ ਪੰਜਾਬ ਨੂੰ ਲੋੜ ਵੇਲੇ ਵਰਤਦੇ ਹਨ ਅਤੇ ਫਿਰ ਭੁੱਲ ਜਾਂਦੇ ਹਨ ਕਿ ਇਹ ਉਹੀ ਪੰਜਾਬੀ ਲੋਕ ਨੇ ਜੋ ਸਰਹੱਦਾਂ ‘ਤੇ ਦੇਸ ਦੀ ਰਾਖੀ ਕਰਦੇ ਹਨ। ਪੂਰੇ ਦੇਸ ਨੂੰ ਵੱਧ ਤੋਂ ਵੱਧ ਅੰਨ ਮੁਹੱਈਆ ਕਰਵਾਉਂਦੇ ਹਨ ਅਤੇ ਆਪ ਸ਼ਤੀਰਾਂ - ਲਟੈਣਾਂ ਨੂੰ ਜੱਫੇ ਪਾ ਕੇ ਦੇਸ ਨੂੰ ਭੁੱਖ ਤੋਂ ਕੋਹਾਂ ਦੂਰ ਰੱਖਦੇ ਹਨ।

# ਗੁਰੂ ਅੰਗਦ ਗੁਰ ਅੰਗੁ ਤੇ


– ਲੇਖਕ –
ਗਿ: ਗੁਰਬਖਸ਼ ਸਿੰਘ
ਗੁਲਸ਼ਨ
ਸੰਪਰਕ ਲਈ:
+44 7956 302743






## ਕਿਸ਼ਤ 36

### ਸ੍ਰੀ ਅਮਰਦਾਸ ਜੀ ਦਾ ਫ਼ੈਸਲਾ

ਅੱਜ ਅਸੀਂ ਭਲੀ ਪ੍ਰਕਾਰ ਸਮਝ ਸਕਦੇ ਹਾਂ ਕਿ ਸ੍ਰੀ ਅਮਰਦਾਸ ਜੀ ਇਹ ਫ਼ੈਸਲਾ ਲੈਣ ਲਈ ਕਿਸੇ ਜੱਕੋ-ਤੱਕੀ ਵਿਚ ਨਹੀਂ ਪਏ ਜਿਹੜੇ -ਏਥੇ ਸੁਖ ਅਰ ਅੱਗੇ ਹਰਿ ਨਾਲ ਕੇਲ- ਕਰਨ ਦੀ ਤੀਬਰ ਇੱਛਾ ਲੈ ਕੇ ਆਏ ਸਨ। ਉਸੇ ਸਮੇਂ ਹੀ ਆਪ ਜੀ ਉੱਠੇ ਅਰ

'ਸਤਿ ਬਚਨ ਪਾਤਸ਼ਾਹ ਜੀ!'

ਕਹਿੰਦਿਆਂ ਪੂਰਨ ਨਿਸ਼ਠਾ ਨਾਲ ਹਜ਼ੂਰ ਦੇ ਚਰਨਾਂ ਵਿਚ ਸਦਾ ਲਈ ਸੀਸ ਭੇਟ ਕਰ ਦਿੱਤਾ। ਸਤਿਗੁਰਾਂ ਉਠਾ ਕੇ ਸੀਨੇ ਨਾਲ ਲਾਇਆ ਤੇ ਕਿਹਾ,

'ਗੁਰੂ ਬਾਬਾ ਤੁਹਾਡੇ ਅੰਗ-ਸੰਗ ਰਹਿਣ ਅਰ ਸਦਾ ਕਰਤਾਰ ਚਿੱਤ ਆਵੇ'।

ੳ. ਮ:2॥ ਜਿਸੁ ਪਿਆਰੇ ਸਿਉ ਨੇਹੁ
ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ
ਤਾ ਕੈ ਪਾਛੈ ਜੀਵਣਾ॥ ਗੁ.ਗ੍ਰ.ਸਾ. ਪੰਨਾ 83
ਅ. ਮ:2॥ ਸੇਈ ਪੂਰੇ ਸਾਹੁ
ਜਿਨੀ ਪੂਰਾ ਪਾਇਆ॥ ਅਠੀ ਵੇਪਰਵਾਹੁ ਰਹਨਿ ਇਕਤੈ ਰੰਗਿ॥..2॥17॥ ਗੁ.ਗ੍ਰ.ਸਾ. ਪੰਨਾ 146

ਇਤਿਹਾਸ ਗਵਾਹ ਹੈ ਕਿ ਅੱਜ ਤੋਂ ਬਾਦ ਫਿਰ ਸ੍ਰੀ ਅਮਰਦਾਸ ਜੀ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਅਜਿਹਾ ਕਰਦਿਆਂ ਉਹ ਗੁਰੂ-ਘਰ ਆਉਣ ਵਾਲਿਆਂ ਲਈ ਇਕ ਨਮੂਨਾ ਵੀ ਸਥਾਪਤ ਕਰ ਗਏ ਕਿ ਜੋ ਇਥੇ ਗੁਰ-ਉਪਦੇਸ਼ ਸੁਣ ਕੇ ਧਾਰਨ ਕਰਨ ਦੀ ਇੱਛਾ ਲੈ ਕੇ ਆਉਂਦਾ ਹੈ, ਉਹ ਸਦਾ ਹੀ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰ ਕੇ ਆਪਣੇ ਜੀਵਨ ਨੂੰ ਬਦਲ ਸਕਦਾ ਹੈ, ਪਹਿਲੇ ਪਰਵਾਰਿਕ ਬਣੇ ਹੋਏ ਸੰਸਕਾਰ ਵੀ ਉਸ ਦੇ ਰਾਹ ਵਿਚ ਰੋੜਾ ਨਹੀਂ ਅਟਕਾਉਂਦੇ।

### ਸੇਵਾ ਵਿਚ ਲੱਗੇ

ਬੀਬੀ ਅਮਰੋ ਜੀ ਨੇ ਕੁਝ ਦਿਨਾਂ ਬਾਦ ਬਾਬਾ ਜੀ ਨੂੰ ਬਾਸਰ ਕੇ ਮੁੜਨ ਲਈ ਜਦੋਂ ਪੁੱਛਿਆ ਤਾਂ ਆਪ ਜੀ ਨੇ ਕਿਹਾ, 'ਪੁੱਤਰੀ! ਤੁਹਾਡਾ ਬਹੁਤ ਵੱਡਾ ਉਪਕਾਰ ਜੋ ਮੈਨੂੰ ਨਿਮਾਣੇ ਨੂੰ ਤੁਸਾਂ ਇਸ ਦਰ ਦਾ ਮਾਣ ਬਖ਼ਸ਼ਿਆ। ਹੁਣ ਤੁਸੀਂ ਬਾਸਰ ਕੇ ਚਲੇ ਜਾਓ, ਸਾਰਿਆਂ ਨੂੰ ਦੱਸ ਦੇਣਾ, ਅਸੀਂ ਏਥੇ ਹੀ ਰਹਾਂਗੇ'।

'ਜੀ, ਬਾਪੂ ਜੀ'! ਆਖਦਿਆਂ ਬੀਬੀ ਅਮਰੋ ਪਿਤਾ ਗੁਰੂ ਜੀ ਦੀ ਖ਼ੁਸ਼ੀ ਲੈ ਕੇ ਬਾਸਰ ਕੇ ਪਰਤ ਗਏ।

ਬਾਬਾ ਅਮਰਦਾਸ ਜੀ ਸਵੇਰੇ ਸ਼ਾਮ ਦਰਬਾਰ ਦੀ ਹਾਜ਼ਰੀ ਭਰਨ ਲਗੇ ਫਿਰ ਇਕਾਂਤ ਵਿਚ ਬੈਠੇ ਰਹਿੰਦੇ।ਲੰਗਰ ਸਮੇਂ ਪੰਗਤ ਵਿਚ ਬੈਠ ਕੇ ਭੋਜਨ ਕਰਦੇ। ਦੋ ਚਾਰ ਦਿਨਾਂ ਬਾਦ ਹੀ ਮਹਿਸੂਸ ਕਰਨ ਲਗੇ ਕਿ ਬਾਕੀ ਸਾਰੇ ਕੁਝ ਨ ਕੁਝ ਕਰਦੇ ਰਹਿੰਦੇ ਹਨ ਮੈਨੂੰ ਵੀ ਕੁਝ ਕਰਨਾ ਚਾਹੀਦਾ ਹੈ। ਇਕ ਦਿਨ ਸਾਹਿਬ ਜੀ ਨੇ ਸਵੇਰੇ ਬਚਨ ਕਰਦਿਆਂ ਫ਼ੁਰਮਾਇਆ:

ਸਲੋਕੁ ਮਹਲਾ 2॥
ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ
ਲਗਾ ਸੋ ਪਰਵਾਣੁ॥1॥22॥
ਗੁ.ਗ੍ਰ.ਸਾ. ਪੰਨਾ 474

ਹੋਰਨਾਂ ਦੇ ਨਾਲ ਇਨ੍ਹਾਂ ਵੀ ਸੁਣਿਆ ਅਰ ਜਾਣਿਆ ਕਿ ਜੇ ਸਾਹਿਬ ਦੇ ਦਰ 'ਤੇ ਆਇ ਬੈਠੇ ਹਾਂ ਤਾਂ ਹੁਣ ਚਾਕਰੀ ਕਰਨੀ ਬਣਦੀ ਹੈ। ਬਾਕੀ ਸੇਵਾ ਕਰ ਰਹੇ ਹਨ, ਅਸੀਂ ਵੀ ਕਰੀਏ। ਅਜਿਹਾ ਵਿਚਾਰ ਕੇ ਭਾਈ ਜੋਧ ਰਸੋਈਏ ਕੋਲ ਜਾ ਕੇ ਕਹਿਣ ਲਗੇ,

'ਜੇ ਤੁਸੀਂ ਆਗਿਆ ਦਿਉ ਤਾਂ ਮੈਂ ਲੰਗਰ ਲਈ ਪਾਣੀ ਲਿਆਵਾਂ ਕਰਾਂ'? ਜੋਧ ਕਹਿਣ ਲੱਗੇ, 'ਤੁਹਾਡੀ ਇੱਛਾ ਹੈ, ਲੰਗਰ ਵਿਚ ਲੋੜ ਤਾਂ ਬਣੀ ਰਹਿੰਦੀ ਹੈ ਜਿੰਨੀ ਸੇਵਾ ਕਰ ਸਕਦੇ ਹੋ, ਕਰ ਲਵੋ'।

ਇਉਂ ਆਖਦਿਆਂ ਦਰਮਿਆਨੇ ਜਿਹੇ ਅਕਾਰ ਦੀ ਇਕ ਗਾਗਰ ਬਾਬਾ ਜੀ ਵੱਲ ਵਧਾਈ। ਬਾਬਾ ਜੀ ਨੇ ਭਾਈ ਜੀ ਕੋਲੋਂ ਗਾਗਰ ਲੈ ਲਈ ਅਰ ਲੰਗਰ ਲਈ ਖੂਹ ਤੋਂ ਜਲ ਲਿਆਉਣ ਲਗੇ। ਥੋੜੇ ਦਿਨ ਹੋਰ ਬੀਤੇ ਤਾਂ ਧਿਆਨ ਗਿਆ ਕਿ ਸਤਿਗੁਰੂ ਜੀ ਪਹਿਰ ਰਾਤ ਰਹਿੰਦੀ ਇਸ਼ਨਾਨ ਕਰਦੇ ਹਨ ਜੇ ਹੋ ਸਕੇ ਤਾਂ ਮੈਂ ਉਸ ਵੇਲੇ ਜਲ ਲਿਆਵਾਂ, ਸੇਵਾ ਹੋ ਜਾਵੇਗੀ ਨਾਲੇ ਹਜ਼ੂਰ ਦੀ ਹੋਰ ਨੇੜਤਾ ਮਿਲ ਜਾਵੇਗੀ। ਇਸ ਤਰਹ ਆਪ ਦਾ ਇਹ ਨੇਮ ਹੀ ਬੱਝ ਗਿਆ ਕਿ ਪਹਿਰ ਰਾਤ ਰਹਿਣ ਤੋਂ ਪਹਿਲਾਂ ਗੁਰੂ ਸਾਹਿਬ ਦੇ ਇਸ਼ਨਾਨ ਲਈ ਜਲ ਦੀ ਗਾਗਰ ਭਰ ਲਿਆਉਣੀ, ਸਵੇਰ ਸਾਰ ਲੰਗਰ ਲਈ ਜਲ ਲਿਆਉਣਾ, ਸੰਗਤ ਵਿਚ ਦਰਸ਼ਨ ਕਰਨੇ, ਗੁਰੂ ਸਾਹਿਬ ਦੇ ਬਸਤਰ ਧੋ ਸੁਕਾ ਕੇ ਲਿਆਉਣੇ, ਸਮਾਂ ਮਿਲਣ 'ਤੇ ਇਕਾਂਤ ਵਿਚ ਬੈਠ ਕੇ ਹਜ਼ੂਰ ਦੇ ਅੱਜ ਹੋਏ ਬਚਨਾਂ ਦੀ ਵਿਚਾਰ ਕਰਨੀ, ਪਿਛਲੇ ਪਹਿਰ ਦੇ ਦੀਵਾਨ ਦੀ ਹਾਜ਼ਰੀ ਭਰਨੀ, ਸਾਰਾ ਦਿਨ ਬਿਨਾਂ ਅਲਸਾਏ ਲੰਗਰ ਲਈ ਜਲ ਦੀ ਸੇਵਾ ਕਰਦੇ ਰਹਿਣਾ ਅਰ ਲੋੜ ਅਨੁਸਾਰ ਲੰਗਰ ਛਕ ਲੈਣਾ, ਆਦਿ। ਇਹ ਸਾਰਾ ਕੁਝ ਕਰਦਿਆਂ ਆਪ ਜੀ ਆਮ ਬੋਲ-ਚਾਲ ਤੋਂ ਸੰਕੋਚ ਰੱਖਦੇ। ਗੁਰੂ ਸਾਹਿਬ ਜੀ ਇਹ ਸਭ ਕੁਝ ਵੇਖ ਰਹੇ ਸਨ ਪਰ ਇਨ੍ਹਾਂ ਦੇ ਪੱਖ ਤੋਂ ਬੇਪਰਵਾਹ ਹੀ ਰਹੇ।

ੳ. ਰਹੇ ਪਹਰ ਰਾਤ੍ਰਿ ਤਬ ਜਲ ਭਰ ਲਿਆਵੈ।
ਸਤਿਗੁਰ ਕੌ ਇਸਨਾਨ ਕਰਾਵੈ।67॥
ਇਸਨਾਨ ਕਰਾਇ ਇਕੰਤ ਬਹ ਰਹੇਂ।
ਕਾਹੂੰ ਸਿਉ ਕਛੁ ਸੁਨੇ ਨਾ ਕਹੇਂ।
ਸਤਿਗੁਰ ਮੂਰਤਿ ਹਿਰਦੇ ਧਰੇ।
ਖਾਨ ਪਾਨ ਕਿਛੁ ਸੁਧ ਨਹੀ ਕਰੇ।68॥
ਸਹਜਿ ਸੁਭਾਇ ਹੋਇ ਸੁ ਹੋਇ। ਸਰੀਰ ਕ੍ਰਿਆ ਪੁਨ ਰਹਿਓ ਨ ਕੋਇ।
ਸਤਿਗੁਰ ਬਹੁਤ ਨ ਪੂਛੀ ਬਾਤ।ਅਚਰਜ ਗਤਿ ਕਛੁ ਲਖੀ ਨ ਜਾਤ।69॥9॥ ਮ.ਪ੍ਰ.
ਅ. ਤਬ ਤੇ ਆਗੇ ਹੀ ਉਠਿ ਕਰਿ ਕੈ
(ਪਹਿਰ ਰਾਤ ਰਹਿੰਦੀ ਤੋਂ ਪਹਿਲਾਂ)
ਜਲ ਆਨਹਿਂ ਭਰਿ ਕਲਸ ਬਿਸਾਲ।
(ਵੱਡੀ ਗਾਗਰ ਜਲ ਦੀ ਭਰ ਲਿਆਉਂਦੇ)
ਪ੍ਰਥਮ ਸ਼ਨਾਨਹਿਂ, ਬਸਤ੍ਰ ਪਖਾਲਹਿਂ,(ਪਹਿਲਾਂ ਹਜ਼ੂਰ ਨੂੰ ਸ਼ਨਾਨ ਕਰਾ ਫਿਰ ਬਸਤ੍ਰ ਧੋਂਦੇ)
ਪੁਨਹਿ ਸੁਸ਼ਕ ਕਰਿਬੇ ਹਿਤ ਡਾਲ।6॥
(ਫਿਰ ਸੁੱਕਣੇ ਪਾਉਂਦੇ)
ਪੁਨ ਇਕੰਤ ਹੋਇ ਸਭ ਤੇ ਬੈਠਹਿਂ
(ਫਿਰ ਇਕਾਂਤ ਵਿਚ ਜਾ ਬੈਠਦੇ)
ਕਰਹਿ ਨ ਸੁਨਹਿ ਬਚਨ ਕਿਸ ਨਾਲਿ।
(ਕਿਸੇ ਨਾਲ ਕੋਈ ਗੱਲਬਾਤ ਨ ਕਰਦੇ)
ਸਤਿਗੁਰ ਮੂਰਤਿ ਰਿਦੇ ਸਮਾਲਹਿ
(ਸਤਿਗੁਰਾਂ ਦਾ ਧਿਆਨ ਧਰਦੇ)
ਅਪਰ ਮਨੋਰਥ ਸਭ ਕੋ ਟਾਲਿ।
(ਹੋਰਨਾਂ ਪਾਸਿਓਂ ਮਨ ਹੋੜ ਕੇ)

ਇਸ ਵਾਧੂ ਸਮੇਂ ਆਪ ਜਿਥੇ ਇਕਾਂਤ ਵਿਚ ਜੁੜ ਬੈਠਦੇ ਸਨ ਹੁਣ ਉਸ ਸਥਾਨ 'ਤੇ ਸੁੰਦਰ ਸਥਾਨ ਗੁ. ਥੜਾ ਸਾਹਿਬ ਗੁਰੂ ਅਮਰਦਾਸ ਜੀ ਮੌਜੂਦ ਹੈ।

### ਭਾਨੀ ਦਾ ਵਿਆਹ

ਬਾਬਾ ਜੀ ਲਗਾਤਾਰ ਖਡੂਰ ਸਾਹਿਬ ਇਸੇ ਤਰਹ ਸੇਵਾ ਕਰਦੇ ਰਹੇ। ਪਹਿਲਾਂ ਹੋਏ ਪਰਵਾਰਿਕ ਫ਼ੈਸਲੇ ਅਨੁਸਾਰ ਬੀਬੀ ਭਾਨੀ ਜੀ ਦਾ ਰਿਸ਼ਤਾ ਲਾਹੌਰ ਨਿਵਾਸੀ ਭਾਈ ਹਰਿਦਾਸ ਜੀ ਸੋਢੀ ਦੇ ਸਪੁੱਤਰ ਪਾਵਨ ਸ੍ਰੀ ਰਾਮਦਾਸ ਜੀ ਨਾਲ ਹੋ ਗਿਆ। ਬੰਸਾਵਲੀਨਾਮਾ ਅਨੁਸਾਰ ਅਗਲੇ ਸਾਲ ਭਾਵ 1602 ਬਿ./1545 ਈ. ਨੂੰ ਵਿਆਹ ਰੱਖਿਆ ਗਿਆ। ਬਿਨਾਂ ਸ਼ੱਕ ਸਤਿਗੁਰਾਂ ਦੀ ਆਗਿਆ ਲੈ ਕੇ ਆਪ ਜੀ ਇਸ ਸਮੇਂ ਬਾਸਰ ਕੇ ਗਏ ਅਰ ਬੀਬੀ ਭਾਨੀ ਜੀ ਦਾ ਸਾਰਾ ਵਿਆਹ ਕਾਰਜ ਨਿਬਾਹ ਕੇ ਆਪ ਫਿਰ ਖਡੂਰ ਸਤਿਗੁਰਾਂ ਪਾਸ ਹਾਜ਼ਰ ਹੋ ਕੇ ਪਹਿਲਾਂ ਵਾਂਗ ਸੇਵਾ ਵਿਚ ਲੱਗ ਗਏ।

### ਅਸਚਰਜ ਕੌਤਕ

ਹੁਣ ਇਸੇ ਤਰਹ ਚਲਦਿਆਂ ਕੁਝ ਸਾਲ ਬਿਤੀਤ ਹੋ ਗਏ। ਨਗਰ ਵਾਲੇ ਵੀ ਵੇਖ ਰਹੇ ਸਨ ਕਿ ਬਾਕੀ ਸਿੱਖ ਤਾਂ ਕੁਝ ਸਮਾਂ ਠਹਿਰ ਕੇ ਵਾਪਸ ਚਲੇ ਜਾਂਦੇ ਹਨ ਪਰ ਇਹ ਲਗਾਤਾਰ ਹੀ ਇਥੇ ਟਿਕ ਗਿਆ ਹੈ ਅਰ ਜਦ ਵੇਖੀਏ ਕੁਝ ਨ ਕੁਝ ਸੇਵਾ ਕਰਦਾ ਰਹਿੰਦਾ ਹੈ। ਅਜਿਹਾ ਵੀ ਵਰਨਣ ਮਿਲਦਾ ਹੈ ਕਿ ਇਸ ਸਮੇਂ ਦੌਰਾਨ ਬਾਸਰ ਕੇ ਤੋਂ ਛੋਟੇ ਭਰਾ ਅਤੇ ਸਪੁੱਤਰ ਮੋਹਰੀ ਲੈਣ ਵਾਸਤੇ ਆਏ ਪਰ ਆਪ ਜੀ ਨੇ ਇਹ ਕਹਿ ਕੇ ਉਨ੍ਹਾਂ ਨਾਲ ਜਾਣ ਤੋਂ ਇਨਕਾਰ ਕਰ ਦਿੱਤਾ ਕਿ ਅਸੀਂ ਥੋੜੇ ਦਿਨਾਂ ਤੱਕ ਆਵਾਂਗੇ। ਭਾਈ ਬੁੱਢਾ, ਭਾਈ ਜੋਧ, ਦਾਸ, ਦਾਤਾ ਅਰ ਹੋਰ ਗੁਰਸਿੱਖ ਇਹ ਸਾਰਾ ਵਰਤਾਰਾ ਵਰਤਦਾ ਦੇਖ ਰਹੇ ਸਨ। ਜਦੋਂ ਬਾਬਾ ਜੀ ਨੇ ਇਸ ਪ੍ਰਕਾਰ ਦੀ ਘੁਸਰ-ਮੁਸਰ ਹੁੰਦੀ ਸੁਣੀ ਤਾਂ ਆਪ ਨੇ ਨਿੰਮ੍ਰਤਾ ਸਹਿਤ ਕਿਹਾ ਕਿ ਹੁਣ ਮੇਰੇ ਜੀਵਨ ਦਾ ਆਧਾਰ ਖਡੂਰ ਹੀ ਹੈ, ਸਤਿਗੁਰ ਹੀ ਮੇਰੇ ਸਭ ਕੁਝ ਹਨ ਇਨ੍ਹਾਂ ਦੇ ਚਰਨਾਂ ਵਿਚ ਮੈਨੂੰ ਰਹਿੰਦਿਆਂ ਮੈਨੂੰ ਸਭ ਕੁਝ ਮਿਲ ਰਿਹਾ ਹੈ:

ਅਬ ਮੇਰੇ ਸਤਿਗੁਰ ਹੈ ਸਭਿ ਕਿਛੁ,
(ਹੁਣ ਸਤਿਗੁਰ ਹੀ ਮੇਰੇ ਸਭ ਕੁਝ ਹਨ)
ਸਦਨ ਕੁਟੰਬ ਪਿਤਾ ਅਰੁ ਮਾਤ।
(ਘਰ, ਪਰਵਾਰ ਤੇ ਮਾਤਾ ਪਿਤਾ)
ਜੀਵਤਿ ਪ੍ਰਾਨ ਅਧਾਰ ਇਹੀ ਹੈਂ,
(ਜਿਉਂਦਿਆਂ ਵੀ ਇਹੀ ਆਸਰਾ ਹਨ)
ਬਿਨ ਪਗ ਦੇਖੇ ਕਛੁ ਨ ਸੁਹਾਤਿ'।13॥16॥
(ਦਰਸ਼ਨਾਂ ਬਿਨਾਂ ਕੁਝ ਚੰਗਾ ਨਹੀਂ ਲਗਦਾ)

ਭਾਈ ਨੰਦ ਲਾਲ ਜੀ ਗੋਯਾ ਇਸ ਅਵਸਥਾ ਦਾ ਚਿੱਤ੍ਰ ਇਉਂ ਪੇਸ਼ ਕਰਦੇ ਹਨ:

ਮਰਾ ਦਰ ਮੰਜ਼ਿਲ-ਇ ਜਾਨਾ ਹਮਹ ਐਸ਼-ਓ ਹਮਹ ਸ਼ਾਦੀ, (ਸਾਨੂੰ ਗੁਰੂ ਮਾਰਗ ਤੇ ਚਲਦਿਆਂ ਸਦਾ ਖ਼ੁਸ਼ੀਆਂ ਤੇ ਖੇੜੇ ਹਨ,
ਜਰਸ ਬੇਹੂਦਾ ਮੀ ਨਾਲਦ ਕੁਜਾ ਬੰਦੇਮ ਮਹਮਲ ਹਾ।3॥ (ਕਾਫ਼ਲੇ ਦਾ ਘੜਿਆਲ ਬੇ-ਫ਼ਾਇਦਾ ਸ਼ੋਰ ਮਚਾਉਂਦਾ ਹੈ, ਅਸੀਂ ਹੁਣ ਕਿਧਰ ਜਾਣਾ ਹੈ?) ਗ਼ਜ਼ਲ

ਰੋਜ਼ ਵਾਂਗ ਇਕ ਰਾਤ ਨੂੰ ਸਮੇਂ ਦਾ ਅੰਦਾਜ਼ਾ ਕਰ ਕੇ ਆਪ ਗੁਰੂ ਪਾਤਸ਼ਾਹ ਜੀ ਦੇ ਸ਼ਨਾਨ ਲਈ ਜਲ ਲੈਣ ਚਲੇ ਗਏ। ਮੌਸਮ ਕਾਫ਼ੀ ਖ਼ਰਾਬ ਹੋਣ ਕਰ ਕੇ ਮੀਂਹ ਪੈਣ ਲੱਗ ਪਿਆ। ਵਿਚੋਂ ਵਿਚੋਂ ਬਿਜਲੀ ਲਿਸ਼ਕਣ ਲੱਗ ਪਈ। ਜਦੋਂ ਆਪ ਜੀ ਜਲ ਦੀ ਗਾਗਰ ਮੋਢੇ 'ਤੇ ਚੁੱਕ ਕੇ ਵਾਪਸ ਆ ਰਹੇ ਸਨ ਤਾਂ ਮੀਂਹ ਚੰਗਾ ਮੋਹਲੇਧਾਰ ਪੈ ਰਿਹਾ ਸੀ। ਗੁਰੂ ਸਾਹਿਬ ਦੀ ਰਿਹਾਇਸ਼ ਦੇ ਨਾਲ ਹੀ ਇਕ ਜੁਲਾਹੇ ਦਾ ਘਰ ਸੀ ਜਿਸ ਦੇ ਬਾਹਰਲੇ ਪਾਸੇ ਛੱਤ ਹੇਠ ਉਹ ਤਾਣਾ ਤਣਦਾ ਸੀ। ਇਸ ਸਮੇਂ ਭਾਵੇਂ ਤਾਣਾ ਮੌਜੂਦ ਨਹੀਂ ਸੀ ਪਰ, ਹਨੇਰੇ ਵਿਚ ਕੋਲੋਂ ਲੰਘਦਿਆਂ ਬਾਬਾ ਜੀ ਦਾ ਖੱਬਾ ਪੈਰ ਕਿੱਲੇ ਨਾਲ ਵੱਜਣ ਕਰ ਕੇ ਡਿੱਗ ਪਏ ਪਰ ਮੋਢੇ ਰੱਖੀ ਗਾਗਰ ਦਾ ਜਲ ਡੁੱਲ੍ਹਣ ਤੋਂ ਬਚ ਗਿਆ। ਖੜਕਾ ਚੰਗਾ ਹੋ ਗਿਆ। ਖੜਕਾ ਸੁਣ ਕੇ ਦੋਹਾਂ ਦੀ ਜਾਗ ਖੁਲ੍ਹ ਗਈ। ਜੁਲਾਹਾ ਬੋਲਿਆ,

'ਇਸ ਵੇਲੇ ਪਤਾ ਨਹੀਂ ਕੌਣ ਠੁੱਡੇ ਮਾਰਦਾ ਫਿਰਦੈ'?


'ਨਿਥਾਵਾਂ ਜਿਹਾ ਅਮਰੂ ਹੋਣੈ ਪਾਣੀ ਭਰਨ ਗਿਆ', ਜੁਲਾਹੀ ਝੱਟ ਬੋਲ ਪਈ, 'ਹੋਰ ਇਸ ਵੇਲੇ ਭਲਾ ਕੌਣ ਹੋਣਾ'।

ਬਾਬਾ ਜੀ ਜਿਹੜੇ ਹੁਣ ਸਾਵਧਾਨ ਹੋ ਕੇ ਬਿਲਕੁਲ ਇਨ੍ਹਾਂ ਦੇ ਨੇੜਿਓਂ ਲੰਘ ਰਹੇ ਸਨ, ਉਹ ਸੁਣ ਕੇ ਬੋਲ ਉੱਠੇ,

'ਕਮਲੀਏ! ਅਮਰਦਾਸ ਨਿਥਾਵਾਂ ਨਹੀਂ, ਮੇਰੇ ਧੰਨ ਭਾਗ ਜੁ ਸੇਵਾ ਮਿਲੀ'। ਹੁਣ ਕੋਈ ਕੁਝ ਨ ਬੋਲਿਆ।

ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ

## ਸਿਹਤ ਤੇ ਸੁੰਦਰਤਾ



# ਕੈਲਸ਼ੀਅਮ ਦੀ ਘਾਟ ਨਾਲ ਕਮਜ਼ੋਰ ਹੋ ਜਾਂਦਾ ਹੈ ਹੱਡੀਆਂ ਦਾ ਢਾਂਚਾ



ਕੈਲਸ਼ੀਅਮ ਸਾਡੇ ਸਰੀਰ ਲਈ ਜ਼ਰੂਰੀ ਖਣਿਜ ਹੈ, ਜੋ ਹੱਡੀਆਂ ਤੇ ਦੰਦਾਂ ਨੂੰ ਮਜ਼ਬੂਤ ਬਣਾਉਣ, ਮਾਸਪੇਸ਼ੀਆਂ ਦੇ ਕੰਟ੍ਰੈਕਸ਼ਨ, ਨਰਵਸ ਸਿਸਟਮ ਦੇ ਸਹੀ ਤਰੀਕੇ ਨਾਲ ਕੰਮ ਕਰਨ ਤੇ ਬਲੱਡ ਕਲਾਟ ਬਣਾਉਣ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਜਦੋਂ ਸਰੀਰ 'ਚ ਕੈਲਸ਼ੀਅਮ ਦੀ ਕਮੀ ਹੋ ਜਾਂਦੀ ਹੈ ਤਾਂ ਇਹ ਕਈ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ। ਇਸ ਸਥਿਤੀ ਨੂੰ ਹਾਈਪੋਕੈਲਸੀਮੀਆ ਕਿਹਾ ਜਾਂਦਾ ਹੈ।

ਅੱਜਕੱਲ੍ਹ ਦੀ ਖ਼ਰਾਬ ਜੀਵਨਸ਼ੈਲੀ ਤੇ ਅਣਹੈਲਦੀ ਖਾਣ-ਪੀਣ ਕਾਰਨ ਕੈਲਸ਼ੀਅਮ ਦੀ ਘਾਟ ਇਕ ਆਮ ਸਮੱਸਿਆ ਬਣਦੀ ਜਾ ਰਹੀ ਹੈ। ਜੇਕਰ ਸਮੇਂ ਸਿਰ ਇਸਦੀ ਪਛਾਣ ਨਾ ਕੀਤੀ ਜਾਵੇ ਤਾਂ ਇਹ ਗੰਭੀਰ ਰੂਪ ਧਾਰ ਸਕਦੀ ਹੈ। ਆਓ ਜਾਣੀਏ ਕਿ ਕੈਲਸ਼ੀਅਮ ਦੀ ਘਾਟ ਹੋਣ 'ਤੇ ਸਰੀਰ ਵਿਚ ਦਿਖਾਈ ਦੇਣ ਵਾਲੇ 6 ਮਹੱਤਵਪੂਰਨ ਲੱਛਣ ਕੀ ਹਨ।

ਕੈਲਸ਼ੀਅਮ ਦੀ ਘਾਟ ਦੇ ਲੱਛਣ- ਕੈਲਸ਼ੀਅਮ ਦੀ ਘਾਟ ਦਾ ਸਭ ਤੋਂ ਪਹਿਲਾ ਤੇ ਸਾਫ਼ ਲੱਛਣ ਹੱਡੀਆਂ 'ਚ ਦਰਦ ਅਤੇ ਕਮਜ਼ੋਰੀ ਮਹਿਸੂਸ ਹੋਣਾ ਹੈ। ਕੈਲਸ਼ੀਅਮ ਹੱਡੀਆਂ ਦੇ ਨਿਰਮਾਣ ਤੇ ਮਜ਼ਬੂਤੀ ਲਈ ਜ਼ਰੂਰੀ ਹੈ। ਇਸਦੀ ਘਾਟ ਨਾਲ ਹੱਡੀਆਂ ਕਮਜ਼ੋਰ ਹੋਣ ਲੱਗਦੀਆਂ ਹਨ, ਜਿਸ ਨਾਲ ਔਸਟਿਓਪੋਰੋਸਿਸ ਦਾ ਖ਼ਤਰਾ ਵਧ ਜਾਂਦਾ ਹੈ। ਇਸ ਤੋਂ ਇਲਾਵਾ ਜੋੜਾਂ ਵਿਚ ਦਰਦ ਅਤੇ ਫ੍ਰੈਕਚਰ ਹੋਣ ਦਾ ਖ਼ਤਰਾ ਵੀ ਵਧ ਜਾਂਦਾ ਹੈ।

ਕੈਲਸ਼ੀਅਮ ਮਾਸਪੇਸ਼ੀਆਂ ਦੇ ਕੰਟ੍ਰੈਕਸ਼ਨ ਤੇ ਰਿਲੈਕਸੇਸ਼ਨ ਲਈ ਜ਼ਰੂਰੀ ਹੈ। ਇਸਦੀ ਘਾਟ ਹੋਣ 'ਤੇ ਮਾਸਪੇਸ਼ੀਆਂ 'ਚ ਅਕੜਾਅ, ਖਿੱਚ ਤੇ ਦਰਦ ਦੀ ਸਮੱਸਿਆ ਹੋ ਸਕਦੀ ਹੈ। ਖ਼ਾਸ ਕਰਕੇ ਰਾਤ ਦੇ ਸਮੇਂ ਪੈਰਾਂ ਦੀਆਂ ਮਾਸਪੇਸ਼ੀਆਂ 'ਚ ਅਚਾਨਕ ਅਕੜਾਅ ਹੋਣਾ ਕੈਲਸ਼ੀਅਮ ਦੀ ਘਾਟ ਦਾ ਸੰਕੇਤ ਹੋ ਸਕਦਾ ਹੈ। ਸਰੀਰ 'ਚ ਕੈਲਸ਼ੀਅਮ ਦੀ ਘਾਟ ਹੋਣ 'ਤੇ ਵਿਅਕਤੀ ਨੂੰ ਬਿਨਾਂ ਕਿਸੇ ਮਿਹਨਤ ਦੇ ਹੀ ਥਕਾਨ ਅਤੇ ਕਮਜ਼ੋਰੀ ਮਹਿਸੂਸ ਹੋਣ ਲੱਗਦੀ ਹੈ। ਇੱਥੇ ਤਕ ਕਿ ਪੂਰੀ ਨੀਂਦ ਲੈਣ ਦੇ ਬਾਵਜੂਦ ਸਰੀਰ 'ਚ ਸੁਸਤੀ ਬਣੀ ਰਹਿੰਦੀ ਹੈ। ਕੈਲਸ਼ੀਅਮ ਦੀ ਘਾਟ ਨਾਲ ਮੈਟਾਬੌਲਿਜ਼ਮ ਪ੍ਰਭਾਵਿਤ ਹੁੰਦਾ ਹੈ ਜਿਸ ਨਾਲ ਊਰਜਾ ਦਾ ਪੱਧਰ ਘਟ ਜਾਂਦਾ ਹੈ।

ਕੈਲਸ਼ੀਅਮ ਦੰਦਾਂ ਲਈ ਵੀ ਬਹੁਤ ਜ਼ਰੂਰੀ ਹੈ। ਇਸਦੀ ਘਾਟ ਹੋਣ 'ਤੇ ਦੰਦ ਕਮਜ਼ੋਰ ਹੋਣ ਲੱਗਦੇ ਹਨ, ਮਸੂੜਿਆਂ ਤੋਂ ਖ਼ੂਨ ਆਉਣ ਲੱਗਦਾ ਹੈ ਤੇ ਦੰਦਾਂ 'ਚ ਸੜਨ ਦੀ ਸਮੱਸਿਆ ਵਧ ਜਾਂਦੀ ਹੈ। ਬੱਚਿਆਂ ਵਿਚ ਕੈਲਸ਼ੀਅਮ ਦੀ ਘਾਟ ਨਾਲ ਦੰਦਾਂ ਦਾ ਵਿਕਾਸ ਹੌਲੀ ਹੋ ਸਕਦਾ ਹੈ।

ਕੈਲਸ਼ੀਅਮ ਦੀ ਘਾਟ ਦਾ ਅਸਰ ਨਹੁੰਆਂ 'ਤੇ ਵੀ ਦਿਖਾਈ ਦਿੰਦਾ ਹੈ। ਨਹੁੰ ਪਤਲੇ, ਕਮਜ਼ੋਰ ਤੇ ਆਸਾਨੀ ਨਾਲ ਟੁੱਟਣ ਲੱਗਦੇ ਹਨ। ਕਈ ਵਾਰੀ ਨਹੁੰਆਂ 'ਤੇ ਸਫੈਦ ਧੱਬੇ ਵੀ ਦਿਖਾਈ ਦੇ ਸਕਦੇ ਹਨ, ਜੋ ਕਿ ਕੈਲਸ਼ੀਅਮ ਜਾਂ ਹੋਰ ਪੋਸ਼ਕ ਤੱਤਾਂ ਦੀ ਘਾਟ ਦਾ ਸੰਕੇਤ ਹੋ ਸਕਦੇ ਹਨ।

ਕੈਲਸ਼ੀਅਮ ਦਿਲ ਦੀ ਮਾਸਪੇਸ਼ੀਆਂ ਦੇ ਸਹੀ ਤਰੀਕੇ ਨਾਲ ਕੰਮ ਕਰਨ ਲਈ ਵੀ ਜ਼ਰੂਰੀ ਹੈ। ਇਸਦੀ ਘਾਟ ਨਾਲ ਹਾਰਟ ਬੀਟ ਅਨਿਯਮਿਤ ਹੋ ਸਕਦੀ ਹੈ ਜਿਸ ਨਾਲ ਪਾਲਪਿਟੇਸ਼ਨ ਜਾਂ ਛਾਤੀ 'ਚ ਦਰਦ ਦੀ ਸਮੱਸਿਆ ਹੋ ਸਕਦੀ ਹੈ। ਗੰਭੀਰ ਮਾਮਲਿਆਂ 'ਚ ਇਹ ਹਾਰਟ ਫੇਲਿਅਰ ਦਾ ਕਾਰਨ ਵੀ ਬਣ ਸਕਦਾ ਹੈ।

ਕੈਲਸ਼ੀਅਮ ਦੀ ਘਾਟ ਨੂੰ ਕਿਵੇਂ ਦੂਰ ਕਰੀਏ?

- ਦੁੱਧ ਅਤੇ ਡੇਅਰੀ ਉਤਪਾਦ (ਦਹੀਂ, ਪਨੀਰ, ਛਾਛ) ਨੂੰ ਖ਼ੁਰਾਕ 'ਚ ਸ਼ਾਮਲ ਕਰੋ।
- ਹਰੀਆਂ ਪੱਤਿਆਂ ਵਾਲੀਆਂ ਸਬਜ਼ੀਆਂ (ਸਪਿਨਚ, ਬ੍ਰੋਕਲੀ, ਮੇਥੀ) ਖਾਓ।
- ਮੱਛੀ, ਆਂਡੇ, ਬਾਦਾਮ ਤੇ ਤਿਲ ਵਰਗੇ ਕੈਲਸ਼ੀਅਮ ਨਾਲ ਭਰਪੂਰ ਖ਼ੁਰਾਕ ਨੂੰ ਆਪਣੇ ਖ਼ੁਰਾਕ 'ਚ ਸ਼ਾਮਲ ਕਰੋ।
- ਵਿਟਾਮਿਨ-ਡੀ ਲਓ, ਕਿਉਂਕਿ ਇਹ ਕੈਲਸ਼ੀਅਮ ਦੇ ਅਬਜ਼ਾਰਪਸ਼ਨ 'ਚ ਮਦਦ ਕਰਦਾ ਹੈ।
- ਡਾਕਟਰ ਦੀ ਸਲਾਹ 'ਤੇ ਕੈਲਸ਼ੀਅਮ ਸਪਲੀਮੈਂਟ ਲਓ

* * * * * *

## * ਚੁੰਝਾਂ-ਪ੍ਹੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ 'ਤੇ ਪਹਿਰਾ ਦੇਵਾਂਗੇ- ਪ੍ਰਮਿੰਦਰ ਢੀਂਡਸਾ

-ਦੋ ਦਸੰਬਰ ਵਾਲੇ ਹੁਕਮਾਂ 'ਤੇ ਕਿ ਹੁਣ ਵਾਲਿਆਂ 'ਤੇ।

*ਈ.ਡੀ. ਦਾ ਡਿਪਟੀ ਡਾਇਰੈਕਟਰ ਰਿਸ਼ਵਤ ਲੈਣ ਦੇ ਦੋਸ਼ਾਂ 'ਚ ਗ੍ਰਿਫ਼ਤਾਰ- ਇਕ ਖ਼ਬਰ

-ਸੁਣ ਲੈ ਨਿਹਾਲੀਏ ਚੋਰਾਂ ਦੀਆਂ ਗੱਲਾਂ।

*ਚੰਡੀਗੜ੍ਹ ਤੋਂ ਪੰਜਾਬ ਅਤੇ ਹਰਿਆਣਾ ਦਾ ਡੈਪੂਟੇਸ਼ਨ ਕੋਟਾ ਖ਼ਤਮ- ਇਕ ਖ਼ਬਰ

-ਰੋਟੀ ਤਾਂ ਖਾ ਗਿਆ ਬਾਂਦਰ, ਬਿੱਲੀਆਂ ਰਹਿ ਗਈਆਂ ਝਾਕਦੀਆਂ।



*ਜਥੇਦਾਰ ਦੀ ਨਿਯੁਕਤੀ ਅਤੇ ਸੇਵਾ-ਮੁਕਤੀ ਸਬੰਧੀ ਨਿਯਮਾਂਵਲੀ ਲਈ ਜਲਦੀ ਹੀ ਕਮੇਟੀ ਬਣਾਈ ਜਾਵੇਗੀ - ਪ੍ਰਧਾਨ ਧਾਮੀ

-ਜਿਵੇਂ ਪਹਿਲੀਆਂ ਕਮੇਟੀਆਂ 'ਤੇ ਅਸੀਂ ਮਿੱਟੀ ਪਾਈ ਇਸ 'ਤੇ ਵੀ ਪਾਵਾਂਗੇ, ਸੰਗਤ ਜੀ ਫ਼ਿਕਰ ਨਾ ਕਰੋ।




*ਐਲਨ ਮਸਕ ਤੇ ਟਰੰਪ ਦੀ ਯਾਰੀ ਟੁੱਟੀ, ਮਸਕ ਨੇ ਸਲਾਹਕਾਰ ਵਿਭਾਗ ਤੋਂ ਦਿਤਾ ਅਸਤੀਫ਼ਾ- ਇਕ ਖ਼ਬਰ

-ਤੇਰੀ ਮੇਰੀ ਨਹੀਂ ਨਿਭਣੀ, ਮੈਂ ਪਤਲੀ ਤੂੰ ਭਾਰਾ।

*ਭੁਜ ਵਿਚ ਅੰਮ੍ਰਿਤਧਾਰੀ ਸਿੱਖਾਂ ਨੂੰ ਸ੍ਰੀ ਸਾਹਿਬਾਂ ਪਹਿਨੀਆਂ ਕਰਕੇ ਮੋਦੀ ਦੀ ਰੈਲੀ 'ਚ ਜਾਣੋ ਰੋਕਿਆ- ਇਕ ਖ਼ਬਰ

-ਠਹਿਰੋ ਅਜੇ! ਉਹ ਦਿਨ ਵੀ ਦੂਰ ਨਹੀਂ ਜਦ ਤੁਹਾਨੂੰ ਆਪਣੇ ਘਰਾਂ 'ਚ ਵੀ ਪਹਿਨਣ ਦੀ ਇਜਾਜ਼ਤ ਨਹੀਂ ਹੋਵੇਗੀ।



*ਭਾਖੜਾ ਡੈਮ 'ਤੇ ਸੀ. ਆਈ. ਐਸ. ਐਫ. ਲਾਉਣੀ ਰਾਜ ਸਰਕਾਰ ਦੇ ਅਧਿਕਾਰਾਂ 'ਤੇ ਛਾਪਾ- ਚੰਦੂਮਾਜਰਾ

-ਕਾਂਗਰਸੀਆਂ ਤੇ ਅਕਾਲੀਆਂ ਦੋਵਾਂ ਨੇ ਹੀ ਆਪਣੀਆਂ ਗੱਦੀਆਂ ਖ਼ਾਤਰ ਕੇਂਦਰ ਤੋਂ ਛਾਪੇ ਮਰਵਾਏ।



*ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕੌਮ ਦੇ ਨਾਮ ਸੰਦੇਸ਼ ਦੇਣ ਤੋਂ ਰੋਕਿਆ ਜਾਵੇ- ਧੁੰਮਾ

-ਧੁੰਮਾ ਜੀ ਆਪ ਪਹੁੰਚੋ ਉਥੇ ਰੋਕਣ ਲਈ।



*ਵਿਰਸਾ ਸਿੰਘ ਵਲਟੋਹਾ ਨੇ ਜਥੇਦਾਰ ਅਕਾਲ ਤਖ਼ਤ ਕੋਲ ਕੀਤੀ ਅਪੀਲ- ਇਕ ਖ਼ਬਰ

-ਤੁਸੀਂ ਕਰੋ ਅਸਾਡੀ ਕਾਰੀ ਜੀ, ਹੁਣ ਹੋ ਗਈ ਮੁਸ਼ਕਿਲ ਭਾਰੀ ਜੀ।



*ਪ੍ਰਧਾਨ ਮੰਤਰੀ ਮੋਦੀ ਅਤੇ ਮਮਤਾ ਬੈਨਰਜੀ ਹੋਏ ਆਹਮੋ ਸਾਹ- ਮਣੇ- ਇਕ ਖ਼ਬਰ

-ਕੁੰਢੀਆਂ ਦੇ ਸਿੰਙ ਫਸ ਗਏ, ਕੋਈ ਨਿੱਤਰੂ ਵੜੇਂਵੇਂ ਖਾਣੀ।



*ਭਾਜਪਾ ਮੰਤਰੀ ਕਪਿਲ ਮਿਸ਼ਰਾ ਵਿਰੁੱਧ 'ਢਿੱਲੀ ਜਾਂਚ' ਲਈ ਹਾਈ ਕੋਰਟ ਨੇ ਦਿੱਲੀ ਪੁਲਿਸ ਨੂੰ ਖਿੱਚਿਆ- ਇਕ ਖ਼ਬਰ

-ਤੈਨੂੰ ਤਾਪ ਚੜ੍ਹੇ ਮੈਂ ਹੂੰਗਾਂ, ਤੇਰੀ ਮੇਰੀ ਇਕ ਜਿੰਦੜੀ।

*59 ਸਾਲਾ ਵਿਅਕਤੀ ਨੇ ਸਰ ਕੀਤੀ ਮਾਊਂਟ ਐਵਰੈਸਟ-ਇਕ ਖ਼ਬਰ

-ਦਿਲ ਹੋਣਾ ਚਾਹੀਦਾ ਜਵਾਨ, ਉਮਰਾਂ 'ਚ ਕੀ ਰੱਖਿਆ।



*'ਆਪ੍ਰੇਸ਼ਨ ਸਿੰਧੂਰ' ਦੇ ਨਾਮ 'ਤੇ ਪ੍ਰਧਾਨ ਮੰਤਰੀ ਸਿਆਸੀ ਲਾਹਾ ਉਠਾ ਰਹੇ ਹਨ- ਮਮਤਾ ਬੈਨਰਜੀ

-ਕਾਹਨੂੰ ਦੇਨੀਂ ਏਂ ਕੁਪੱਤੀਏ ਗਾਲ੍ਹਾਂ, ਛੜੇ ਦਾ ਕਿਹੜਾ ਪੁੱਤ ਮਰ ਜੂ।



*ਕੇਂਦਰ ਸਰਕਾਰ ਆਰ. ਐੱਸ. ਐੱਸ. ਦੀ ਸ਼ਹਿ 'ਤੇ ਉਡਾ ਰਹੀ ਹੈ ਸੰਵਿਧਾਨ ਦੀਆਂ ਧੱਜੀਆਂ- ਰਾਜਾ ਵੜਿੰਗ

-ਬੋਦੀ ਵਾਲ਼ਾ ਤਾਰਾ ਚੜ੍ਹਿਆ, ਘਰ ਘਰ ਹੋਣ ਵਿਚਾਰਾਂ।



*ਪ੍ਰਸ਼ਾਂਤ ਕਿਸ਼ੋਰ ਨੇ ਪ੍ਰਧਾਨ ਮੰਤਰੀ ਮੋਦੀ 'ਤੇ ਚਲਾਏ ਸ਼ਬਦਾਂ ਦੇ ਤੀਰ- ਇਕ ਖ਼ਬਰ

-ਤੂੰ ਹੋਰ ਨਾ ਮਾਰੀਂ ਮਿਰਜ਼ਿਆ, ਤੇਰੇ ਬੜੇ ਗ਼ਜ਼ਬ ਦੇ ਤੀਰ।

# ਚੰਦਰੇ ਨਸ਼ਿਆਂ ਵਿਚ ਰੁੜ੍ਹਿਆ ਪੰਜਾਬ, ਜ਼ਿੰਮੇਵਾਰ ਕੌਣ ?

**ਬਘੇਲ ਸਿੰਘ ਧਾਲੀਵਾਲ**
99142-58142



ਪੰਜਾਬੀ ਲੋਕ ਗੀਤ "ਚੰਦਰੇ ਨੋਟਾਂ ਨੇ ਮੇਰਾ ਚੰਨ ਪਰਦੇਸੀ ਕੀਤਾ" ਪੁਰਾਣਾ ਜ਼ਰੂਰ ਹੈ, ਪਰ ਅੱਜ ਦੇ ਹਾਲਾਤ ਦੀ ਵੀ ਸੱਚੀ ਤਰਜਮਾਨੀ ਕਰਦਾ ਹੈ। ਇਹ ਗੀਤ ਕਦੇ ਸਿਰਫ਼ ਪਰਦੇਸ ਕਮਾਈ ਕਰਨ ਗਏ ਨੌਜਵਾਨਾਂ ਦੇ ਵਿਛੋੜੇ ਦੀ ਗੱਲ ਕਰਦਾ ਸੀ, ਪਰ ਹੁਣ ਸਮਾਂ ਬਦਲ ਗਿਆ। ਅੱਜ ਪਰਿਵਾਰ ਦਾ ਮੁਖੀ ਹੀ ਨਹੀਂ, ਸਗੋਂ ਘਰ ਦੇ ਸਾਰੇ ਜੀਅ-ਇੱਕ, ਦੋ ਜਾਂ ਕਿਤੇ ਤਿੰਨ ਵੀ-ਪਰਦੇਸੀ ਹੋ ਗਏ। ਪਿੱਛੇ ਰਹਿ ਗਏ ਬੁਢੇ ਮਾਂ-ਬਾਪ, ਜੋ ਆਪਣੇ ਲਾਡਲਿਆਂ ਦੀ ਬਾਹਰਲੇ ਮੁਲਕਾਂ ਵਿਚ ਤਰੱਕੀ ਦੀ ਝੂਠੀ ਖੁਸ਼ੀ ਹੇਠ ਵਿਛੋੜੇ ਦਾ ਦੁੱਖ ਛੁਪਾਉਂਦੇ, ਇਸ ਦੁਨੀਆਂ ਤੋਂ ਕੂਚ ਕਰ ਜਾਂਦੇ ਹਨ। ਕਈਆਂ ਦੇ ਮੰਜੇ ਨਾਲ ਮੰਜਾ ਜੁੜ ਗਿਆ, ਪਰ ਪਾਣੀ ਦੀ ਘੁੱਟ ਪੁੱਛਣ ਵਾਲਾ ਕੋਈ ਨਾ ਬਚਿਆ। ਇਸ ਦਾ ਮਤਲਬ ਇਹ ਨਹੀਂ ਕਿ ਪਰਦੇਸ ਗਏ ਨੌਜਵਾਨਾਂ ਦਾ ਖੂਨ ਸਫੈਦ ਹੋ ਗਿਆ ਜਾਂ ਉਹ ਮਾਂ-ਬਾਪ ਨੂੰ ਭੁੱਲ ਗਏ। ਨਹੀਂ, ਉਹ ਵਾਪਸ ਆਉਣਾ ਚਾਹੁੰਦੇ ਹਨ, ਪਰ ਨਸ਼ਿਆਂ, ਨਸ਼ੇ ਦੇ ਸੌਦਾਗਰਾਂ ਅਤੇ ਨਸ਼ੇ ਦੀ ਤੋਟ ਪੂਰੀ ਕਰਨ ਲਈ ਲੁੱਟ-ਖੋਹ ਕਰਦੇ ਨਸ਼ੇੜੀਆਂ ਤੋਂ ਕੌਣ ਸੁਰੱਖਿਆ ਦੇਵੇਗਾ ?

ਇਸੇ ਕਾਰਨ ਮਾਂ-ਬਾਪ ਖੁਦ ਨਹੀਂ ਚਾਹੁੰਦੇ ਕਿ ਉਹਨਾਂ ਦੇ ਪਰਦੇਸ ਵਿਚ ਮਿਹਨਤ ਨਾਲ ਸਥਾਪਤ ਹੋਏ ਪੁੱਤਰ ਮੁੜ ਪੰਜਾਬ ਦੇ ਖ਼ਤਰਨਾਕ ਹਾਲਾਤ ਵਿਚ ਫਸਣ। ਉਹ ਆਪਣੇ ਚਾਵਾਂ ਅਤੇ ਮਮਤਾ ਨੂੰ ਔਲਾਦ ਦੀ ਸੁਰੱਖਿਆ ਲਈ ਕੁਰਬਾਨ ਕਰ ਰਹੇ ਹਨ ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ ਤੋਂ ਲੈ ਕੇ ਅੱਜ ਤੱਕ ਪੰਜਾਬ ਦਾ ਨਕਸ਼ਾ ਸੱਚਮੁੱਚ ਬਦਲ ਗਿਆ। ਵਿਛੋੜੇ ਦੇ ਲੋਕ ਗੀਤਾਂ ਦੇ ਅਰਥ ਬੇਅਰਥ ਹੋ ਗਏ। ਉਹ ਗੀਤ ਹੁਣ ਸਿਰਫ਼ ਪੁਰਾਣੀਆਂ ਯਾਦਾਂ ਦੀ ਨਿਸ਼ਾਨੀ ਬਣ ਕੇ ਰਹਿ ਗਏ। ਬਾਹਰਲੇ ਮੁਲਕਾਂ ਵਿਚ ਤਰੱਕੀ ਦੀ ਰੀਸ ਵਿਚ ਹਜ਼ਾਰਾਂ ਨੌਜਵਾਨ ਨਸ਼ਿਆਂ ਦੇ ਸੌਦਾਗਰਾਂ ਦੇ ਹੱਥ ਚੜ੍ਹ ਗਏ। ਜਹਾਜ਼ ਚੜ੍ਹਨ ਦੇ ਸੁਪਨੇ ਮਾਰਕੇ ਕਈ ਸਿਵਿਆਂ ਦੇ ਰਾਹਾਂ 'ਤੇ ਅੰਤਮ ਸਫਰ 'ਤੇ ਨਿਕਲ ਪਏ। ਪਤਾ ਹੀ ਨਾ ਲੱਗਾ ਕਿ ਹੱਸਦਾ-ਵੱਸਦਾ ਪੰਜਾਬ ਕਦੋਂ ਉਜਾੜ ਦੀ ਕਗਾਰ 'ਤੇ ਪਹੁੰਚ ਗਿਆ। ਕਹਿੰਦੇ ਸਨ, "ਪੰਜਾਬ ਦੇ ਜਾਏ ਨੂੰ ਨਿੱਤ ਮੁਹਿੰਮਾਂ," ਪਰ ਹੁਣ ਚਲਾਕ ਸ਼ਕਤੀਆਂ ਨੇ ਸਮਝ ਲਿਆ ਕਿ ਪੰਜਾਬ ਦੀ ਮਿੱਟੀ ਨੂੰ ਮਾਰਨ ਦੀ ਨਹੀਂ, ਸਗੋਂ ਇਸ ਦੀ ਜਣਨ ਸ਼ਕਤੀ ਨੂੰ ਜ਼ਹਿਰੀਲੇ ਤੱਤਾਂ ਨਾਲ ਖਤਮ ਕਰਨ ਦੀ ਲੋੜ ਹੈ। ਗੱਭਰੂਆਂ ਨੂੰ ਭੁੱਕੀ, ਅਫੀਮ ਵਰਗੇ ਕੁਦਰਤੀ ਨਸ਼ਿਆਂ ਤੋਂ ਹਟਾ ਕੇ ਰਸਾਇਣਕ ਨਸ਼ਿਆਂ ਦਾ ਆਦੀ ਬਣਾਇਆ ਜਾ ਰਿਹਾ ਹੈ। ਉਹਨਾਂ ਦੀ ਗੈਰਤ ਅਤੇ ਮਰਦਾਨਗੀ ਨੂੰ ਮਾਰਿਆ ਜਾ ਰਿਹਾ ਹੈ। ਪੰਜਾਬ ਵਿਰੋਧੀ ਤਾਕਤਾਂ ਦੀ ਇਸ ਸਾਜ਼ਿਸ਼ ਨੇ "ਪੰਜਾਬ ਦੇ ਜਾਏ ਨੂੰ ਨਿੱਤ ਮੁਹਿੰਮਾਂ" ਵਾਲਾ ਅਖਾਣ ਵੀ ਬਦਲ ਦਿੱਤਾ। ਮੁਹਿੰਮਾਂ ਸੁਣ ਕੇ ਤਾਂ



ਪੰਜਾਬੀ ਜੁਆਨੀ ਦੇ ਡੌਲੇ ਫਰਕਦੇ ਸਨ, ਮਰ ਮਿਟਣ ਦੀ ਤਾਂਘ ਜਾਗਦੀ ਸੀ, ਪਰ ਹੁਣ ਇਸ ਜਜ਼ਬੇ ਨੂੰ ਖ਼ਤਮ ਕਰਨ ਲਈ ਜ਼ਹਿਰੀਲੇ ਨਸ਼ਿਆਂ ਦੇ ਤੀਰ ਨਿਸ਼ਾਨੇ 'ਤੇ ਵੱਜ ਰਹੇ ਹਨ। ਪੋਸਤ, ਭੁੱਕੀ ਅਤੇ ਅਫੀਮ ਦਾ ਨਸ਼ਾ ਕਰਕੇ ਮਿੱਟੀ ਨਾਲ ਮਿੱਟੀ ਹੋਣ ਵਾਲੇ ਪੰਜਾਬੀ ਅੱਜ ਚਿੱਟੇ, ਸਮੈਕ, ਗੋਲੀਆਂ, ਕੈਪਸੂਲਾਂ ਅਤੇ ਜ਼ਹਿਰੀਲੀ ਸ਼ਰਾਬ ਨੇ ਨਸ਼ੇੜੀ ਬਣਾ ਦਿੱਤੇ।

ਨਤੀਜਾ, ਮੁੱਲ ਦੀਆਂ ਕੁੱਖਾਂ 'ਚੋਂ ਸੰਤਾਨ ਸੁੱਖ ਘਟਦਾ ਜਾ ਰਿਹਾ ਹੈ। ਪੰਜਾਬ ਜਣਨ ਸ਼ਕਤੀ ਗੁਆ ਰਿਹਾ ਹੈ। ਵਾਰਸ ਕੰਮ-ਕਾਰ ਭੁੱਲ ਕੇ ਜ਼ਮੀਨਾਂ ਵੇਚ ਮਾਰੂ ਨਸ਼ਿਆਂ ਦੀ ਭੇਟ ਚੜ੍ਹ ਰਹੇ ਹਨ। ਜਿਹੜੇ ਕਦੇ ਹਕੂਮਤਾਂ ਨੂੰ ਵਕਤ ਪਾਉਂਦੇ ਸਨ, ਅੱਜ ਗਲੀਆਂ ਦੇ ਕੱਖ ਬਣ ਗਏ। ਪਿੰਡਾਂ, ਸ਼ਹਿਰਾਂ, ਕਸਬਿਆਂ ਦੀ ਹਰ ਸੁੰਨੀ ਥਾਂ ਨਸ਼ਿਆਂ ਦਾ ਅੱਡਾ ਬਣ ਗਈ। ਗਲੀਆਂ, ਸੜਕਾਂ 'ਤੇ ਗੈਰਤ ਵਿਹੂਣੀ ਜੁਆਨੀ ਦੀਆਂ ਲਾਸ਼ਾਂ ਸੜਨ ਲੱਗੀਆਂ। ਇਹ ਸਮੇਂ ਦਾ ਦੁਖਾਂਤ ਹੈ ਕਿ ਨਸ਼ਿਆਂ ਨਾਲ ਮਰਨ ਵਾਲਿਆਂ ਦੀ ਗਿਣਤੀ ਨਾ ਕੁਦਰਤੀ ਮੌਤ ਵਿਚ ਸ਼ਾਮਲ ਹੁੰਦੀ ਹੈ, ਨਾ ਸਰਕਾਰੀ ਤੰਤਰ ਬਦਨਾਮੀ ਦੇ ਡਰੋਂ ਇਸ ਨੂੰ ਸਵੀਕਾਰਦਾ ਹੈ। ਪਰ ਸੱਚ ਨੂੰ ਝੁਠਲਾਇਆ ਨਹੀਂ ਜਾ ਸਕਦਾ।

ਕੀ ਸਰਕਾਰ ਅਤੇ ਪੁਲਿਸ ਇਮਾਨਦਾਰੀ ਨਾਲ ਦਾਅਵਾ ਕਰ ਸਕਦੇ ਹਨ ਕਿ ਨਸ਼ਿਆਂ ਨੂੰ ਖ਼ਤਮ ਕਰਨ ਲਈ ਸੁਹਿਰਦ ਯਤਨ ਹੋ ਰਹੇ ਹਨ ? ਜੇ ਹਾਂ, ਤਾਂ ਪਿੰਡਾਂ 'ਚ ਰਸਾਇਣਕ ਨਸ਼ਿਆਂ ਦੀ ਓਵਰਡੋਜ਼ ਨਾਲ ਮਰਨ ਵਾਲੇ ਕੌਣ ਹਨ ? ਬਰਨਾਲਾ ਜ਼ਿਲ੍ਹੇ ਦੇ ਇੱਕ ਪਿੰਡ ਦੇ ਵਸਨੀਕ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਉਹਨਾਂ ਦੇ ਪਿੰਡ 'ਚ ਹਰ ਮਹੀਨੇ ਚਾਰ-ਪੰਜ ਨੌਜਵਾਨ ਨਸ਼ਿਆਂ ਨਾਲ ਜਾਨ ਗੁਆ ਰਹੇ ਹਨ। ਜੇ ਇਹ ਸੱਚ ਵੀ ਨਾ ਮੰਨਿਆ ਜਾਵੇ, ਤਾਂ ਵੀ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮੌਤਾਂ ਹੋ ਰਹੀਆਂ ਹਨ। ਗੱਲਾਂ ਤਾਂ ਤਦ ਹੀ ਬਣਦੀਆਂ ਹਨ, ਜਦੋਂ ਸੱਚ ਦੀ ਨੀਂਹ ਹੋਵੇ। ਉਸ ਵਿਅਕਤੀ ਨੇ ਇਹ ਵੀ ਦੱਸਿਆ ਕਿ ਨਸ਼ਿਆਂ 'ਚ ਫਸੇ ਲੋਕਾਂ 'ਚ 10 ਤੋਂ 15 ਸਾਲ ਦੇ ਬੱਚੇ ਵੀ ਸ਼ਾਮਲ ਹਨ। ਇਹ ਸਿਰਫ਼ ਇੱਕ ਪਿੰਡ ਦੀ ਕਹਾਣੀ ਨਹੀਂ, ਸਗੋਂ ਪੰਜਾਬ ਦੇ ਹਰ ਜ਼ਿਲ੍ਹੇ, ਹਰ ਪਿੰਡ ਦੀ ਦੁਖਦ ਸੱਚਾਈ ਹੈ। ਪੁਲਿਸ ਦੀ ਕਾਰਗੁਜ਼ਾਰੀ 'ਤੇ ਹਾਸਾ ਨਹੀਂ, ਰੋਣਾ ਆਉਂਦਾ ਹੈ। ਪੁਲਿਸ ਅਫੀਮ-ਭੁੱਕੀ ਫੜਨ ਵਿਚ ਸਾਰੀ ਤਾਕਤ ਝੋਕ ਰਹੀ ਹੈ, ਜਦਕਿ ਨੌਜਵਾਨ ਰਸਾਇਣਕ ਨਸ਼ਿਆਂ ਨਾਲ ਮਰ ਰਹੇ ਹਨ। ਕੀ ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਦਿੱਲੀ ਤੋਂ ਆਉਣ ਵਾਲੇ ਨਸ਼ੇ ਹਰਿਆਣਾ ਪਾਰ ਕਰਕੇ ਸਿਰਫ਼ ਪੰਜਾਬ ਵਿਚ ਹੀ ਵਿਕਦੇ ਹਨ ? ਹਰਿਆਣੇ ਜਾਂ ਉੱਤਰ ਪ੍ਰਦੇਸ਼ 'ਚ ਕਿਉਂ ਨਹੀਂ ? ਪਾਕਿਸਤਾਨ ਤੋਂ ਆਉਣ ਵਾਲੇ ਨਸ਼ਿਆਂ ਦੀ ਗੱਲ ਕਰੀਏ, ਤਾਂ ਪੰਜਾਬ ਦੀ 547 ਕਿਲੋਮੀਟਰ ਦੀ ਸਰਹੱਦ ਤੋਂ ਹੀ ਨਸ਼ੇ ਕਿਵੇਂ ਆ ਰਹੇ ਹਨ, ਜਦਕਿ ਰਾਜਸਥਾਨ ਦੀ 1,035 ਕਿਲੋਮੀਟਰ ਅਤੇ ਗੁਜਰਾਤ ਦੀ 512 ਕਿਲੋਮੀਟਰ ਦੀ ਸਰਹੱਦ ਪਾਕਿਸਤਾਨ ਨਾਲ ਲੱਗਦੀ ਹੈ, ਪਰ ਉਥੇ ਨਸ਼ਿਆਂ ਦੀ ਸਪਲਾਈ ਦਾ ਨਾਮੋ-ਨਿਸ਼ਾਨ ਨਹੀਂ।

ਗੱਲ ਇਹ ਹੈ ਕਿ ਪੰਜਾਬ ਸਰਕਾਰ ਅਤੇ ਪੁਲਿਸ ਨੂੰ ਇਮਾਨਦਾਰੀ ਨਾਲ ਸਖ਼ਤ ਕਦਮ ਚੁੱਕਣ ਦੀ ਲੋੜ ਹੈ। ਹਾਥੀ ਲੰਘਣ ਗਿਆ ਅਤੇ ਪੂਛ ਫੜਨ ਦਾ ਕੋਈ ਫਾਇਦਾ ਨਹੀਂ। ਤਜਰਬੇ ਸਾਬਤ ਕਰਦੇ ਹਨ ਕਿ ਕੇਂਦਰੀ ਤਾਕਤਾਂ ਪੰਜਾਬ ਨੂੰ ਹੱਸਦਾ-ਵੱਸਦਾ ਨਹੀਂ ਦੇਖਣਾ ਚਾਹੁੰਦੀਆਂ। ਇਸ ਲਈ ਸ਼ਾਸਨ, ਪ੍ਰਸ਼ਾਸਨ ਅਤੇ ਲੋਕਾਂ ਨੂੰ ਇਕਸੁਰ ਹੋ ਕੇ ਸੁਹਿਰਦ ਸਮਝ ਨਾਲ ਕੰਮ ਕਰਨਾ ਪਵੇਗਾ। ਜਦੋਂ ਤੱਕ ਅਜਿਹਾ ਨਹੀਂ ਹੁੰਦਾ, ਪੰਜਾਬੀ ਜੁਆਨੀ ਮਰਦੀ ਰਹੇਗੀ, ਸਿਵੇ ਬਲਦੇ ਰਹਿਣਗੇ, ਅਤੇ ਪੰਜਾਬ ਉਜੜਦਾ ਰਹੇਗਾ। ਇਹ ਜ਼ਮੀਨੀ ਹਕੀਕਤ ਹੈ, ਭਾਵੇਂ ਕੋਈ ਮੰਨੇ ਜਾਂ ਨਾ ਮੰਨੇ।

## ਮੋਗਾ ਦੇ ਬਿਲਾਸਪੁਰ ਵਿਚ ਅੰਨ੍ਹੇਵਾਹ ਫਾਇਰਿੰਗ

### ✪ ਕਲੱਬ ਪ੍ਰਧਾਨ ਸਮੇਤ ਦੋ ਨੌਜਵਾਨ ਗੰਭੀਰ ਜ਼ਖ਼ਮੀ
### ✪ ਪੰਚਾਇਤੀ ਚੋਣਾਂ ਤੋਂ ਬਾਅਦ ਬਿਲਾਸਪੁਰ ਵਿਚ ਤਣਾਅ



ਮੋਗਾ-ਮੋਗਾ ਜ਼ਿਲ੍ਹੇ ਦੇ ਕਸਬਾ ਬਿਲਾਸਪੁਰ 'ਚ ਬੀਤੇ ਦਿਨੀਂ ਇੱਕ ਸਨਸਨੀਖੇਜ਼ ਘਟਨਾ ਵਾਪਰੀ, ਜਦੋਂ ਮੋਟਰਸਾਈਕਲ ਸਵਾਰ ਅਣਪਛਾਤੇ ਨੌਜਵਾਨਾਂ ਨੇ ਬੱਸ ਅੱਡੇ 'ਤੇ ਖੜ੍ਹੇ ਕਲਾਬ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਗੀਤਾ ਅਤੇ ਉਸ ਦੇ ਸਾਥੀ ਅਮਨਦੀਪ ਸਿੰਘ 'ਤੇ ਅੰਨ੍ਹੇਵਾਹ ਫਾਇਰਿੰਗ ਕਰ ਦਿੱਤੀ। ਇਸ ਹਮਲੇ ਵਿੱਚ ਦੋਵੇਂ ਨੌਜਵਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਇਸ ਘਟਨਾ ਤੋਂ ਬਾਅਦ ਪਿੰਡ ਵਾਸੀਆਂ ਨੇ ਤੁਰੰਤ ਜ਼ਖ਼ਮੀਆਂ ਨੂੰ ਐਂਬੂਲੈਂਸ ਰਾਹੀਂ ਮੋਗਾ ਦੇ ਹਸਪਤਾਲ ਪਹੁੰਚਾਇਆ। ਅਮਨਦੀਪ ਸਿੰਘ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਲੁਧਿਆਣਾ ਦੇ ਡੀਐਮਸੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਉਹ ਜ਼ਿੰਦਗੀ ਅਤੇ ਮੌਤ ਨਾਲ ਜੂਝ ਰਿਹਾ ਹੈ। ਦੂਜੇ ਪਾਸੇ, ਗੁਰਮੀਤ ਸਿੰਘ ਗੀਤਾ ਨੂੰ ਮੋਗਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਇਲਾਜ ਲਈ ਭਰਤੀ ਕੀਤਾ ਗਿਆ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਅਤੇ ਜਾਂਚ ਸ਼ੁਰੂ ਕਰ ਦਿੱਤੀ। ਹਾਲਾਂਕਿ, ਪੁਲਿਸ ਨੇ ਅਜੇ ਤੱਕ ਇਸ ਮਾਮਲੇ 'ਤੇ ਕੋਈ ਅਧਿਕਾਰਤ ਬਿਆਨ ਨਹੀਂ ਦਿੱਤਾ। ਸੂਤਰਾਂ ਮੁਤਾਬਕ, ਇਹ ਹਮਲਾ ਪੰਚਾਇਤੀ ਚੋਣਾਂ ਤੋਂ ਬਾਅਦ ਪਿੰਡ ਵਿੱਚ ਚੱਲ ਰਹੀ ਦੋ ਧਿਰਾਂ ਵਿਚਕਾਰ ਤਕਰਾਰ ਦਾ ਨਤੀਜਾ ਹੋ ਸਕਦਾ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਹ ਫਾਇਰਿੰਗ ਸੰਭਾਵਤ ਤੌਰ 'ਤੇ ਇਸੇ ਰੰਜਿਸ਼ ਦਾ ਹਿੱਸਾ ਹੈ।

# ਕਾਵਿ-ਕਿਆਰੀ


## ਹੱਸਣਾ ਪੈਣਾ ਏ

–ਨੀਰੂ ਜੱਸਲ

ਮੇਰੇ ਨਾਲ ਚੱਲਣ ਦਾ
ਜਿਗਰਾ ਤਾਂ ਤੂੰ ਕਰ ਲਿਐ
ਪਰ ਮੇਰੇ ਨਾਲ ਚੱਲਣ ਲਈ
ਤੈਨੂੰ ਤੁਰਨਾ ਪੈਣਾ ਏ
ਡਿੱਗਣਾ ਪੈਣਾ ਏ
ਤਿਲਕਣਾ ਪੈਣਾ ਏ
ਉੱਠਣਾ ਪੈਣਾ ਏ
ਹਫ਼ਣਾ ਪੈਣਾ ਏ
ਲੜਣਾ ਪੈਣਾ ਏ
ਹਰਨਾ ਪੈਣਾ ਏ
ਵਿਲਕਣਾ ਪੈਣਾ ਏ
ਤਿੜਕਣਾ ਪੈਣਾ ਏ
ਟੁੱਟਣਾ ਪੈਣਾ ਏ
ਸੰਭਲਣਾ ਪੈਣਾ ਏ
ਤੜਫ਼ਣਾ ਪੈਣਾ ਏ
ਹੰਢਣਾ ਪੈਣਾ ਏ
ਝੱਲਣਾ ਪੈਣਾ ਏ
ਸੜਨਾ ਪੈਣਾ ਏ
ਬਲਣਾ ਪੈਣਾ ਏ
ਸੀਨੇ ਚੀਰਨੇ ਪੈਣੇ ਨੇ
ਸਹਿਣਾ ਪੈਣਾ ਏ
ਸਿਸਕਣਾ ਪੈਣਾ ਏ
ਜੁਗਤਾਂ ਲੜਾਉਣੀਆਂ
ਪੈਣੀਆਂ ਨੇ
ਨਮੋਸ਼ੀਆਂ ਝੱਲਣੀਆਂ
ਪੈਣੀਆਂ ਨੇ
ਵੈਣ ਪਾਉਣੇ ਪੈਣੇ ਨੇ
ਕੰਡਿਆਂ 'ਤੇ ਤੁਰਨਾ ਨਹੀਂ
ਦੌੜਨਾ ਪੈਣਾ ਏ
ਸਹਿਣਾ ਪੈਣਾ ਏ
ਆਪਣੇ ਹੀ ਜ਼ਖ਼ਮਾਂ ਨੂੰ
ਛਿੱਲਣਾ ਪੈਣਾ ਏ
ਗ਼ਮਾਂ ਨਾਲ ਸਾਂਝ
ਪਾਉਣੀ ਪੈਣੀ ਏ
ਤਸੀਹੇ ਝੱਲਣੇ ਪੈਣੇ ਨੇ
ਬਿਖਰਨਾ ਪੈਣਾ ਏ
ਹਉਕੇ ਦੱਬਣੇ ਪੈਣੇ ਨੇ
ਰੁਲਣਾ ਪੈਣਾ ਏ
ਭੁੱਲਣਾ ਪੈਣਾ ਏ
ਜਰਨਾ ਪੈਣਾ ਏ
ਮਰਨਾ ਪੈਣਾ ਏ
ਤੇ ਅੰਤ
ਸਭ ਤੋਂ ਮੁਸ਼ਕਲ
ਪਰ ਬੇਹੱਦ ਜ਼ਰੂਰੀ
ਹੱਸਣਾ ਪੈਣਾ ਏ...

ਕਵਿਤਾ

## ਖ਼ੁਦ ਤੇ ਭਰੋਸਾ ਰੱਖੋ



ਖ਼ੁਦ ਤੇ ਭਰੋਸਾ ਰੱਖੋ
ਨਾ ਤੱਕੋ ਬੇਗਾਨੇ ਹੱਥਾਂ ਵੱਲ।
ਜੇ ਅੱਜ ਮਾੜਾ ਹੈ ਤੁਹਾਡਾ,
ਜ਼ਰੂਰ ਚੰਗਾ ਹੋਵੇਗਾ ਕੱਲ੍ਹ।
ਮਾੜਾ ਸੋਚ ਕੇ ਮਾੜਾ ਬਣੋਗੇ,
ਚੰਗਾ ਸੋਚੋ ਤੁਸੀਂ ਹਰ ਪਲ।
ਦਿਲ ਛੱਡ ਕੇ ਬੈਠਣ ਨਾਲ
ਕੋਈ ਮਸਲਾ ਨਹੀਂ ਹੁੰਦਾ ਹੱਲ।
ਫੜ ਕੇ ਹਿੰਮਤ ਦਾ ਲੜ ਤੁਸੀਂ,
ਮੰਜ਼ਲ ਦੇ ਰਾਹ ਤੇ ਪਉ ਚੱਲ।
ਮੰਜ਼ਲ ਹੈ ਉਨ੍ਹਾਂ ਨੂੰ ਮਿਲਦੀ,
ਜੋ ਔਕੜਾਂ ਲੈਂਦੇ ਨੇ ਝੱਲ।

ਮਹਿੰਦਰ ਸਿੰਘ ਮਾਨ

ਛੇ ਜੂਨ 'ਤੇ ਵਿਸ਼ੇਸ਼

## ਆਦਮ-ਬੋਅ

ਸ਼ਿਵਚਰਨ ਜੱਗੀ ਕੁੱਸਾ



ਤੋਤੇ ਨੂੰ ਪਈ ਮੈਨਾਂ ਪੁੱਛਦੀ, ਕਿਉਂ ਸਾਰੀ ਕਾਇਨਾਤ ਹੈ ਰੁੱਸਗੀ..?
ਨਾ ਕੋਈ ਬੋਲੇ, ਨਾ ਕੋਈ ਹੱਸੇ, ਦਿਲ ਦੀ ਗੱਲ ਨਾ ਕੋਈ ਦੱਸੇ
ਨਾ ਕੋਈ ਝਰਨਾ ਕਲ-ਕਲ ਵਗਦਾ, ਨਾ ਸੀਤਲ ਕੋਈ ਪੌਣ ਵਗੇਂਦੀ
ਨਾ ਬਾਬਲ ਦੇ ਵਿਹੜੇ ਵਿੱਚ ਅੱਜ, ਧੀ-ਰਾਣੀ ਕੋਈ ਰਾਗ ਗਵੇਂਦੀ!
ਪੰਛੀ ਨੇ ਅੱਜ ਕਿਉਂ ਕੁਰਲਾਉਂਦੇ, ਲੱਗਦਾ ਹੈ ਕੁਛ ਕਹਿਣਾ ਚਾਹੁੰਦੇ?
ਕੋਇਲ ਵੀ ਅੱਜ ਕਿਉਂ ਵੈਣ ਜੇ ਪਾਵੇ, ਗਾਉਣਾ ਕਾਹਤੋਂ ਭੁੱਲਦੀ ਜਾਵੇ?
ਬੁਲਬੁਲ ਬੈਠੀ ਹੰਝੂ ਕੇਰੇ, ਲੱਗਦੈ ਭੁੱਲਗੀ ਖੁਸ਼ੀਆਂ ਖੇੜੇ
ਮੋਰ ਵੀ ਭੁੱਲਿਆ ਪੈਲ੍ਹਾਂ ਪਾਉਣੋ, ਕੁਦਰਤ ਭੁੱਲਗੀ ਨਾਦ ਵਜਾਉਣੋ
ਐਡੀ ਕੀ ਅੱਜ ਆਫ਼ਤ ਆ-ਗੀ? ਜੱਗ 'ਤੇ ਐਡੀ ਚੁੱਪ ਕਿਉਂ ਛਾਅ-ਗੀ?
ਹਵਾ ਕੀਰਨੇ ਪਾਉਂਦੀ ਵਗਦੀ, ਪਤਾ ਨੀ ਕੀ ਇਹਨੂੰ ਚੌਧੀ ਲੱਗ-ਗੀ?
ਨਾ ਕੋਈ ਕਾਗ ਸੁਨੇਹਾਂ ਦਿੰਦੇ, ਬੈਠ ਬਨੇਰੀਂ ਹੰਝੂ ਕੇਰਨ
ਘੋਰ ਉਦਾਸ ਚਕੋਰਾਂ ਵੀ ਅੱਜ, ਕਾਹਤੋਂ ਚੰਦ ਤੋਂ ਮੂੰਹ ਜਿਹਾ ਫੇਰਨ?
ਕੀ ਹੈ ਦੁਖੜਾ ਇਹਨਾਂ ਦਾ ਦੱਸ, ਕਿਉਂ ਸਾਰੇ ਇਹ ਦੁਖੀ ਨੇ ਹੋਏ?
ਚਿੜੀਆਂ ਵੀ ਨਾ ਚੂਕਦੀਆਂ ਅੱਜ, ਕਿਹੜੇ ਦਰਦ ਨੇ ਜਿਗਰ ਸਮੋਏ??
ਜਾਂ ਪ੍ਰਹਿਲਾਦ ਕੋਈ ਥੰਮ੍ਹ ਹੈ ਬੱਧਾ, ਜਾਂ ਗੁਰੂ ਦਾ ਲਾਲ ਕੋਈ ਫ਼ੜਿਆ?
ਜਾਂ ਕੋਈ ਤੱਤੀ ਤਵੀ ਬਿਠਾਇਆ, ਜਾਂ ਕੋਈ ਈਸਾ ਸੂਲ਼ੀ ਚੜ੍ਹਿਆ?
ਜਾਂ ਕੰਧਾਂ ਵਿੱਚ ਚਿਣ-ਤਾ ਕੋਈ, ਜਾਂ ਰਾਜਾ, ਜਾਂ ਬਲੀ ਕੋਈ ਮੋਇਆ?
ਜਾਂ ਕੋਈ ਸੂਰਜ ਟੁਕੜੇ ਕਰਤਾ, ਜਾਂ ਚੰਦਰਮਾਂ ਫੱਟੜ ਹੋਇਆ?
ਜਾਂ ਫਿਰ ਮੁੜ ਅਬਦਾਲੀ ਆਇਆ, ਮੱਸਾ ਰੰਘੜ ਕਿਸੇ ਨੇ ਤੱਕਿਆ?
ਜਾਂ ਫ਼ਿਰ ਨੰਨ੍ਹੇ ਬਾਲ ਦਾ ਦਿਲ ਅੱਜ, ਫ਼ੇਰ ਬਾਪ ਦੇ ਮੂੰਹ ਵਿੱਚ ਧੱਕਿਆ?
ਐਡੀ ਕੀ ਅਣਹੋਣੀ ਬੀਤੀ, ਐਨਾਂ ਸੋਗ ਕਿਉਂ ਜੱਗ ਨੇ ਕਰਿਆ?
ਜਾਂ ਕਿਸੇ ਵਿਧਵਾ ਮਾਤਾ ਦਾ, ਕੋਈ ਅਕੇਲਾ ਪੁੱਤਰ ਮਰਿਆ?.....
....ਜੱਗੋਂ ਤੇਰ੍ਹਵੀਂ ਹੋਗੀ ਮੈਨਾਂ? ਧਰਤੀ ਅਤੇ ਪਤਾਲ਼ ਹੈ ਰੋਂਦਾ
ਰੈਣਾਂ ਨੂੰ ਦਿਨ ਪੀੜ ਸੁਣਾਵੇ, ਸੀਨੇਂ ਤੱਤੀ ਸੀਖ ਪਰੋਂਦਾ
ਕਟਕ ਫੌਜ ਦੇ ਚੜ੍ਹ ਕੇ ਆਏ, ਦਿੱਲੀਓਂ ਚੱਲੀ ਧਾੜ ਨੀ ਮੈਨਾਂ
ਦੁੱਧ ਚੁੰਘਦੇ ਉਹਨਾ ਬੱਚੇ ਮਾਰੇ, ਸੀਨਾਂ ਹੋਇਆ ਭਰਾੜ੍ਹ ਨੀ ਮੈਨਾਂ
ਐਡਾ ਕਹਿਰ ਹਰਿਮੰਦਰ ਵਰ੍ਹਿਆ, ਗੋਲ਼ੇ ਦਾਗੇ, ਸੰਗਤ ਮਾਰੀ
ਆਦਮ ਨਾ ਅੱਜ ਰੱਬ ਤੋਂ ਡਰਦਾ, ਕਰਨੀ ਭਰਨੀ ਪੈਣੀ ਭਾਰੀ
ਕਿਸੇ ਦੇ ਹੱਥ ਵਿੱਚ ਜਾਮ ਛਲਕਦਾ, ਕੋਈ ਪਿਆ ਕਿਤੇ ਲੱਡੂ ਵੰਡੇ
ਦਿੱਲੀ ਘਰ ਚਿਰਾਗ ਪਏ ਬਲ਼ਦੇ, ਚੁੱਲ੍ਹੇ ਨੇ ਪਏ ਸਾਡੇ ਠੰਢੇ
ਬੰਦੇ ਨਾਲ਼ੋਂ ਪੰਛੀ ਚੰਗੇ, ਜਿਹੜੇ ਪੀੜ ਦਿਲਾਂ ਦੀ ਜਾਨਣ
ਕਈ ਜਿੰਨ ਦਿੱਲੀ ਵਿੱਚ ਬੈਠੇ, ਸੁਣ-ਸੁਣ ਖ਼ਬਰਾਂ ਖੁਸ਼ੀਆਂ ਮਾਨਣ
"ਆਦਮ ਬੋ - ਆਦਮ ਬੋ" ਕਰਦਾ, ਪਾਪੀ ਕੀ-ਕੀ ਪਾਪ ਕਮਾਉਂਦਾ,
ਤਖਤਾਂ ਦੇ ਓਸ ਤਖਤ ਦੇ ਅੱਗੇ, "ਜੱਗੀ ਕੁੱਸਾ" ਸੀਸ ਝੁਕਾਉਂਦਾ...

## ਦੇਸੀ ਖਾਣਾ

ਸੁਖਵਿੰਦਰ ਸਿੰਘ ਮੁੱਲਾਂਪੁਰ
ਕੈਲਪੁਰ ਰੋਡ ਮੁੱਲਾਂਪੁਰ ਦਾਖਾ



ਰੋਟੀ ਮੱਕੀ ਦੀ ਸਰੋਂ ਦਾ ਸਾਗ
ਹੁਣ ਨਾ ਹਰ ਰੋਜ਼ ਘਰਾਂ ਵਿੱਚ ਬਣਦਾ!
ਹੁਣ ਨਾ ਡੇਲਿਆ ਦਾ ਅਚਾਰ ਕੋਈ ਘਰ ਪਾਵੇ
ਨਾ ਹੀ ਸਰੋਂ ਦੇ ਸਾਗ ਤੇ ਮੱਖਣ ਤਰਦਾ!
ਹੁਣ ਕੋਈ ਨਾਂ ਮੱਕੀ ਦੀ ਰੋਟੀ ਤੇ ਮਿਰਚਾਂ ਭੁਕਕੇ
ਹਰੇਕ ਬੁਰਕੀ ਨਾਲ ਲੱਸੀ ਦੀ ਘੁੱਟ ਭਰਦਾ!
ਹੁਣ ਤਾਂ ਘਰਾਂ ਚੋਂ ਦਾਲ ਰੋਟੀ ਵੀ ਉਡ ਚੱਲੀ
ਕਈਆਂ ਦਾ ਕੜੀ ਚੌਲ ਬਿਨਾਂ ਨਹੀਂ ਸਰਦਾ!
ਲੋਕੀਂ ਢਾਬਿਆਂ ਤੇ ਜਾ ਰੋਟੀ ਖਾਣੀ ਪਸੰਦ ਕਰਦੇ
ਨਾਲੇ ਫ਼ੋਟੋ ਖਿੱਚ ਪਾਉਂਦੇ ਸਭ ਚੁਕ ਦਿੱਤਾ ਪਰਦਾ!
ਹੁਣ ਪੀਜ਼ਾ ਬਜ਼ਾਰੋਂ ਘਰਾਂ ਵੱਲ ਆਉਣ ਲੱਗਾ
ਸਾਰਾ ਪ੍ਰੀਵਾਰ ਪੀਜਾ ਖਾਕੇ ਡਿਨਰ ਹੈ ਕਰਦਾ!
ਮੁੱਲਾਂਪੁਰ ਔਰਤ ਨੂੰ ਰਸੋਈ ਤੋਂ ਨਫ਼ਰਤ ਹੋਣ ਲੱਗੀ
ਹੁਣ ਔਰਤ ਦਾ ਮਰਦ ਤੇ ਹੁਕਮ ਹੈ ਚਲਦਾ!

## ਛੱਡੋ ਜੀ ਛੱਡੋ



–ਤਰਲੋਚਨ ਸਿੰਘ ਚੰਨ ਜੰਡਿਆਲਵੀ ਯੂ.ਕੇ.

ਬੁੱਚੜ ਵੱਢਦੇ ਬੱਕਰੇ
ਵੇਚਣ ਕਰ ਕਰ ਡੱਕਰੇ – ਕਰਨ ਕਮਾਈ ਖੱਲਾਂ ਤੋਂ!
ਛੱਡੋ ਜੀ ਛੱਡੋ, ਆਪਾਂ ਕੀ ਲੈਣਾ ਇਨ੍ਹਾਂ ਗੱਲਾਂ ਤੋਂ!!

ਦੁਨੀਆਂ ਨੂੰ ਜੋ ਦੇਣ ਨਸੀਹਤਾਂ।
ਆਪ ਉਨ੍ਹਾਂ ਦੀਆਂ ਸਾਫ ਨਾ ਨੀਅਤਾਂ।
ਜੇਲ੍ਹਾਂ ਵਾਲੇ ਜਾਣੂ ਉਨ੍ਹਾਂ ਦੀਆਂ ਮਾਰੀਆਂ ਮੱਲਾਂ ਤੋਂ!
ਛੱਡੋ ਜੀ ਛੱਡੋ, ਆਪਾਂ ਕੀ ਲੈਣਾ ਇਨ੍ਹਾਂ ਗੱਲਾਂ ਤੋਂ!!

ਪਹਿਲੀ ਵਾਰੀ ਠੀਕ ਹੈ ਕਹਿੰਦੇ।
ਦੂਜੀ ਵਾਰੀ ਖਾਣ ਨੂੰ ਪੈਂਦੇ।
ਕੋਈ ਮੁਆਫੀ ਨਹੀਂ ਹੁੰਦੀ ਕੀਤੀਆਂ ਭੁੱਲਾਂ ਭੱਲਾਂ ਤੋਂ!
ਛੱਡੋ ਜੀ ਛੱਡੋ, ਆਪਾਂ ਕੀ ਲੈਣਾ ਇਨ੍ਹਾਂ ਗੱਲਾਂ ਤੋਂ!!

ਇਹ ਜਨਮ ਜਦ ਮੁੜ ਨਹੀਂ ਆਉਣਾ।
ਮਨ ਭੰਬਲ ਭੂਸੇ ਵਿੱਚ ਕਿਉਂ ਪਾਉਣਾ।
ਕਿਸ਼ਤੀਆਂ ਬੇੜੇ ਕਦ ਡਰਦੇ
ਸਾਗਰ ਦੀਆਂ ਡੂੰਘੀਆਂ ਛੱਲਾਂ ਤੋਂ!
ਛੱਡੋ ਜੀ ਛੱਡੋ, ਆਪਾਂ ਕੀ ਲੈਣਾ ਇਨ੍ਹਾਂ ਗੱਲਾਂ ਤੋਂ!!


ਪੜ੍ਹ ਲਿਖ ਕੇ ਵੀ ਵੇਹਲੜ ਕਹਾਏ।
ਫਿਰ ਛੱਡਿਆ ਵਤਨ ਵਲੈਤੀਂ ਆਏ।
ਚੰਨ ਜੰਡਿਆਲਵੀ ਸੁਲਘ ਰਿਹਾ
ਹਿਜਰਾਂ ਦਿਆਂ ਸੱਲਾਂ ਤੋਂ!
ਛੱਡੋ ਜੀ ਛੱਡੋ, ਆਪਾਂ ਕੀ ਲੈਣਾ ਇਨ੍ਹਾਂ ਗੱਲਾਂ ਤੋਂ!!

* * * * *

ਕਾਵਿ-ਵਿਅੰਗ

## ਵਾਈ-ਫਾਈ ਦੀ ਫਾਹੀ !

ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268



ਬੰਦਾ ਹੋਇਆ ਗੁਲਾਮ ਮਸ਼ੀਨਰੀ ਦਾ
ਤਦੇ ਬੀਪੀ ਤੇ ਸ਼ੂਗਰ ਨੇ ਗ੍ਰੱਸਿਆ ਏ।
ਦਿੱਤੇ ਸੁਖ ਵਿਗਿਆਨ ਨੇ ਬਹੁਤ ਭਾਵੇਂ
ਸਬਰ ਸਹਿਜ ਵੀ ਮਨਾਂ 'ਚੋਂ ਨੱਸਿਆ ਏ।
ਹਰ ਕੋਈ ਆਪਣੇ ਆਪ 'ਚ ਮਸਤ ਹੋ ਕੇ
ਨਿੱਜ-ਵਾਦ ਦੇ 'ਨਾਗ' ਦਾ 'ਡੱਸਿਆ' ਏ।
ਦਿਸੇ ਸਾਫ ਖਿਚਾਅ ਹੁਣ ਚਿਹਰਿਆਂ 'ਤੇ
ਤਬਲਾ ਜਿਉਂ ਵਜਾਉਣ ਲਈ ਕੱਸਿਆ ਏ।
ਟੱਚ-ਫੋਨ ਨੇ ਗ਼ਲੀਆਂ ਵਿਚ ਸੁੰਨ ਪਾਈ
ਛੋਟਾ-ਬੜਾ ਸਭ ਅੰਦਰ ਜਾ ਵੱਸਿਆ ਏ।
ਸੁਣਦਾ ਮਾਹੀ ਨਾ 'ਵਾਈਫ' ਦੀ ਗੱਲ ਦੇਖੋ
'ਵਾਈ-ਫਾਈ' ਦੀ ਫਾਹੀ ਵਿਚ ਫਸਿਆ ਏ।

* * * * *

# ਅਬੂ ਧਾਬੀ ਵਿਚ ਪੁਲਿਸ ਵਲੋਂ ਸਿੱਖ ਬਜ਼ੁਰਗ ਦੀ ਬੇਇਜ਼ਤੀ, ਪੱਗ ਤੇ ਕਿਰਪਾਨ ਜਬਰਦਸਤੀ ਲੁਹਾਈ

## ✪ ਮੰਦਰ ਗਏ ਤਾਂ ਅਬੂ ਧਾਬੀ ਪੁਲੀਸ ਨੇ ਉਨ੍ਹਾਂ ਨੂੰ ਕ੍ਰਿਪਾਨ ਕਾਰਣ ਰੋਕਿਆ, ਬਹਿਸ ਕਾਰਣ ਕੀਤਾ ਗ੍ਰਿਫਤਾਰ

ਚੰਡੀਗੜ੍ਹ-ਅਬੂ ਧਾਬੀ ਵਿੱਚ ਸਿੱਖ ਬਜ਼ੁਰਗ ਨੂੰ ਹਿਰਾਸਤ ਦੌਰਾਨ ਅਪਮਾਨ ਸਹਿਣ ਤੋਂ ਇਲਾਵਾ ਕਥਿਤ ਤੌਰ 'ਤੇ ਆਪਣੀ ਕਿਰਪਾਨ ਅਤੇ ਪੱਗ ਉਤਾਰਨ ਲਈ ਮਜਬੂਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮੁਤਾਬਕ ਨਵੀਂ ਦਿੱਲੀ ਵਾਸੀ ਮਨਪ੍ਰੀਤ ਸਿੰਘ ਨੇ ਭਾਰਤ ਸਰਕਾਰ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਜਿਸ ਮੁਤਾਬਕ ਅਬੂ ਧਾਬੀ ਵਿੱਚ ਉਸ ਦੇ ਪਿਤਾ ਦਲਵਿੰਦਰ ਸਿੰਘ ਨੂੰ ਤਸ਼ੱਦਦ ਅਤੇ ਭਾਰੀ ਪ੍ਰੇਸ਼ਾਨੀ ਝੱਲਣੀ ਪਈ ਹੈ। ਮਨਪ੍ਰੀਤ ਸਿੰਘ ਨੇ ਆਪਣੇ ਪਿਤਾ ਨਾਲ ਵਾਪਰੇ ਦੁਖਦਾਈ ਵਰਤਾਰੇ ਬਾਰੇ ਜਾਣਕਾਰੀ ਦਿੱਤੀ ਹੈ। ਕੈਥਲ ਦੇ ਅੰਮ੍ਰਿਤਧਾਰੀ ਬਜ਼ੁਰਗ ਦਲਵਿੰਦਰ ਸਿੰਘ 21 ਅਪਰੈਲ ਨੂੰ ਗਰੁੱਪ ਨਾਲ ਟੂਰਿਸਟ ਵੀਜ਼ਾ 'ਤੇ ਅਬੂ ਧਾਬੀ ਗਏ ਸਨ। ਜਦੋਂ ਉਹ ਸਾਰੇ ਬੋਚਾਸਨਵਾਸੀ ਅਕਸ਼ਰ ਪੁਰਸ਼ੋਤਮ ਸਵਾਮੀਨਾਰਾਇਣ ਮੰਦਰ ਗਏ ਤਾਂ ਅਬੂ ਧਾਬੀ ਪੁਲੀਸ ਨੇ ਉਨ੍ਹਾਂ ਨੂੰ ਰੋਕ ਲਿਆ ਤੇ ਕਿਰਪਾਨ ਬਾਰੇ ਪੁੱਛ-ਪੜਤਾਲ ਕੀਤੀ।

ਇਸ ਦੌਰਾਨ ਟੂਰ ਗਾਈਡਾਂ ਅਤੇ ਮੰਦਰ ਪ੍ਰਬੰਧਕਾਂ ਵੱਲੋਂ ਚਿੰਨ੍ਹਾਂ ਦੀ ਧਾਰਮਿਕ ਮਹੱਤਤਾ ਬਾਰੇ ਸਮਝਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਅਧਿਕਾਰੀ ਕੁਝ ਵੀ ਮੰਨਣ ਲਈ ਤਿਆਰ ਨਹੀਂ ਹੋਏ ਤੇ ਦਲਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਮਨਪ੍ਰੀਤ ਸਿੰਘ ਨੇ ਕਿਹਾ ਕਿ ਉਸ ਦੇ ਪਿਤਾ ਨੂੰ 20 ਦਿਨਾਂ ਦੀ ਹਿਰਾਸਤ ਦੌਰਾਨ ਭਾਰੀ ਅਪਮਾਨ ਅਤੇ ਮਾਨਸਿਕ ਤਸੀਹੇ ਝੱਲਣੇ ਪਏ। ਸੀਆਈਡੀ, ਬਨਿਆਸ ਜੇਲ੍ਹ ਅਧਿਕਾਰੀਆਂ ਅਤੇ ਰਾਬਾ ਜੇਲ੍ਹ ਅਧਿਕਾਰੀਆਂ ਨੇ ਪਹਿਲਾਂ ਤਾਂ ਇਸ ਗੱਲ ਤੋਂ ਹੀ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਦੀ ਗ੍ਰਿਫ਼ਤਾਰੀ ਕੀਤੀ ਗਈ ਹੈ ਅਤੇ ਬਾਅਦ ਵਿੱਚ ਦਲਵਿੰਦਰ ਸਿੰਘ 'ਤੇ ਪੁਲੀਸ ਨਾਲ ਬਹਿਸ ਕਰਨ ਦੇ ਦੋਸ਼ ਲਾ




ਦਿੱਤੇ। ਹਾਲਾਂਕਿ ਦਲਵਿੰਦਰ ਸਿੰਘ ਯੂਏਈ ਦੀ ਸਥਾਨਕ ਜ਼ੁਬਾਨ ਜਾਂ ਅੰਗਰੇਜ਼ੀ ਭਾਸ਼ਾ ਨਹੀਂ ਜਾਣਦੇ ਸਨ, ਜਿਸ ਕਾਰਨ ਬਹਿਸ ਦੇ ਦੋਸ਼ ਬੇਬੁਨਿਆਦ ਸਾਬਤ ਹੋਏ ਅਤੇ ਇਸ ਦਾ ਅਦਾਲਤੀ ਹੁਕਮ ਵਿੱਚ ਵੀ ਜ਼ਿਕਰ ਨਹੀਂ ਕੀਤਾ ਗਿਆ।

ਮਨਪ੍ਰੀਤ ਸਿੰਘ ਨੇ ਕਿਹਾ ਕਿ ਨਜ਼ਰਬੰਦੀ ਦੌਰਾਨ ਦਲਵਿੰਦਰ ਸਿੰਘ ਨੂੰ ਅਣਮਨੁੱਖੀ ਹਾਲਤਾਂ ਵਿੱਚ ਰੱਖਿਆ ਗਿਆ। ਉਨ੍ਹਾਂ ਦੀ ਪੱਗ, ਕੜਾ ਅਤੇ ਕੰਘਾ ਜ਼ਬਰਦਸਤੀ ਉਤਾਰ ਦਿੱਤਾ ਗਿਆ, ਜਿਸ ਨਾਲ ਉਨ੍ਹਾਂ ਨੂੰ ਨੰਗੇ ਸਿਰ ਰਹਿਣਾ ਪਿਆ। ਇਸ ਨਾਲ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭਾਰੀ ਠੇਸ ਪੁੱਜੀ ਹੈ। ਨਜ਼ਰਬੰਦੀ ਦੇ ਆਖ਼ਰੀ ਦਿਨਾਂ ਵਿੱਚ ਉਨ੍ਹਾਂ ਨੂੰ ਜੇਲ੍ਹ ਭੇਜ ਦਿਤਾ ਗਿਆ, ਜਿੱਥੇ ਉਨ੍ਹਾਂ ਨੂੰ ਸ਼ਾਕਾਹਾਰੀ ਹੋਣ ਦੇ ਬਾਵਜੂਦ ਮਾਸਾਹਾਰੀ ਭੋਜਨ ਪਰੋਸਿਆ ਗਿਆ। ਬਾਅਦ ਵਿੱਚ ਉਨ੍ਹਾਂ ਨੂੰ ਪੱਗ ਤੋਂ ਬਿਨਾਂ ਹੀ ਮੁਲਕ ਵਿੱਚੋਂ ਡਿਪੋਰਟ ਕਰ ਦਿੱਤਾ ਗਿਆ ਜਿਸ ਕਾਰਨ ਉਸ ਦੇ ਪਿਤਾ ਨੂੰ ਭਾਰੀ ਨਮੋਸ਼ੀ ਝੱਲਣੀ ਪਈ।

# ਜੂਨ 1984 ਦੇ ਘੱਲੂਘਾਰੇ ਦੌਰਾਨ ਨਗਰ ਨਿਗਮ ਨੇ 1000 ਲਾਸ਼ਾਂ ਦੇ ਸਸਕਾਰ ਲਈ ਬਾਲਣ ਦੀ ਫ਼ੀਸ ਅਦਾ ਕੀਤੀ

## ✪ ਫੌਜੀ ਹਮਲੇ ਤੋਂ ਬਾਅਦ ਹਜ਼ਾਰਾਂ ਲਾਸ਼ਾਂ ਦੀ ਦੁਰਦਸ਼ਾ ਦਾ ਗਵਾਹ ਬਣਿਆ ਸਾਬਕਾ ਸੁਪਰਵਾਈਜ਼ਰ

## ✪ ਨਿਗਮ ਕਰਮਚਾਰੀਆਂ ਨੂੰ ਔਖੀ ਸਥਿਤੀ ਵਿਚ ਲਾਸ਼ਾਂ ਹਟਾਉਣ ਲਈ ਮਜਬੂਰ ਕੀਤਾ



ਅੰਮ੍ਰਿਤਸਰ-ਜੂਨ 1984 ਦਾ ਕਾਲਾ ਦੌਰ, ਜਦੋਂ ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜ ਦਾ ਹਮਲਾ ਹੋਇਆ, ਅੱਜ ਵੀ ਸਾਬਕਾ ਨਗਰ ਨਿਗਮ ਸੁਪਰਵਾਈਜ਼ਰ ਕੇਵਲ ਕੁਮਾਰ ਦੀਆਂ ਅੱਖੀਆਂ ਨੂੰ ਨਮ ਕਰ ਦਿੰਦਾ ਹੈ। ਉਨ੍ਹਾਂ ਨੇ ਆਪਣੀ ਅੱਖੀਂ ਉਹ ਮੰਜ਼ਰ ਦੇਖਿਆ, ਜਦੋਂ ਆਪਣਿਆਂ ਨੇ ਆਪਣਿਆਂ ਦਾ ਖ਼ੂਨ ਵਹਾਇਆ।

ਕੇਵਲ ਕੁਮਾਰ ਨੇ ਦੱਸਿਆ ਕਿ 1 ਜੂਨ 1984 ਨੂੰ ਉਹ ਸ੍ਰੀ ਦਰਬਾਰ ਸਾਹਿਬ ਨੇੜੇ ਸੁਪਰਵਾਈਜ਼ਰ ਵਜੋਂ ਸੇਵਾ ਨਿਭਾਅ ਰਹੇ ਸਨ, ਪਰ ਸੀ.ਆਰ.ਪੀ.ਐਫ. ਜਵਾਨਾਂ ਨੇ ਉਨ੍ਹਾਂ ਨੂੰ ਡਿਊਟੀ ਤੋਂ ਰੋਕ ਕੇ ਵਾਪਸ ਭੇਜ ਦਿੱਤਾ। ਘਰ ਪੁੱਜਦਿਆਂ ਹੀ ਦਰਬਾਰ ਸਾਹਿਬ 'ਤੇ ਹਮਲਾ ਹੋ ਗਿਆ। 6 ਜੂਨ 1984 ਨੂੰ ਨਿਗਮ ਦੇ ਸਿਹਤ ਅਫ਼ਸਰ ਨੇ ਉਨ੍ਹਾਂ ਨੂੰ ਘਰੋਂ ਉਠਾ ਕੇ ਲਾਸ਼ਾਂ ਹਟਾਉਣ ਲਈ ਲਿਆਂਦਾ। ਉਦੋਂ ਬਹੁਤੇ ਕਰਮਚਾਰੀਆਂ ਨੇ ਇਹ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਤਾਂ ਬਾਹਰੀ ਲੋਕਾਂ ਨੂੰ ਨੌਕਰੀ ਦਾ ਲਾਲਚ ਦੇ ਕੇ ਟਰਾਲੀਆਂ 'ਤੇ ਚੜ੍ਹਾਇਆ ਗਿਆ।

ਕੇਵਲ ਕੁਮਾਰ ਦੱਸਦੇ ਹਨ ਕਿ ਜਦੋਂ ਉਹ ਪਹੁੰਚੇ ਤਾਂ ਚੁਫੇਰੇ ਹਜ਼ਾਰਾਂ ਲਾਸ਼ਾਂ ਖਿੱਲਰੀਆਂ ਪਈਆਂ ਸਨ। ਗਰਮੀ ਕਾਰਨ ਲਾਸ਼ਾਂ ਸੜ-ਗਲ ਚੁੱਕੀਆਂ ਸਨ, ਚੁੱਕਣਾ ਔਖਾ ਸੀ। ਕਈ ਵਾਰ ਬਾਂਹ ਜਾਂ ਚਮੜੀ ਹੱਥ 'ਚ ਹੀ ਰਹਿ ਜਾਂਦੀ ਸੀ। ਮੂੰਹ 'ਤੇ ਬੰਨ੍ਹਣ ਲਈ ਦੋ ਮੀਟਰ ਮਲਮਲ ਦਾ ਕੱਪੜਾ ਦਿੱਤਾ ਜਾਂਦਾ ਸੀ, ਪਰ ਹਾਲਤ ਇੰਨੀ ਮਾੜੀ ਸੀ ਕਿ ਕਰਮਚਾਰੀਆਂ ਨੂੰ ਸ਼ਰਾਬ ਪੀਣੀ ਪੈਂਦੀ ਸੀ। ਇਕ ਟਰਾਲੀ ਵਿਚ 7-8 ਲਾਸ਼ਾਂ ਲੱਦ ਕੇ ਪੋਸਟਮਾਰਟਮ ਲਈ ਲਿਜਾਈਆਂ ਜਾਂਦੀਆਂ, ਜਿਨ੍ਹਾਂ ਵਿਚ ਔਰਤਾਂ ਤੇ ਛੋਟੇ ਬੱਚੇ ਵੀ ਸਨ। ਪੋਸਟਮਾਰਟਮ ਦੇ ਬਾਹਰ ਲਾਸ਼ਾਂ ਦਾ ਢੇਰ ਲੱਗਾ ਹੋਇਆ ਸੀ। ਫਿਰ ਉਨ੍ਹਾਂ ਨੂੰ ਗਰਦੁਆਰਾ ਸ਼ਹੀਦ ਗੰਜ ਸਾਹਿਬ ਨੇੜੇ ਸ਼ਮਸ਼ਾਨਘਾਟ ਵਿਚ ਸਸਕਾਰ ਲਈ ਲਿਜਾਇਆ ਜਾਂਦਾ, ਜਿੱਥੇ ਕਈ-ਕਈ ਲਾਸ਼ਾਂ ਇਕੱਠੀਆਂ ਸਾੜੀਆਂ ਜਾਂਦੀਆਂ। ਨਗਰ ਨਿਗਮ ਨੇ 1000 ਲਾਸ਼ਾਂ ਦੇ ਅੰਤਿਮ ਸਸਕਾਰ ਲਈ ਬਾਲਣ ਦੀ ਫ਼ੀਸ ਅਦਾ ਕੀਤੀ। ਇਹ ਦਰਦਨਾਕ ਯਾਦਾਂ ਅੱਜ ਵੀ ਕੇਵਲ ਕੁਮਾਰ ਦੇ ਦਿਲ ਵਿਚ ਜਿਉਂ ਦੀਆਂ ਜਿਉਂ ਹਨ।

# ਪਤਨੀ ਦੇ ਪ੍ਰੇਮ ਸਬੰਧਾਂ ਤੋਂ ਦੁਖੀ ਪਤੀ ਨੇ ਨਿਗਲਿਆ ਜ਼ਹਿਰ, ਹੋਈ ਮੌਤ

## ✪ ਪੁਲਿਸ ਵਲੋਂ ਜੋਤੀ ਤੇ ਉਸ ਦੇ ਪ੍ਰੇਮੀ ਵਿਰੁੱਧ ਮਾਮਲਾ ਦਰਜ

ਅੰਮ੍ਰਿਤਸਰ-ਵੱਲਾ ਵਿਚ ਥਾਣਾ ਮਕਬੂਲਪੁਰਾ ਅਧੀਨ ਪਤਨੀ ਜੋਤੀ ਦੇ ਪ੍ਰੇਮ ਸਬੰਧਾਂ ਤੋਂ ਦੁਖੀ ਲਵਪ੍ਰੀਤ ਸਿੰਘ ਲੱਭਾ ਨੇ 31 ਮਈ ਦੀ ਸ਼ਾਮ ਨੂੰ ਜ਼ਹਿਰੀਲਾ ਪਦਾਰਥ ਨਿਗਲ ਲਿਆ, ਜਿਸ ਨਾਲ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਮਨਜੀਤ ਕੌਰ ਨੇ ਦੱਸਿਆ ਕਿ ਲਵਪ੍ਰੀਤ ਦਾ ਵਿਆਹ 7 ਸਾਲ ਪਹਿਲਾਂ ਜੋਤੀ ਨਾਲ ਹੋਇਆ ਸੀ, ਜਿਸ ਤੋਂ ਉਨ੍ਹਾਂ ਦਾ 4 ਸਾਲ ਦਾ ਪੁੱਤਰ ਗੁਰਨੂਰ ਸਿੰਘ ਤੇ ਡੇਢ ਸਾਲ ਦੀ ਧੀ ਗੁਰਸ਼ਰਨ ਕੌਰ ਹੈ। 25 ਦਿਨ ਪਹਿਲਾਂ ਜੋਤੀ ਵਿਆਹ ਵਿਚ ਸ਼ਾਮਲ ਹੋਣ ਲਈ ਦਿਆਲਪੁਰ ਭਿੱਖੀਵਿੰਡ ਗਈ ਸੀ ਤੇ ਉਥੇ ਹੀ ਰਹਿ ਗਈ। ਬਾਅਦ ਵਿਚ ਉਹ ਪੁੱਤਰ ਨੂੰ ਸਕੂਲ ਛੱਡਣ ਦੇ ਬਹਾਨੇ ਘਰੋਂ ਨਿਕਲੀ ਪਰ ਵਾਪਸ ਨਾ ਆਈ। ਪਰਿਵਾਰ ਨੂੰ ਪਤਾ ਲੱਗਾ ਕਿ ਜੋਤੀ ਮਨੀ ਨਾਂ ਦੇ ਮੁੰਡੇ ਨਾਲ ਗੁਰਦਾਸਪੁਰ ਦੇ ਪਿੰਡ ਪੀਰਾ ਭਾਰਾ ਵਿਚ ਰਹਿ ਰਹੀ ਸੀ। ਪਤਵੰਤਿਆਂ ਨਾਲ ਜੋਤੀ ਨੂੰ ਵਾਪਸ ਲਿਆਂਦਾ ਗਿਆ, ਪਰ ਉਸ ਨੇ ਲਵਪ੍ਰੀਤ ਨਾਲ ਰਹਿਣ ਤੋਂ ਇਨਕਾਰ ਕਰ ਦਿੱਤਾ। ਇਸ ਦੁੱਖ ਵਿਚ ਲਵਪ੍ਰੀਤ ਨੇ ਜ਼ਹਿਰੀਲੀ ਚੀਜ਼ ਨਿਗਲ ਲਈ ਤੇ ਹਸਪਤਾਲ 'ਚ ਉਸ ਦੀ ਮੌਤ ਹੋ ਗਈ। ਪੀੜਤ ਪਰਿਵਾਰ ਨੇ ਜੋਤੀ ਤੇ ਉਸ ਦੇ ਪ੍ਰੇਮੀ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ। ਥਾਣਾ ਇੰਚਾਰਜ ਇੰਸਪੈਕਟਰ ਹਰਪ੍ਰਕਾਸ਼ ਸਿੰਘ ਨੇ ਕਿਹਾ ਕਿ ਪੋਸਟਮਾਰਟਮ ਤੋਂ ਬਾਅਦ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਗਈ ਹੈ ਤੇ ਜੋਤੀ ਅਤੇ ਉਸ ਦੇ ਪ੍ਰੇਮੀ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ।



# ਅੰਮ੍ਰਿਤਸਰ ਵਿੱਚ ਮੁਕਾਬਲਾ: ਹੈਰੋਇਨ ਤਸਕਰ ਜ਼ਖ਼ਮੀ, ਦੋ ਨਾਬਾਲਗ ਗ੍ਰਿਫਤਾਰ

ਅੰਮ੍ਰਿਤਸਰ-ਬੀਤੇ ਦਿਨੀਂ ਥਾਣਾ ਬੀ ਡਿਵੀਜ਼ਨ ਪੁਲਿਸ ਅਤੇ ਹੈਰੋਇਨ ਤਸਕਰਾਂ ਵਿਚਕਾਰ ਤਾਰਾਂਵਾਲਾ ਪੁਲ ਨੇੜੇ ਮੁਕਾਬਲਾ ਹੋਇਆ। ਮੁਲਜ਼ਮਾਂ ਨੇ ਪੁਲਿਸ 'ਤੇ ਗੋਲੀਬਾਰੀ ਕੀਤੀ, ਜਿਸ ਦੇ ਜਵਾਬ ਵਿੱਚ ਪੁਲਿਸ ਦੀ ਗੋਲੀ ਨਾਲ ਇੱਕ ਨਾਬਾਲਗ ਤਸਕਰ ਜ਼ਖ਼ਮੀ ਹੋ ਗਿਆ। ਪੁਲਿਸ ਨੇ ਦੋ ਨਾਬਾਲਗ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਨ੍ਹਾਂ ਕੋਲੋਂ ਅੱਧਾ ਕਿਲੋ ਹੈਰੋਇਨ, ਇੱਕ ਦੇਸੀ ਪਿਸਤੌਲ ਅਤੇ ਦੋ ਮੋਬਾਈਲ ਫੋਨ ਬਰਾਮਦ ਕੀਤੇ। ਐਨਡੀਪੀਐਸ ਐਕਟ ਅਤੇ ਕਤਲ ਦੀ ਕੋਸ਼ਿਸ਼ ਦਾ ਮਾਮਲਾ ਦਰਜ ਕੀਤਾ ਗਿਆ ਹੈ। ਜ਼ਖ਼ਮੀ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਅਤੇ ਪੁੱਛਗਿੱਛ ਜਾਰੀ ਹੈ।

# ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਕੇਂਦਰੀ ਜੇਲ੍ਹ ਪਟਿਆਲਾ 'ਚ ਨਜ਼ਰਬੰਦ ਭਾਈ ਰਾਜੋਆਣਾ ਨਾਲ ਮੁਲਾਕਾਤ

**ਨਵੀਂ ਦਿੱਲੀ, (ਮਨਪ੍ਰੀਤ ਸਿੰਘ ਖਾਲਸਾ):- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਕੇਂਦਰੀ ਜੇਲ੍ਹ ਪਟਿਆਲਾ 'ਚ ਫਾਂਸੀ ਦੀ ਚੱਕੀ ਵਿੱਚ ਨਜ਼ਰਬੰਦ ਜ਼ਿੰਦਾ ਸ਼ਹੀਦ ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕੀਤੀ ਗਈ। ਇਸ ਮੌਕੇ ਜਥੇਦਾਰ ਗੜਗੱਜ ਨੇ ਭਾਈ ਰਾਜੋਆਣਾ ਨਾਲ ਪੰਥਕ ਤੇ ਗੁਰਮਤਿ ਵਿਚਾਰਾਂ ਕੀਤੀਆਂ ਅਤੇ ਭਾਈ ਸਾਹਿਬ ਦੀ ਚੜ੍ਹਦੀ ਕਲਾ ਲਈ ਖ਼ੁਦ ਅਰਦਾਸ ਕੀਤੀ ਤੇ ਉਪਰੰਤ ਉਨ੍ਹਾਂ ਨੂੰ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੀ ਦੇਗ ਛਕਾਈ।**

ਮੁਲਾਕਾਤ ਉਪਰੰਤ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਸਿੱਖ ਕੌਮ ਦਾ ਸਰਮਾਇਆ ਹਨ ਅਤੇ ਉਨ੍ਹਾਂ ਦੀ ਰਿਹਾਈ ਨੂੰ ਲੈ ਕੇ ਸਰਕਾਰ ਦੇ ਵਿਤਕਰੇ ਭਰੇ ਰਵੱਈਏ ਖ਼ਿਲਾਫ਼ ਸਮੁੱਚਾ ਪੰਥ ਇਕਜੁੱਟਤਾ ਨਾਲ ਜਵਾਬ ਦੇਵੇ। ਉਨ੍ਹਾਂ ਕਿਹਾ ਕਿ ਜੇਲ੍ਹਾਂ ਵਿਚ ਬੰਦੀ ਸਿੱਖ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ ਅਤੇ ਉਨ੍ਹਾਂ ਨੂੰ ਵੀ ਰਿਹਾਅ ਨਾ ਕਰਨਾ ਸਪੱਸ਼ਟ ਕਰਦਾ ਹੈ ਕਿ ਸਰਕਾਰ ਸਿੱਖਾਂ ਪ੍ਰਤੀ ਬੇਰੁਖ਼ੀ ਵਾਲਾ ਵਤੀਰਾ ਰੱਖਦੀ ਹੈ। ਇਕ ਸਵਾਲ ਦੇ ਜਵਾਬ ਵਿਚ ਜਥੇਦਾਰ ਗੜਗੱਜ ਨੇ ਕਿਹਾ ਕਿ 6 ਜੂਨ ਨੂੰ 1984 ਘੱਲੂਘਾਰਾ ਦੇ ਸ਼ਹੀਦੀ ਦਿਹਾੜੇ ਮੌਕੇ ਜਿੱਥੇ ਸ਼ਹੀਦਾਂ ਨੂੰ ਸਤਿਕਾਰ ਤੇ ਸਿੱਜਦਾ ਕਰਨ ਮੌਕੇ ਕੌਮੀ ਏਕਤਾ ਪ੍ਰਗਟਾਈ ਜਾਵੇ, ਉੱਥੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਦਬ ਅਤੇ ਸਤਿਕਾਰ ਪ੍ਰਤੀ ਵੀ ਫ਼ਰਜ਼ਾਂ ਦੀ ਪਹਿਰੇਦਾਰੀ ਕਰਨ ਲਈ ਸਾਰੇ ਹੀ ਵਚਨਬੱਧ ਰਹਿਣ। ਇਸ ਮੌਕੇ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ,



ਅੰਤ੍ਰਿੰਗ ਕਮੇਟੀ ਮੈਂਬਰ ਸ. ਸੁਰਜੀਤ ਸਿੰਘ ਗੜ੍ਹੀ, ਮੈਂਬਰ ਸ. ਰਵਿੰਦਰ ਸਿੰਘ ਖ਼ਾਲਸਾ, ਸ. ਜਸਮੇਰ ਸਿੰਘ ਲਾਛੜੂ ਵੀ ਨਾਲ ਸਨ। ਜਥੇਦਾਰ ਗੜਗੱਜ ਨੇ ਕਿਹਾ ਕਿ 6 ਜੂਨ ਨੂੰ ਘੱਲੂਘਾਰਾ ਦਿਵਸ ਦੀ 41ਵੀਂ ਵਰ੍ਹੇਗੰਢ ਮਨਾਈ ਜਾਵੇਗੀ ਅਤੇ ਇਸ ਦੌਰਾਨ ਜਿੱਥੇ ਉਨ੍ਹਾਂ ਸ਼ਹੀਦਾਂ ਨੂੰ ਸ਼ਰਧਾ ਸਤਿਕਾਰ ਭੇਂਟ ਕੀਤਾ ਜਾਣਾ ਹੈ, ਉੱਥੇ ਹੀ ਹਰ ਸਿੱਖ ਦਾ ਫ਼ਰਜ਼ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਦਬ ਅਤੇ ਸਤਿਕਾਰ ਪ੍ਰਤੀ ਆਪਣੇ ਫ਼ਰਜ਼ਾਂ ਦੀ ਪਹਿਰੇਦਾਰੀ ਕਰੇ। ਉਨ੍ਹਾਂ ਕਿਹਾ ਕਿ ਮੁਲਾਕਾਤ ਦੌਰਾਨ ਭਾਈ ਰਾਜੋਆਣਾ ਨੇ ਵੀ ਆਪਣੇ ਸਨੇਹੇ ਵਿਚ ਆਖਿਆ ਹੈ ਕਿ ਸਿੱਖ ਕੌਮ ਦੇ ਕੌਮੀ ਦਿਹਾੜਿਆਂ ਨੂੰ ਪੰਥਕ ਰਵਾਇਤਾਂ ਅਤੇ ਮਰਿਆਦਾ ਅਨੁਸਾਰ ਮਨਾਇਆ ਜਾਵੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਤਿਕਾਰ ਨੂੰ ਵੀ ਕਾਇਮ ਰੱਖਿਆ ਜਾਵੇ। ਭਾਈ ਰਾਜੋਆਣਾ ਨੇ ਜਥੇਦਾਰ ਗੜਗੱਜ ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ ਅਤੇ ਕਿਹਾ ਕਿ ਸਾਰਿਆਂ ਨੂੰ ਸਤਿਕਾਰਤ ਜਥੇਦਾਰ ਦਾ ਸਹਿਯੋਗ ਕਰਦਿਆਂ ਕਿਸੇ ਕਿਸਮ ਦੇ ਟਕਰਾਅ ਤੋਂ ਬਚਣਾ ਚਾਹੀਦਾ ਹੈ। ਭਾਈ ਰਾਜੋਆਣਾ ਨੇ ਸਨੇਹਾ ਦਿੱਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੰਮੇ ਸਮੇਂ ਤੋਂ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਕਰਦੀ ਆਈ ਹੈ ਅਤੇ ਜਿਹੜੇ ਵੀ ਸਿੰਘ ਸਾਹਿਬਾਨ ਨੂੰ ਸਿੱਖ ਸੰਸਥਾ ਵੱਲੋਂ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ ਉਹ ਉਨ੍ਹਾਂ ਦਾ ਪੂਰਾ ਮਾਣ ਸਤਿਕਾਰ ਕਰਦੇ ਹਨ। ਭਾਈ ਰਾਜੋਆਣਾ ਨੇ ਗੁਰੂ ਸਾਹਿਬ ਦੇ ਸਨਮੁਖ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਕਿਸੇ ਵੀ ਪੱਖ ਤੋਂ ਸਿੱਖ ਸੰਸਥਾਵਾਂ ਦਾ ਮਾਣ ਸਤਿਕਾਰ ਨੀਵਾਂ ਨਹੀਂ ਹੋਣਾ ਚਾਹੀਦਾ। ਜਥੇਦਾਰ ਗੜਗੱਜ ਨੇ ਕਿਹਾ ਕਿ ਜਿੱਥੇ ਅੱਜ ਕੌਮ ਦੇ ਦਰਦ ਨੂੰ ਸਮਝਣ ਦੀ ਲੋੜ ਹੈ, ਉੱਥੇ ਹੀ ਸਿੱਖ ਕੌਮ ਵਿੱਚ ਏਕਤਾ ਨੂੰ ਵੀ ਪ੍ਰਗਟ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਦੇ ਵੀ ਕੌਮੀ ਪਰਵਾਨਿਆਂ ਦੀਆਂ ਸ਼ਹਾਦਤਾਂ ਨੂੰ ਅਣਡਿੱਠ ਕਰਕੇ ਨਹੀਂ ਵੇਖਿਆ ਜਾ ਸਕਦਾ, ਜਿਨ੍ਹਾਂ ਨੇ ਆਪਣਾ ਆਪ ਖ਼ਾਲਸਾ ਪੰਥ ਅਤੇ ਕੌਮ ਦੀ ਚੜ੍ਹਦੀ ਕਲਾ ਲਈ ਅਰਪਣ ਕੀਤਾ ਹੋਵੇ। ਜਥੇਦਾਰ ਗੜਗੱਜ ਨੇ ਅਪੀਲ ਕਰਦਿਆਂ ਕਿਹਾ ਕਿ ਘੱਲੂਘਾਰਾ ਦਿਵਸ ਗੁਰੂ ਦੇ ਭਾਣੇ ਵਿਚ ਰਹਿ ਕੇ ਬਗੈਰ ਕਿਸੇ ਖਲਲ ਤੋਂ ਮਨਾਇਆ ਜਾਵੇ। ਜਥੇਦਾਰ ਗੜਗੱਜ ਨੇ ਕਿਹਾ ਕਿ ਭਾਈ ਰਾਜੋਆਣਾ ਅਤੇ ਬੰਦੀ ਸਿੱਖਾਂ ਦੀ ਰਿਹਾਈ ਮਸਲੇ 'ਤੇ ਸਰਕਾਰਾਂ ਦੇ ਦੋਹਰੇ ਮਾਪਦੰਡ ਵੀ ਸਾਹਮਣੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸਾਲ 2019 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਕੀਤੇ ਆਪਣੇ ਫੈਸਲੇ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ। ਜਥੇਦਾਰ ਗੜਗੱਜ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਗੁਟਕਾ ਸਾਹਿਬ ਦੀ ਬੇਅਦਬੀ ਦੀ ਵਾਪਰੀ ਘਟਨਾ ਨੂੰ ਮੰਦਭਾਗਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਜਦੋਂ ਘੱਲੂਘਾਰਾ ਦਿਵਸ ਵਰਗੇ ਕੌਮੀ ਦਿਹਾੜੇ ਮਨਾਏ ਜਾ ਰਹੇ ਹੋਣ ਤਾਂ ਅਜਿਹੀਆਂ ਤਾਕਤਾਂ ਕੁਝ ਨਾ ਕੁਝ ਖ਼ਲਲ ਪਾਉਣ ਲਈ ਸ਼ਰਾਰਤ ਕਰਦੀਆਂ ਹਨ, ਜਿਸ ਤੋਂ ਸਿੱਖ ਸੰਗਤ ਨੂੰ ਸੁਚੇਤ ਰਹਿਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਜਿਥੇ ਸਾਜ਼ਸ਼ਾਂ ਹਨ, ਉੱਥੇ ਹੀ ਸਰਕਾਰ ਨੂੰ ਮਿਸਾਲੀ ਸਜ਼ਾਵਾਂ ਦੇਣੀਆਂ ਚਾਹੀਦੀਆਂ ਤਾਂ ਕਿ ਮੁੜ ਤੋਂ ਅਜਿਹੀਆਂ ਘਟਨਾਵਾਂ ਸਾਹਮਣੇ ਨਾ ਆਉਣ।

## ਕੈਰੋਲੀਨਾ ਦੇ ਇਕ ਘਰ ਵਿਚ ਹੋਈ ਗੋਲੀਬਾਰੀ ਵਿੱਚ 1 ਮੌਤ ਤੇ 11 ਹੋਰ ਜ਼ਖਮੀ

**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਨਾਰਥ ਕੈਰੋਲੀਨਾ ਦੇ ਇਕ ਘਰ ਵਿਚ ਹੋਈ ਗੋਲੀਬਾਰੀ ਵਿਚ ਇਕ ਮੌਤ ਹੋਣ ਤੇ 11 ਹੋਰ ਲੋਕਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਕੈਟਾਵਬਾ ਕਾਊਂਟੀ ਸ਼ੈਰਿਫ ਦਫਤਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਅੱਧੀ ਰਾਤ ਤੋਂ ਬਾਅਦ ਹਿਕੋਰੀ ਨੇੜੇ ਇਕ ਘਰ ਵਿਚ ਮੌਕੇ 'ਤੇ ਪੁੱਜੇ ਜਿਥੇ 11 ਲੋਕ ਗੋਲੀਆਂ ਵੱਜਣ ਕਾਰਨ ਜ਼ਖਮੀ ਹਾਲਤ ਵਿਚ ਮਿਲੇ ਜਦ ਕਿ ਇਕ ਵਿਅਕਤੀ ਦੀ ਮੌਤ ਹੋ ਚੁੱਕੀ ਸੀ। ਜ਼ਖਮੀਆਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਜਾਂਚਕਾਰਾਂ ਨੇ ਮੀਡੀਆ ਨੂੰ ਦੱਸਿਆ ਕਿ ਇਕ ਘਰ ਵਿਚ ਪਾਰਟੀ ਚੱਲ ਰਹੀ ਸੀ ਜਿਥੇ 100 ਤੋਂ ਵਧ ਲੋਕ ਇਕੱਤਰ ਹੋਏ ਸਨ। ਜਾਂਚਕਾਰਾਂ ਦਾ ਮੰਨਣਾ ਹੈ ਕਿ ਇਕ ਤੋਂ ਵਧ ਲੋਕਾਂ ਨੇ ਗੋਲੀਆਂ ਚਲਾਈਆਂ ਹਨ। ਅਜੇ ਤੱਕ ਇਸ ਮਾਮਲੇ ਵਿਚ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ ਤੇ ਮਾਮਲਾ ਜਾਂਚ ਅਧੀਨ ਹੈ।**


## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


## CHANGE OF NAME

**I, BALVINDER S/O MR BOOTA SINGH WHOSE PERMANENT ADDRESS IN INDIA IS VPO. NAGLA MEGHA, HOUSE NO. 36, KARNAL, PIN:132001, HARYANA, AND NOW LIVING AT 15, ROUGH HILLS CLOSE, WOLVERHAMPTON, WV2 2HQ, UK, HEREBY GIVE NOTICE OF MY INTENTION TO CHANGE MY NAME TO BALVINDER SINGH (GIVEN NAME) SRAN (SURNAME) (U/I)**

**I, MRS BALWINDER KUMARI D/O MR KRISHAN KUMAR WHOSE PERMANENT ADDRESS IN INDIA IS V.P.O. SARHALI, TEH: PHILLAUR, JALANDHAR, PUNJAB AND NOW LIVING AT 15 THORNEYCROFT ROAD, BILSTON, WV14 8LT UK, HEREBY GIVE NOTICE OF MY INTENTION TO CHANGE MY NAME BALWINDER KAUR BHANGU. (U/I)**

**I, NIRPAL S/O MR MOHINDER RAM WHOSE PERMANENT ADDRESS IN INDIA IS VILL: KOT KALAN, JALANDHAR, PANJAB AND NOW LIVING AT 18 CARDINALS WALK, LEICESTER, LEICESTERSHIRE, LE5 1LD, UK, HEREBY GIVE NOTICE OF MY INTENTION TO CHANGE MY NAME NIRPAL JASPAL. (U/I)**

**I, MISS SANIYA D/O MR SANJIV KUMAR WHOSE PERMANENT ADDRESS IN INDIA IS HOUSE NO. 1, WARD NO. 12, MOHALLA KAINTHAN, NEAR RADHA KRISHNA MANDIR, DASUYA, HOSHIARPUR, 144205, PUNJAB AND NOW LIVING AT 49 CRANFIELD ROAD, LEICESTER, LEICESTERSHIRE, LE2 8QR, UK, HEREBY GIVE NOTICE OF MY INTENTION TO CHANGE MY NAME TO SANIYA PASRICHA. (U/I)**

# ਪਾਕਿਸਤਾਨ: TikTok ਸਟਾਰ ਸਨਾ ਯੂਸਫ਼ ਦੀ ਗੋਲੀ ਮਾਰ ਕੇ ਹੱਤਿਆ



TikTok ਸਟਾਰ ਸਨਾ ਯੂਸਫ਼ (17) ਦੀ ਉਸ ਦੇ ਇਸਲਾਮਾਬਾਦ ਵਿਚਲੇ ਘਰ ਵਿਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਦਿ ਐਕਸਪ੍ਰੈੱਸ ਟ੍ਰਿਬਿਊਨ ਤੇ ਸਮਾ ਟੀਵੀ ਦੀ ਰਿਪੋਰਟ ਮੁਤਾਬਕ ਇਹ ਘਟਨਾ ਸੁੰਬਲ ਪੁਲੀਸ ਥਾਣੇ ਅਧੀਨ ਆਉਂਦੇ ਖੇਤਰ ਦੀ ਦੱਸੀ ਜਾਂਦੀ ਹੈ। ਦਿ ਐਕਸਪ੍ਰੈੱਸ ਟ੍ਰਿਬਿਊਨ ਮੁਤਾਬਕ ਇਕ ਅਣਪਛਾਤਾ ਹਮਲਾਵਰ ਘਰ ਵਿਚ ਦਾਖ਼ਲ ਹੋਇਆ ਤੇ ਟਿਕਟੌਕ ਸਟਾਰ ਨੂੰ ਗੋਲੀ ਮਾਰਨ ਮਗਰੋਂ ਉਥੋਂ ਰਫੂਚੱਕਰ ਹੋ ਗਿਆ।ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਦੇ ਚਿਤਰਾਲ ਨਾਲ ਸਬੰਧਤ ਸਨਾ ਆਪਣੇ ਟਿਕਟੌਕ ਵੀਡੀਓਜ਼ ਕਰਕੇ ਕਾਫ਼ੀ ਮਕਬੂਲ ਹੋਈ ਸੀ। ਇਸ ਦੌਰਾਨ ਸਮਾਂ ਟੀਵੀ ਨੇ ਆਪਣੀ ਰਿਪੋਰਟ ਵਿਚ ਪੁਲੀਸ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਕਿ ਅਣਪਛਾਤਾ ਮਸ਼ਕੂਕ ਮਹਿਮਾਨ ਵਜੋਂ ਘਰ ਵਿਚ ਦਾਖ਼ਲ ਹੋਇਆ ਸੀ।

ਪੁਲੀਸ ਨੇ ਘਟਨਾ ਤੋਂ ਫੌਰੀ ਮਗਰੋਂ ਮਸ਼ਕੂਕ ਦੀ ਭਾਲ ਲਈ ਤਲਾਸ਼ੀ ਮੁਹਿੰਮ ਵਿੱਢ ਦਿੱਤੀ ਹੈ। ਸਨਾ ਯੂਸਫ਼ ਦੀ ਮ੍ਰਿਤਕ ਦੇਹ ਪੋਸਟ ਮਾਰਟਮ ਲਈ ਪਾਕਿਸਤਾਨ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਵਿਚ ਤਬਦੀਲ ਕਰ ਦਿੱਤੀ ਹੈ। ਕਤਲ ਪਿਛਲੇ ਅਸਲ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ।





[Frames subject to availability]. Cannot be used with any other offers. Second pair from the same price range or below. Both pairs include standard 1.5 single-vision lenses (or 1.6 for £170 Rimless ranges or 1.5 safety lenses for safety eyewear range). Varifocal/bifocal: pay for lenses in first pair only. Both pairs must be purchased in one transaction. Excludes SuperDigital, SuperDrive varifocals and SuperReaders 1-2-3 occupational lenses. 2 for 1 on safety eyewear is excluded for customers with a corporate eyecare voucher provided by their employer. Additional charge for extra lens options.

# ਸਾਊਥਾਲ ਕਬੱਡੀ ਟੂਰਨਾਮੈਂਟ 2025 ਸ਼ਾਨੋ ਸ਼ੌਕਤ ਨਾਲ ਕਰਵਾਇਆ

## ਸੰਦੀਪ ਸਿੰਘ ਨੰਗਲ ਅੰਬੀਆਂ ਟੈਲਫੋਰਡ ਜੇਤੂ ਅਤੇ ਸਲੋਹ/ਇਕਨਹਮ ਰਨਰ-ਅੱਪ ਰਹੀ

## ਸੋਨੀ ਛੱਕਰਖੰਡੇ ਅਤੇ ਕੁਲਵਿੰਦਰ ਧਰਮਪੁਰਾ ਸਰਬੋਤਮ ਜਾਫੀ ਅਤੇ ਧਾਵੀ ਬਣੇ









ਮਨਪ੍ਰੀਤ ਸਿੰਘ ਬੱਧਨੀ ਕਲਾਂ ਦੀ ਰਿਪੋਰਟ ਅੰਦਰ ਦੇਖੋ

**ਜਾਰੀ ਕਰਤਾ: ਸਾਊਥਾਲ ਕਬੱਡੀ ਕਲੱਬ**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਆਈਐਸਆਈ ਲਈ ਜਾਸੂਸੀ ਕਰਨ ਵਾਲਾ ਸਿਖ ਨੌਜਵਾਨ ਗ੍ਰਿਫ਼ਤਾਰ

ਤਰਨਤਾਰਨ-ਤਰਨਤਾਰਨ ਪੁਲਿਸ ਨੇ ਕਾਊਂਟਰ-ਇੰਟੈਲੀਜੈਂਸ-ਪੰਜਾਬ ਦੀ ਜਾਣਕਾਰੀ 'ਤੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਇੱਕ ਵੱਡੀ ਜਾਸੂਸੀ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਹੈ।



ਪੁਲਿਸ ਨੇ ਮੁਹੱਲਾ ਰੋੜੂਪੁਰ, ਗਲੀ ਨਜ਼ਰ ਸਿੰਘ ਵਾਲਾ, ਤਰਨਤਾਰਨ ਦੇ ਰਹਿਣ ਵਾਲੇ ਗਗਨਦੀਪ ਸਿੰਘ ਗਗਨ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਸ਼ੀ ਨੂੰ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ ਨੂੰ ਸੰਵੇਦਨਸ਼ੀਲ ਫੌਜੀ ਜਾਣਕਾਰੀ ਮੁਹੱਈਆ ਕਰਵਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਡੀਜੀਪੀ ਗੌਰਵ ਯਾਦਵ ਦੇ ਅਨੁਸਾਰ, ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗਗਨਦੀਪ ਸਿੰਘ ਪਿਛਲੇ ਪੰਜ ਸਾਲਾਂ ਤੋਂ ਪਾਕਿਸਤਾਨ ਸਥਿਤ ਗੋਪਾਲ ਸਿੰਘ ਚਾਵਲਾ ਦੇ ਸੰਪਰਕ ਵਿੱਚ ਸੀ। ਚਾਵਲਾ ਰਾਹੀਂ ਹੀ ਉਸਦੀ ਜਾਣ-ਪਛਾਣ ਪਾਕਿਸਤਾਨੀ ਖੁਫੀਆ ਅਧਿਕਾਰੀਆਂ ਨਾਲ ਹੋਈ। ਮੁਲਜ਼ਮਾਂ ਨੇ ਆਪ੍ਰੇਸ਼ਨ ਸਿੰਦੂਰ ਦੌਰਾਨ ਭਾਰਤ ਵਿੱਚ ਫੌਜ ਦੀਆਂ ਗਤੀਵਿਧੀਆਂ, ਫੌਜਾਂ ਦੀ ਤਾਇਨਾਤੀ ਅਤੇ ਰਣਨੀਤਕ ਸਥਾਨਾਂ ਬਾਰੇ ਜਾਣਕਾਰੀ ਪਾਕਿਸਤਾਨ ਨਾਲ ਸਾਂਝੀ ਕੀਤੀ ਸੀ, ਜੋ ਦੇਸ਼ ਦੀ ਰਾਸ਼ਟਰੀ ਸੁਰੱਖਿਆ ਲਈ ਵੱਡਾ ਖ਼ਤਰਾ ਪੈਦਾ ਕਰ ਸਕਦੀ ਸੀ। ਇਸ ਜਾਸੂਸੀ ਨੈੱਟਵਰਕ ਦੀ ਪੂਰੀ ਤਸਵੀਰ ਸਾਹਮਣੇ ਲਿਆਉਣ ਲਈ ਪੁਲਿਸ ਅਤੇ ਖੁਫੀਆ ਏਜੰਸੀਆਂ ਦੋਸ਼ੀ ਦੇ ਵਿੱਤੀ ਅਤੇ ਤਕਨੀਕੀ ਨੈੱਟਵਰਕ ਦੀ ਡੂੰਘਾਈ ਨਾਲ ਜਾਂਚ ਕਰ ਰਹੀਆਂ ਹਨ।

# ਅਮਰੀਕਾ ਵਿਚ ਪ੍ਰਵਾਸੀਆਂ ਦੀ ਫੜੋਫੜੀ ਕਾਰਨ ਹਫੜਾਦਫੜੀ ਵਾਲਾ ਮਾਹੌਲ ਬਣਿਆ

## * ਇਟਾਲੀਅਨ ਰੈਸਟੋਰੈਂਟ ਵਿੱਚ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਰਾਤ ਦੇ ਖਾਣੇ ਤੋਂ ਪਹਿਲਾਂ ਮਾਰਿਆ ਛਾਪਾ
## * ਅਦਾਲਤਾਂ ਵਿਚ ਸੁਣਵਾਈ ਮੌਕੇ ਵੀ ਕੀਤੀਆਂ ਜਾ ਰਹੀਆਂ ਹਨ ਗ੍ਰਿਫਤਾਰੀਆਂ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਰਾਸ਼ਟਰਪਤੀ ਡੋਨਾਲਡ ਟਰੰਪ ਦੇ ਆਦੇਸ਼ਾਂ 'ਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਪ੍ਰਵਾਸੀਆਂ ਦੀਆਂ ਗ੍ਰਿਫਤਾਰੀਆਂ ਵਿੱਚ ਤੇਜੀ ਲਿਆਂਦੀ ਹੈ ਜਿਸ ਕਾਰਨ ਹਫੜਾਦਫੜੀ ਵਾਲਾ ਮਾਹੌਲ ਬਣਿਆ ਨਜਰ ਆ ਰਿਹਾ ਹੈ। ਸ਼ੁਰੂ ਵਿਚ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫਤਾਰ ਕਰਨ ਦੀ ਗੱਲ ਕਹੀ ਗਈ ਸੀ ਪਰੰਤੂ ਬਾਅਦ ਵਿਚ ਪ੍ਰਵਾਸੀਆਂ ਦੀਆਂ ਗ੍ਰਿਫਤਾਰੀਆਂ ਦਾ ਘੇਰਾ ਵਧਾ ਦਿੱਤਾ ਗਿਆ ਤੇ ਛੋਟੇ ਮੋਟੇ ਅਪਰਾਧਾਂ ਵਿਚ ਸ਼ਾਮਿਲ ਪ੍ਰਵਾਸੀਆਂ ਨੂੰ ਵੀ ਇਸ ਘੇਰੇ ਵਿਚ ਸ਼ਾਮਿਲ ਕਰ ਲਿਆ ਗਿਆ। ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਫੈਕਟਰੀਆਂ, ਹੋਟਲਾਂ ਤੇ ਖੇਤੀਬਾੜੀ ਫਾਰਮਾਂ ਉਪਰ ਛਾਪੇ ਮਾਰੇ ਜਾ ਰਹੇ ਹਨ ਤੇ ਪ੍ਰਵਾਸੀਆਂ ਨੂੰ ਹਿਰਾਸਤ ਵਿਚ ਲਿਆ ਜਾ ਰਿਹਾ ਹੈ। ਪ੍ਰਸਿੱਧ ਸੈਨ ਡੀਏਗੋ ਇਟਾਲੀਅਨ ਰੈਸਟੋਰੈਂਟ ਵਿਚ ਰਾਤ ਦੇ ਖਾਣੇ ਤੋਂ ਪਹਿਲਾਂ ਮਾਰੇ ਗਏ ਛਾਪੇ ਦੌਰਾਨ ਕਈ ਵਰਕਰਾਂ ਨੂੰ ਹਿਰਾਸਤ ਵਿਚ ਲਏ ਜਾਣ ਦੀ ਖਬਰ ਹੈ। ਸਥਾਨਕ ਸੀ ਬੀ ਐਸ ਸਟੇਸ਼ਨ ਦੁਆਰਾ ਇਸ ਛਾਪੇ ਦੀ ਇਕ ਵੀਡੀਓ ਜਾਰੀ ਕੀਤੀ ਗਈ ਹੈ ਜਿਸ ਵਿਚ ਇਸ ਛਾਪੇ ਦਾ ਸਥਾਨਕ ਲੋਕ ਵਿਰੋਧ ਕਰਦੇ ਹੋਏ ਨਜਰ ਆ ਰਹੇ ਹਨ। ਭਾਰੀ ਗਿਣਤੀ ਵਿਚ ਹਥਿਆਰਬੰਦ ਏਜੰਟ ਰੈਸਟੋਰੈਂਟ ਵਿਚ ਦਾਖਲ ਹੋਏ ਤੇ ਉਨਾਂ ਨੇ ਹੋਟਲ ਵਿਚ ਕੰਮ ਕਰ ਰਹੇ ਵਰਕਰਾਂ ਨੂੰ ਹਿਰਾਸਤ ਵਿਚ ਲੈਣਾ ਸ਼ੁਰੂ ਕਰ ਦਿੱਤਾ ਜਿਸ ਦਾ ਮੌਕੇ 'ਤੇ ਹਾਜਰ ਲੋਕਾਂ ਨੇ ਵਿਰੋਧ ਕੀਤਾ। ਏਜੰਟਾਂ ਨੇ ਬੁਲਟ ਪਰੂਫ ਜੈਕਟਾਂ ਪਾਈਆਂ ਹੋਈਆਂ ਸਨ ਤੇ ਆਪਣੇ ਉਪਰ ਹੋਮਲੈਂਡ ਸਕਿਉਰਿਟੀ ਜਾਂਚ ਲੋਗੋ ਚਿਪਕਾਇਆ ਹੋਇਆ ਸੀ। ਪੈਡਰੋ ਰਿਆਸ, ਡਾਇਰੈਕਟਰ ਆਫ ਕੁਏਕਰ ਅਮੈਰੀਕਨ ਫਰੈਂਡਜ ਸਰਵਿਸ ਕਮੇਟੀ ਯੂ ਐਸ- ਮੈਕਸੀਕੋ ਬਾਰਡਰ ਪ੍ਰੋਗਰਾਮ ਨੇ ਮੀਡੀਆ ਨੂੰ ਦਸਿਆ ਕਿ ਏਜੰਟਾਂ ਨੇ ਵਿਰੋਧ ਕਰ ਰਹੀ ਭੀੜ ਉਪਰ ਗਰਨੇਡ ਵੀ ਦਾਗੇ। ਕਾਰਜਕਾਰੀ ਡਾਇਰੈਕਟਰ ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਏਜੰਟਾਂ ਨੇ ਛਾਪੇ ਦੌਰਾਨ ਕੁਝ ਵੀ ਗਲਤ ਨਹੀਂ ਕੀਤਾ ਉਨਾਂ ਨੇ ਕੇਵਲ ਆਪਣੀ ਲਾਅ ਇਨਫੋਰਸਮੈਂਟ ਡਿਊਟੀ ਕੀਤੀ ਹੈ। ਉਨਾਂ ਕਿਹਾ ਕਿ ਸਾਨੂੰ ਨਾਜ਼ੀ ਨਾ ਕਿਹਾ ਜਾਵੇ ਤੇ ਨਾ ਹੀ ਅਸੀਂ ਕੋਈ ਖਲਨਾਇਕ ਹਾਂ। ਪਿਛਲੇ ਹਫਤੇ ਦੇ ਸ਼ੁਰੂ ਵਿਚ ਆਈ ਸੀ ਈ ਏਜੰਟਾਂ ਨੇ ਸੈਨ ਐਨਟੋਨੀਓ, ਟੈਕਸਾਸ ਕੋਰਟ ਹਾਊਸ ਵਿਚ ਸੁਣਵਾਈ ਤੋਂ ਬਾਅਦ ਪ੍ਰਵਾਸੀਆਂ ਨੂੰ ਹਿਰਾਸਤ ਵਿਚ ਲੈ ਲਿਆ ਸੀ ਜਿਸ ਦਾ ਪ੍ਰਵਾਸੀਆਂ ਦੇ ਵਕੀਲਾਂ ਨੇ ਸਖਤ ਵਿਰੋਧ ਕੀਤਾ ਸੀ। ਇਮੀਗਰਾਂਟ ਲੀਗਲ ਰਿਸੋਰਸ ਸੈਂਟਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਇਸ ਬਹੁਤ ਹੀ ਸੰਕਟ ਭਰੇ ਸਮੇਂ ਵਿੱਚ ਪਰਵਾਸੀ ਪਰਿਵਾਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪ੍ਰਵਾਸੀ ਨਿਆਂ ਲਈ ਅਦਾਲਤਾਂ ਵਿਚ ਆਉਂਦੇ ਹਨ ਪਰੰਤੂ ਸੁਣਵਾਈ ਵਿੱਚ ਵਿਘਣ ਪਾਇਆ ਜਾ ਰਿਹਾ ਹੈ। ਇਸ ਬਿਆਨ ਨਾਲ ਇਕ ਵੀਡੀਓ ਵੀ ਜੋੜੀ ਗਈ ਹੈ ਜਿਸ ਵਿਚ ਆਈ ਸੀ ਈ ਏਜੰਟ ਅਦਾਲਤ ਵਿਚ 4 ਬੱਚਿਆਂ ਸਮੇਤ ਇਕ ਮਾਂ ਨੂੰ ਹਿਰਾਸਤ ਵਿਚ ਲੈ ਰਹੇ ਹਨ। ਇਕ ਨਬਾਲਗ ਬੱਚੇ ਦੇ ਹੱਥ ਪਿੱਠ ਪਿੱਛੇ ਬੰਨੇ ਹੋਏ ਨਜਰ ਆ ਰਹੇ ਹਨ। ਐਡਵੋਕੇਸੀ ਗਰੁੱਪ ਯੂਨੀਡੋਸ ਪੋਡਮੋਸ ਵੱਲੋਂ ਇਸੇ ਹੀ ਅਦਾਲਤ ਦੇ ਬਾਹਰਵਾਰ ਪ੍ਰਵਾਸੀਆਂ ਦੀ ਗ੍ਰਿਫਤਾਰੀ ਦੀ ਇਕ ਹੋਰ ਵੀਡੀਓ ਜਾਰੀ ਕੀਤੀ ਗਈ ਹੈ ਜਿਸ ਵਿਚ ਉਸ ਸਮੇਂ ਦਾ ਬਹੁਤ ਹੀ ਭਾਵੁਕ ਦ੍ਰਿਸ਼ ਨਜਰ ਆ ਰਿਹਾ ਹੈ ਜਿਸ ਵਿਚ ਸਿਵਲ ਵਰਦੀ ਵਿੱਚ ਏਜੰਟ ਦੋ ਔਰਤਾਂ ਤੇ ਇਕ ਬੱਚੇ ਨੂੰ ਕੈਦੀਆਂ ਨੂੰ ਲਿਜਾਣ ਵਾਲੀ ਗੱਡੀ ਵਿਚ ਜਬਰਨ ਚੜਾ ਰਹੇ ਹਨ।

# ਭਾਰਤੀ ਮੂਲ ਦੀ ਪਲਕ ਪਟੇਲ ਦੀ ਹੱਤਿਆ ਦੇ ਮਾਮਲੇ ਵਿਚ 10 ਸਾਲ ਬੀਤੇ ਜਾਣ 'ਤੇ ਵੀ ਸ਼ੱਕੀ ਪਤੀ ਨਹੀਂ ਆਇਆ ਕਾਬੂ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਨਾਪੋਲਿਸ , ਮੈਰੀਲੈਂਡ ਵਿਚ 12 ਅਪ੍ਰੈਲ 2015 ਨੂੰ 21 ਸਾਲਾ ਭਾਰਤੀ ਮੂਲ ਦੀ ਪਲਕ ਪਟੇਲ ਦੀ ਚਾਕੂ ਮਾਰ ਕੇ ਕੀਤੀ ਹੱਤਿਆ ਦੇ ਮਾਮਲੇ ਵਿਚ ਲੋੜੀਂਦਾ ਸ਼ੱਕੀ ਉਸ ਦਾ ਪਤੀ ਭਦਰੇਸ਼ਕੁਮਾਰ ਚੇਤਨਬਾਈ ਪਟੇਲ ਅਜੇ ਵੀ ਲਾਅ ਇਨਫੋਰਸਮੈਂਟ ਏਜੰਸੀਆਂ ਦੀ ਪਹੁੰਚ ਤੋਂ ਬਾਹਰ ਹੈ ਤੇ ਉਸ ਦੀ ਕੋਈ ਉੱਗ ਸੁੱਗ ਨਹੀਂ ਹੈ ਕਿ ਉਹ ਕਿਸੇ ਹੋਰ ਦੇਸ਼ ਵਿਚ ਭੱਜ ਗਿਆ ਹੈ ਜਾਂ ਅਮਰੀਕਾ ਵਿਚ ਹੀ ਕਿਤੇ ਦੜਿਆ ਬੈਠਾ ਹੈ। ਐਫ ਬੀ ਆਈ ਨੇ ਉਸ ਨੂੰ 10 ਅੱਤ ਲੋੜੀਂਦੇ ਭਗੌੜਿਆਂ ਦੀ ਸੂਚੀ ਵਿਚ ਪਾਇਆ ਹੋਇਆ ਹੈ ਤੇ ਉਸ ਉਪਰ 2,50,000 ਡਾਲਰ ਦਾ ਇਨਾਮ ਐਲਾਨਿਆ ਹੋਇਆ ਹੈ। ਐਫ ਬੀ ਆਈ ਨੇ ਪਲਕ ਦੇ 32ਵੇਂ ਜਨਮ ਦਿਨ ਮੌਕੇ 31 ਮਈ , 2025 ਨੂੰ ਆਮ ਲੋਕਾਂ ਨੂੰ ਫਿਰ ਅਪੀਲ ਕੀਤੀ ਹੈ ਕਿ ਉਹ ਭਗੌੜੇ ਪਟੇਲ ਨੂੰ ਗ੍ਰਿਫਤਾਰ ਕਰਵਾਉਣ ਵਿੱਚ ਮਦਦ ਕਰੇ। ਇਹ ਘਟਨਾ ਇਕ ਮੈਰੀਲੈਂਡ ਡੋਨਟ ਸ਼ਾਪ ਵਿਚ ਅੱਧੀ ਰਾਤ ਤੋਂ ਪਹਿਲਾਂ ਵਾਪਰੀ ਸੀ ਜਿਥੇ ਦੋਨੋਂ ਪਤੀ-ਪਤਨੀ ਕੰਮ ਕਰਦੇ ਸਨ। ਸੀ ਸੀ ਟੀ ਵੀ ਵੀਡੀਓ ਵਿਚ ਪਲਕ ਆਪਣੇ ਪਤੀ ਭਦਰੇਸ਼ਕੁਮਾਰ ਦੇ ਮਗਰ ਸਟੋਰੇਜ ਖੇਤਰ ਵਿਚ ਜਾ ਰਹੀ ਹੈ ਜਿਥੇ ਉਸ ਦਾ ਕਤਲ ਹੋਇਆ ਸੀ। ਐਫ ਬੀ ਆਈ ਬਾਲਟੀਮੋਰ ਫੀਲਡ ਦਫਤਰ ਦੇ ਵਿਸ਼ੇਸ਼ ਏਜੰਟ ਜੋਨਾਥਨ ਸ਼ਫਰ ਅਨੁਸਾਰ ਘਟਨਾ ਉਪਰੰਤ ਭਦਰੇਸ਼ਕੁਮਾਰ ਤੁਰੰਤ ਪਿਛਲੇ ਦਰਵਾਜ਼ੇ ਰਾਹੀਂ ਫਰਾਰ ਹੋ ਗਿਆ ਤੇ ਅੱਜ ਤੱਕ ਲਾਅ ਇਨਫੋਰਸਮੈਂਟ ਅਧਿਕਾਰੀਆਂ ਦੇ ਹੱਥ ਨਹੀਂ ਆਇਆ ਹੈ। ਪਲਕ ਅਰਵਿੰਦਭਾਈ ਪਟੇਲ ਦਾ ਜਨਮ 1993 ਵਿਚ ਅਹਿਮਦਾਬਾਦ ਵਿਚ ਹੋਇਆ ਸੀ। 25 ਨਵੰਬਰ 2013 ਨੂੰ ਉਸ ਦਾ ਵਿਆਹ ਭਦਰੇਸ਼ਕੁਮਾਰ ਪਟੇਲ ਨਾਲ ਹੋਇਆ ਸੀ। ਦੋਨੋਂ ਪਤੀ-ਪਤਨੀ ਸਤੰਬਰ 2014 ਵਿਚ ਅਮਰੀਕਾ ਆਏ ਸਨ। ਦੋਨੋਂ ਆਪਣੇ ਰਿਸ਼ਤੇਦਾਰ ਦੀ ਡੋਨਟ ਸ਼ਾਪ 'ਤੇ ਕੰਮ ਕਰਦੇ ਸਨ। ਮੌਤ ਤੋਂ ਪਹਿਲਾਂ ਪਲਕ ਭਾਰਤ ਜਾਣਾ ਚਹੁੰਦੀ ਸੀ। ਸ਼ਫਰ ਅਨੁਸਾਰ ਪਲਕ ਦੀ ਹੱਤਿਆ ਪਿੱਛੇ ਮਕਸਦ ਅਜੇ ਸਾਫ ਨਹੀਂ ਹੈ ਪਰੰਤੂ ਭਦਰੇਸ਼ਕੁਮਾਰ ਨਹੀਂ ਸੀ ਚਹੁੰਦਾ ਕਿ ਉਹ ਭਾਰਤ ਜਾਵੇ। ਪਲਕ ਨੂੰ ਇਸ ਗੱਲ ਦੀ ਕੋਈ ਭਿਣਕ ਨਹੀਂ ਸੀ ਕਿ ਉਸ ਦਾ ਕਤਲ ਕਰ ਦਿੱਤਾ ਜਾਵੇਗਾ। ਪਲਕ ਦੀ ਮਾਂ ਨੇ ਕਿਹਾ ਹੈ ਕਿ ਉਹ ਆਪਣੀ ਧੀ ਲਈ ਇਨਸਾਫ ਚਹੁੰਦੀ ਹੈ। ਉਸ ਦੇ ਪਤੀ ਨੇ ਬਿਨਾਂ ਕਿਸੇ ਕਾਰਨ ਮੇਰੀ ਧੀ ਨਾਲ ਧੋਖਾ ਕੀਤਾ ਹੈ। ਮੈਨੂੰ ਵਿਸ਼ਵਾਸ਼ ਹੈ ਕਿ ਇਕ ਨਾ ਇਕ ਦਿਨ ਭਦਰੇਸ਼ਕੁਮਾਰ ਫੜਿਆ ਜਾਵੇਗਾ।



ਭਦਰੇਸ਼ਕੁਮਾਰ ਚੇਤਨਬਾਈ ਪਟੇਲ ਤੇ ਪਲਕ ਪੇਟਲ ਦੀ ਫਾਇਲ ਤਸਵੀਰ

# ਓਰੇਗੋਨ ਵਿਚ ਬੇਘਰਿਆਂ ਦੇ ਰੈਣ ਬਸੇਰੇ 'ਤੇ ਹਮਲਾ, ਹਮਲਾਵਰ ਨੇ 11 ਲੋਕਾਂ ਨੂੰ ਕੀਤਾ ਜ਼ਖਮੀ



ਸੈਕਰਾਮੈਂਟੋ , ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਓਰੇਗੋਨ ਵਿਚ ਸਲੇਮ ਵਿਖੇ ਬੇਘਰਿਆਂ ਦੇ ਇਕ ਰੈਣ ਬਸੇਰੇ ਵਿਚ ਹੋਏ ਹਮਲੇ ਵਿੱਚ ਘੱਟੋ ਘੱਟ 11 ਲੋਕਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਪੁਲਿਸ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਸ਼ੱਕੀ ਦੋਸ਼ੀ ਨੂੰ ਕਾਬੂ ਕਰ ਲਿਆ ਗਿਆ ਹੈ। ਸਲੇਮ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਇਕ ਵਿਅਕਤੀ 8 ਇੰਚ ਲੰਬਾ ਚਾਕੂ ਲੈ ਕੇ ਰੈਣ ਬਸੇਰੇ ਯੂਨੀਅਨ ਗੋਸਪਲ ਮਿਸ਼ਨ ਸਲੇਮ ਵਿਚ ਤਕਰੀਬਨ 7.30 ਵਜੇ ਸ਼ਾਮ ਨੂੰ ਦਾਖਲ ਹੋਇਆ ਤੇ ਉਥੇ ਮੌਜੂਦ ਲੋਕਾਂ ਉਪਰ ਹਮਲਾ ਕਰ ਦਿੱਤਾ। ਦਰਜ਼ਨ ਦੇ ਕਰੀਬ ਲੋਕਾਂ ਨੂੰ ਜ਼ਖਮੀ ਕਰਨ ਉਪਰੰਤ ਉਹ ਫਰਾਰ ਹੋ ਗਿਆ। ਪੁਲਿਸ ਅਨੁਸਾਰ ਸ਼ੱਕੀ ਦੀ ਪਛਾਣ 42 ਸਾਲਾ ਟੋਨੀ ਵਿਲਅਮਜ ਵਜੋਂ ਹੋਈ ਹੈ ਤੇ ਉਹ ਰੈਣ ਬਸੇਰੇ ਤੋਂ ਦੂਸਰੇ ਪਾਸੇ ਰਹਿੰਦਾ ਹੈ। ਪੁਲਿਸ ਅਨੁਸਾਰ ਪੀੜਤਾਂ ਵਿਚ ਰੈਣ ਬਸੇਰੇ ਦੇ 2 ਸਟਾਫ ਮੈਂਬਰ ਵੀ ਸ਼ਾਮਿਲ ਹਨ ਜਿਨਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਹੈ। ਪੁਲਸ ਅਨੁਸਾਰ ਜ਼ਖਮੀਆਂ ਵਿਚ 26 ਤੋਂ 57 ਸਾਲ ਦੇ ਵਿਅਕਤੀ ਸ਼ਾਮਿਲ ਹਨ। ਇਨਾਂ ਵਿਚ 5 ਗੰਭੀਰ ਜ਼ਖਮੀ ਸ਼ਾਮਿਲ ਹਨ।

## ਦਲਿਤ ਵਿਤਕਰੇ ਦੀ ਦੁਖਾਂਤਕ ਸੱਚਾਈ

# ਉੱਤਰ ਪ੍ਰਦੇਸ਼ ਦੀ ਘਟਨਾ ਨੇ ਜਾਤੀ ਵਿਤਕਰੇ ਦੀ ਕੀਤੀ ਨੰਗੀ ਤਸਵੀਰ

**✪ ਮੈਰਿਜ ਹਾਲ ਵਿਚ ਵਿਆਹ ਦੌਰਾਨ ਦਲਿਤਾਂ ਨੂੰ ਕੁਟਿਆ ਕਿ ਤੁਸੀਂ ਮੈਰਿਜ ਪੈਲਿਸ ਵਿਚ ਵਿਆਹ ਕਿਉਂ ਕੀਤਾ ✪ ਪੰਜਾਬ ਵਿਚ ਦਲਿਤ ਵਿਤਕਰਿਆਂ ਦੀ ਕਮੀ, ਪੂਰੇ ਭਾਰਤ ਇਨਸਾਫ ਵੀ ਨਹੀਂ ਮਿਲਦਾ**







**ਖਾਸ ਖਬਰ**

ਉੱਤਰ ਪ੍ਰਦੇਸ਼ ਦੇ ਬਲੀਆ ਜ਼ਿਲ੍ਹੇ ਦੇ ਰਾਸਰਾ ਇਲਾਕੇ ਵਿੱਚ ਇੱਕ ਦਲਿਤ ਲੜਕੀ ਦੇ ਵਿਆਹ ਸਮਾਗਮ ਵਿੱਚ ਮੈਰਿਜ ਹਾਲ ਵਿੱਚ ਹੋਈ ਹਿੰਸਕ ਘਟਨਾ ਨੇ ਸਮਾਜ ਦੇ ਮੱਥੇ 'ਤੇ ਕਲੰਕ ਦਾ ਟਿਕਾ ਲਾਇਆ ਹੈ। ਇੱਕ ਲੜਕੀ ਦੇ ਵਿਆਹ ਦੇ ਪਵਿੱਤਰ ਮੌਕੇ 'ਤੇ, ਜਦੋਂ ਪਰਿਵਾਰ ਖੁਸ਼ੀਆਂ ਮਨਾ ਰਿਹਾ ਸੀ, 20 ਵਿਅਕਤੀਆਂ ਦੇ ਇੱਕ ਉਚ ਜਾਤੀ ਗੁੰਡਾ ਗਿਰੋਹ ਨੇ ਡੰਡਿਆਂ ਅਤੇ ਰਾਡਾਂ ਨਾਲ ਹਮਲਾ ਕਰ ਦਿੱਤਾ। ਹਮਲਾਵਰਾਂ ਦੇ ਮੂੰਹੋਂ ਨਿਕਲਿਆ ਸਵਾਲ, "ਦਲਿਤ ਹੋ ਕੇ ਤੁਸੀਂ ਹਾਲ ਵਿੱਚ ਵਿਆਹ ਕਿਵੇਂ ਕਰਵਾ ਸਕਦੇ ਹੋ?" ਇਹ ਘਟਨਾ ਭਾਰਤੀ ਸਮਾਜ ਦੀ ਜਾਤੀਵਾਦੀ ਮਾਨਸਿਕਤਾ ਦਾ ਜਿਉਂਦਾ ਸਬੂਤ ਹੈ। ਇਸ ਘਟਨਾ ਵਿੱਚ ਦੋ ਵਿਅਕਤੀ ਗੰਭੀਰ ਜ਼ਖਮੀ ਹੋਏ, ਪਰ ਪੁਲੀਸ ਨੇ ਹੁਣ ਤੱਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ। ਐੱਫਆਈਆਰ ਦਰਜ ਹੋਣ ਦੇ ਬਾਵਜੂਦ, ਕਾਰਵਾਈ ਦੀ ਘਾਟ ਸਾਡੇ ਸਿਸਟਮ ਦੀ ਨਾਕਾਮੀ ਨੂੰ ਉਜਾਗਰ ਕਰਦੀ ਹੈ। ਇਹ ਸਿਰਫ਼ ਇੱਕ ਘਟਨਾ ਨਹੀਂ, ਸਗੋਂ ਸਦੀਆਂ ਪੁਰਾਣੀ ਜਾਤੀਵਾਦੀ ਸੋਚ ਦੀ ਝਲਕ ਹੈ, ਜੋ ਅੱਜ ਵੀ ਸਾਡੇ ਸਮਾਜ ਵਿੱਚ ਜੜ੍ਹਾਂ ਜਮਾਈ ਬੈਠੀ ਹੈ।

### ਕੀ ਕਹਿੰਦੇ ਹਨ ਦਲਿਤ ਵਿਤਕਰੇ ਬਾਰੇ ਅੰਕੜੇ

ਪਿਛਲੇ ਤਿੰਨ ਸਾਲਾਂ ਵਿੱਚ, ਖਾਸ ਕਰਕੇ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ ਅਤੇ ਬਿਹਾਰ ਵਰਗੇ ਸੂਬਿਆਂ ਵਿੱਚ ਦਲਿਤਾਂ ਨਾਲ ਵਿਤਕਰੇ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਨੈਸ਼ਨਲ ਕ੍ਰਾਈਮ ਰਿਕਾਰਡਜ਼ ਬਿਊਰੋ (ਐੱਨਸੀਆਰਬੀ) ਦੀਆਂ ਰਿਪੋਰਟਾਂ ਅਨੁਸਾਰ, 2020 ਤੋਂ 2022 ਤੱਕ ਉੱਤਰ ਪ੍ਰਦੇਸ਼ ਵਿੱਚ ਦਲਿਤਾਂ ਵਿਰੁੱਧ ਅਪਰਾਧਾਂ ਦੀਆਂ 25,000 ਤੋਂ ਵੱਧ ਘਟਨਾਵਾਂ ਦਰਜ ਹੋਈਆਂ। ਇਨ੍ਹਾਂ ਵਿੱਚ ਹਿੰਸਾ, ਜਾਤੀਵਾਦੀ ਟਿੱਪਣੀਆਂ, ਸਮਾਜਿਕ ਬਾਈਕਾਟ ਅਤੇ ਜ਼ਮੀਨੀ ਵਿਵਾਦ ਸ਼ਾਮਲ ਹਨ। ਮੱਧ ਪ੍ਰਦੇਸ਼ ਵਿੱਚ ਇਸੇ ਮਿਆਦ ਵਿੱਚ ਲਗਪਗ 15,000 ਅਤੇ ਬਿਹਾਰ ਵਿੱਚ 10,000 ਤੋਂ ਵੱਧ ਮਾਮਲੇ ਸਾਹਮਣੇ ਆਏ। ਰਾਜਸਥਾਨ ਵਿੱਚ ਵੀ 8,000 ਦੇ ਕਰੀਬ ਅਜਿਹੀਆਂ ਘਟਨਾਵਾਂ ਦਰਜ ਹੋਈਆਂ। ਦਲਿਤ ਲੜਕੀਆਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਦੀ ਗੱਲ ਕਰੀਏ ਤਾਂ, ਐੱਨਸੀਆਰਬੀ ਦੇ ਅੰਕੜੇ ਦਿਲ ਦਹਿਲਾਉਣ ਵਾਲੇ ਹਨ।

2020-2022 ਦੌਰਾਨ ਉੱਤਰ ਪ੍ਰਦੇਸ਼ ਵਿੱਚ 2,000 ਤੋਂ ਵੱਧ, ਮੱਧ ਪ੍ਰਦੇਸ਼ ਵਿੱਚ 1,500, ਰਾਜਸਥਾਨ ਵਿੱਚ 1,200 ਅਤੇ ਬਿਹਾਰ ਵਿੱਚ 900 ਦੇ ਕਰੀਬ ਬਲਾਤਕਾਰ ਦੇ ਮਾਮਲੇ ਦਰਜ ਹੋਏ, ਜਿਨ੍ਹਾਂ ਦੀਆਂ ਪੀੜਤ ਦਲਿਤ ਲੜਕੀਆਂ ਸਨ। ਇਹ ਅੰਕੜੇ ਸਿਰਫ਼ ਦਰਜ ਮਾਮਲਿਆਂ ਦੀ ਗੱਲ ਕਰਦੇ ਹਨ; ਅਸਲ ਅੰਕੜੇ ਇਸ ਤੋਂ ਕਿਤੇ ਵੱਧ ਹੋ ਸਕਦੇ ਹਨ, ਕਿਉਂਕਿ ਬਹੁਤ ਸਾਰੇ ਮਾਮਲੇ ਸਮਾਜਿਕ ਦਬਾਅ ਜਾਂ ਡਰ ਕਾਰਨ ਪੁਲੀਸ ਤੱਕ ਪਹੁੰਚਦੇ ਹੀ ਨਹੀਂ। ਵਿਤਕਰੇ ਦੀਆਂ ਕਿਸਮਾਂ ਵਿੱਚ ਸਿਰਫ਼ ਸਰੀਰਕ ਹਮਲੇ ਹੀ ਨਹੀਂ, ਸਗੋਂ ਸਮਾਜਿਕ ਬਾਈਕਾਟ, ਜਾਤੀਵਾਦੀ ਗਾਲ੍ਹਾਂ, ਮੰਦਰਾਂ ਜਾਂ ਜਨਤਕ ਸਥਾਨਾਂ 'ਤੇ ਪ੍ਰਵੇਸ਼ 'ਤੇ ਪਾਬੰਦੀ, ਜ਼ਮੀਨੀ ਵਿਵਾਦ ਅਤੇ ਆਰਥਿਕ ਸ਼ੋਸ਼ਣ ਵਰਗੀਆਂ ਘਟਨਾਵਾਂ ਵੀ ਸ਼ਾਮਲ ਹਨ। ਖਾਸ ਕਰਕੇ ਵਿਆਹ ਸਮਾਗਮਾਂ ਜਾਂ ਜਨਤਕ ਸਥਾਨਾਂ 'ਤੇ ਦਲਿਤਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ਵਧੀਆਂ ਹਨ।

ਬਹੁਤ ਸਾਰੇ ਮਾਮਲਿਆਂ ਵਿੱਚ, ਪੁਲੀਸ ਐੱਫਆਈਆਰ ਦਰਜ ਕਰਨ ਵਿੱਚ ਢਿੱਲ ਕਰਦੀ ਹੈ ਜਾਂ ਪੀੜਤ ਨੂੰ ਸਮਝੌਤੇ ਲਈ ਦਬਾਅ ਪਾਇਆ ਜਾਂਦਾ ਹੈ। ਦੂਜਾ, ਸਿਆਸੀ ਦਬਾਅ ਅਤੇ ਸਥਾਨਕ ਪ੍ਰਭਾਵਸ਼ਾਲੀ ਵਰਗ ਦੀ ਸ਼ਮੂਲੀਅਤ ਕਾਰਨ ਅਕਸਰ ਮੁਲਜ਼ਮਾਂ ਨੂੰ ਬਚਾਇਆ ਜਾਂਦਾ ਹੈ। ਤੀਜਾ, ਸਮਾਜ ਵਿੱਚ ਜਾਤੀਵਾਦ ਦੀ ਡੂੰਘੀ ਜੜ੍ਹ ਨੇ ਪੁਲੀਸ ਅਤੇ ਅਦਾਲਤੀ ਪ੍ਰਕਿਰਿਆ ਨੂੰ ਢਿਲਾ ਕਰ ਦਿੱਤਾ ਹੈ। ਐੱਸਸੀ/ਐੱਸਟੀ ਐਕਟ ਦੇ ਬਾਵਜੂਦ, ਮੁਕੱਦਮਿਆਂ ਦੀ ਸੁਣਵਾਈ ਲੰਬੀ ਚੱਲਦੀ ਹੈ ਅਤੇ ਦੋਸ਼ੀਆਂ ਨੂੰ ਸਜ਼ਾ ਮਿਲਣ ਦੀ ਦਰ ਬਹੁਤ ਘੱਟ ਹੈ।

2022 ਦੀ ਇੱਕ ਰਿਪੋਰਟ ਅਨੁਸਾਰ, ਐੱਸਸੀ/ਐੱਸਟੀ ਐਕਟ ਅਧੀਨ ਦਰਜ ਮਾਮਲਿਆਂ ਵਿੱਚ ਸਿਰਫ਼ 30% ਮਾਮਲਿਆਂ ਵਿੱਚ ਸਜ਼ਾ ਹੋਈ, ਜਦਕਿ 70% ਮਾਮਲੇ ਅਦਾਲਤ ਵਿੱਚ ਲੰਬਿਤ ਹਨ ਜਾਂ ਮੁਲਜ਼ਮ ਬਰੀ ਹੋ ਜਾਂਦੇ ਹਨ। ਇਹ ਸਭ ਸਮਾਜ ਵਿੱਚ ਜਾਤੀਵਾਦ ਨੂੰ ਹੋਰ ਮਜ਼ਬੂਤ ਕਰਦਾ ਹੈ ਅਤੇ ਪੀੜਤਾਂ ਦਾ ਸਿਸਟਮ 'ਤੇ ਭਰੋਸਾ ਘਟਦਾ ਹੈ।

## ਪੰਜਾਬ ਵਿੱਚ ਵਿਤਕਰਾ ਘੱਟ ਕਿਉਂ ?

ਪੰਜਾਬ ਵਿੱਚ ਜਾਤੀਵਾਦ ਦੀਆਂ ਘਟਨਾਵਾਂ ਦੀ ਗਿਣਤੀ ਘੱਟ ਹੋਣ ਦੇ ਪਿੱਛੇ ਸਿੱਖ ਧਰਮ ਦੀ ਸਮਾਨਤਾ ਦੀ ਸਿੱਖਿਆ ਅਤੇ ਗੁਰੂ ਸਾਹਿਬਾਨ ਦੀ ਪ੍ਰੇਰਨਾ ਦਾ ਵੱਡਾ ਯੋਗਦਾਨ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ, ਸਿੱਖ ਧਰਮ ਨੇ ਜਾਤ-ਪਾਤ, ਉੱਚ-ਨੀਚ ਦੇ ਭੇਦ ਨੂੰ ਰੱਦ ਕੀਤਾ। ਗੁਰੂ ਸਾਹਿਬਾਨ ਨੇ ਲੰਗਰ ਦੀ ਪ੍ਰਥਾ ਸ਼ੁਰੂ ਕਰਕੇ ਸਾਰੇ ਮਨੁੱਖਾਂ ਨੂੰ ਇੱਕ ਸਮਾਨ ਬੈਠਣ ਅਤੇ ਖਾਣ ਦੀ ਸਿੱਖਿਆ ਦਿੱਤੀ। ਇਹ ਸਿੱਖਿਆ ਪੰਜਾਬ ਦੇ ਸਮਾਜ ਵਿੱਚ ਡੂੰਘੀ ਜੜ੍ਹ ਜਮਾਕੇ ਬੈਠੀ ਹੈ। ਪੰਜਾਬ ਵਿੱਚ ਦਲਿਤ ਭਾਈਚਾਰੇ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਵੀ ਬਾਕੀ ਸੂਬਿਆਂ ਨਾਲੋਂ ਕੁਝ ਬਿਹਤਰ ਹੈ। ਸਿੱਖ ਧਰਮ ਦੀ ਸਮਾਨਤਾ ਦੀ ਸਿੱਖਿਆ ਨੇ ਦਲਿਤ ਭਾਈਚਾਰੇ ਨੂੰ ਮਜਬੂਤ ਕੀਤਾ ਹੈ। ਹਾਲਾਂਕਿ, ਪੰਜਾਬ ਵਿੱਚ ਵੀ ਜਾਤੀਵਾਦ ਦੀਆਂ ਘਟਨਾਵਾਂ ਪੂਰੀ ਤਰ੍ਹਾਂ ਖਤਮ ਨਹੀਂ ਹੋਈਆਂ। ਖਾਸ ਕਰਕੇ ਪੇਂਡੂ ਖੇਤਰਾਂ ਵਿੱਚ ਜ਼ਮੀਨੀ ਵਿਵਾਦ ਅਤੇ ਸਮਾਜਿਕ ਵਿਤਕਰੇ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਪਰ ਗੁਰੂ ਸਾਹਿਬਾਨ ਦੀ ਸਿੱਖਿਆ ਨੇ ਪੰਜਾਬ ਨੂੰ ਇੱਕ ਅਜਿਹੀ ਦਿਸ਼ਾ ਦਿੱਤੀ ਹੈ, ਜਿੱਥੇ ਸਮਾਨਤਾ ਦਾ ਸੁਨੇਹਾ ਹਰ ਵਰਗ ਤੱਕ ਪਹੁੰਚਿਆ ਹੈ। ਜਦੋਂ ਤੱਕ ਹਰ ਵਿਅਕਤੀ ਨੂੰ ਸਮਾਨ ਅਧਿਕਾਰ ਅਤੇ ਸਤਿਕਾਰ ਨਹੀਂ ਮਿਲਦਾ, ਸਾਡਾ ਸਮਾਜ ਅਸਲ ਅਰਥਾਂ ਵਿੱਚ ਤਰੱਕੀ ਨਹੀਂ ਕਰ ਸਕਦਾ।

## ਸਰਹਿੰਦ ਨਹਿਰ ਵਿਚ ਡਿੱਗੀ ਕਾਰ ਵਿਚੋਂ ਪ੍ਰੇਮਿਕਾ ਦੀ ਲਾਸ਼ ਬਰਾਮਦ

**✪ ਕਾਲਜ ਤੋਂ ਹੀ ਪ੍ਰੇਮਿਕਾ ਨੂੰ ਕਾਰ ਵਿਚ ਲੈ ਗਿਆ ਸੀ ਪ੍ਰੇਮੀ**
**✪ ਪ੍ਰੇਮੀ ਲਾਪਤਾ, ਪੁਲਿਸ ਨੇ ਮਾਮਲਾ ਕੀਤਾ ਦਰਜ**



ਰੂਪਨਗਰ-ਬੀਤੇ ਦਿਨੀਂ ਲਾਪਤਾ ਹੋਈ ਇੱਕ ਲੜਕੀ ਦੀ ਲਾਸ਼ ਪਿੰਡ ਭੋਜੇ ਮਾਜਰਾ ਨੇੜੇ ਸਰਹਿੰਦ ਨਹਿਰ ਤੋਂ ਸ਼ੱਕੀ ਹਾਲਤ ਵਿਚ ਮਿਲੀ। ਕੁੜੀ ਦੀ ਲਾਸ਼ ਕਾਰ ਦੀ ਪਿਛਲੀ ਸੀਟ ਤੇ ਮਿਲੀ। ਜਾਣਕਾਰੀ ਅਨੁਸਾਰ ਮਾਛੀਵਾੜਾ ਦੇ ਗੁਰੂਗੜ੍ਹ ਪਿੰਡ ਦਾ ਨੌਜਵਾਨ ਜਸਪ੍ਰੀਤ ਸਿੰਘ, ਸਰਕਾਰੀ ਕਾਲਜ ਤੋਂ ਲੜਕੀ ਨੂੰ ਆਪਣੇ ਨਾਲ ਲੈ ਗਿਆ ਸੀ। ਇਹ ਸਮਝਿਆ ਜਾ ਰਿਹਾ ਹੈ ਕਿ ਜਦੋਂ ਕਾਰ ਨਹਿਰ ਵਿੱਚ ਡਿੱਗ ਪਈ ਤਾਂ ਪ੍ਰੇਮੀ ਲੜਕਾ ਹੀ ਕਾਰ ਚਲਾ ਰਿਹਾ ਸੀ। ਕੁੜੀ ਦੇ ਪਰਿਵਾਰ ਨੇ ਚੇਤਾਵਨੀ ਦਿੱਤੀ ਹੈ ਕਿ ਜਦੋਂ ਤੱਕ ਦੋਸ਼ੀ ਨੂੰ ਫੜ੍ਹਿਆ ਨਹੀਂ ਜਾਂਦਾ, ਕੁੜੀ ਦਾ ਅੰਤਿਮ ਸਸਕਾਰ ਨਹੀਂ ਕੀਤਾ ਜਾਵੇਗਾ ਪਰ ਅਜੇ ਤੱਕ ਨੌਜਵਾਨ ਦਾ ਕੋਈ ਸੁਰਾਗ ਨਹੀਂ ਮਿਲਿਆ। ਪੁਲਿਸ ਅਨੁਸਾਰ ਨੌਜਵਾਨ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਲੜਕੀ ਦੇ ਪਰਿਵਾਰਕ ਮੈਂਬਰ ਸਿਮਰਨਜੀਤ ਸਿੰਘ ਨੇ ਦੋਸ਼ ਲਗਾਇਆ ਕਿ ਲੜਕਾ ਸੁਰੱਖਿਅਤ ਹੈ ਅਤੇ ਲੜਕੇ ਦੇ ਪਰਿਵਾਰਕ ਮੈਂਬਰਾਂ ਨੇ ਮਿਲ ਕੇ ਉਨ੍ਹਾਂ ਦੀ ਕੁੜੀ ਦਾ ਕਤਲ ਕਰ ਦਿੱਤਾ ਹੈ। ਪੁਲਿਸ ਨੇ ਲਾਸ਼ ਬਰਾਮਦ ਕਰ ਲਈ ਹੈ ਅਤੇ ਲੜਕੇ ਖਿਲਾਫ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ਵਿੱਚ ਹਾਰ-ਸ਼ਿੰਗਾਰ ਦੇ ਉਤਪਾਦਾਂ ਦਾ ਬਾਜ਼ਾਰ ਸਾਲਾਨਾ ਨੌਂ ਹਜ਼ਾਰ ਕਰੋੜ ਰੁਪਏ ਨੂੰ ਪਾਰ ਕਰ ਗਿਆ

## ○ ਸੁੰਦਰਤਾ ਦੀ ਚਮਕ ਕਾਰਣ ਜੜ੍ਹਾਂ ਤੋਂ ਉਖੜੀਆਂ ਪੰਜਾਬਣਾਂ ○ ਪੰਜਾਬ ਨੇ ਸੁੰਦਰਤਾ ਬਰਾਡਾਂ ਵਿਚ ਬਾਕੀ ਭਾਰਤ ਨੂੰ ਪਿਛੇ ਛਡਿਆ

ਵਿਸ਼ੇਸ਼ ਰਿਪੋਟ





ਪੰਜਾਬ ਵਿੱਚ ਹਾਰ-ਸ਼ਿੰਗਾਰ ਦੇ ਉਤਪਾਦਾਂ ਦਾ ਬਾਜ਼ਾਰ ਸਾਲਾਨਾ ਨੌਂ ਹਜ਼ਾਰ ਕਰੋੜ ਰੁਪਏ ਨੂੰ ਪਾਰ ਕਰ ਗਿਆ ਹੈ। 2017-18 ਵਿੱਚ ਜਿੱਥੇ ਇਹ ਬਾਜ਼ਾਰ 1640.40 ਕਰੋੜ ਦਾ ਸੀ, ਉੱਥੇ 2023-24 ਵਿੱਚ ਇਹ 9018.13 ਕਰੋੜ ਰੁਪਏ ਦਾ ਹੋ ਗਿਆ ਸੀ। ਸਾਢੇ ਸੱਤ ਸਾਲਾਂ ਵਿੱਚ 41,239 ਕਰੋੜ ਦਾ ਕਾਰੋਬਾਰ ਹੋ ਗਿਆ! ਇਹ ਅੰਕੜੇ ਦੱਸਦੇ ਹਨ ਕਿ ਪੰਜਾਬਣਾਂ ਦੀ ਸੁੰਦਰਤਾ ਪ੍ਰਤੀ ਰੀਝ ਨੇ ਨਵੇਂ ਰਾਹ ਖੋਲ੍ਹੇ ਹਨ। ਜ਼ਿਲ੍ਹਾ ਪਟਿਆਲਾ ਇਸ ਮਾਮਲੇ ਵਿੱਚ ਸਭ ਨੂੰ ਪਿਛੇ ਛਡਦਾ ਨਜ਼ਰ ਆਉਂਦਾ ਜਾਪਦਾ ਹੈ, ਜਿੱਥੇ ਇੱਕ ਕੌਮਾਂਤਰੀ ਬਰਾਂਡ ਨੇ ਸਿਰਫ਼ 2023-24 ਵਿੱਚ 1466.08 ਕਰੋੜ ਦਾ ਕਾਰੋਬਾਰ ਕੀਤਾ।

ਲੁਧਿਆਣਾ (479.34 ਕਰੋੜ) ਅਤੇ ਮੁਹਾਲੀ (200.08 ਕਰੋੜ) ਵੀ ਇਸ ਦੌੜ ਵਿੱਚ ਪਿੱਛੇ ਨਹੀਂ। ਪੰਜਾਬੀ ਔਰਤਾਂ, ਜਿਨ੍ਹਾਂ ਦੀ ਸੁੰਦਰਤਾ ਦੀ ਮਿਸਾਲ ਪੁਰਾਣੇ ਲੋਕ-ਗੀਤਾਂ ਵਿੱਚ "ਗੋਰੀਏ ਨੀ ਗੋਰੀਏ, ਤੇਰੇ ਰੂਪ ਦੀ ਚਰਚਾ" ਵਰਗੇ ਬੋਲਾਂ ਨਾਲ ਮਿਲਦੀ ਸੀ, ਅੱਜ ਆਧੁਨਿਕ ਕਾਸਮੈਟਿਕ ਬਰਾਂਡਾਂ ਦੀਆਂ ਝੰਡੀਆਂ ਚੁੱਕੀਆਂ ਹੋਈਆਂ ਹਨ। ਲਿਪਸਟਿਕ, ਫਾਊਂਡੇਸ਼ਨ, ਆਈ-ਲਾਈਨਰ, ਤੇ ਨੇਲ ਪੌਲਿਸ਼ ਵਰਗੇ ਉਤਪਾਦ ਹੁਣ ਪਿੰਡਾਂ ਦੇ ਬਿਊਟੀ ਸੈਲੂਨਾਂ ਤੱਕ ਪਹੁੰਚ ਗਏ ਹਨ। ਸਕੂਲਾਂ ਦੀਆਂ ਨਿੱਕੀਆਂ-ਨਿੱਕੀਆਂ ਬੱਚੀਆਂ ਵੀ ਮੇਕਅੱਪ ਦੀ ਦੁਨੀਆ ਵਿੱਚ ਗੋਤੇ ਲਾਉਂਦੀਆਂ ਦਿਖਦੀਆਂ ਹਨ।

### ਪੰਜਾਬ ਦਾ ਸੁੰਦਰਤਾ ਬਾਜ਼ਾਰ: ਭਾਰਤ ਵਿਚੋਂ ਅੱਗੇ ਕਿਵੇਂ?

ਭਾਰਤ ਦੁਨੀਆ ਦੇ ਕਾਸਮੈਟਿਕ ਬਾਜ਼ਾਰ ਵਿੱਚ ਚੌਥੇ ਸਥਾਨ 'ਤੇ ਹੈ, ਪਰ ਪੰਜਾਬ ਦਾ ਇਸ ਵਿੱਚ ਯੋਗਦਾਨ ਕੋਈ ਛੋਟਾ-ਮੋਟਾ ਨਹੀਂ। ਪੰਜਾਬ ਦੀ ਸੁੰਦਰਤਾ ਬਾਜ਼ਾਰ ਦੀ ਤੇਜ਼ੀ ਦੀਆਂ ਕਈ ਵਜ੍ਹਾਂ ਹਨ। ਪਹਿਲੀ, ਪੰਜਾਬ ਦੀ ਅਰਥਚਾਰੀ, ਜੋ ਖੇਤੀਬਾੜੀ ਅਤੇ ਉਦਯੋਗ ਨਾਲ ਜੁੜੀ ਹੋਈ ਹੈ, ਨੇ ਲੋਕਾਂ ਦੀ ਖਰੀਦ ਸਮਰੱਥਾ ਵਧਾਈ ਹੈ। ਦੂਜੀ, ਸੋਸ਼ਲ ਮੀਡੀਆ ਅਤੇ ਫਿਲਮੀ ਸਿਤਾਰਿਆਂ ਦੀਆਂ ਚਮਕਦੀਆਂ ਤਸਵੀਰਾਂ ਨੇ ਸੁੰਦਰਤਾ ਪ੍ਰਤੀ ਇੱਕ ਨਵਾਂ ਜਨੂੰਨ ਪੈਦਾ ਕੀਤਾ ਹੈ। ਤੀਜਾ, ਵਿਆਹਾਂ ਅਤੇ ਸਮਾਜਕ ਸਮਾਰੋਹਾਂ ਵਿੱਚ ਸੁੰਦਰਤਾ ਉਤਪਾਦਾਂ ਦੀ ਵਰਤੋਂ ਨੇ ਇਸ ਬਾਜ਼ਾਰ ਨੂੰ ਹੁੰਗਾਰਾ ਦਿੱਤਾ ਹੈ।



ਪੰਜਾਬ ਵਿੱਚ 7,571 ਕਾਸਮੈਟਿਕ ਡੀਲਰ ਹਨ, ਜਿਨ੍ਹਾਂ ਵਿੱਚੋਂ ਸਭ ਤੋਂ ਵੱਧ ਲੁਧਿਆਣਾ (1420), ਮੁਹਾਲੀ (1042), ਅੰਮ੍ਰਿਤਸਰ (923), ਜਲੰਧਰ (861), ਅਤੇ ਪਟਿਆਲਾ (481) ਵਿੱਚ ਹਨ। ਇਹ ਡੀਲਰ ਨਾ ਸਿਰਫ਼ ਸ਼ਹਿਰੀ ਖੇਤਰਾਂ ਵਿੱਚ, ਸਗੋਂ ਪਿੰਡਾਂ ਵਿੱਚ ਵੀ ਆਪਣੀ ਪਹੁੰਚ ਬਣਾ ਰਹੇ ਹਨ। ਪਟਿਆਲਾ ਦਾ ਬਾਜ਼ਾਰ ਸਭ ਤੋਂ ਵੱਡਾ ਹੈ, ਜਿੱਥੇ ਇੱਕ ਬਰਾਂਡ ਦਾ ਸਾਲਾਨਾ ਕਾਰੋਬਾਰ 1466.08 ਕਰੋੜ ਰੁਪਏ ਤੱਕ ਪਹੁੰਚਿਆ।

ਇਹ ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਦਾ ਸੁੰਦਰਤਾ ਬਾਜ਼ਾਰ ਬਾਕੀ ਭਾਰਤ ਦੇ ਮੁਕਾਬਲੇ ਨਾ ਸਿਰਫ਼ ਤੇਜ਼ੀ ਨਾਲ ਵਧ ਰਿਹਾ ਹੈ, ਸਗੋਂ ਕੌਮਾਂਤਰੀ ਬਰਾਂਡਾਂ ਲਈ ਵੀ ਇੱਕ ਵੱਡੀ ਮੰਡੀ ਬਣ ਗਿਆ ਹੈ।

### ਵਿਆਹਾਂ ਵਿੱਚ ਸੁੰਦਰਤਾ ਉਪਰ ਭਾਰੀ ਖਰਚਾ

ਵਿਆਹਾਂ ਵਿੱਚ ਸੁੰਦਰਤਾ ਉਤਪਾਦਾਂ ਦਾ ਖਰਚਾ ਅੱਜ ਕੱਲ੍ਹ ਲੱਖਾਂ ਵਿੱਚ ਪਹੁੰਚ ਗਿਆ ਹੈ। ਇੱਕ ਔਸਤ ਪੰਜਾਬੀ ਵਿਆਹ ਵਿੱਚ ਸੁੰਦਰਤਾ ਉਤਪਾਦਾਂ 'ਤੇ 50,000 ਤੋਂ 2 ਲੱਖ ਰੁਪਏ ਤੱਕ ਖਰਚ ਕੀਤਾ ਜਾਂਦਾ ਹੈ, ਜਿਸ ਵਿੱਚ ਮੇਕਅੱਪ, ਸਕਿਨ ਕੇਅਰ, ਹੇਅਰ ਸਟਾਈਲਿੰਗ, ਅਤੇ ਨੇਲ ਆਰਟ ਸ਼ਾਮਲ ਹੁੰਦੇ ਹਨ। ਇਹ ਖਰਚਾ ਜ਼ਿਆਦਾਤਰ ਔਰਤਾਂ ਦੀ ਸੁੰਦਰਤਾ ਨਾਲ ਜੁੜਿਆ ਹੁੰਦਾ ਹੈ, ਜਿਸ ਵਿੱਚ 70% ਹਿੱਸੇਦਾਰੀ ਔਰਤਾਂ ਦੀ ਹੀ ਹੁੰਦੀ ਹੈ। ਦੁਲਹਨ ਦੀ ਤਿਆਰੀ ਦਾ ਖਰਚਾ ਇਸ ਦਾ ਸਭ ਤੋਂ ਵੱਡਾ ਹਿੱਸਾ ਹੈ। ਇੱਕ ਦੁਲਹਨ ਨੂੰ ਤਿਆਰ ਕਰਨ ਲਈ 20,000 ਤੋਂ 5 ਲੱਖ ਰੁਪਏ ਤੱਕ ਖਰਚ ਕੀਤੇ ਜਾਂਦੇ ਹਨ। ਪ੍ਰੋਫੈਸ਼ਨਲ ਮੇਕਅੱਪ ਆਰਟਿਸਟ, ਜਿਨ੍ਹਾਂ ਦੀ ਫੀਸ 10,000 ਤੋਂ 1 ਲੱਖ ਰੁਪਏ ਤੱਕ ਹੁੰਦੀ ਹੈ, ਨਾਲ ਹੀ ਜੈਵਿਕ ਅਤੇ ਆਯੁਰਵੈਦਿਕ ਉਤਪਾਦਾਂ ਦੀ ਵਰਤੋਂ, ਸਪਾ ਟਰੀਟਮੈਂਟ, ਅਤੇ ਡਿਜ਼ਾਈਨਰ ਲਹਿੰਗਿਆਂ ਦੀ ਚਮਕ-ਦਮਕ ਇਸ ਖਰਚੇ ਨੂੰ ਹੋਰ ਵਧਾਉਂਦੀ ਹੈ। ਪਟਿਆਲਾ, ਲੁਧਿਆਣਾ, ਜਲੰਧਰ, ਬਠਿੰਡਾ ਅਤੇ ਅੰਮ੍ਰਿਤਸਰ ਵਰਗੇ ਸ਼ਹਿਰਾਂ ਵਿੱਚ ਵਿਆਹਾਂ ਦੀ ਸੀਜ਼ਨ ਦੌਰਾਨ ਬਿਊਟੀ ਸੈਲੂਨਾਂ ਦੀਆਂ ਬੁਕਿੰਗਜ਼ ਮਹੀਨੇ ਪਹਿਲਾਂ ਹੀ ਪੂਰੀਆਂ ਹੋ ਜਾਂਦੀਆਂ ਹਨ। ਪਰ ਇਸ ਚਮਕ-ਦਮਕ ਦੇ ਪਿੱਛੇ ਇੱਕ ਸਵਾਲ ਵੀ ਖੜ੍ਹਾ ਹੁੰਦਾ ਹੈ - ਕੀ ਇਹ ਸੁੰਦਰਤਾ ਸਾਡੇ ਸੱਭਿਆਚਾਰ ਦੀ ਸਾਦਗੀ ਨੂੰ ਢਾਹ ਲਾਉਂਦੀ ਨਹੀਂ? ਪਹਿਲਾਂ ਵਿਆਹਾਂ ਵਿੱਚ ਫੁਲਕਾਰੀ ਵਾਲੀ ਚੁੰਨੀ, ਸੋਨੇ-ਚਾਂਦੀ ਦੇ ਗਹਿਣੇ, ਅਤੇ ਘਰੇਲੂ ਨੁਸਖਿਆਂ ਨਾਲ ਸੁੰਦਰਤਾ ਨਿਖਾਰੀ ਜਾਂਦੀ ਸੀ। ਅੱਜ ਕੌਮਾਂਤਰੀ ਬਰਾਂਡਾਂ ਦੀ ਚਮਕ ਨੇ ਇਸ ਸਾਦਗੀ ਨੂੰ ਗਹਿਣੇ ਪਾ ਦਿੱਤਾ ਹੈ।

### ਸੁੰਦਰਤਾ ਉਤਪਾਦਾਂ ਦਾ ਸਿਹਤ 'ਤੇ ਅਸਰ

ਸੁੰਦਰਤਾ ਉਤਪਾਦਾਂ ਦੀ ਵਰਤੋਂ ਨੇ ਜਿੱਥੇ ਰੂਪ ਨੂੰ ਸੰਵਾਰਿਆ ਹੈ, ਉੱਥੇ ਸਿਹਤ ਨਾਲ ਜੁੜੀਆਂ ਚਿੰਤਾਵਾਂ ਵੀ ਵਧਾਈਆਂ ਹਨ। ਕਈ ਕਾਸਮੈਟਿਕ ਉਤਪਾਦਾਂ ਵਿੱਚ ਪੈਰਾਬੇਨ, ਸਲਫੇਟ, ਅਤੇ ਸਿੰਥੈਟਿਕ ਰਸਾਇਣ ਹੁੰਦੇ ਹਨ, ਜੋ ਚਮੜੀ 'ਤੇ ਅਲਰਜੀ, ਲਾਲੀ, ਜਾਂ ਖਾਰਸ਼ ਦਾ ਕਾਰਨ ਬਣ ਸਕਦੇ ਹਨ। ਵਿਸ਼ਵ ਸਿਹਤ ਸੰਗਠਨ ਅਤੇ ਅੰਤਰਰਾਸ਼ਟਰੀ ਡਾਕਟਰੀ ਮਾਹਿਰਾਂ ਦੀਆਂ ਰਿਪੋਰਟਾਂ ਅਨੁਸਾਰ, ਲੰਬੇ ਸਮੇਂ ਤੱਕ ਅਜਿਹੇ ਉਤਪਾਦਾਂ ਦੀ ਵਰਤੋਂ ਨਾਲ ਚਮੜੀ ਦੇ ਕੈਂਸਰ, ਹਾਰਮੋਨਲ ਅਸੰਤੁਲਨ, ਅਤੇ ਫਰਟੀਲਿਟੀ ਨਾਲ ਜੁੜੀਆਂ ਸਮੱਸਿਆਵਾਂ ਦਾ ਖ਼ਤਰਾ ਵਧ ਸਕਦਾ ਹੈ। ਇਸੇ ਤਰ੍ਹਾਂ, ਭਾਰਤੀ ਡਰਮੈਟੋਲੋਜੀ ਸੁਸਾਇਟੀ ਦੀ 2024 ਦੀ ਰਿਪੋਰਟ ਵਿੱਚ ਕਿਹਾ ਗਿਆ ਕਿ 30% ਤੋਂ ਵੱਧ ਔਰਤਾਂ, ਜੋ ਨਿਯਮਤ ਤੌਰ 'ਤੇ ਹੈਵੀ ਮੇਕਅੱਪ ਦੀ ਵਰਤੋਂ ਕਰਦੀਆਂ ਹਨ, ਨੂੰ ਚਮੜੀ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਪੰਜਾਬੀਅਤ, ਜੋ ਸਾਦਗੀ, ਸਮਰਪਣ, ਅਤੇ ਸਚਾਈ ਦੀ ਪ੍ਰਤੀਕ ਸੀ, ਅੱਜ ਕਾਰਪੋਰੇਟ ਬਾਜ਼ਾਰ ਦੀ ਚਮਕ ਵਿੱਚ ਗੁਆਚਦੀ ਜਾ ਰਹੀ ਹੈ। ਸੋਸ਼ਲ ਮੀਡੀਆ 'ਤੇ ਵਿਸ਼ਵ ਸੁੰਦਰੀਆਂ ਅਤੇ ਫਿਲਮੀ ਸਿਤਾਰਿਆਂ ਦੀਆਂ ਤਸਵੀਰਾਂ ਨੇ ਨੌਜਵਾਨ ਪੀੜ੍ਹੀ ਨੂੰ ਇੱਕ ਅਜਿਹੀ ਦੌੜ ਵਿੱਚ ਸ਼ਾਮਲ ਕਰ ਦਿੱਤਾ ਹੈ, ਜਿੱਥੇ ਸੁੰਦਰਤਾ ਦੀ ਪਰਿਭਾਸ਼ਾ ਕਾਰਪੋਰੇਟ ਬਰਾਂਡਾਂ ਦੀਆਂ ਇਸ਼ਤਿਹਾਰਬਾਜ਼ੀਆਂ ਨੇ ਤੈਅ ਕਰ ਦਿੱਤੀ ਹੈ।

### ਕੀ ਕਰੀਏ? ਸੁੰਦਰਤਾ ਨੂੰ ਸੰਵਾਰੀਏ ਜਾਂ ਜੜ੍ਹਾਂ ਨੂੰ ਸੰਭਾਲੀਏ?

ਇਹ ਸੱਚ ਹੈ ਕਿ ਸੁੰਦਰਤਾ ਉਤਪਾਦਾਂ ਨੇ ਪੰਜਾਬ ਵਿੱਚ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕੀਤੇ ਹਨ। ਸਰਕਾਰ ਨੂੰ ਸਾਢੇ ਸੱਤ ਸਾਲਾਂ ਵਿੱਚ 636.66 ਕਰੋੜ ਦਾ ਟੈਕਸ ਮਿਲਿਆ, ਅਤੇ ਹਜ਼ਾਰਾਂ ਬਿਊਟੀ ਸੈਲੂਨਾਂ ਨੇ ਨੌਜਵਾਨਾਂ ਨੂੰ ਕੰਮ ਦਿੱਤਾ। ਪਰ ਸਵਾਲ ਇਹ ਹੈ ਕਿ ਕੀ ਅਸੀਂ ਇਸ ਚਮਕ-ਦਮਕ ਦੀ ਦੌੜ ਵਿੱਚ ਆਪਣੀ ਪੰਜਾਬੀ ਪਛਾਣ ਨੂੰ ਨਹੀਂ ਗੁਆ ਰਹੇ?

ਸਾਨੂੰ ਚਾਹੀਦਾ ਹੈ ਕਿ ਅਸੀਂ ਸੁੰਦਰਤਾ ਅਤੇ ਸਿਹਤ ਦਾ ਸੰਤੁਲਨ ਬਣਾਈਏ। ਜੈਵਿਕ ਅਤੇ ਆਯੁਰਵੈਦਿਕ ਉਤਪਾਦਾਂ ਨੂੰ ਤਰਜੀਹ ਦੇਈਏ, ਜੋ ਸਾਡੀ ਸਿਹਤ ਨੂੰ ਨੁਕਸਾਨ ਨਾ ਪਹੁੰਚਾਉਣ। ਸਾਡੇ ਪੁਰਾਣੇ ਨੁਸਖੇ - ਜਿਵੇਂ ਹਲਦੀ, ਮੁਲਤਾਨੀ ਮਿੱਟੀ, ਅਤੇ ਗੁਲਾਬ ਜਲ - ਅੱਜ ਵੀ ਕੌਮਾਂਤਰੀ ਬਾਜ਼ਾਰ ਵਿੱਚ ਮਕਬੂਲ ਹਨ। ਇਨ੍ਹਾਂ ਨੂੰ ਅਪਣਾ ਕੇ ਅਸੀਂ ਨਾ ਸਿਰਫ਼ ਸਿਹਤਮੰਦ ਰਹਿ ਸਕਦੇ ਹਾਂ, ਸਗੋਂ ਆਪਣੀ ਜੜ੍ਹਾਂ ਨਾਲ ਵੀ ਜੁੜੇ ਰਹਿ ਸਕਦੇ ਹਾਂ। ਸੁੰਦਰਤਾ ਸਿਰਫ਼ ਚਿਹਰੇ ਦੀ ਚਮਕ ਨਹੀਂ, ਸਗੋਂ ਅੰਦਰੂਨੀ ਸਾਦਗੀ ਅਤੇ ਪੰਜਾਬੀਅਤ ਦੀ ਮਹਿਕ ਹੈ। ਪੰਜਾਬ ਦਾ ਸੁੰਦਰਤਾ ਬਾਜ਼ਾਰ ਇੱਕ ਤਰਫ ਜਿੱਥੇ ਅਰਥਚਾਰੇ ਨੂੰ ਮਜ਼ਬੂਤ ਕਰ ਰਿਹਾ ਹੈ, ਉੱਥੇ ਸਾਡੀ ਸੱਭਿਆਚਾਰਕ ਪਛਾਣ ਨੂੰ ਵੀ ਚੁਣੌਤੀ ਦੇ ਰਿਹਾ ਹੈ।

2024-25 ਲਈ, ਭਾਰਤ ਦੇ ਸੁੰਦਰਤਾ ਅਤੇ ਨਿੱਜੀ ਸੰਭਾਲ ਬਾਜ਼ਾਰ ਦਾ ਅੰਦਾਜ਼ਨ ਮੁੱਲ 28 ਅਰਬ ਅਮਰੀਕੀ ਡਾਲਰ (ਲਗਭਗ 2.3 ਲੱਖ ਕਰੋੜ ਰੁਪਏ) ਸੀ, ਅਤੇ ਇਹ 2025-2033 ਦੌਰਾਨ 5.60% ਦੀ ਛਅਘ੍ਰ ਨਾਲ ਵਧ ਕੇ 48.3 ਅਰਬ ਅਮਰੀਕੀ ਡਾਲਰ ਤੱਕ ਪਹੁੰਚਣ ਦੀ ਉਮੀਦ ਹੈ।

# ਚੌਲ ਮੌਤ ਦਾ ਕਾਰਨ ਬਣ ਸਕਦੇ ਨੇ, ਜਲਵਾਯੂ ਤਬਦੀਲੀ ਕਾਰਨ

## ✪ ਚੌਲਾਂ ਵਿਚ ਜ਼ਹਿਰੀਲੇ ਆਰਸੈਨਿਕ ਦੀ ਮਾਤਰਾ ਵਧਣ ਦਾ ਖਤਰਾ ✪ ਭਾਰਤ ਸਮੇਤ ਏਸ਼ੀਆ ਦੇ ਕਰੋੜਾਂ ਲੋਕਾਂ 'ਤੇ ਖਤਰਾ ਮੰਡਰਾਇਆ! ਖੋਜ ਵਿਚ ਦਾਅਵਾ

### ਨਿਊਜ਼ ਵਿਸ਼ਲੇਸ਼ਣ

ਹੈਰਾਨ ਕਰਨ ਵਾਲੀ ਖੋਜ ਵਿਚ ਸਾਹਮਣੇ ਆਇਆ ਹੈ ਕਿ ਜਲਵਾਯੂ ਤਬਦੀਲੀ ਕਾਰਨ ਚੌਲਾਂ 'ਚ ਆਰਸੈਨਿਕ (ਜ਼ਹਿਰ) ਦੀ ਮਾਤਰਾ ਵਧ ਸਕਦੀ ਹੈ, ਜਿਸ ਨਾਲ ਏਸ਼ੀਆਈ ਮੁਲਕਾਂ ਵਿਚ ਕੈਂਸਰ ਅਤੇ ਹੋਰ ਬਿਮਾਰੀਆਂ ਦਾ ਖਤਰਾ ਵਧ ਜਾਵੇਗਾ। ਇਹ ਅਧਿਐਨ ਦੀ ਲੈਂਸੈਂਟ ਪਲੈਨਟਰੀ ਹੈਲਥ ਜਰਨਲ ਵਿਚ ਛਪਿਆ ਹੈ।

ਕੋਲੰਬੀਆ ਯੂਨੀਵਰਸਿਟੀ ਦੇ ਮਾਹਿਰਾਂ ਨੇ ਪਤਾ ਲਾਇਆ ਕਿ ਜੇਕਰ ਤਾਪਮਾਨ ਵਿਚ 2 ਡਿਗਰੀ ਸੈਲਸੀਅਸ ਤੋਂ ਵੱਧ ਵਾਧਾ ਹੁੰਦਾ ਹੈ ਅਤੇ ਕਾਰਬਨ ਡਾਈਆਕਸਾਈਡ ਦਾ ਪੱਧਰ ਵਧਦਾ ਹੈ, ਤਾਂ ਮਿੱਟੀ ਦੇ ਰਸਾਇਣਾਂ ਵਿਚ ਬਦਲਾਅ ਹੋਵੇਗਾ। ਇਸ ਨਾਲ ਚੌਲਾਂ ਦੇ ਦਾਣਿਆਂ ਵੀਚ ਆਰਸੈਨਿਕ ਆਸਾਨੀ ਨਾਲ ਮਿਲ ਜਾਵੇਗਾ, ਜੋ ਸਿਹਤ ਲਈ ਬਹੁਤ ਖਤਰਨਾਕ ਹੈ।

### ਦਿਲ, ਕੈਂਸਰ ਅਤੇ ਚੌਲਾਂ ਨਾਲ ਨਵਾਂ ਖਤਰਾ

ਖੋਜ ਦੇ ਮੁਖੀ ਪ੍ਰੋਫੈਸਰ ਲੁਈਸ ਜ਼ਿਸਕਾ ਦਾ ਕਹਿਣਾ ਹੈ, "ਸਾਡੇ ਨਤੀਜੇ ਦੱਸਦੇ ਨੇ ਕਿ ਆਰਸੈਨਿਕ ਦੀ ਵਧਦੀ ਮਾਤਰਾ ਨਾਲ ਦਿਲ ਦੀਆਂ ਬਿਮਾਰੀਆਂ, ਸ਼ੂਗਰ ਅਤੇ ਕੈਂਸਰ ਦਾ ਖਤਰਾ ਕਾਫੀ ਵਧ ਸਕਦਾ ਹੈ।" ਏਸ਼ੀਆ ਦੇ ਕਈ ਮੁਲਕਾਂ 'ਚ ਚੌਲ ਮੁੱਖ ਖੁਰਾਕ ਹਨ, ਇਸ ਲਈ ਇਹ ਬਦਲਾਅ ਲੋਕਾਂ ਦੀ ਸਿਹਤ 'ਤੇ ਵੱਡਾ ਅਸਰ ਪਾ ਸਕਦਾ ਹੈ। ਭਾਰਤ,



ਬੰਗਲਾਦੇਸ਼, ਨੇਪਾਲ, ਥਾਈਲੈਂਡ ਅਤੇ ਵੀਅਤਨਾਮ ਵਰਗੇ ਮੁਲਕਾਂ 'ਚ ਚੌਲ ਮੁੱਖ ਭੋਜਨ ਹੈ, ਅਤੇ ਇੱਥੇ ਇਹ ਖਤਰਾ ਸਭ ਤੋਂ ਵੱਧ ਹੈ। ਖੋਜਕਰਤਾਵਾਂ ਨੇ 10 ਸਾਲਾਂ ਤੱਕ 28 ਵੱਖ-ਵੱਖ ਚੌਲਾਂ ਦੀਆਂ ਕਿਸਮਾਂ 'ਤੇ ਤਾਪਮਾਨ ਅਤੇ ਸੀਓ2 ਦੇ ਅਸਰ ਦਾ ਅਧਿਐਨ ਕੀਤਾ। ਫਿਰ ਸੱਤ ਏਸ਼ੀਆਈ ਮੁਲਕਾਂ - ਭਾਰਤ, ਚੀਨ, ਬੰਗਲਾਦੇਸ਼, ਇੰਡੋਨੇਸ਼ੀਆ, ਮਿਆਂਮਾਰ, ਫਿਲੀਪੀਨਜ਼ ਅਤੇ ਵੀਅਤਨਾਮ - 'ਚ ਚੌਲਾਂ ਰਾਹੀਂ ਸਰੀਰ ਵਿਚ ਜਾਣ ਵਾਲੇ ਆਰਸੈਨਿਕ ਦੀ ਮਾਤਰਾ ਅਤੇ ਇਸ ਦੇ ਸਿਹਤ ਪ੍ਰਭਾਵਾਂ ਦਾ ਅੰਦਾਜ਼ਾ ਲਾਇਆ।

### 2050 ਵਿਚ ਕੈਂਸਰ ਦੇ ਕਰੋੜਾਂ ਨਵੇਂ ਮਾਮਲੇ!

ਅਧਿਐਨ ਮੁਤਾਬਕ, ਤਾਪਮਾਨ ਅਤੇ ਕਾਰਬਨ ਡਾਈਆਕਸਾਈਡ ਮਿਲ ਕੇ ਚੌਲਾਂ ਵਿਚ ਆਰਸੈਨਿਕ ਦੀ ਮਾਤਰਾ ਵਧਾਉਂਦੇ ਨੇ। ਇਸ ਨਾਲ ਕੈਂਸਰ ਦੇ ਮਾਮਲਿਆਂ ਵਿਚ ਭਾਰੀ ਵਾਧਾ ਹੋ ਸਕਦਾ ਹੈ।

ਅੰਦਾਜ਼ਾ ਹੈ ਕਿ 2050 ਤੱਕ ਏਸ਼ੀਆਈ ਮੁਲਕਾਂ ਵਿਚ ਕਰੋੜਾਂ ਲੋਕ ਇਸ ਤੋਂ ਪ੍ਰਭਾਵਿਤ ਹੋਣਗੇ। ਸਿਰਫ ਚੀਨ 'ਚ ਹੀ ਲਗਭਗ 1.34 ਕਰੋੜ ਕੈਂਸਰ ਦੇ ਮਾਮਲੇ ਚੌਲਾਂ 'ਚ ਮੌਜੂਦ ਆਰਸੈਨਿਕ ਕਾਰਨ ਹੋ ਸਕਦੇ ਨੇ, ਜੋ ਸਭ ਮੁਲਕਾਂ 'ਚ ਸਭ ਤੋਂ ਵੱਧ ਹੈ। ਖੋਜ ਮੁਤਾਬਕ, ਫੇਫੜਿਆਂ ਅਤੇ ਬਲੈਡਰ ਦੇ ਕੈਂਸਰ ਦੇ ਮਾਮਲਿਆਂ 'ਚ ਸਭ ਤੋਂ ਤੇਜ਼ੀ ਨਾਲ ਵਾਧਾ ਹੋ ਸਕਦਾ ਹੈ। ਜ਼ਿਸਕਾ ਦਾ ਕਹਿਣਾ ਹੈ ਕਿ ਆਰਸੈਨਿਕ ਦੀ ਜ਼ਿਆਦਾ ਮਾਤਰਾ ਗਰਭ ਅਵਸਥਾ 'ਚ ਸਮੱਸਿਆਵਾਂ, ਬੱਚਿਆਂ ਦੇ ਦਿਮਾਗੀ ਵਿਕਾਸ ਅਤੇ ਇਮਿਊਨ ਸਿਸਟਮ 'ਤੇ ਵੀ ਮਾੜਾ ਅਸਰ ਪਾ ਸਕਦੀ ਹੈ।

### ਕੀ ਹੈ ਹੱਲ?

ਵਿਗਿਆਨੀਆਂ ਨੇ ਇਸ ਸਮੱਸਿਆ ਦੇ ਹੱਲ ਲਈ ਕੁਝ ਜ਼ਰੂਰੀ ਸੁਝਾਅ ਦਿੱਤੇ ਨੇ। ਇਨ੍ਹਾਂ ਵਿਚ ਚੌਲਾਂ ਦੀਆਂ ਅਜਿਹੀਆਂ ਕਿਸਮਾਂ ਤਿਆਰ ਕਰਨਾ ਸ਼ਾਮਲ ਹੈ, ਜੋ ਆਰਸੈਨਿਕ ਨੂੰ ਘੱਟ ਸੋਖਣ। ਨਾਲ ਹੀ, ਖੇਤਾਂ ਵਿਚ ਮਿੱਟੀ ਦੀ ਗੁਣਵੱਤਾ ਸੁਧਾਰਨ ਵਾਲੇ ਤਰੀਕਿਆਂ ਨੂੰ ਵਧਾਉਣ ਦੀ ਲੋੜ ਹੈ। ਸਰਕਾਰਾਂ ਨੂੰ ਲੋਕਾਂ ਨੂੰ ਆਰਸੈਨਿਕ ਦੇ ਖਤਰਿਆਂ ਬਾਰੇ ਜਾਗਰੂਕ ਕਰਨ ਲਈ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਨੇ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਹੁਣੇ ਕਦਮ ਨਾ ਚੁੱਕੇ ਗਏ, ਤਾਂ 2050 ਤੱਕ ਇਹ ਸੰਕਟ ਵਿਸ਼ਵ ਪੱਧਰ 'ਤੇ ਸਿਹਤ ਸਮੱਸਿਆ ਬਣ ਸਕਦਾ ਹੈ, ਖਾਸ ਕਰਕੇ ਉਨ੍ਹਾਂ ਮੁਲਕਾਂ ਲਈ ਜਿੱਥੇ ਚੌਲ ਸਿਰਫ ਖਾਣਾ ਨਹੀਂ, ਸਗੋਂ ਜੀਵਨ ਦਾ ਅਧਾਰ ਹੈ।

# ਮਾਝੇ ਦੀ ਧੀ ਨੇ ਪਰਾਲੀ ਤੋਂ ਬਾਇਓਮਾਸ ਬਣਾ ਕੇ ਲੱਖਾਂ ਦੀ ਕੀਤੀ ਕਮਾਈ

## ਨਿਊਜ਼ ਸਟੋਰੀ — ਹਰਪ੍ਰੀਤ ਨੇ ਹਰਿਆਣਾ ਵਿਚ ਲਗਾਈ ਬਾਇਓਮਾਸ ਫੈਕਟਰੀ

ਸੰਗਰੂਰ ਜ਼ਿਲ੍ਹੇ ਦੇ ਮਾਝੇ ਪਿੰਡ ਦੀ ਹਰਪ੍ਰੀਤ ਕੌਰ ਨੇ ਪਰਾਲੀ, ਗੋਹੇ ਤੇ ਗੰਨੇ ਦੀ ਮੈਲੀ ਵਰਗੇ ਰਹਿੰਦ-ਖੂੰਹਦ ਨੂੰ ਸੋਨੇ ਵਾਂਗ ਚਮਕਾ ਦਿੱਤਾ। ਝੋਨੇ ਦੀ ਕਟਾਈ ਤੋਂ ਬਾਅਦ ਪਰਾਲੀ ਨੂੰ ਅੱਗ ਲਾਉਣ ਦੀ ਗੰਭੀਰ ਸਮੱਸਿਆ ਨੂੰ ਉਨ੍ਹਾਂ ਨੇ ਆਪਣੀ ਸੂਝ-ਬੂਝ ਨਾਲ ਹੱਲ ਕਰ ਦਿੱਤਾ। ਹਰਿਆਣਾ ਦੇ ਗੁਹਾਣੇ ਵਿਚ ਜਾ ਕੇ ਉਨ੍ਹਾਂ ਨੇ ਪਰਾਲੀ ਤੇ ਹੋਰ ਵੇਸਟ ਨੂੰ ਬਾਇਓਮਾਸ 'ਚ ਬਦਲਣ ਦਾ ਸਟਾਰਟ-ਅੱਪ ਸ਼ੁਰੂ ਕੀਤਾ, ਜੋ ਥਰਮਲ ਪਲਾਂਟਾਂ ਤੇ ਫੈਕਟਰੀਆਂ ਵਿਚ ਬਾਲਣ ਵਜੋਂ ਵਰਤਿਆ ਜਾਂਦਾ। ਹਰਪ੍ਰੀਤ ਦੇ ਪਤੀ ਰਾਮ ਸਿੰਘ ਮਜ਼ਦੂਰੀ ਕਰਦੇ ਸਨ। ਘਰ ਦਾ ਗੁਜ਼ਾਰਾ ਚਲਾਉਣ ਲਈ ਹਰਪ੍ਰੀਤ ਨੇ ਸੰਗਰੂਰ ਵਿਚ ਪੈਟਰੋਲ ਪੰਪ ਤੇ ਰੈਸਟੋਰੈਂਟ 'ਚ ਰਿਸੈਪਸ਼ਨਿਸਟ ਦੀ ਨੌਕਰੀ ਕੀਤੀ। ਪਰ ਮਨ ਵਿਚ ਵੱਡਾ ਕੁਝ ਕਰਨ ਦੀ ਲਗਨ ਸੀ। ਰਾਮ ਸਿੰਘ ਨੂੰ ਮਸ਼ੀਨਾਂ ਦੀ ਚੰਗੀ ਸਮਝ ਸੀ। ਪਤੀ-ਪਤਨੀ ਨੇ ਮਿਲ ਕੇ ਫੈਸਲਾ ਕੀਤਾ ਕਿ ਪਰਾਲੀ ਤੋਂ ਬਾਇਓਮਾਸ ਬਣਾਉਣ ਦੀ ਫੈਕਟਰੀ ਲਗਾਉਣਗੇ। ਪੰਜਾਬ 'ਚ ਗੋਹਾ ਤੇ ਗੰਨੇ ਦੀ ਮੈਲੀ ਮੁਸ਼ਕਿਲ ਨਾਲ ਮਿਲਦੀ ਸੀ, ਸੋ ਹਰਪ੍ਰੀਤ ਨੇ ਹਰਿਆਣਾ ਦਾ ਰੁਖ ਕੀਤਾ। ਉੱਥੇ ਪਰਾਲੀ, ਗੰਨੇ ਦੀ ਮੈਲੀ ਤੇ ਗੋਹਾ ਸਸਤੇ ਤੇ ਆਸਾਨੀ ਨਾਲ ਮਿਲ ਜਾਂਦਾ। ਗੁਹਾਣੇ ਵਿਚ ਫੈਕਟਰੀ ਲਗਾਈ ਤੇ ਕੰਮ ਸ਼ੁਰੂ ਕੀਤਾ। ਅੱਜ ਉਨ੍ਹਾਂ ਦਾ ਬਾਇਓਮਾਸ 3.50 ਰੁਪਏ ਪ੍ਰਤੀ ਕਿੱਲੋ ਵਿੱਕਦਾ, ਜਿਸ ਨਾਲ ਮਹੀਨੇ 'ਚ 10 ਗੱਡੀਆਂ ਦੀ ਵਿਕਰੀ ਨਾਲ ਲਗਭਗ 4 ਲੱਖ ਰੁਪਏ ਦੀ ਬਚਤ ਹੁੰਦੀ।

ਰਾਮ ਸਿੰਘ ਆਪਣੇ ਕੰਮ ਦਾ ਸਿਹਰਾ ਆਪਣੀ ਪਤਨੀ ਨੂੰ ਦਿੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪਰਾਲੀ ਵੀ ਹਰਿਆਣੇ ਵਿੱਚ ਆਸਾਨੀ ਨਾਲ ਮਿਲ ਜਾਂਦੀ ਹੈ ਅਤੇ ਹਰਿਆਣੇ ਵਿੱਚ ਪੰਜਾਬ ਨਾਲੋਂ ਜ਼ਿਆਦਾ ਪਸ਼ੂ ਹੋਣ ਦੇ ਕਾਰਨ ਗਊਸ਼ਾਲਾ ਦੇ ਵਿੱਚੋਂ ਗੋਹਾ ਮਿਲਣਾ ਵੀ ਸੌਖਾ ਹੈ ਹਰਪ੍ਰੀਤ ਕੌਰ ਦੇ ਪਤੀ ਰਾਮ ਸਿੰਘ ਆਪਣੇ ਇਸ ਸਫਲ ਕਾਰੋਬਾਰ ਦਾ ਸਿਹਰਾ ਆਪਣੀ ਪਤਨੀ ਨੂੰ ਦਿੰਦੇ ਹਨ।

ਹਰਪ੍ਰੀਤ ਦੀ ਫੈਕਟਰੀ ਵਿਚ 8 ਮਜ਼ਦੂਰ ਦਿਨ-ਰਾਤ ਦੀਆਂ ਸ਼ਿਫਟਾਂ ਵਿਚ ਕੰਮ ਕਰਦੇ ਨੇ। ਹਰ ਮਜ਼ਦੂਰ ਨੂੰ 12 ਹਜ਼ਾਰ ਮਹੀਨਾ ਤੇ ਰਹਿਣ-ਖਾਣ ਦੀ ਸਹੂਲਤ ਮਿਲਦੀ। ਰਾਮ ਸਿੰਘ ਆਪਣੀ ਪਤਨੀ ਨੂੰ ਸਿਹਰਾ ਦਿੰਦੇ ਹਨ, "ਮੇਰੀ ਪਤਨੀ ਨੇ ਮੈਨੂੰ ਗਰੀਬੀ ਤੋਂ ਚੁੱਕਿਆ। ਅਸੀਂ ਪੈਸੇ ਜੋੜੇ, ਗੁਹਾਣੇ ਵਿਚ ਥਾਂ ਮਿਲੀ ਤੇ ਫੈਕਟਰੀ ਲਗਾਈ।" ਅਗਲੇ ਸਾਲ ਉਹ ਪੰਜਾਬ ਵਿਚ ਵੀ ਅਜਿਹਾ ਪ੍ਰੋਜੈਕਟ ਸ਼ੁਰੂ ਕਰਨ ਦੀ ਸੋਚ ਰਹੇ ਨੇ। ਮਾਹਿਰ ਵੀ ਇਸ ਦੀ ਸ਼ਲਾਘਾ ਕਰਦੇ ਨੇ। ਸੰਗਰੂਰ ਦੇ ਪ੍ਰਦੂਸ਼ਣ ਵਿਭਾਗ ਦੇ ਅਫਸਰ ਗੁਨੀਤ ਸੇਠੀ ਦੱਸਦੇ ਨੇ ਕਿ



ਬਾਇਓਮਾਸ ਗਰੀਨ ਫਿਊਲ ਹੈ, ਜੋ ਪ੍ਰਦੂਸ਼ਣ ਘਟਾਉਂਦਾ। ਇਸ ਦੀ ਕਲੋਰੋਫਿਕ ਵੈਲਿਊ 3200-3300 ਹੈ, ਜੋ ਫੈਕਟਰੀਆਂ ਲਈ ਵਧੀਆ। ਸੀਪੀਸੀਬੀ ਵੱਲੋਂ ਅਜਿਹੇ ਪ੍ਰੋਜੈਕਟਾਂ ਲਈ 40% ਸਬਸਿਡੀ ਵੀ ਮਿਲਦੀ ਹਰਪ੍ਰੀਤ ਦਾ ਬਾਇਓਮਾਸ ਪੰਜਾਬ ਤੇ ਹਰਿਆਣਾ ਦੀਆਂ ਫੈਕਟਰੀਆਂ ਨੂੰ ਸਿੱਧਾ ਜਾਂ ਡੀਲਰਾਂ ਰਾਹੀਂ ਵਿੱਕਦਾ। ਝੱਜਰ ਦੇ ਡੀਲਰ ਜਤਿਨ ਦੱਸਦੇ ਨੇ ਕਿ ਇਹ ਬਾਲਣ ਲੱਕੜ ਤੇ ਕੋਲੇ ਨਾਲੋਂ ਸਸਤਾ ਤੇ ਵਧੀਆ ਜਲਨਸ਼ੀਲਤਾ ਵਾਲਾ, ਜਿਸ ਵਿਚ ਸਿਰਫ 12% ਸਵਾਹ ਬਚਦੀ ਹੈ।

ਹਰਪ੍ਰੀਤ ਕੌਰ ਦੱਸਦੇ ਹਨ, "ਇਹ ਸਾਰੇ ਉਹ ਵੇਸਟ ਪਦਾਰਥ ਹਨ ਜਿਨ੍ਹਾਂ ਦਾ ਨਿਪਟਾਰਾ ਕਰਨਾ ਵੀ ਪਰੇਸ਼ਾਨੀ ਦਾ ਸਬੱਬ ਹੈ, ਪਰ ਮੈਂ ਆਪਣੀ ਫੈਕਟਰੀ ਦੇ ਵਿੱਚ ਇਨ੍ਹਾਂ ਸਭ ਦਾ ਬਾਇਓਮਾਸ ਬਣਾਉਂਦੀ ਹਾਂ ਜਿਹੜਾ ਕਿ ਅੰਦਾਜਨ 3 ਰੁਪਏ 50 ਪੈਸੇ ਪ੍ਰਤੀ ਕਿਲੋ ਦੇ ਹਿਸਾਬ ਦੇ ਨਾਲ ਵਿਕਦਾ ਹੈ ਅਤੇ ਇੱਕ ਮਹੀਨੇ ਦੇ ਵਿੱਚ ਤਕਰੀਬਨ 10 ਗੱਡੀਆਂ ਮੇਰੇ ਕੋਲੋਂ ਇਸ ਬਾਇਓਮਾਸ ਦੀਆਂ ਵਿਕ ਜਾਂਦੀਆਂ ਹਨ। ਇਸ ਤੋਂ ਮੈਨੂੰ ਮਹੀਨੇ ਦੀ ਤਕਰੀਬਨ 4 ਲੱਖ ਰੁਪਏ ਦੀ ਬਚਤ ਹੋ ਜਾਂਦੀ ਹੈ।"

ਹਰਪ੍ਰੀਤ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨ੍ਹਾਂ ਦੀ ਫੈਕਟਰੀ ਦੇ ਵਿੱਚ ਤਕਰੀਬਨ ਅੱਠ ਮਜ਼ਦੂਰ ਕੰਮ ਕਰਦੇ ਹਨ ਜੋ ਦਿਨ ਅਤੇ ਰਾਤ ਦੀਆਂ ਅਲੱਗ-ਅਲੱਗ ਸ਼ਿਫਟਾਂ ਕਰਦੇ ਹਨ। ਉਹ ਦੱਸਦੇ ਹਨ, "ਮੈਂ ਉਨ੍ਹਾਂ ਨੂੰ ਰਹਿਣਾ, ਖਾਣਾ ਅਤੇ 12 ਹਜ਼ਾਰ ਰੁਪਏ ਪ੍ਰਤੀ ਮਜ਼ਦੂਰ, ਮਜ਼ਦੂਰੀ ਦਿੰਦੀ ਹਾਂ ਜਿਸ ਨਾਲ ਉਨ੍ਹਾਂ ਦਾ ਵੀ ਘਰ ਦਾ ਗੁਜ਼ਾਰਾ ਚਲਦਾ ਹੈ।"

ਹਰਪ੍ਰੀਤ ਕੌਰ ਮੁਤਾਬਕ ਜੇਕਰ ਇਸ ਤਰੀਕੇ ਦੇ ਪ੍ਰੋਜੈਕਟ ਪੰਜਾਬ ਦੇ ਵਿੱਚ ਵੱਡੇ ਪੱਧਰ ਉੱਤੇ ਲੱਗ ਜਾਣ ਤਾਂ ਪਰਾਲੀ ਦੀ ਸਮੱਸਿਆ ਦਾ ਵੱਡੇ ਪੱਧਰ 'ਤੇ ਹੱਲ ਹੋ ਸਕਦਾ ਹੈ ਕਿਉਂਕਿ ਪਰਾਲੀ ਨੂੰ ਕਿਸਾਨ ਆਪਣੇ ਖੇਤਾਂ ਦੇ ਵਿੱਚ ਅੱਗ ਲਗਾ ਕੇ ਖ਼ਰਾਬ ਕਰ ਦਿੰਦੇ ਹਨ। ਪਰ ਉਹੀ ਕੀਮਤੀ ਪਰਾਲੀ ਤੋਂ ਕਈ ਅਜਿਹੀਆਂ ਚੀਜ਼ਾਂ ਬਣਾ ਕੇ ਮਹਿੰਗੇ ਭਾਅ ਦੇ ਉੱਪਰ ਵੇਚ ਕੇ ਵਧੀਆ ਕਮਾਈ ਕੀਤੀ ਜਾ ਸਕਦੀ ਹੈ।

ਲੁਧਿਆਣਾ ਪੱਛਮੀ ਜ਼ਿਮਨੀ ਚੋਣ

# ਸਿਆਸੀ ਅਖਾੜੇ ਵਿਚ ਪਾਰਟੀਆਂ ਦੀ ਸਰਦਾਰੀ ਦੀ ਲੜਾਈ

## ✪ ਕਾਂਗਰਸ ਵਿਚ ਭਾਰੀ ਫੁੱਟ, 'ਆਪ' ਪਾਰਟੀ ਨੂੰ ਹੋ ਸਕਦਾ ਏ ਲਾਭ ✪ ਸੰਜੀਵ ਦੀ ਜਿੱਤ ਨਾਲ ਕੇਜਰੀਵਾਲ ਦੀ ਰਾਜ ਸਭਾ ਦੀ ਸੀਟ ਪੱਕੀ ✪ ਹਾਰ ਨਾਲ ਆਪ ਦੀਆਂ ਆਸਾਂ 'ਤੇ ਫਿਰ ਸਕਦਾ ਹੈ ਪਾਣੀ

ਨਿਊਜ਼ ਵਿਸ਼ਲੇਸ਼ਣ

======================

ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ ਦੀ ਜ਼ਿਮਨੀ ਚੋਣ ਪੰਜਾਬ ਦੀ ਸਿਆਸਤ ਦਾ ਗਰਮ ਮਸਲਾ ਬਣੀ ਹੋਈ ਹੈ। ਇਹ ਸੀਟ ਸਿਰਫ਼ ਇੱਕ ਵਿਧਾਇਕ ਦੀ ਚੋਣ ਨਹੀਂ, ਸਗੋਂ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਦੀ ਸਾਖ ਅਤੇ ਵਿਰੋਧੀ ਧਿਰਾਂ ਦੀ ਤਾਕਤ ਦਾ ਇਮਤਿਹਾਨ ਹੈ। ਸਾਰੀਆਂ ਪਾਰਟੀਆਂ ਨੇ ਆਪਣੇ ਮਹਾਰਥੀਆਂ ਨੂੰ ਮੈਦਾਨ ਵਿਚ ਉਤਾਰ ਕੇ ਇਹ ਸਾਫ਼ ਕਰ ਦਿੱਤਾ ਕਿ ਇਹ ਚੋਣ ਸਿਰਫ਼ ਸੀਟ ਜਿੱਤਣ ਦੀ ਨਹੀਂ, ਸਗੋਂ ਸਿਆਸੀ ਸਰਦਾਰੀ ਦੀ ਲੜਾਈ ਹੈ। ਪਰ ਸਵਾਲ ਇਹ ਹੈ ਕਿ ਇਸ ਅਖਾੜੇ 'ਚ ਕਿਸ ਦਾ ਪੱਲੜਾ ਭਾਰੀ ਰਹੇਗਾ?

ਆਮ ਆਦਮੀ ਪਾਰਟੀ ਨੇ ਆਪਣੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਮੈਦਾਨ ਵਿਚ ਉਤਾਰ ਕੇ ਸਪਸ਼ਟ ਕਰ ਦਿੱਤਾ ਕਿ ਇਹ ਸੀਟ ਉਸ ਦੀ ਸਾਖ ਨਾਲ ਜੁੜੀ ਹੈ। ਜੇ ਅਰੋੜਾ ਜਿੱਤਦੇ ਹਨ, ਤਾਂ ਨਾ ਸਿਰਫ਼ ਉਹ ਵਿਧਾਇਕ ਬਣਨਗੇ, ਸਗੋਂ ਭਗਵੰਤ ਮਾਨ ਦੀ ਕੈਬਨਿਟ ਵਿਚ ਵੀ ਜਗ੍ਹਾ ਪੱਕੀ ਕਰ ਸਕਦੇ ਹਨ। ਪਰ ਅਸਲ ਖੇਡ ਰਾਜ ਸਭਾ ਦੀ ਹੈ, ਜਿੱਥੇ 'ਆਪ' ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਨੂੰ ਭੇਜਣ ਦੀ ਜੁਗਤ ਵਿਚ ਹੈ। ਦਿੱਲੀ ਵਿਚ ਵਿਧਾਨ ਸਭਾ ਚੋਣਾਂ ਹਾਰਨ ਤੋਂ ਬਾਅਦ ਕੇਜਰੀਵਾਲ ਦੀ ਸਿਆਸੀ ਜ਼ਮੀਨ ਖਿਸਕ ਗਈ ਹੈ, ਅਤੇ ਇਹ ਸੀਟ ਉਸ ਦੀ ਵਾਪਸੀ ਦਾ ਸੁਨਹਿਰੀ ਮੌਕਾ ਹੈ।

ਕਾਂਗਰਸ ਨੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਉਤਾਰਿਆ ਹੈ, ਜੋ ਲੁਧਿਆਣਾ




'ਚ ਮਜ਼ਬੂਤ ਸਿਆਸੀ ਚਿਹਰਾ ਮੰਨੇ ਜਾਂਦੇ ਹਨ। ਪਰ ਪਾਰਟੀ ਦੀ ਅੰਦਰੂਨੀ ਖੇਮੇਬਾਜ਼ੀ ਨੇ ਉਸ ਦੀ ਰਾਹ 'ਚ ਕੰਡੇ ਵਿਛਾਏ ਹੋਏ ਹਨ। ਪੰਜਾਬ ਕਾਂਗਰਸ ਦੋ ਧੜਿਆਂ 'ਚ ਵੰਡੀ ਹੋਈ ਹੈ।

ਇੱਕ ਪਾਸੇ ਭਾਰਤ ਭੂਸ਼ਣ ਆਸ਼ੂ, ਚਰਨਜੀਤ ਸਿੰਘ ਚੰਨੀ ਅਤੇ ਰਾਣਾ ਗੁਰਜੀਤ ਸਿੰਘ ਹਨ, ਜਿਨ੍ਹਾਂ ਨੇ ਭਾਜਪਾ ਵਿਚ ਸ਼ਾਮਲ ਹੋਏ ਕਲਪ੍ਰੀਤ ਕੜਵਲ ਅਤੇ ਕਰਨ ਵੜਿੰਗ ਨੂੰ ਵਾਪਸ ਪਾਰਟੀ ਵਿਚ ਲਿਆਂਦਾ। ਦੂਜੇ ਪਾਸੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਕੈਪਟਨ ਸੰਦੀਪ ਸੰਧੂ ਨੇ ਮੁਅੱਤਲ ਵਿਧਾਇਕ ਚੌਧਰੀ ਵਿਕਰਮਜੀਤ ਸਿੰਘ ਨੂੰ ਵਾਪਸ ਬੁਲਾਇਆ। ਇਹ ਫੁੱਟ ਆਸ਼ੂ ਅਤੇ ਰਾਜਾ ਵੜਿੰਗ ਵਿਚਕਾਰ ਪੁਰਾਣੀ ਅਣਬਣ ਦੀ ਦੇਣ ਹੈ, ਜੋ ਬੈਂਸ ਭਰਾਵਾਂ ਦੀ ਪਾਰਟੀ ਵਿਚ ਐਂਟਰੀ ਨਾਲ ਹੋਰ ਵਿਗੜ ਗਈ।

ਰਾਜਾ ਵੜਿੰਗ ਦਾ ਕਹਿਣਾ ਹੈ ਕਿ ਪਾਰਟੀ ਵਿਚ ਸਭ ਠੀਕ ਹੈ, ਪਰ ਇਹ ਸਿਆਸੀ ਡਰਾਮਾ ਸਾਰਿਆਂ ਅੱਗੇ ਨੰਗਾ ਹੋ ਚੁੱਕਾ ਹੈ। ਇਸ ਫੁੱਟ ਦਾ ਸਿੱਧਾ ਲਾਭ 'ਆਪ' ਜਾਂ ਭਾਜਪਾ ਨੂੰ ਮਿਲ ਸਕਦਾ ਹੈ, ਕਿਉਂਕਿ ਕਾਂਗਰਸ ਦੀ ਬਿਖਰੀ ਹੋਈ ਤਾਕਤ ਆਸ਼ੂ ਦੀ ਜਿੱਤ ਦੀਆਂ ਸੰਭਾਵਨਾਵਾਂ ਨੂੰ ਕਮਜ਼ੋਰ ਕਰ ਰਹੀ ਹੈ।

ਜ਼ਿੰਮੇਵਾਰੀ ਦਾ ਟੀਕਾ ਸਿੱਧੇ ਤੌਰ 'ਤੇ ਰਾਜਾ ਵੜਿੰਗ ਅਤੇ ਆਸ਼ੂ ਦੀ ਆਪਸੀ ਲੜਾਈ 'ਤੇ ਜਾਂਦਾ ਹੈ, ਜਿਸ ਨੇ ਪਾਰਟੀ ਨੂੰ ਇੱਕਜੁੱਟ ਹੋਣ ਤੋਂ ਰੋਕਿਆ।

ਸ਼੍ਰੋਮਣੀ ਅਕਾਲੀ ਦਲ ਨੇ ਪਰਉਪਕਾਰ ਸਿੰਘ ਘੁੰਮਣ ਨੂੰ ਮੈਦਾਨ 'ਚ ਉਤਾਰਿਆ, ਜਦਕਿ ਭਾਜਪਾ ਨੇ ਪਾਰਟੀ ਦੇ ਸੂਬਾਈ ਜਨਰਲ ਸਕੱਤਰ ਜੀਵਨ ਗੁਪਤਾ 'ਤੇ ਦਾਅ ਖੇਡਿਆ। ਹਰ ਪਾਰਟੀ ਨੇ ਆਪਣੇ ਸਿਆਸੀ ਸੂਰਮੇ ਮੈਦਾਨ 'ਚ ਉਤਾਰੇ ਹਨ, ਪਰ ਜਿੱਤ ਦਾ ਸਿਹਰਾ ਕਿਸ ਦੇ ਸਿਰ ਸਜੇਗਾ, ਇਹ ਤੈਅ ਕਰਨ 'ਚ ਲੁਧਿਆਣਾ ਦੀ ਜਨਤਾ ਦੀ ਅਹਿਮ ਭੂਮਿਕਾ ਹੋਵੇਗੀ।

ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਸਥਿਤੀ ਵੀ ਕੋਈ ਖਾਸ ਮਜ਼ਬੂਤ ਨਹੀਂ। ਅਕਾਲੀ ਦਲ ਦੇ ਪਰਉਪਕਾਰ ਸਿੰਘ ਘੁੰਮਣ ਅਤੇ ਭਾਜਪਾ ਦੇ ਜੀਵਨ ਗੁਪਤਾ ਦੋਵੇਂ ਹੀ ਮਜ਼ਬੂਤ ਉਮੀਦਵਾਰ ਹਨ, ਪਰ ਉਨ੍ਹਾਂ ਦੀ ਜਿੱਤ ਦੀਆਂ ਸੰਭਾਵਨਾਵਾਂ ਘੱਟ ਦਿਖਾਈ ਦੇ ਰਹੀਆ ਹਨ। ਅਕਾਲੀ ਦਲ ਦੀ ਰਵਾਇਤੀ ਵੋਟ ਬੈਂਕ ਅਤੇ ਭਾਜਪਾ ਦੀ ਸ਼ਹਿਰੀ ਤਾਕਤ ਜੇ ਇਕੱਠੀ ਹੋ ਜਾਵੇ, ਤਾਂ ਇਹ ਦੋਵੇਂ ਪਾਰਟੀਆਂ 'ਆਪ' ਨੂੰ ਸਖ਼ਤ ਟੱਕਰ ਦੇ ਸਕਦੀਆਂ ਹਨ। ਪਰ ਇਸ ਦੇ ਲਈ ਉਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਜ਼ਬਰਦਸਤ ਮੁਹਿੰਮ ਦੀ ਲੋੜ ਹੈ।

### ਕਿਸ ਦਾ ਪੱਲੜਾ ਭਾਰੀ ?

ਫਿਲਹਾਲ 'ਆਪ' ਦਾ ਪੱਲੜਾ ਸਭ ਤੋਂ ਭਾਰੀ ਜਾਪਦਾ ਹੈ। ਸਰਕਾਰ ਦੀ ਦੋ-ਤਿਹਾਈ ਬਹੁਮਤ ਅਤੇ ਸੰਜੀਵ ਅਰੋੜਾ ਦੀ ਸਥਾਨਕ ਪਕੜ ਉਸ ਨੂੰ ਮਜ਼ਬੂਤ ਸਥਿਤੀ ਵਿਚ ਰੱਖਦੀ ਹੈ।

# ਪੰਜਾਬ ਸਰਕਾਰ ਵਲੋਂ ਗੈਂਗਸਟਰਾਂ 'ਤੇ ਨਕੇਲ ਕੱਸਣ ਦੀ ਤਿਆਰੀ

## ✪ ਹਰ ਜ਼ਿਲ੍ਹੇ 'ਚ ਬਣਨਗੇ ਏਜੀਟੀਐਫ ਥਾਣੇ

ਚੰਡੀਗੜ੍ਹ-ਪੰਜਾਬ ਸਰਕਾਰ ਗੈਂਗਸਟਰਾਂ ਦੇ ਖਾਤਮੇ ਲਈ ਪੂਰੇ ਜ਼ੋਰ-ਸ਼ੋਰ ਨਾਲ ਜੁਟ ਗਈ ਐ। ਸੂਬੇ ਦੇ ਹਰ ਜ਼ਿਲ੍ਹੇ 'ਚ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਦੇ ਥਾਣੇ ਬਣਾਉਣ ਦੀ ਤਿਆਰੀ ਚੱਲ ਰਹੀ ਐ। ਜਿਵੇਂ ਮਹਿਲਾ ਸੈੱਲ, ਆਰਥਿਕ ਅਪਰਾਧ ਸ਼ਾਖਾ ਜਾਂ ਆਈਟੀ ਸੈੱਲ ਹੁੰਦੇ ਨੇ, ਉਸੇ ਤਰ੍ਹਾਂ ਹੁਣ ਏਜੀਟੀਐਫ ਦੇ ਵੱਖਰੇ ਥਾਣੇ ਹੋਣਗੇ। ਇਸ ਦਾ ਮਕਸਦ ਗੈਂਗਸਟਰਾਂ ਬਾਰੇ ਜਾਣਕਾਰੀ ਲੀਕ ਹੋਣ ਤੋਂ ਰੋਕਣਾ ਤੇ ਗਵਾਹਾਂ ਦੀ ਸੁਰੱਖਿਆ ਨੂੰ ਯਕੀਨੀ ਕਰਨਾ ਹੈ। ਹੁਣ ਤੱਕ ਏਜੀਟੀਐਫ ਦਾ ਕੋਈ ਥਾਣਾ ਨਹੀਂ ਬਣਿਆ, ਪਰ ਹੁਣ ਹਰ ਜ਼ਿਲ੍ਹੇ ਵਿਚ ਯੂਨਿਟਾਂ ਬਣਾਉਣ ਲਈ ਵਿੱਤੀ ਜਾਚ ਸ਼ੁਰੂ ਹੋ ਗਈ ਐ। ਗਵਾਹਾਂ ਦੀ ਸੁਰੱਖਿਆ ਲਈ 'ਪੰਜਾਬ ਗਵਾਹ ਸਰਪ੍ਰਸਤੀ ਯੋਜਨਾ 2024' ਵਿਚ ਸੋਧ ਵੀ ਕੀਤੀ ਜਾਵੇਗੀ। ਇਸ ਦੇ ਨਾਲ ਹੀ, ਪੰਜਾਬ ਪੁਲਿਸ ਐੱਸਓਪੀ ਤਿਆਰ ਕਰ ਰਹੀਹੈ, ਜਿਸ ਵਿਚ ਗੈਂਗਸਟਰਾਂ ਨਾਲ ਜੁੜੀ ਕੋਈ ਵੀ ਸੂਚਨਾ ਮਿਲਣ 'ਤੇ ਐੱਫਆਈਆਰ ਦਰਜ ਕਰਨੀ ਲਾਜ਼ਮੀ ਹੋਵੇਗੀ, ਪਰ ਇਹ ਜਨਤਕ ਪੋਰਟਲ 'ਤੇ ਨਹੀਂ ਜਾਵੇਗੀ। ਜਾਂਚ ਡੀਐੱਸਪੀ ਤੋਂ ਘੱਟ ਰੈਂਕ ਦੇ ਅਧਿਕਾਰੀ ਨਹੀਂ ਕਰਨਗੇ। ਗੈਂਗਸਟਰਾਂ ਦੀਆਂ ਸ਼ਿਕਾਇਤਾਂ ਲਈ ਟੋਲ-ਫ੍ਰੀ ਹੈਲਪਲਾਈਨ, ਈਮੇਲ ਤੇ ਆਨਲਾਈਨ ਪੋਰਟਲ ਵੀ ਬਣਾਇਆ ਜਾਵੇਗਾ। ਜ਼ਿਲ੍ਹਿਆਂ ਵਿਚ ਐੱਸਪੀ ਜਾਂ ਡੀਸੀਪੀ ਦੀ ਅਗਵਾਈ ਵਿਚ ਟਾਸਕ ਫੋਰਸ ਅਤੇ ਸੂਬੇ 'ਚ ਏਡੀਜੀਪੀ ਦੀ ਨਿਗਰਾਨੀ ਵਿਚ ਵਿਸ਼ੇਸ਼ ਟੀਮ ਕੰਮ ਕਰੇਗੀ। ਫੋਰੈਂਸਿਕ ਜਾਂਚ, ਇਲੈਕਟ੍ਰਾਨਿਕ ਸਬੂਤ, ਬੈਂਕ ਖਾਤਿਆਂ 'ਤੇ ਨਜ਼ਰ ਤੇ ਸੋਸ਼ਲ ਮੀਡੀਆ ਦੀ ਮਾਨੀਟਰਿੰਗ ਵੀ ਹੋਵੇਗੀ। ਪੰਜਾਬ ਪੁਲਿਸ ਨੇ ਪਿਛਲੇ ਚਾਰ ਮਹੀਨਿਆਂ ਵਿਚ 50 ਤੋਂ ਵੱਧ ਐਨਕਾਊਂਟਰ ਕੀਤੇ ਨੇ, ਜੋ ਦਰਸਾਉਂਦਾ ਐ ਕਿ ਗੈਂਗਸਟਰਾਂ 'ਤੇ ਸ਼ਿਕੰਜਾ ਕੱਸਣ ਵਿਚ ਕੋਈ ਕਸਰ ਨਹੀਂ ਛੱਡੀ ਜਾ ਰਹੀ।

# ਪਿਤਾ ਵੱਲੋਂ ਅਣਖ ਖ਼ਾਤਰ ਆਪਣੀ ਧੀ ਅਤੇ ਉਸ ਦੇ ਪ੍ਰੇਮੀ ਦਾ ਕਤਲ

ਅੰਮ੍ਰਿਤਸਰ-ਜ਼ਿਲ੍ਹਾ ਦਿਹਾਤੀ ਪੁਲੀਸ ਖੇਤਰ ਅਧੀਨ ਆਉਂਦੇ ਪਿੰਡ ਬੋਪਾਰਾਏ ਬਾਜ ਸਿੰਘ ਵਿੱਚ ਪਿਤਾ ਵੱਲੋਂ ਅਣਖ ਖ਼ਾਤਰ ਆਪਣੀ ਧੀ ਸੁਖਬੀਰ ਕੌਰ (23) ਅਤੇ ਉਸ ਦੇ ਪ੍ਰੇਮੀ ਜੋਬਨਦੀਪ ਸਿੰਘ (24) ਦਾ ਕਤਲ ਕਰ ਦਿੱਤਾ ਗਿਆ ਹੈ। ਪੁਲੀਸ ਨੇ ਮ੍ਰਿਤਕਾ ਦੇ ਪਿਤਾ ਗੁਰਦਿਆਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਡੀਐੱਸਪੀ ਰਾਜਾਸਾਂਸੀ ਇੰਦਰਜੀਤ ਸਿੰਘ ਨੇ ਦੱਸਿਆ ਕਿ ਜੋਬਨਦੀਪ ਪਿੰਡ ਬੋਪਾਰਾਏ ਬਾਜ ਸਿੰਘ ਵਿੱਚ ਟਰੈਕਟਰ-ਟਰਾਲੀ ਰਾਹੀਂ ਮਿੱਟੀ ਪਾਉਣ ਦਾ ਕੰਮ ਕਰ ਰਿਹਾ ਸੀ।



ਨੇੜੇ ਹੀ ਗੁਰਦਿਆਲ ਸਿੰਘ ਦਾ ਡੇਰਾ ਹੈ। ਕੰਮ ਦੌਰਾਨ ਜੋਬਨਦੀਪ ਸਿੰਘ ਦਾ ਗੁਰਦਿਆਲ ਸਿੰਘ ਦੇ ਘਰ ਆਉਣਾ-ਜਾਣਾ ਸ਼ੁਰੂ ਹੋ ਗਿਆ ਤੇ ਉਸ ਦੀ ਲੜਕੀ ਨਾਲ ਕਥਿਤ ਪ੍ਰੇਮ ਸਬੰਧ ਬਣ ਗਏ। ਡੀਐੱਸਪੀ ਨੇ ਦੱਸਿਆ ਕਿ ਇਸ ਬਾਰੇ ਪਤਾ ਲੱਗਣ 'ਤੇ ਗੁਰਦਿਆਲ ਸਿੰਘ ਨੇ ਆਪਣੀ ਧੀ ਅਤੇ ਨੌਜਵਾਨ ਦਾ ਕਤਲ ਕਰ ਦਿੱਤਾ। ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਕੇ ਥਾਣਾ ਲੋਪੋਕੇ ਵਿੱਚ ਕੇਸ ਦਰਜ ਕੀਤਾ ਗਿਆ ਹੈ।

# ਸਭ ਤੋਂ ਵੱਡਾ ਰੋਗ-ਕੀ ਕਹਿਣਗੇ ਲੋਕ...?

ਸੰਦੀਪ ਕੁਮਾਰ
7009807121



ਜ਼ਿੰਦਗੀ ਇੱਕ ਅਜਿਹਾ ਸਫ਼ਰ ਹੈ ਜਿਸ ਵਿੱਚ ਹਰ ਕਦਮ 'ਤੇ ਇਨਸਾਨ ਨੂੰ ਕਈ ਸਵਾਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਸਵਾਲਾਂ ਵਿੱਚੋਂ ਕੁਝ ਆਪਣੇ ਅੰਦਰ ਤੋਂ ਉੱਠਦੇ ਹਨ, ਪਰ ਬਹੁਤ ਸਾਰੇ ਸਵਾਲ ਉਹ ਹੁੰਦੇ ਹਨ ਜੋ ਸਮਾਜ, ਰਿਸ਼ਤੇਦਾਰ ਅਤੇ ਆਸ-ਪਾਸ ਦੇ ਲੋਕ ਸਾਡੇ ਸਾਹਮਣੇ ਖੜ੍ਹੇ ਕਰ ਦਿੰਦੇ ਹਨ। ਇਨ੍ਹਾਂ ਸਵਾਲਾਂ ਦਾ ਸਭ ਤੋਂ ਵੱਡਾ ਰੂਪ ਹੈ - "ਲੋਕ ਕੀ ਕਹਿਣਗੇ?" ਇਹ ਤਿੰਨ ਸ਼ਬਦਾਂ ਦਾ ਛੋਟਾ ਜਿਹਾ ਵਾਕੰਸ਼ ਜ਼ਿੰਦਗੀ ਦੇ ਵੱਡੇ-ਵੱਡੇ ਫ਼ੈਸਲਿਆਂ ਨੂੰ ਬਦਲ ਦਿੰਦਾ ਹੈ, ਸੁਪਨਿਆਂ ਨੂੰ ਤੋੜ ਦਿੰਦਾ ਹੈ ਅਤੇ ਇਨਸਾਨ ਨੂੰ ਆਪਣੀ ਮਰਜ਼ੀ ਨਾਲ ਜਿਉਣ ਦੀ ਬਜਾਏ ਸਮਾਜ ਦੀਆਂ ਉਮੀਦਾਂ ਦੇ ਬੋਝ ਹੇਠ ਦਬਾ ਦਿੰਦਾ ਹੈ। ਇਹ ਇੱਕ ਅਜਿਹਾ ਰੋਗ ਹੈ ਜੋ ਸਰੀਰ ਨੂੰ ਨਹੀਂ, ਸਗੋਂ ਮਨ ਅਤੇ ਆਤਮਾ ਨੂੰ ਖਾ ਜਾਂਦਾ ਹੈ। ਕਦੇ ਸਮਾਂ ਮਿਲੇ ਤਾਂ ਬੈਠ ਕੇ ਸੋਚੋ, ਜਦੋਂ ਤੁਸੀਂ ਇਸ ਦੁਨੀਆਂ ਤੋਂ ਚਲੇ ਜਾਓਗੇ, ਤਾਂ ਕੀ ਹੋਵੇਗਾ? ਤੁਹਾਡੀ ਲਾਸ਼ ਘਰ ਦੇ ਵਿਹੜੇ ਵਿੱਚ ਪਈ ਹੋਵੇਗੀ। ਆਸ-ਪਾਸ ਕੁਝ ਲੋਕ ਬੈਠੇ ਹੋਣਗੇ। ਕੋਈ ਉਦਾਸ ਹੋਵੇਗਾ, ਕੋਈ ਰੋ ਰਿਹਾ ਹੋਵੇਗਾ, ਪਰ ਇਸ ਦੇ ਨਾਲ ਹੀ ਕੁਝ ਲੋਕ ਆਪਣੇ-ਆਪਣੇ ਗਰੁੱਪਾਂ ਵਿੱਚ ਬੈਠ ਕੇ ਗੱਲਾਂ ਕਰ ਰਹੇ ਹੋਣਗੇ। ਕੋਈ ਭਾਰਤ ਅਤੇ ਪੰਜਾਬ ਦੀ ਰਾਜਨੀਤੀ 'ਤੇ ਚਰਚਾ ਕਰ ਰਿਹਾ ਹੋਵੇਗਾ - "ਇਹ ਪਾਰਟੀ ਜਿੱਤ ਗਈ, ਉਹ ਪਾਰਟੀ ਹਾਰ ਗਈ।" ਕੋਈ ਕੈਨੇਡਾ ਦੇ ਵੀਜ਼ਿਆਂ ਦੀ ਗੱਲ ਕਰ ਰਿਹਾ ਹੋਵੇਗਾ - "ਹੁਣ ਤਾਂ ਵੀਜ਼ੇ ਦੇਣੇ ਵੀ ਬੰਦ ਕਰ ਦਿੱਤੇ ਨੇ।" ਕੁਝ ਲੋਕ ਆਪਣੇ ਫੋਨਾਂ 'ਤੇ ਫੇਸਬੁੱਕ ਦੀਆਂ ਪੋਸਟਾਂ ਸਕਰੋਲ ਕਰ ਰਹੇ ਹੋਣਗੇ, ਲਾਈਕ ਕਰ ਰਹੇ ਹੋਣਗੇ, ਜਾਂ ਸ਼ਾਇਦ ਤੁਹਾਡੀ ਮੌਤ ਦੀ ਖ਼ਬਰ ਨੂੰ ਸਟੇਟਸ ਵਜੋਂ ਪਾ ਰਹੇ ਹੋਣਗੇ। ਥੋੜ੍ਹੇ ਸਮੇਂ ਬਾਅਦ ਘਰ ਵਿੱਚੋਂ ਰੋਣ ਦੀਆਂ ਉੱਚੀਆਂ ਆਵਾਜ਼ਾਂ ਵੀ ਬੰਦ ਹੋ ਜਾਣਗੀਆਂ। ਲੋਕ ਆਪਣੇ-ਆਪਣੇ ਘਰਾਂ ਨੂੰ ਜਾਣ ਲੱਗ ਪੈਣਗੇ। ਤੁਹਾਡਾ ਪਰਿਵਾਰ ਰਿਸ਼ਤੇਦਾਰਾਂ ਦੇ ਰੋਟੀ-ਪਾਣੀ ਦੀ ਵਿਵਸਥਾ ਵਿੱਚ ਰੁੱਝ ਜਾਵੇਗਾ। ਕੁਝ ਦਿਨਾਂ ਬਾਅਦ ਸਭ ਕੁਝ ਆਮ ਵਾਂਗ ਹੋ ਜਾਵੇਗਾ। ਤੁਹਾਡੇ ਆਫਿਸ ਵਿੱਚ, ਜਿੱਥੇ ਤੁਸੀਂ ਸਾਲਾਂ ਤੱਕ ਮਿਹਨਤ ਕੀਤੀ, ਉੱਥੇ ਤੁਹਾਡੀ ਜਗ੍ਹਾ ਕੋਈ ਹੋਰ ਲੈ ਲਵੇਗਾ। ਦੁਨੀਆਂ ਜਿਵੇਂ ਪਹਿਲਾਂ ਚੱਲ ਰਹੀ ਸੀ, ਉਵੇਂ ਹੀ ਚੱਲਣ ਲੱਗ ਪਵੇਗੀ। ਤੁਹਾਡੇ ਨਾ ਰਹਿਣ ਨਾਲ ਇਸ ਦੁਨੀਆਂ ਨੂੰ ਕੋਈ ਫ਼ਰਕ ਨਹੀਂ ਪਵੇਗਾ। ਤਾਂ ਫਿਰ, ਜੇ ਇਸ ਦੁਨੀਆਂ ਨੂੰ ਤੁਹਾਡੇ ਜਾਣ ਨਾਲ ਕੋਈ ਅਸਰ ਨਹੀਂ ਪੈਂਦਾ, ਤਾਂ ਤੁਸੀਂ ਅੱਜ ਇਸ ਦੁਨੀਆਂ ਦੀਆਂ ਗੱਲਾਂ ਸੁਣ ਕੇ ਆਪਣੀ ਜ਼ਿੰਦਗੀ ਨੂੰ ਔਖਾ ਕਿਉਂ ਕਰ ਰਹੇ ਹੋ?

ਇਹ ਸਵਾਲ ਸਿਰਫ਼ ਇੱਕ ਵਿਚਾਰ ਨਹੀਂ, ਸਗੋਂ ਇੱਕ ਸੱਚਾਈ ਹੈ ਜੋ ਸਾਡੇ ਸਮਾਜ ਦੀ ਹਰ ਗਲੀ, ਹਰ ਘਰ ਅਤੇ ਹਰ ਦਿਲ ਵਿੱਚ ਘਰ ਕਰ ਗਈ ਹੈ। "ਲੋਕ ਕੀ ਕਹਿਣਗੇ?" ਇਹ ਸੋਚ ਸਾਡੀ ਜ਼ਿੰਦਗੀ ਦਾ ਇੱਕ ਅਜਿਹਾ ਹਿੱਸਾ ਬਣ ਗਈ ਹੈ ਕਿ ਅਸੀਂ ਆਪਣੇ ਫ਼ੈਸਲੇ, ਆਪਣੇ ਸੁਪਨੇ ਅਤੇ ਆਪਣੀ ਖੁਸ਼ੀ ਨੂੰ ਇਸ ਦੇ ਹਵਾਲੇ ਕਰ ਦਿੰਦੇ ਹਾਂ। ਜਦੋਂ ਕੋਈ ਮਾਂ-ਬਾਪ ਆਪਣੇ ਪੁੱਤ ਜਾਂ ਧੀ ਦਾ ਵਿਆਹ ਕਰਨ ਦੀ ਸੋਚਦੇ ਹਨ, ਤਾਂ ਸਭ ਤੋਂ ਪਹਿਲਾਂ ਉਨ੍ਹਾਂ ਦੇ ਮਨ ਵਿੱਚ ਇਹ ਖ਼ਿਆਲ ਆਉਂਦਾ ਹੈ ਕਿ ਜੇ ਅਸੀਂ ਸਾਦਾ ਵਿਆਹ ਕਰ ਦਿੱਤਾ ਤਾਂ ਲੋਕ ਕੀ ਕਹਿਣਗੇ? ਜੇ ਧੂਮਧਾਮ ਨਾਲ ਨਾ ਕੀਤਾ ਤਾਂ ਰਿਸ਼ਤੇਦਾਰ ਸਾਨੂੰ ਕੰਜੂਸ ਸਮਝਣਗੇ। ਜੇ ਬੱਚੇ ਪੜ੍ਹਾਈ ਤੋਂ ਬਾਅਦ ਜ਼ਿੰਦਗੀ ਵਿੱਚ ਕੁਝ ਵੱਡਾ ਨਾ ਕਰ ਸਕੇ, ਤਾਂ ਲੋਕ ਸਾਡੀ ਪਰਵਰਿਸ਼ 'ਤੇ ਉਂਗਲ ਚੁੱਕਣਗੇ। ਜੇ ਅਸੀਂ ਸਮਾਜ ਵਿੱਚ ਚੱਲ ਰਹੀ ਸ਼ੋਸ਼ੇਬਾਜ਼ੀ ਨੂੰ ਨਾ ਅਪਣਾਇਆ ਅਤੇ ਸੋਚ-ਸਮਝ ਕੇ ਖ਼ਰਚ ਕੀਤਾ, ਤਾਂ ਲੋਕ ਸਾਨੂੰ ਪਛੜਿਆ ਜਾਂ ਘਟੀਆ ਸਮਝਣਗੇ। ਇਹ ਸੋਚ ਸਾਡੇ ਮਨ ਵਿੱਚ ਇੰਨੀ ਡੂੰਘੀ ਬੈਠ ਗਈ ਹੈ ਕਿ ਅਸੀਂ ਆਪਣੀ ਜ਼ਿੰਦਗੀ ਨੂੰ ਆਪਣੇ ਲਈ ਨਹੀਂ, ਸਗੋਂ ਦੂਜਿਆਂ ਦੀਆਂ ਨਜ਼ਰਾਂ ਦੇ ਹਿਸਾਬ ਨਾਲ ਜਿਉਣ ਲੱਗ ਪੈਂਦੇ ਹਾਂ।

ਇਹ ਰੋਗ ਸਿਰਫ਼ ਵਿਅਕਤੀਗਤ ਜ਼ਿੰਦਗੀ ਤੱਕ ਸੀਮਤ ਨਹੀਂ ਹੈ। ਇਸ ਦਾ ਅਸਰ ਸਮਾਜ ਦੇ ਹਰ ਖੇਤਰ ਵਿੱਚ ਦਿਖਾਈ ਦਿੰਦਾ ਹੈ। ਜਦੋਂ ਕੋਈ ਨੌਜਵਾਨ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਕੁਝ ਵੱਖਰਾ ਕਰਨ ਦੀ ਸੋਚਦਾ ਹੈ, ਤਾਂ ਸਭ ਤੋਂ ਪਹਿਲਾਂ ਉਸ ਦੇ ਮਨ ਵਿੱਚ ਇਹ ਡਰ ਆਉਂਦਾ ਹੈ ਕਿ ਜੇ ਅਸਫ਼ਲ ਹੋ ਗਿਆ ਤਾਂ ਲੋਕ ਮਜ਼ਾਕ ਉਡਾਉਣਗੇ। ਜੇ ਕੋਈ ਕਲਾਕਾਰ ਆਪਣੀ ਕਲਾ ਨੂੰ ਦੁਨੀਆਂ ਸਾਹਮਣੇ ਰੱਖਣਾ ਚਾਹੁੰਦਾ ਹੈ, ਤਾਂ ਉਹ ਸੋਚਦਾ ਹੈ ਕਿ ਲੋਕ ਇਸ ਨੂੰ ਪਸੰਦ ਨਾ ਕਰਨਗੇ ਤਾਂ ਮੇਰੀ ਬੇਇੱਜ਼ਤੀ ਹੋਵੇਗੀ। ਜੇ ਕੋਈ ਔਰਤ ਆਪਣੇ ਘਰ ਦੀਆਂ ਜ਼ਿੰਮੇਵਾਰੀਆਂ ਤੋਂ ਬਾਹਰ ਨਿਕਲ ਕੇ ਕੁਝ ਕਰਨ ਦੀ ਇੱਛਾ ਰੱਖਦੀ ਹੈ, ਤਾਂ ਉਸ ਨੂੰ ਇਹ ਡਰ ਸਤਾਉਂਦਾ ਹੈ ਕਿ ਸਮਾਜ ਉਸ ਨੂੰ ਗ਼ਲਤ ਨਾ ਸਮਝ ਲਵੇ। ਇਸ ਤਰ੍ਹਾਂ, ਹਰ ਕਦਮ 'ਤੇ "ਲੋਕ ਕੀ ਕਹਿਣਗੇ" ਦਾ ਡਰ ਸਾਡੇ ਪੈਰਾਂ ਵਿੱਚ ਬੇੜੀਆਂ ਪਾ ਦਿੰਦਾ ਹੈ ਅਤੇ ਸਾਨੂੰ ਅੱਗੇ ਵਧਣ ਤੋਂ ਰੋਕ ਲੈਂਦਾ ਹੈ।

ਇਸ ਸੋਚ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਇਹ ਸਾਡੇ ਅੰਦਰ ਦੀ ਆਜ਼ਾਦੀ ਨੂੰ ਖਤਮ ਕਰ ਦਿੰਦੀ ਹੈ। ਅਸੀਂ ਉਹ ਨਹੀਂ ਕਰਦੇ ਜੋ ਸਾਨੂੰ ਚੰਗਾ ਲੱਗਦਾ, ਸਗੋਂ ਉਹ ਕਰਦੇ ਹਾਂ ਜੋ ਸਮਾਜ ਨੂੰ ਪਸੰਦ ਆਵੇ। ਅਸੀਂ ਆਪਣੀ ਖੁਸ਼ੀ ਨੂੰ ਛੱਡ ਕੇ ਦੂਜਿਆਂ ਦੀ ਖੁਸ਼ੀ ਦੀ ਫਿਕਰ ਕਰਦੇ ਹਾਂ। ਅਸੀਂ ਆਪਣੇ ਸੁਪਨਿਆਂ ਨੂੰ ਇਸ ਲਈ ਦਫ਼ਨਾ ਦਿੰਦੇ ਹਾਂ ਕਿਉਂਕਿ ਸਾਨੂੰ ਡਰ ਹੁੰਦਾ ਹੈ ਕਿ ਸਮਾਜ ਸਾਡੇ ਇਨ੍ਹਾਂ ਸੁਪਨਿਆਂ ਨੂੰ ਸਵੀਕਾਰ ਨਹੀਂ ਕਰੇਗਾ। ਪਰ ਸਵਾਲ ਇਹ ਹੈ ਕਿ ਜਿਸ ਸਮਾਜ ਨੂੰ ਸਾਡੇ ਜਾਣ ਤੋਂ ਬਾਅਦ ਸਾਡੀ ਯਾਦ ਵੀ ਨਹੀਂ ਰਹੇਗੀ, ਉਸ ਸਮਾਜ ਦੀ ਪਰਵਾਹ ਕਰਕੇ ਅਸੀਂ ਆਪਣੀ ਜ਼ਿੰਦਗੀ ਕਿਉਂ ਬਰਬਾਦ ਕਰ ਰਹੇ ਹਾਂ? ਜੇ ਇਹ ਦੁਨੀਆਂ ਸਾਡੇ ਬਿਨਾਂ ਵੀ ਚੱਲ ਸਕਦੀ ਹੈ, ਤਾਂ ਅਸੀਂ ਇਸ ਦੁਨੀਆਂ ਦੇ ਹਿਸਾਬ ਨਾਲ ਆਪਣੀ ਜ਼ਿੰਦਗੀ ਕਿਉਂ ਜੀਅ ਰਹੇ ਹਾਂ?

ਜ਼ਿੰਦਗੀ ਦੇ ਇਸ ਰੋਗ ਦੀ ਇੱਕ ਉਦਾਹਰਣ ਉਹ ਲੋਕ ਹਨ ਜੋ ਸਮਾਜ ਦੇ ਡਰ ਕਾਰਨ ਆਪਣੇ ਬੱਚਿਆਂ 'ਤੇ ਆਪਣੀਆਂ ਇੱਛਾਵਾਂ ਥੋਪ ਦਿੰਦੇ ਹਨ। ਉਹ ਚਾਹੁੰਦੇ ਹਨ ਕਿ ਉਨ੍ਹਾਂ ਦਾ ਪੁੱਤ ਡਾਕਟਰ ਬਣੇ ਜਾਂ ਇੰਜੀਨੀਅਰ ਬਣੇ, ਇਸ ਲਈ ਨਹੀਂ ਕਿ ਬੱਚੇ ਨੂੰ ਇਹ ਪਸੰਦ ਹੈ, ਸਗੋਂ ਇਸ ਲਈ ਕਿ ਸਮਾਜ ਵਿੱਚ ਇਹ ਪੇਸ਼ੇ "ਚੰਗੇ" ਮੰਨੇ ਜਾਂਦੇ ਹਨ। ਜੇ ਬੱਚਾ ਕੁਝ ਵੱਖਰਾ ਕਰਨਾ ਚਾਹੇ, ਜਿਵੇਂ ਕਿ ਸੰਗੀਤਕਾਰ ਬਣਨਾ ਜਾਂ ਖੇਡਾਂ ਵਿੱਚ ਨਾਮ ਕਮਾਉਣਾ, ਤਾਂ ਮਾਂ-ਬਾਪ ਨੂੰ ਡਰ ਲੱਗਦਾ ਹੈ ਕਿ ਲੋਕ ਉਨ੍ਹਾਂ ਨੂੰ ਨਾਕਾਮ ਮਾਂ-ਬਾਪ ਸਮਝਣਗੇ। ਇਸ ਤਰ੍ਹਾਂ, ਬੱਚੇ ਦੀ ਖੁਸ਼ੀ ਅਤੇ ਇੱਛਾ ਨੂੰ ਦਬਾ ਦਿੱਤਾ ਜਾਂਦਾ ਹੈ ਅਤੇ ਉਹ ਜ਼ਿੰਦਗੀ ਭਰ ਇੱਕ ਅਜਿਹੇ ਰਾਹ 'ਤੇ ਚੱਲਦਾ ਹੈ ਜੋ ਉਸ ਦਾ ਆਪਣਾ ਨਹੀਂ ਹੁੰਦਾ। ਇਸ ਦੇ ਉਲਟ, ਜੇ ਅਸੀਂ ਉਨ੍ਹਾਂ ਲੋਕਾਂ ਦੀਆਂ ਜ਼ਿੰਦਗੀਆਂ 'ਤੇ ਨਜ਼ਰ ਮਾਰੀਏ ਜਿਨ੍ਹਾਂ ਨੇ ਵੱਡੇ ਮੁਕਾਮ ਹਾਸਲ ਕੀਤੇ, ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ "ਲੋਕ ਕੀ ਕਹਿਣਗੇ" ਦੀ ਪਰਵਾਹ ਨਹੀਂ ਕੀਤੀ। ਉਹ ਆਪਣੇ ਮਨ ਦੀ ਸੁਣਦੇ ਹਨ, ਆਪਣੇ ਸੁਪਨਿਆਂ ਦੇ ਪਿੱਛੇ ਭੱਜਦੇ ਹਨ ਅਤੇ ਲਗਾਤਾਰ ਮਿਹਨਤ ਕਰਦੇ ਹਨ। ਉਨ੍ਹਾਂ ਨੂੰ ਇਹ ਫਿਕਰ ਨਹੀਂ ਹੁੰਦੀ ਕਿ ਸਮਾਜ ਉਨ੍ਹਾਂ ਦੀ ਮਿਹਨਤ ਨੂੰ ਕਿਸ ਨਜ਼ਰੀਏ ਨਾਲ ਦੇਖੇਗਾ। ਉਹ ਸਿਰਫ਼ ਆਪਣੇ ਟੀਚੇ ਵੱਲ ਵਧਦੇ ਹਨ ਅਤੇ ਆਪਣੀ ਜ਼ਿੰਦਗੀ ਨੂੰ ਆਪਣੇ ਤਰੀਕੇ ਨਾਲ ਜੀਉਂਦੇ ਹਨ। ਅਜਿਹੇ ਲੋਕ ਹੀ ਇਤਿਹਾਸ ਰਚਦੇ ਹਨ, ਕਿਉਂਕਿ ਉਹ ਸਮਾਜ ਦੇ ਬਣਾਏ ਢਾਂਚਿਆਂ ਵਿੱਚ ਨਹੀਂ ਬੱਝਦੇ।

ਇਹ ਸੋਚਣਾ ਜ਼ਰੂਰੀ ਹੈ ਕਿ ਜਿਸ ਦੁਨੀਆਂ ਨੂੰ ਸਾਡੇ ਜਾਣ ਤੋਂ ਬਾਅਦ ਸਾਡੀ ਯਾਦ ਨਹੀਂ ਰਹਿੰਦੀ, ਉਸ ਦੁਨੀਆਂ ਦੀ ਪਰਵਾਹ ਕਰਕੇ ਅਸੀਂ ਆਪਣੇ ਅੰਦਰ ਦੀ ਆਵਾਜ਼ ਨੂੰ ਕਿਉਂ ਦਬਾ ਰਹੇ ਹਾਂ? ਜ਼ਿੰਦਗੀ ਇੱਕ ਮੌਕਾ ਹੈ, ਜੋ ਸਾਨੂੰ ਆਪਣੇ ਤਰੀਕੇ ਨਾਲ ਜਿਉਣ ਲਈ ਮਿਲਦਾ ਹੈ। ਜੇ ਅਸੀਂ ਇਸ ਮੌਕੇ ਨੂੰ ਸਮਾਜ ਦੇ ਡਰ ਕਾਰਨ ਗੁਆ ਦਿੰਦੇ ਹਾਂ, ਤਾਂ ਇਹ ਸਾਡੀ ਸਭ ਤੋਂ ਵੱਡੀ ਹਾਰ ਹੈ। ਜੋ ਚੰਗਾ ਲੱਗਦਾ ਹੈ, ਉਹ ਕਰੋ। ਜੋ ਮਨ ਨੂੰ ਸਕੂਨ ਦਿੰਦਾ ਹੈ, ਉਸ ਨੂੰ ਅਪਣਾਓ।

ਜੋ ਸੁਪਨੇ ਤੁਹਾਡੀਆਂ ਅੱਖਾਂ ਵਿੱਚ ਚਮਕ ਲਿਆਉਂਦੇ ਹਨ, ਉਨ੍ਹਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰੋ। ਇਸ ਦੁਨੀਆਂ ਦੀਆਂ ਗੱਲਾਂ ਸੁਣ ਕੇ ਆਪਣੇ ਆਪ ਨੂੰ ਬੇੜੀਆਂ ਵਿੱਚ ਨਾ ਜਕੜੋ, ਕਿਉਂਕਿ ਇਹ ਦੁਨੀਆਂ ਤੁਹਾਡੇ ਬਿਨਾਂ ਵੀ ਚੱਲੇਗੀ, ਪਰ ਤੁਹਾਡੀ ਜ਼ਿੰਦਗੀ ਸਿਰਫ਼ ਤੁਹਾਡੇ ਲਈ ਹੈ। "ਲੋਕ ਕੀ ਕਹਿਣਗੇ" ਇੱਕ ਅਜਿਹਾ ਰੋਗ ਹੈ ਜੋ ਸਾਡੀ ਖੁਸ਼ੀ, ਸਾਡੀ ਆਜ਼ਾਦੀ ਅਤੇ ਸਾਡੇ ਸੁਪਨਿਆਂ ਨੂੰ ਖਤਮ ਕਰ ਦਿੰਦਾ ਹੈ। ਇਸ ਤੋਂ ਛੁਟਕਾਰਾ ਪਾਉਣ ਦਾ ਇੱਕੋ-ਇੱਕ ਇਲਾਜ ਹੈ - ਆਪਣੇ ਮਨ ਦੀ ਸੁਣੋ, ਆਪਣੇ ਦਿਲ ਦੀ ਗੱਲ ਮੰਨੋ ਅਤੇ ਆਪਣੀ ਜ਼ਿੰਦਗੀ ਨੂੰ ਆਪਣੇ ਤਰੀਕੇ ਨਾਲ ਜੀਓ। ਜਦੋਂ ਤੁਸੀਂ ਇਸ ਰੋਗ ਤੋਂ ਮੁਕਤ ਹੋ ਜਾਓਗੇ, ਤਾਂ ਤੁਹਾਨੂੰ ਅਹਿਸਾਸ ਹੋਵੇਗਾ ਕਿ ਜ਼ਿੰਦਗੀ ਕਿੰਨੀ ਸੁੰਦਰ ਹੈ ਅਤੇ ਇਸ ਨੂੰ ਜਿਉਣ ਦਾ ਅਸਲ ਮਜ਼ਾ ਕੀ ਹੈ।

ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ
liberalthinker1621@gmail.com

## ਮਿੰਨੀ ਕਹਾਣੀ / ਸਿਰਫ ਸੌ ਰੁਪਿਆ

ਛੇ ਦਿਨ ਪਹਿਲਾਂ ਮਾਸਟਰ ਹਰਦਿਆਲ ਸਿੰਘ ਆਪਣੀ ਬੇਟੀ ਦੇ ਵਿਆਹ ਦਾ ਕਾਰਡ ਤੇ ਮਠਿਆਈ ਦਾ ਡੱਬਾ ਮੈਨੂੰ ਘਰ ਆ ਕੇ ਦੇ ਗਿਆ ਸੀ। ਵਿਆਹ ਦਾ ਕਾਰਡ ਤੇ ਮਠਿਆਈ ਦਾ ਡੱਬਾ ਦੇਣ ਵੇਲੇ ਉਸ ਨੇ ਮੈਨੂੰ ਆਖਿਆ ਸੀ ਕਿ ਭਾਵੇਂ ਵਿਆਹ ਨਵਾਂ ਸ਼ਹਿਰ ਬਲਿਊ ਮੂਨ ਪੈਲੇਸ ਵਿੱਚ ਹੋਣਾ ਹੈ ਪਰ ਅਨੰਦ ਕਾਰਜ ਆਪਣੇ ਪਿੰਡ ਦੇ ਗੁਰਦੁਆਰੇ ਵਿੱਚ ਹੋਣੇ ਹਨ। ਅੱਜ ਪਿੰਡ ਦੇ ਗੁਰਦੁਆਰੇ ਤੋਂ ਅਨਾਊਂਸਮੈਂਟ ਹੋ ਰਹੀ ਸੀ, "ਮਾਸਟਰ ਹਰਦਿਆਲ ਸਿੰਘ ਦੀ ਬੇਟੀ ਦੇ ਅਨੰਦ ਕਾਰਜ ਸ਼ੁਰੂ ਹੋਣ ਲੱਗੇ ਆ। ਪਿੰਡ ਵਾਸੀ ਗੁਰਦੁਆਰਾ ਸਾਹਿਬ ਪਹੁੰਚ ਜਾਓ।" ਇਹ ਅਨਾਊਂਸਮੈਂਟ ਸੁਣ ਕੇ ਮੈਂ ਪਿੰਡ ਦੇ ਗੁਰਦੁਆਰੇ ਪਹੁੰਚ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਪਿੱਛੋਂ ਮੈਂ ਮਾਸਟਰ ਹਰਦਿਆਲ ਸਿੰਘ ਦੇ ਲਾਗੇ ਜਾ ਕੇ ਬਹਿ ਗਿਆ। ਉਸ ਦੇ ਖੱਬੇ, ਸੱਜੇ ਤਿੰਨ, ਚਾਰ ਮਾਸਟਰ ਵੀ ਬੈਠੇ ਸਨ ਜੋ ਕਿ ਉਸ ਦੇ ਨਾਲ ਪੜ੍ਹਾਉਂਦੇ ਸਨ। ਪਾਠੀ ਸਿੰਘ ਨੇ ਚਾਰ ਲਾਵਾਂ ਪੜ੍ਹ ਕੇ ਅਨੰਦ ਕਾਰਜ ਪੂਰੇ ਕੀਤੇ। ਮੈਂ ਆਪਣੀ ਜੇਬ ਵਿੱਚੋਂ ਸ਼ਗਨ ਦਾ ਲਿਫਾਫਾ ਕੱਢ ਕੇ ਮਾਸਟਰ ਹਰਦਿਆਲ ਸਿੰਘ ਦੇ ਅੱਗੇ ਕਰਦਿਆਂ ਕਿਹਾ, "ਤੁਹਾਨੂੰ ਬੇਟੀ ਦੇ ਵਿਆਹ ਦੀਆਂ ਬਹੁਤ, ਬਹੁਤ ਵਧਾਈਆਂ।"


ਮਾਸਟਰ ਹਰਦਿਆਲ ਸਿੰਘ ਨੇ ਆਖਿਆ, "ਹਾਲੇ ਇਹ ਲਿਫਾਫਾ ਰਹਿਣ ਦਿਓ। ਗੁਰਦੁਆਰੇ ਤੋਂ ਬਾਹਰ ਜਾ ਕੇ ਲਵਾਂਗੇ।" ਮੈਨੂੰ ਉਸ ਦੇ ਇਸ ਵਰਤਾਓ ਤੇ ਕੁਝ ਗੁੱਸਾ ਚੜ੍ਹ ਗਿਆ। ਫਿਰ ਮਨ ਮਾਰ ਕੇ ਉਸ ਦੇ ਗੁਰਦੁਆਰੇ ਚੋਂ ਬਾਹਰ ਜਾਣ ਦਾ ਇੰਤਜ਼ਾਰ ਕਰਨ ਲੱਗਾ। ਪ੍ਰਸ਼ਾਦ ਲੈਣ ਪਿੱਛੋਂ ਲੜਕੇ ਨਾਲ ਆਏ ਬਰਾਤੀ ਤੇ ਪਿੰਡ ਦੇ ਲੋਕ ਗੁਰਦੁਆਰੇ ਤੋਂ ਬਾਹਰ ਆ ਗਏ। ਮੈਂ ਵੀ ਮਾਸਟਰ ਹਰਦਿਆਲ ਸਿੰਘ ਦੇ ਨਾਲ ਬਾਹਰ ਆ ਗਿਆ।

"ਮਾਸਟਰ ਜੀ, ਹੁਣ ਤਾਂ ਸ਼ਗਨ ਲੈ ਲਓ।" ਮੈਂ ਆਖਿਆ। ਉਹ ਬੜੀ ਨਿਮਰਤਾ ਨਾਲ ਆਖਣ ਲੱਗਾ, "ਪਹਿਲਾਂ ਤਾਂ ਮੈਂ ਤੁਹਾਡੇ ਕੋਲੋਂ ਇਸ ਗੱਲ ਦੀ ਮਾਫੀ ਮੰਗਦਾਂ ਕਿ ਮੈਂ ਗੁਰਦੁਆਰੇ ਦੇ ਅੰਦਰ ਤੁਹਾਡੇ ਕੋਲੋਂ ਲਿਫਾਫਾ ਨਹੀਂ ਫੜਿਆ। ਦੂਜੀ ਗੱਲ ਮੈਂ ਕਿਸੇ ਤੋਂ ਵੀ ਲਿਫਾਫੇ ਵਿੱਚ ਸ਼ਗਨ ਨਹੀਂ ਲਿਆ। ਹਰ ਇਕ ਤੋਂ ਸਿਰਫ ਸੌ ਰੁਪਿਆ ਲਿਆ। ਤੁਹਾਨੂੰ ਪਤਾ ਹੀ ਆ, ਮੈਂ ਤੇ ਮੇਰੀ ਪਤਨੀ ਦੋਵੇਂ ਟੀਚਰ ਹਾਂ। ਸਾਨੂੰ ਕਿਸੇ ਵੀ ਚੀਜ਼ ਦੀ ਲੋੜ ਨਹੀਂ। ਬੇਟੀ ਕੁਝ ਦਿਨ ਪਹਿਲਾਂ ਆਸਟ੍ਰੇਲੀਆ ਤੋਂ ਵਿਆਹ ਕਰਾਣ ਲਈ ਆਈ ਸੀ। ਕੁਝ ਦਿਨਾਂ ਪਿੱਛੋਂ ਉਸ ਨੇ ਮੁੜ ਆਸਟ੍ਰੇਲੀਆ ਚਲੇ ਜਾਣਾ ਆਂ। ਇਸ ਕਰਕੇ ਤੁਸੀਂ ਮੈਨੂੰ ਸਿਰਫ ਸੌ ਰੁਪਿਆ ਸ਼ਗਨ ਦਾ ਦੇ ਦਿਓ।" ਮੈਂ ਆਪਣੇ ਬਟੂਏ ਚੋਂ ਸੌ ਰੁਪਏ ਦਾ ਨੋਟ ਕੱਢ ਕੇ ਉਸ ਦੇ ਹੱਥਾਂ ਤੇ ਰੱਖ ਦਿੱਤਾ। ਮੈਂ ਸੋਚ ਰਿਹਾ ਸਾਂ ਕਿ ਜੇ ਸਾਰੇ ਲੋਕ ਉਸ ਵਾਂਗ ਕਰਨ ਲੱਗ ਪੈਣ ਤਾਂ ਕਿੰਨਾ ਪੈਸਾ ਬਚ ਸਕਦਾ ਅਤੇ ਵਾਧੂ ਦੇ ਲੜਾਈ, ਝਗੜੇ ਤੇ ਕਲੇਸ਼ ਜਿਹੜੇ ਲੈਣ-ਦੇਣ ਪਿੱਛੇ ਹੁੰਦੇ ਹਨ, ਵੀ ਘੱਟ ਸਕਦੇ ਹਨ।

ਮਹਿੰਦਰ ਸਿੰਘ ਮਾਨ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਫੋਨ 9915803554

# ਕੋਹਾਂ ਤੀਕਰ ਬੰਜਰ ਸੀ

ਸੁਖਪਾਲ ਸਿੰਘ ਗਿੱਲ
ਅਬਿਆਣਾਂ ਕਲਾਂ
ਮੋ: 98781-11445



ਕਵੀ ਫੁੱਲਾਂ ਦੇ ਗੁਲਦਸਤੇ ਵਾਂਗ ਹੁੰਦਾ ਹੈ ਜਿਸ ਵਿੱਚ ਤਰ੍ਹਾਂ-ਤਰ੍ਹਾਂ ਦੇ ਫੁੱਲ ਆਪਣੇ ਸੁਨੇਹੇ ਦਿੰਦੇ ਹਨ। ਗੁਲਦਸਤੇ ਵਾਂਗ ਜਿਸ ਕਵੀ ਕੋਲ ਕਵਿਤਾ ਤੋਂ ਇਲਾਵਾ ਦਾਰਸ਼ਨਿਕਤਾ, ਫਿਲਾਸਪੀ ਅਤੇ ਹੋਰ ਵੰਨਗੀਆਂ ਦੇ ਰੰਗ ਵੀ ਹੋਣ ਉਹ ਆਪਣੀ ਕਵਿਤਾ ਨੂੰ ਭਰਪੂਰ ਸੰਦੇਸ਼ਵਾਹਕ ਸਾਬਤ ਕਰ ਦਿੰਦਾ ਹੈ। ਸੁਰਜੀਤ ਪਾਤਰ ਲਫ਼ਜਾ ਦਾ ਅਜਿਹਾ ਰਚਨਹਾਰਾਂ ਸੀ ਜਿਸ ਵਿੱਚ ਕਾਵਿ ਅਤੇ ਦਾਰਸ਼ਨਿਕਤਾ ਬਰਾਬਰ ਚੱਲਦੀ ਸੀ। ਕਵੀ ਦੀ ਆਤਮਾ ਵਿੱਚ ਕਲਾ, ਬੁੱਧੀ ਅਤੇ ਆਲੇ-ਦੁਆਲੇ ਦੇ ਹਾਲਾਤਾਂ ਦੀ ਅੰਦਰ ਤਰੰਗ ਹੁੰਦੀ ਹੈ। ਜੋ ਲਗਾਤਾਰ ਕੰਪਨ ਛੇੜੀ ਰੱਖਦੀ ਹੈ। ਕਵਿਤਾ ਅੰਦਰਲੀ ਲੋਅ ਨੂੰ ਬਾਹਰ ਕੱਢਕੇ ਪ੍ਰਕਾਸ਼ਮਾਨ ਕਰਦੀ ਹੈ। ਕਵਿਤਾ ਸਾਹਿਤ ਦਾ ਰੂਪ ਹੁੰਦੀ ਹੈ ਜਿਸ ਵਿੱਚ ਖਾਸ ਕਲਾਤਮਿਕ ਪ੍ਰਯੋਜਨ ਲਈ ਭਾਸ਼ਾ ਦੇ ਸੁਹਜਾਤਮਿਕ ਅਤੇ ਲੈਆਤਮਿਕ ਗੁਣ ਹੁੰਦੇ ਹਨ। ਮਨੁੱਖੀ ਹਿਰਦਿਆਂ ਦੇ ਵਲਵਲਿਆਂ ਦੀ ਸੁਹਜਮਈ ਤਰਜ਼ਮਾਨੀ ਕਰਦੀ ਹੈ। ਕਵਿਤਾ ਵਿੱਚ ਕਵੀ ਜਜਬਿਆਂ ਅਤੇ ਆਲੇ-ਦੁਆਲੇ ਦੇ ਬਹੁਮੁੱਲੇ ਅਤੇ ਸੋਹਣੇ ਸ਼ਬਦਾਂ ਦਾ ਪਹਰਾਵਾ ਪਹਿਨਾ ਕੇ ਸੁਰਤਾਲ ਵਿੱਚ ਸਰਲਤਾ ਨਾਲ ਆਤਮਿਕ ਅਤੇ ਬੌਧਿਕ ਰਸ ਪੈਦਾ ਕਰਦਾ ਹੈ। ਕਵੀ ਜੋ ਭਵਿੱਖ ਦੀ ਚੇਤੰਨਤਾ ਪੈਦਾ ਕਰਕੇ ਉਸ ਨੂੰ ਸ਼ਬਦਾਂ ਰਾਹੀ ਭਵਿੱਖੀ ਚਿੰਤਾ ਅਤੇ ਨਾਂਹ-ਪੱਖੀ ਪ੍ਰਭਾਵਾ ਨੂੰ ਰੋਕਣ ਦਾ ਯਤਨ ਕਰਦਾ ਹੈ। ਉਸ ਕਵੀ ਨੂੰ ਦਾਰਸ਼ਨਿਕਤਾ ਦੀ ਮਿਸਾਲ ਵੀ ਸਮੱਝਿਆ ਜਾਂਦਾ ਹੈ। ਇਹ ਗੁਣ ਡਾਕਟਰ ਸੁਰਜੀਤ ਪਾਤਰ ਵਿੱਚ ਪਾਏ ਜਾਂਦੇ ਸਨ। ਉਹਨਾਂ ਦੀ ਕਵਿਤਾ ਖੋਜ ਅਤੇ ਸਾਰਥਿਕ ਪਹੁੰਚ ਵਾਲੀ ਹੈ। ਇਸੇ ਲਈ ਉਹਨਾਂ ਵਿੱਚ ਸਦਾਬਹਾਰੀ ਸਾਹਿਤਕ ਲੋਅ ਸੀ। ਜਦੋਂ ਪਾਤਰ ਸਾਹਿਬ ਅੰਦਰੂਨੀ ਆਤਮਾ ਦੇ ਰਸ, ਹਿਰਦੇ ਚੋਂ ਉੱਪਜੀ ਤਰੰਗ ਅਤੇ ਆਤਮਿਕ ਆਵਾਜ਼ ਨਾਲ ਲਿਖਦੇ ਸਨ ਤਾਂ ਉਹ ਇੱਕ ਤਰ੍ਹਾਂ ਵਾਸਤਵਿਕਤਾ, ਹੋਂਦ, ਗਿਆਨ, ਕੀਮਤਾਂ, ਕਾਰਨਾਂ, ਮਨ, ਬੋਲੀ ਅਤੇ ਭਾਸ਼ਾ ਦਾ ਧਨੰਤਰ ਹੁੰਦੇ ਸਨ।

ਵਿਅਕਤੀਗਤ ਤੌਰ ਤੇ ਉਹਨਾਂ ਦੀ ਸਖਸ਼ੀਅਤ ਫੁੱਲ ਵਰਗੀ ਸੀ ਜਿਵੇਂ ਫੁੱਲ ਦੀ ਕੀਮਤ ਉਸਦੀ ਖੁਸ਼ਬੂ ਲਈ ਹੁੰਦੀ ਹੈ। ਠੀਕ ਉਸੇ ਤਰ੍ਹਾਂ ਪਾਤਰ ਸਾਹਿਬ ਦੀ ਕੀਮਤ ਉਹਨਾਂ ਦੀ ਕਲਮ ਕਰਕੇ ਸੀ। ਮਿਲਾਪੜਾ, ਸਾਊ, ਇੰਨਸਾਫ ਪਸੰਦ ਅਤੇ ਹੱਕਾਂ ਦੀ ਪਹਿਰੇਦਾਰੀ ਉਹਨੇ ਦੇ ਰਗ-ਰਗ ਵਿੱਚ ਵਸੀ ਆਦਤ ਸੀ। ਸਕੂਲੀ, ਕਾਲਜੀ ਪੜ੍ਹਾਈ ਤੋਂ ਬਾਅਦ ਸ਼੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ ਜਿਸ ਦਾ ਵਿਸ਼ਾ ਸੀ "ਲੋਕਧਾਰਾ ਦਾ ਨਾਨਕ ਬਾਣੀ ਵਿੱਚ ਰੂਪਾਂਤਰਣ"। ਆਪਣੇ ਗੁਰੂ ਅਧਿਆਪਕ ਸੁਰਜੀਤ ਸੇਠੀ ਦੀ ਸਲਾਹ ਤੇ ਆਪਣਾ ਤਖੱਲਸ 'ਪਾਤਰ' ਰੱਖਿਆ। ਬਸ ਫੇਰ ਪਾਤਰ-ਪਾਤਰ ਅਤੇ ਸੁਰਜੀਤ ਪਾਤਰ ਹੁੰਦੀ ਗਈ। ਸਾਹਿਤ ਅਕਾਦਮੀ, ਪੰਜਾਬ ਕਲਾ ਪ੍ਰੀਸ਼ਦ ਅਤੇ ਹੋਰ ਸਾਹਿਤਕ, ਸਮਾਜਿਕ ਤਾਣੇ-ਬਾਣੇ ਦੀ ਨੁਮਾਇੰਦਗੀ ਨਿਭਾਉਂਦੇ ਰਹੇ। ਸਮਾਜਿਕ ਭਾਵਨਾਵਾਂ ਦੀ ਤਰਜ਼ਮਾਨੀ ਕਰਕੇ ਜਟਿਲ ਸਮੱਸਿਆਵਾਂ ਹੱਲ ਕਰਨਾ ਉਹਨਾਂ ਦੇ ਸੁਭਾਅ ਦਾ ਪਹਿਲੂ ਸੀ। ਉਹਨਾਂ ਦੀ ਸ਼ਬਦਾਵਲੀ ਦੀ ਤਪਸ ਅਤੇ ਗਹਿਰਾਈ ਮਨੁੱਖਤਾ ਭਾਵਨਾਤਮਿਕ ਤੌਰ ਤੇ ਸਾਂਭਦੀ ਹੈ। ਲਿਖਤਾਂ ਨੂੰ ਯਥਾਰਥ ਅਤੇ ਪ੍ਰਮਾਣਿਕ ਅਨੁਭਵਾਂ ਦੇ ਸਹਾਰੇ ਮੰਤਰ ਮੁਗਧ ਹੋ ਕੇ ਤੋਰੀ ਰੱਖਿਆ। ਕਲਮ ਆਪਣੇ ਆਪ ਫਰਾਟੇ ਮਾਰਦੀ ਹੋਈ ਸ਼ਬਦ ਪਰੋਂਦੀ ਰਹਿੰਦੀ ਅਤੇ ਲੋਕਾਈ ਨੂੰ ਗੂੜ੍ਹੇ, ਸੋਹਣੇ ਅਤੇ ਤਾਕਤਵਰ ਸੁਨੇਹੇ ਦਿੰਦੀ ਰਹੀ। ਸਰੀਰਿਕ ਵਿਛੋੜਾ ਉਹਨਾਂ ਦੀਆਂ ਰਚਨਾਵਾਂ ਨੂੰ ਭਾਵਨਾਤਮਿਕ ਤੌਰ ਤੇ ਗੂੜ੍ਹੀ ਰੰਗਤ ਦੇ ਗਿਆ ਹਰ ਪਾਸੇ ਰਚਨਾਵਾਂ ਦੀ ਝੱਲਕ, ਆਵਾਜ਼ ਅਤੇ ਪਰਛਾਵੇਂ ਦਿਖਦੇ ਹਨ।

ਅਜੋਕੇ ਯੁੱਗ ਵਿੱਚ ਯੁੱਗ ਪੁਰਸ਼ ਬਣਕੇ ਸਾਹਿਤ ਨੂੰ ਨਵੀਂ ਸੋਚ ਅਤੇ ਰੂਹ ਦਿੱਤੀ। ਇਸੇ ਦੌਰਾਨ ਉਹਨਾਂ ਨੇ ਬਹੁਤ ਗੂੜ੍ਹੀ ਅਤੇ ਨਾਮੀ ਰਚਨਾ ਲਿਖੀ "ਕੋਈ ਡਾਲੀਆਂ ਚੋਂ ਲੰਘਿਆਂ ਹਵਾ ਬਣਕੇ, ਅਸੀਂ ਰਹਿ ਗਏ ਬਿਰਖ ਵਾਲੀ ਹਾਅ ਬਣਕੇ"। ਸਿਆਸੀ ਗਲਿਆਰਿਆਂ, ਝੰਜਟਾਂ ਅਤੇ ਸਮੇਂ ਦੀ ਖਿੱਚੋਤਾਣ ਵਿੱਚੋਂ ਸਾਥ ਬੇਦਾਗ ਹੋ ਕੇ ਜੀਵਨ ਗੁਜਾਰਿਆਂ। ਚੇਤੰਨਤਾ ਦਾ ਸਰੋਤ ਬਣਕੇ ਨਵੀਂਆਂ ਪੈੜਾਂ ਪਾਈਆਂ ਅਤੇ ਰਾਹਾਂ ਤੇ ਤੁਰਨ ਦੀ ਬਜਾਏ ਆਪ ਰਾਹ ਪਾਏ। ਭ੍ਰਿਸ਼ਟਾਚਾਰ ਬਾਰੇ ਸਿਆਸੀ ਜਮਾਤ ਤੇ ਉਹਨਾਂ ਦੀ ਮਾਰੀ ਚੋਟ ਅੱਜ ਵੀ ਝੰਜੋੜਦੀ ਹੈ "ਸੀਟੀ ਮਾਰੀ ਚੋਰ ਤੋਂ ਪੁੱਛ ਕੇ ਪਹਿਰੇਦਾਰ ਨੇ, ਦੋਵਾਂ ਨੂੰ ਹੀ ਰੱਖਿਆ ਵੱਡੀ ਸਰਕਾਰ ਨੇ"। ਭਾਸ਼ਾ ਦਾ ਮਾਂ-ਬੋਲੀ ਪੰਜਾਬੀ ਦਾ ਦੀਵਾਨਾ ਪਾਤਰ ਭਾਸ਼ਾ ਦੀ ਚਿੰਤਾ ਕਰਦਾ ਹੋਇਆ ਇਸ ਨੂੰ ਬਚਾਉਂਣ ਲਈ ਵਾਸਤੇ ਪਾਉਂਦਾ ਹੈ "ਮਰ ਰਹੀ ਹੈ ਮੇਰੀ ਭਾਸ਼ਾ, ਸ਼ਬਦ-ਸ਼ਬਦ, ਵਾਕ-ਵਾਕ"। ਇਕ ਇੰਟਰਵਿਊ ਦੌਰਾਨ ਉਹਨਾਂ ਕਿਹਾ ਸੀ "ਮੇਰਾ ਬੱਚਾ ਅੰਗਰੇਜ਼ੀ ਬੋਲੇਗਾ ਤਾਂ ਇਹ ਉਸਦੀ ਪਹਿਚਾਣ ਹੋਵੇਗੀ, ਆਪਣੀ ਰੂਹ ਦੇ ਨੰਗੇਜ਼ ਹੋਣ ਦੀ ਥਾਂ ਭਾਸ਼ਾ ਸਾਡੇ ਜਿਸ਼ਮਾਂ ਦਾ ਪਹਿਰਾਵਾ ਬਣ ਗਈ ਹੈ"। ਇਸ ਤੋਂ ਇਲਾਵਾ ਬੋਲੀ ਬਾਰੇ ਇਕ ਹੋਰ ਗਹਿਰੀ ਰਮਜ਼ ਸਾਂਝੀ ਕਰਦੇ ਹਨ "ਮਾਂਵਾਂ ਸਾਰਿਆਂ ਦੀਆਂ ਸੋਹਣੀਆਂ ਹੁੰਦੀਆਂ ਹਨ ਪਰ ਅਸੀਂ ਮਾਂ ਨੂੰ ਕਿਸੇ ਨਾਲ ਬਟਾ ਨਹੀਂ ਸਕਦੇ"। ਅੱਗੇ ਚੱਲਕੇ ਕਹਿੰਦੇ ਹਨ ਇਹ ਸਿਰਫ ਬੋਲੀ ਦੇ ਮਰਨ ਦੀ ਗੱਲ ਨਹੀਂ ਬੰਦੇ ਦੇ ਮਰਨ ਦੀ ਗੱਲ ਹੈ। ਉਹਨਾਂ ਦੀਆਂ ਰਚਨਾਵਾਂ ਦਾ ਖਜ਼ਾਨਾ ਇਸ ਤਰ੍ਹਾਂ ਹੈ "ਹਵਾ ਚ ਲਿਖੇ ਹਰਫ਼, ਬਿਰਖ ਅਰਜ਼ ਕਰੇ, ਹਨ੍ਹੇਰੇ ਵਿੱਚ ਸੁਲਗਦੀ ਵਰਣਮਾਲਾ, ਲਫ਼ਜ਼ਾ ਦੀ ਦਰਗਾਹ, ਪੱਤਝੜ ਦੀ ਪੰਜੇਬ, ਸਰਜ਼ਮੀਨ, ਚੰਨ ਸੂਰਜ ਦੀ ਵਹਿੰਗੀ, ਹਾਏ ਮੇਰੀ ਕੁਰਸੀ, ਸੂਰਜ ਮੰਦਿਰ ਦੀਆਂ ਪੌੜੀਆਂ, ਸ਼ਹਿਰ ਮਰੇ ਦੀ ਪਾਗਲ ਔਰਤ, ਇੱਛਾਧਾਰੀ"। ਇਸ ਤੋਂ ਇਲਾਵਾ ਮਣਾਂ ਦੇ ਹਿਸਾਬ ਨਾਲ ਹੋਰ ਸਾਹਿਤ ਵੀ ਉਹਨਾਂ ਵੱਲੋਂ ਰਚਿਆ ਗਿਆ।

ਹੀਰਾ ਸੀ ਸੁਰਜੀਤ ਪਾਤਰ, ਇਹ ਹੀਰਾ ਕਈ ਸ਼ੀਸ਼ਿਆਂ ਨੂੰ ਕੱਟ ਸਕਦਾ ਸੀ। ਦਰਵੇਸ ਸੁਭਾਅ ਕਰਕੇ ਕਦੇ ਚੱਕ-ਰੱਖ ਵਿੱਚ ਨਹੀਂ ਪਿਆ। ਆਵਾਜ਼, ਖੋਜ ਅਤੇ ਲਿਖਤ ਨਾਲ ਤਰਾਸਦੀਆਂ ਦਾ ਮੁਕਾਬਲਾ ਕਰਕੇ ਜੇਤੂ ਨਿਕਲਣਾ ਵੀ ਪਾਤਰ ਸਾਹਿਬ ਦੇ ਹਿੱਸੇ ਸੀ। 79 ਸਾਲ ਦੇ ਯੁੱਗ ਪੁਰਸ਼ ਨੇ ਇਕ ਯੁੱਗ ਬਣਾਕੇ ਵਿਰਾਸਤ ਵਿੱਚ ਮਣਾਂ ਦੇ ਹਿਸਾਬ ਨਾਲ ਸਾਹਿਤਕ ਖਜ਼ਾਨਾ ਸਾਨੂੰ ਸੰਭਾਲ ਦਿੱਤਾ। ਉਹਨਾਂ ਦੀ ਸੋਚ ਹੱਦਾਂ ਪਾਰ ਕਰਕੇ ਉੱਥੇ ਤੱਕ ਉਡਾਰੀ ਭਰਦੀ ਸੀ ਜਿੱਥੇ ਹਨੇਰੇ ਵਿੱਚ ਜੀਵਨ ਖਤਮ ਹੁੰਦਾ ਹੈ। ਸ਼ੰਕਾ ਆਪਣੇ ਉੱਤੇ ਹਾਵੀ ਨਹੀਂ ਹੋਣ ਦਿੱਤੀ। ਸੱਭਿਅਤਾ, ਅਦਬ, ਸੁਖਮਤਾ ਅਤੇ ਸੱਭਿਆਚਾਰ ਦਾ ਮੁਜੱਸਮਾਂ ਉਹਨਾਂ ਦੀ ਕਲਮ ਵਿੱਚੋਂ ਕਿਰਦਾ ਸੀ। ਉਹ ਹਮੇਸ਼ਾ ਗੂੜ੍ਹੇ ਸਿਆਸੀ ਸਮਾਰੋਹਾਂ ਦਾ ਪ੍ਰੋਹਣਾ ਬਣਨ ਤੋਂ ਗੁਰੇਜ਼ ਕਰਦੇ ਸਨ। ਆਪਣੇ ਕਿਰਦਾਰ ਦੇ ਅਨੁਕੂਲ ਸ਼ਬਦ ਬੋਲਣੇ ਉਹਨਾਂ ਦੀ ਸਖਸੀਅਤ ਨੂੰ ਹੋਰ ਵੀ ਨਿਖਾਰਦੇ ਸਨ। ਅੱਜ ਦੀ ਮੁੱਖ ਤਰਾਸਦੀ ਪਰਵਾਸ ਨੂੰ ਰੋਕਣ ਲਈ ਸਭ ਤੋਂ ਪਹਿਲਾਂ ਉਹਨਾਂ ਵੱਲੋਂ ਪਹੁੰਚ ਅਪਣਾਈ ਗਈ। ਸ਼ਬਦਾ ਦੇ ਬਾਣ ਨਾਲ ਪਰਵਾਸ ਨੂੰ ਰੋਕਣ ਲਈ ਉਹਨਾਂ ਸੰਜੀਦਗੀ ਦਿਖਾਈ ਅਤੇ ਗਾਗਰ ਵਿੱਚ ਸਾਗਰ ਭਰਨ ਵਰਗਾ ਸੁਨੇਹਾ ਦਿੱਤਾ "ਏਥੋਂ ਕੁੱਲ ਪਰਿੰਦੇ ਹੀ ਉੱਡ ਗਏ, ਏਥੋਂ ਮੇਘ ਆਉਂਦੇ ਵੀ ਮੁੜ ਗਏ, ਏਥੋਂ ਕਰਨ ਅੱਜ ਕੱਲ ਬਿਰਖ ਵੀ ਕਿਤੇ ਹੋਰ ਜਾਣ ਦੇ ਮਸ਼ਵਰੇ"। ਸਤਰਾਂ ਮੂੰਹੋਂ ਬੋਲਦੀਆਂ ਹਨ ਕਿ ਤੜਫ ਅਤੇ ਚਿੰਤਾ ਪੰਜਾਬ ਲਈ ਖੂਨ ਵਿੱਚ ਹੀ ਵਸੀ ਹੋਈ ਸੀ। ਆਪਣੀ ਜ਼ਮੀਰ ਅਤੇ ਦਿਲ ਦਾ ਹੁਕਮ ਕਬੂਲਕੇ ਹਮੇਸ਼ਾ ਬੇ-ਇਨਸਾਫੀ ਦੇ ਵਿਰੁੱਧ ਖੜ੍ਹੇ। ਇਹੀਂ ਕਾਰਨ ਹੈ ਕਿ ਉਹਨਾਂ ਦੀ ਮਕਬੂਲੀਅਤ ਗੂੰਜ ਦੀ ਰਹੀ। ਕਦੇ ਵੀ ਜ਼ਜਬਾਤੀ ਹੋ ਕੇ ਸਮਾਜ ਅਤੇ ਸੱਭਿਅਤਾ ਦੇ ਬੂਹੇ ਨਹੀਂ ਛੱਡੇ। ਉਹਨਾਂ ਦੇ ਜ਼ਜਬਿਆਂ ਵਿੱਚੋਂ ਪਾਤਰ ਅਤੇ ਪਾਤਰ ਵਿੱਚੋਂ ਹਮੇਸ਼ਾ ਜ਼ਜਬੇ ਦਿਖਾਈ ਦਿੱਤੇ।

1960 ਵਿਆਂ ਤੋਂ ਕਾਵਿ ਸਿਰਜਣਾ ਦਾ ਵਰਤਾਰਾ ਨਿਰੰਤਰ ਚੱਲਦਾ ਰਿਹਾ। ਸਮਾਜ ਵਿੱਚ ਰਾਜਨੀਤਿਕ ਚੇਤਨਾ ਅਤੇ ਜਬਰ ਦੇ ਵਿਰੁੱਧ ਉਹਨਾਂ ਦੀ ਕਵਿਤਾ ਇਨਕਲਾਬੀ ਸੁਰ ਵਿੱਚ ਤੁਰੰਤ ਆਪ ਮੁਹਾਰੇ ਬੋਲ ਪੈਂਦੀ ਸੀ। ਪ੍ਰਸਿੱਧ ਹੋਣ ਨਾਲੋਂ ਇਮਾਨਦਾਰ ਹੋਣਾ ਉਹਨਾਂ ਨੂੰ ਠੀਕ ਲੱਗਿਆ। ਰਸਨਾ, ਜੀਭ ਅਤੇ ਅੰਦਰ ਹਮੇਸ਼ਾ ਪੰਜਾਬ ਦੀਆਂ ਭਾਵਨਾਵਾਂ ਗੂੰਜਦੀਆਂ ਰਹੀਆਂ। ਲਫ਼ਜ, ਸੂਰਤ, ਚਾਲ-ਢਾਲ, ਵਹਿੰਦੀਧਾਰਾ ਵਾਂਗ ਜੁਝਾਰਵਾਦੀ ਕਵਿਤਾ ਰਾਹੀ ਕਦੇ ਵੀ ਵਕਾਰ ਅਤੇ ਅੰਦਾਜ਼ ਨੂੰ ਇਮਾਨਦਾਰੀ ਵਿੱਚੋਂ ਬਾਹਰ ਨਹੀਂ ਜਾਣ ਦਿੱਤਾ। ਨਵੀਂ ਪ੍ਰਗਤੀਵਾਦੀ ਵਿਚਾਰਾਂ ਨੂੰ ਸਮੇਟਦੀ ਪਾਤਰ ਦੀ ਕਵਿਤਾ ਲੋਕ ਵਿਸ਼ਵਾਸ ਨੂੰ ਜਿੱਤ ਲੈਂਦੀ ਹੈ। ਦੰਭਾਂ, ਪਾਖੰਡਾਂ ਅਤੇ ਨਕਲੀਪਣ ਦਾ ਪਰਦਾਫ਼ਾਸ਼ ਕਰਕੇ ਹਮੇਸ਼ਾ ਪੰਜਾਬ ਦੀ ਨਜ਼ਰ ਉਤਾਰਨ ਦੀ ਗੰਭੀਰਤਾ ਦਿਖਾਈ। ਮਾਨਵਵਾਦੀ ਦੀ ਸੋਚ ਦੀ ਪਹਿਚਾਣ ਕਰਕੇ ਰਿਸ਼ਤਿਆਂ ਨੂੰ ਭਾਵਨਾਤਮਿਕ ਤੌਰ ਤੇ ਮਾਨਵ ਬਿਰਤੀ ਵਿੱਚ ਵਸਾਇਆਂ। ਪਦਮਸ਼੍ਰੀ ਮਿਲਣ ਤੋਂ ਬਾਅਦ ਮਾਂ ਨੂੰ ਮਿਲਕੇ ਉਸ ਦੇ ਸ਼ਬਦ ਨਿੱਜੀ ਸੱਚ ਦੇ ਪਹਿਰੇਦਾਰ ਬਣਦੇ ਹਨ "ਅੰਮੜੀ ਮੈਨੂੰ ਆਖਣ ਲੱਗੀ, ਤੂੰ ਧਰਤੀ ਦਾ ਗੀਤ ਰਹੇਗਾ, ਪਦਮਸ਼੍ਰੀ ਹੋਕੇ ਵੀ ਪਾਤਰ ਤੂੰ ਮੇਰਾ ਸੁਰਜੀਤ ਰਹੇਗਾ"। ਭਾਸ਼ਾ ਅਤੇ ਰਿਜ਼ਕ ਨੂੰ ਇੱਕ ਸਿੱਕੇ ਦੇ ਦੋ ਪਹਿਲੂ ਬਣਾਉਂਣ ਨੂੰ ਪ੍ਰਮਾਣਿਤ ਕੀਤਾ। ਕਵਿਤਾ 'ਪਿੱਛੇ-ਪਿੱਛੇ ਰਿਜ਼ਕ ਦੇ ਆਇਆ ਨੰਦ ਕਿਸ਼ੋਰ' ਵਿੱਚ ਬਾਹਰਲੇ ਰਾਜ ਦੀ ਕੁੜੀ ਨੂੰ ਭਾਸ਼ਾ ਨਾਲ ਰਿਜ਼ਕ ਨੂੰ ਸੁਖਾਲਾ ਬਣਾਉਂਣ ਲਈ ਗਿਆਨ ਵਿੱਚ ਵਾਧਾ ਕੀਤਾ। ਕਵਿਤਾ ਦੇ ਬੋਲ ਹਨ "ਊੜਾ ਐੜਾ ਲਿਖ ਰਹੀ ਬੇਟੀ ਨੰਦ ਕਿਸ਼ੋਰ ਦੀ, ਕਿੰਨਾਂ ਗੂੜਾ ਸਾਕ ਹੈ ਅੱਖਰਾਂ ਦਾ ਤੇ ਰਿਜ਼ਕ ਦਾ"

ਪੰਜਾਬ ਦੀ ਚਿੰਤਾ ਇੰਨੀ ਜਿਆਦਾ ਹੈ ਕਿ ਪਰਿਵਾਰ ਸਮਝ ਕੇ ਇਸ ਦੀ ਫਿਕਰਵੰਦੀ ਕਰਦਾ ਹੈ। ਕਿਸਾਨੀ ਅੰਦੋਲਨ ਸਮੇਂ ਪਾਤਰ ਦੀਆਂ ਸਾਹਿਤਕ ਲਾਹਣਤਾਂ ਇਕ ਟੈਲੀਸਕੋਪਿਕ ਹੱਥਿਆਰ ਵਾਂਗ ਟਿਕਾਣੇ ਵੱਜੀਆਂ। ਕਵਿਤਾ ਅਤੇ ਦਾਰਸ਼ਨਿਕਤਾ ਵਿਚਲਾ ਸੁਮੇਲ ਅਤੇ ਸੁਭਾਅ ਵਿੱਚੋਂ "ਇਹ ਮੇਲਾ ਹੈ" ਕਵਿਤਾ ਰਾਹੀਂ ਅਜਿਹਾ ਬਾਣ ਸਾਬਤ ਹੋਇਆ ਜਿਸ ਦਾ ਅੱਖਰ-ਅੱਖਰ ਸੱਚ ਸੀ। ਇਸ ਕਵਿਤਾ ਦੀ ਸਭ ਤੋਂ ਉੱਚੀ ਸੁੱਚੀ ਗੱਲ ਇਹ ਸੀ ਕਿ ਅੰਦੋਲਨ ਚੱਲਦੇ ਸਮੇਂ ਜੋ ਨਕਸ਼ਾ ਪਾਤਰ ਸਾਹਿਬ ਨੇ ਸਿਰਜਿਆ ਸੀ ਉਹ ਅੱਖਰ-ਅੱਖਰ ਸੱਚ ਹੋਇਆ। ਕਵਿਤਾ ਵਿੱਚੋਂ ਉੱਗਦੀ ਦਾਰਸ਼ਨਿਕਤਾ ਜ਼ਰੀਏ ਪਾਤਰ ਸਾਹਿਬ ਨੇ ਕਿਸਾਨ ਅੰਦੋਲਨ ਵਿੱਚ ਬੋਲੀ ਅਤੇ ਪੰਜਾਬ ਦਾ ਸੱਚਾ ਸਪੂਤ ਸਾਬਤ ਕੀਤਾ। ਜਦੋਂ ਸਰਕਾਰ ਵੱਲੋਂ ਪਾਣੀ ਅਤੇ ਬਿਜਲੀ ਕੱਟ ਕੇ ਅਤੇ ਹੋਰ ਜ਼ਲਾਲਤ ਦੇਕੇ ਅੰਦੋਲਨਕਾਰੀਆਂ ਨੂੰ ਦੁੱਖੀ ਕੀਤਾ ਤਾਂ ਰਕੇਸ਼ ਟਕੈਤ ਦੇ ਅੱਖਾਂ ਵਿੱਚ ਹੰਝੂ ਅਤੇ ਗੱਲੇ ਦਾ ਗੱਚ ਭਰ ਆਇਆ। ਇਸ ਮਾਹੌਲ ਨੂੰ ਭਾਵਨਾਵਾਂ ਨਾਲ ਜੁੜਨ ਦਾ ਹੁਲਾਰਾ ਅਤੇ ਹੁੰਗਾਰਾ ਮਿਲਿਆ। ਇਹਨਾਂ ਹੁੰਝੂਆਂ ਨੂੰ ਪਾਤਰ ਸਾਹਿਬ ਨੇ ਇਸ ਤਰ੍ਹਾਂ ਕਲਮਬੰਦ ਕੀਤਾ ਕਿ ਨਵੀਂ ਜ਼ਜਬਾਤੀ ਅਤੇ ਇਨਕਲਾਬੀ ਲਹਿਰ ਪੈਦਾ ਕਰ ਦਿੱਤੀ:-

"ਪਲਕਾਂ ਤੇ ਇੱਕ ਬੂੰਦ ਹੀ ਆਈ,
ਦਿਲ ਵਿੱਚ ਕੋਈ ਸਮੁੰਦਰ ਸੀ,
ਦੇਖਣ ਨੂੰ ਇੱਕ ਕਤਰਾ ਪਾਣੀ,
ਕੀ ਕੁੱਝ ਉਸਦੇ ਅੰਦਰ ਸੀ,
ਸੀਨੇ ਖੁੱਭਕੇ ਨੈਣੋਂ ਸਿੰਮਿਆ,
ਕਿਹੋ ਜਿਹਾ ਇਹ ਖ਼ੰਜਰ ਸੀ,
ਵਿਲਕ ਉੱਠੀਆਂ ਧਰਤੀ ਚੋਂ ਮਾਂਵਾਂ,
ਪੁੱਤ ਦੇ ਰੋਣ ਦਾ ਮੰਜ਼ਰ ਸੀ,
ਤਾਜ ਮੁੱਕਟ ਸਭ ਕਾਲੇ ਪੈ ਗਏ,
ਖੁਰਿਆਂ ਕੂੜ ਅਡੰਬਰ ਸੀ,
ਝੂਠੇ ਤਖਤ ਮੁਨਾਰੇ ਡੁੱਬ ਗਏ,
ਅੱਥਰੂ ਨਹੀਂ ਸਮੁੰਦਰ ਸੀ,
ਉਹ ਤੀਰਥ ਇਸ਼ਨਾਨ ਸੀ ਅੱਥਰੂ,
ਅੱਖ ਪ੍ਰਭੂ ਦਾ ਮੰਦਰ ਸੀ,
ਧੂੜ ਧੁਲ ਗਈ ਰੁੱਖਾਂ ਉੱਤੋਂ,
ਦੋ ਪਲਕਾਂ ਦੀ ਛਹਿਬਰ ਸੀ,
ਇੱਕ ਅੱਥਰੂ ਸਿਰਲੇਖ ਸੀ ਉਸਦਾ,
ਕਵਿਤਾ ਵਿੱਚ ਸਮੁੰਦਰ ਸੀ"

ਸਾਹਿਤ ਦੀ ਦੂਰ-ਦੂਰ ਤੱਕ ਬੰਜਰ ਪਈ ਜ਼ਮੀਨ ਨੂੰ ਜ਼ਰਖੇਜ਼ ਬਣਾਕੇ ਸੁਰਜੀਤ ਪਾਤਰ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਅਜਿਹੇ ਸੁਨਹਿਰੀ ਹਰਫ਼ ਅਤੇ ਪੰਨੇ ਦਿੱਤੇ ਜਿਸ ਵਿੱਚ ਹਰ ਮੁਸੀਬਤ ਦਾ ਮੁਕਾਬਲਾ ਕਰਨ ਦਾ ਰੰਗ ਢੰਗ ਹੈ। ਸਾਹਿਤ ਨੂੰ ਸਮੇਂ ਦਾ ਹਾਣੀ ਅਤੇ ਪੰਜਾਬੀਆਂ ਦੀ ਰੂਹ ਅਨੁਸਾਰ ਤਰਾਸ਼ਿਆ। ਜਿਸ ਦੀ ਖੁਸ਼ਬੂ ਹਮੇਸ਼ਾ ਉਤਸ਼ਾਹਜਨਕ ਰਹਿੰਦੀ ਹੈ। ਪਾਤਰ ਪੰਜ ਤੱਤਾਂ ਦੇ ਵਿੱਚ ਵਿਲੀਨ ਹੋ ਕੇ ਵੀ ਜੀਤ, ਗੀਤ, ਸੰਗੀਤ ਅਤੇ ਸੁਰਜੀਤ ਬਣਕੇ ਨਿਖਰਿਆ।

*******

# • ਪੰਜਾਬੀ ਫ਼ਿਲਮ ਦਰਪਣ •

## ਅਨਮੋਲ ਯਾਦਾਂ ਕਰਮਜੀਤ ਅਨਮੋਲ ਦੀਆਂ



ਅੱਜ ਸੁਪਰ ਸਟਾਰ ਹੈ ਕਰਮਜੀਤ ਅਨਮੋਲ ਜਿਹੜਾ ਗਾਇਕ ਵੀ ਹੈ ਤੇ ਨਾਇਕ ਵੀ ਹੈ। ਕਰਮਜੀਤ ਅਨਮੋਲ ਨੂੰ ਯਾਦ ਹੈ ਕਿਵੇਂ ਓਹ ਛੋਟੇ ਕਿਰਦਾਰ, ਨਿੱਕੇ ਬੈਨਰ ਦੀਆਂ ਫ਼ਿਲਮਜ਼ ਵੀ ਕਰਦੇ ਰਹੇ। ਜਿਸ ਜਯਾ ਪ੍ਰਦਾ ਨੂੰ ਦੇਖਣ ਦੇ ਸੁਪਨੇ ਸਨ ਅੱਜ ਓਹੀ ਜਯਾ ਪ੍ਰਦਾ ਓਹਨਾਂ ਦੀ ਤਰੀਫ ਕਰ ਰਹੀ ਹੈ।ਇੱਕ ਵਾਰ ਐਮ ਪੀ ਦੀ ਚੋਣ ਤੇ ਲੜੀ ਇਸ ਤੋਂ ਵੱਡਾ ਹੋਰ ਕੀ ਸੀ ਐਮ ਭਗਵੰਤ ਮਾਨ ਜੀ ਨਾਲ ਸੰਘਰਸ਼ ਕੀਤਾ।

ਅੱਜ ਇਹਾਨਾ ਦਿੱਲੋਂ ਵੀ ਆਖਦੀ ਹੈ ਕਿ ਸੁਰੀਲਾ ਮੁੰਡਾ ਤੇ ਸਾਊ ਐਕਟਰ ਕਰਮਜੀਤ ਅਨਮੋਲ ਹੈ। ਕਰਮਜੀਤ ਅਨਮੋਲ ਹਰ ਰੋਲ ਵਿੱਚ ਜਚੇ ਨੇ ਤੇ ਓਹਨਾਂ ਦਾ ਗਾਇਆ ਗੀਤ "ਯਾਰਾ ਵੇ" ਸਦਾਬਹਾਰ ਗੀਤ ਬਣ ਗਿਆ ਹੈ।ਕਰਮਜੀਤ ਅਨਮੋਲ ਵਾਕਿਆ ਹੀ ਅਨਮੋਲ ਇਨਸਾਨ ਹੈ, ਅਨਮੋਲ ਗਾਇਕ ਹੈ ਤੇ ਅਨਮੋਲ ਨਾਇਕ ਹੈ। ਕਰਮਜੀਤ ਅਨਮੋਲ ਦੀਆਂ ਆ ਰਹੀਆਂ ਫ਼ਿਲਮਜ਼ ਨੇ "ਕੁੜੀਆਂ ਜਵਾਨ ਬਾਪੂ ਪ੍ਰੇਸ਼ਾਨ 2" ਤੇ "ਜਦੋਂ ਦਾ ਮੋਬਾਈਲ ਆ ਗਿਆ" ਚੜ੍ਹਦੀ ਕਲਾ ਵਿੱਚ ਸਦਾ ਰਹੇ ਸਦਾ ਸਾਡਾ ਪਿਆਰਾ ਗਾਇਕ ਤੇ ਨਾਇਕ ਕਰਮਜੀਤ ਅਨਮੋਲ ਆਫ਼ਰੀਨ।

## ਲਹਿੰਬਰ ਹੁਸੈਨਪੁਰੀ ਆਖੇ ਬੰਨੀ ਸ਼ਰਮਾ ਨੇ ਬਹੁਤ ਕੀਤਾ ਪ੍ਰਮੋਟ



ਵਿਦੇਸ਼ ਪੂਰਾ ਨਾਮ ਸੀ ਲਹਿੰਬਰ ਹੁਸੈਨਪੁਰੀ ਦਾ ਤੇ ਇਧਰ ਪੰਜਾਬ ਵਿੱਚ ਬੰਨੀ ਸ਼ਰਮਾ ਨੇ ਆਪਣੇ ਦੂਰਦਰਸ਼ਨ ਜਲੰਧਰ ਦੇ ਪ੍ਰੋਗਰਾਮ ਵਿੱਚ ਉੱਪਰ ਥੱਲੇ ਲਹਿੰਬਰ ਹੁਸੈਨਪੁਰੀ ਦੇ ਗੀਤ ਪ੍ਰਸਾਰਿਤ ਕਰ ਓਸ ਦੀ ਪਛਾਣ ਵਿੱਚ ਵਾਧਾ ਕੀਤਾ। ਆਖਦੇ ਨੇ ਹੁਸੈਨਪੁਰੀ ਕਿ ਪੰਜਾਬ ਵਿੱਚ ਮੈਨੂੰ ਉਤਸ਼ਾਹਿਤ ਕਰਨ ਵਿੱਚ ਬੰਨੀ ਸ਼ਰਮਾ ਦਾ ਅਹਿਮ ਯੋਗਦਾਨ ਹੈ। ਲਹਿੰਬਰ ਚਾਹੁੰਦੇ ਨੇ ਕਿ ਬੰਨੀ ਸ਼ਰਮਾ ਫਿਰ ਕੋਈ ਸੰਗੀਤ ਨੂੰ ਉਤਸ਼ਾਹਿਤ ਕਰਦਾ ਪ੍ਰੋਗਰਾਮ ਟੀਵੀ ਤੇ ਕਰਨ। ਉਧਰ ਬੰਨੀ ਸ਼ਰਮਾ ਨੇ ਇਸ ਤੇ ਇਹੀ ਕਿਹਾ ਕਿ ਲਹਿੰਬਰ ਹੁਸੈਨਪੁਰੀ ਦੇ ਗੀਤ ਡੀ ਜੇ ਤੇ ਖ਼ੂਬ ਚਲਦੇ ਨੇ ਤੇ ਓਹ ਨਾਮੀ ਗੀਰਾਮੀ ਗਾਇਕ ਹੈ, ਓਹ ਚਾਹੁੰਦੇ ਨੇ ਓਹ ਲਹਿੰਬਰ ਹੁਸੈਨਪੁਰੀ ਨਾਲ ਕੰਮ ਕਰਨ ਤੇ ਇਹ ਕਿਸੇ ਹੋਰ ਈਵੈਂਟ ਨਾਲ ਵੀ ਹੋ ਸਕਦਾ ਹੈ ਤੇ ਹੋਏਗਾ।

## ਦਲੇਰ ਮਹਿਤਾ ਨੇ ਵੀ ਕਹਿ ਦਿੱਤਾ ਵਾਮਿਕਾ ਦਾ ਜਵਾਬ ਨਹੀਂ



ਵਾਮੀਕਾ ਗੱਬੀ ਤੇ ਫ਼ਖ਼ਰ ਹੈ ਕਿ ਇਹ ਪੰਜਾਬ ਦੀ ਬੇਟੀ ਬਾਲੀਵੁੱਡ ਦੀ ਸਟਾਰ ਨਾਇਕਾ ਹੈ। ਪੰਜਾਬੀ ਅਦਾਕਾਰ ਦਲੇਰ ਮਹਿਤਾ ਨੇ ਵਾਮੂ ਦੀ ਮਾਤਾ ਸ਼੍ਰੀ ਰਾਜ ਕੌਸ਼ਲ ਨਾਲ "ਤਬਾਹੀ ਰੇਲੋਡਡ" ਫ਼ਿਲਮ ਕੀਤੀ ਸੀ ਤੇ ਦਲੇਰ ਨੇ ਦੱਸਿਆ ਕਿ ਰਾਜ ਜੀ ਆਖਦੇ ਸਨ ਕਿ ਵਾਮਿਕਾ ਵੈੱਬ ਸੀਰੀਜ਼ ਲਈ ਐਵਾਰਡ ਪ੍ਰਾਪਤ ਕਰ ਚੁੱਕੀ ਹੈ ਤੇ ਵਿੱਕੀ ਕੌਸ਼ਲ ਨਾਲ ਫ਼ਿਲਮਾਂ ਕਰ ਰਹੀ ਹੈ। ਦਲੇਰ ਮਹਿਤਾ ਨੇ ਤਦ ਆਪਣੀ ਖਾਹਿਸ਼ ਦੱਸੀ ਕਿ ਓਹ ਇਸ ਮਸੂਮ ਤੇ ਪਿਆਰੀ ਨਾਇਕਾ ਨਾਲ ਫ਼ਿਲਮ ਕਰਨ ਲਈ ਬੇਤਾਬ ਹਨ। ਵਾਮੂ ਕਿਸਮਤ ਵਾਲੀ ਕੁੜੀ ਹੈ ਤੇ ਇਸ ਤਰਾਂ ਓਸ ਨਾਲ ਫ਼ਿਲਮ ਕਰ ਕਿ ਦਲੇਰ ਮਹਿਤਾ ਬਾਲੀਵੁੱਡ ਵਿੱਚ ਸ਼ਾਨਦਾਰ ਪ੍ਰਵੇਸ਼ ਕਰ ਸਕਦੇ ਹਨ। ਵਾਮਿਕਾ ਨੇ ਐਡ ਫ਼ਿਲਮਾਂ ਵਿੱਚ ਵੀ ਖ਼ੂਬ ਨਾਮ ਬਣਾ ਲਿਆ ਹੈ ਤੇ ਸਾਊਥ ਵਾਲੇ ਇਸ ਟੈਲੇਂਟ ਭਰਪੂਰ ਅਦਾਕਾਰਾ ਤੋਂ ਦਲੇਰ ਮਹਿਤਾ ਅਨੁਸਾਰ ਖ਼ੂਬ ਪ੍ਰਭਾਵਿਤ ਹਨ।

## ਸੁਖਦੀਪ ਗਿੱਲ ਕਦੇ "ਇਸ਼ਕ" ਹੁੰਦਾ ਕਦੇ ਹਰ ਮਹੀਨੇ ਮੰਗਦੀ ਸੂਟ"




ਗਲੇ ਵਿੱਚ ਸ਼ਹਿਦ ਭਰਿਆ ਹੋਇਆ ਤੇ ਜਦ ਗਾਉਂਦੀ ਹੈ ਸੁਖਦੀਪ ਗਿੱਲ ਤਦ ਅਸ਼ਕੇ ਬਈ ਅਸ਼ਕੇ ਹੁੰਦੀ ਹੈ। ਸੁੱਖ ਨਾਲ ਸੋਹਣੀ ਓਹ ਐਨੀ ਕਿ ਗੋਲ ਮਟੋਲ ਚਿਹਰੇ ਨੂੰ ਤੱਕ ਤੱਕ ਦਿਲ ਧੱਕ ਧੱਕ ਕਰਦਾ ਤੇ ਸਟੇਜ ਤੇ ਕਾਮਯਾਬੀ ਓਸ ਦਾ ਖਲੋਤੇ ਰਹਿਣਾ ਹੀ ਨੋਟ ਵਰਾਉਂਦਾ ਹੈ। ਹੈਪੀ ਆਸਟ੍ਰੇਲੀਆ ਨੇ "ਇਸ਼ਕ" ਗੀਤ ਕੱਢ ਕਿ ਸੁਖਦੀਪ ਗਿੱਲ ਵਾਕਿਆ ਹੀ ਪੰਜਾਬ ਤੋਂ ਆਸਟ੍ਰੇਲੀਆ ਤੱਕ ਮਸ਼ਹੂਰ ਕਰ ਦਿੱਤੀ ਹੈ। ਲੋਕ ਅਗਲੇ ਟਰੈਕ ਨੂੰ ਉਡੀਕ ਰਹੇ ਨੇ ਤੇ ਗਿੱਲਾਂ ਦੀ ਇਹ ਜੱਟੀ ਰੇਸ਼ਮੀ ਜ਼ੁਲਫ਼ਾਂ, ਮਖ਼ਮਲੀ ਆਵਾਜ਼ ਤੇ ਵੰਨ ਸੁਵੰਨੇ ਸੂਟ ਪਹਿਨ ਪਰੀ ਅੰਬਰਸਰ ਦੀ ਲੱਗਦੀ ਹੈ। ਫਿਰ ਹੈਪੀ ਨੇ ਓਸ ਦਾ ਗੀਤ "ਏਵਰੀ ਮਾਂਠ" ਅਰਥਾਤ "ਸੂਟ" ਹਰ ਮਹੀਨੇ ਲਿਆਂਦਾ ਹੈ। ਸੁਖਦੀਪ ਗਿੱਲ ਦੇ ਚਿਹਰੇ ਤੇ ਖੁਸ਼ੀਆਂ ਦੇ ਦੀਪ ਜਗ ਮਗ ਕਰ ਰਹੇ ਹਨ। ਦੋਗਾਣੇ ਹਰੇਕ ਮਾਝੇ ਦੇ ਕਲਾਕਾਰਾਂ ਨਾਲ ਗਾ ਚੁੱਕੀ ਸੁਖਦੀਪ ਗਿੱਲ ਹੁਣ ਸੁਨੰਦਾ ਸ਼ਰਮਾ ਤੇ ਨਿਮਰਤ ਖੈਹਰਾ ਦੀ ਤਰਾਂ ਇੱਕਲੀ ਟੀਸੀ ਸਰ ਕਰੇਗੀ ਲਿਖ ਕਿ ਲੈ ਲੋ।

## ਕਾਂਸ਼ੀ ਰਾਮ ਚੰਨ "ਪੈੱਗ" ਨਾਲ ਗਾਇਆ ਕਰੂ



ਨਾ ਬਈ ਨਾ ਬੰਦਾ ਪਿਓਰ ਵੈਸ਼ਨੂੰ ਏ ਕਾਂਸ਼ੀ ਰਾਮ ਚੰਨ ਬਸ ਇਹ ਤੇ ਓਸ ਦੇ ਟਰੈਕ ਦਾ ਨਾਮ ਹੈ "ਪੈੱਗ" ਤੇ ਇਹ ਗਾਣਾ ਰਿੜ ਪਿਆ ਹੈ। ਚਲ ਰਿਹਾ ਕਿ ਲਿਖਿਆ ਹੀ ਜੱਸ ਫੈਜ਼ਪੁਰੀ ਨੇ ਵਧੀਆ ਹੈ। ਗੱਲ ਕੀ ਕੀ ਜੱਸ ਫੈਜ਼ਪੁਰੀ ਨੇ "ਪੈੱਗ" ਤਿਆਰ ਕਰ ਕਿ ਹਰੀ ਅਮਿਤ ਦੇ ਮਿਊਜ਼ਿਕ ਵਿੱਚ ਕਾਂਸ਼ੀ ਰਾਮ ਚੰਨ ਨੂੰ ਦਿੱਤਾ ਤੇ ਚੰਨ ਨੇ ਗਾ ਕਿ ਕਾਮਯਾਬੀ ਦਾ ਚੰਨ ਚਾੜ੍ਹ ਦਿੱਤਾ ਹੈ। ਮਲਕੀਤ ਸਿੰਘ ਦਾ ਵੀਡਿਓ ਤੇ ਨਾਲ ਘੁੱਲੇ ਸ਼ਾਹ,ਚਾਚਾ ਬਿਸ਼ਨਾ ਤੇ ਬਾਕੀ ਸਭ ਨੇ ਸਰੂਰ ਵਾਲਾ "ਪੈੱਗ" ਬਣਾ ਦਿੱਤਾ ਹੈ। ਚੰਨ ਕਨੇਡਾ ਵੀ ਜਾ ਆਏ ਨੇ ਤੇ ਪੰਜਾਬੀ ਫ਼ਿਲਮਜ਼ ਵੀ ਬਤੌਰ ਐਕਟਰ ਕਰ ਰਹੇ ਹਨ। ਬਾਕੀ ਟਰੈਕ ਦੀ ਸੁਪਰ ਸਫਲਤਾ ਕਾਂਸ਼ੀ ਰਾਮ ਚੰਨ ਨੂੰ ਸਟੇਜ ਗਾਇਕ ਵੀ ਬਣਾ ਸਕਦੀ ਹੈ ਖੁਸ਼ਬੂ ਲਾ ਕਿ।

## ਗੋਗੀ ਘੁਮਾਣ ਸ਼ਕਲ ਰੋਮਾਂਟਿਕ ਤੇ ਅਕਲ ਸਿਆਣੀ



ਗ਼ਜ਼ਬ ਦੀ ਗੱਲ ਹੈ ਕਿ ਗੋਗੀ ਘੁਮਾਣ ਦੀ ਕਿ ਓਹ ਸੂਰਤ ਸ਼ਕਲ ਤੋਂ ਹੀਰੋ ਹੈ ਬਿਲਕੁਲ ਹੀਰੋ ਤੇ ਓਹ ਵੀ ਰੋਮਾਂਸ ਕਰਨ ਵਾਲਾ ਹੀਰੋ ਪਰ ਜਵਾਨ ਉਮਰ ਵਿਚਾਰ ਸਿਆਣਪ ਭਰੇ ਹਨ। ਬੰਦੀ ਸਿੰਘਾਂ ਦੀ ਗੱਲ ਕਰਦਾ ਗੀਤ ਗਾਉਂਦਾ ਹੈ ਤੇ ਕਦੇ ਓਹ ਬੈਸਟ ਬੀਟ ਗੀਤ ਪੇਸ਼ ਕਰਦਾ ਹੈ। ਗੋਗੀ ਘੁਮਾਣ ਇਧਰ ਅੱਛੇ ਪ੍ਰੋਗਰਾਮ ਲਾਉਂਦਾ ਰਿਹਾ ਹੈ ਪਰ ਜਦ ਸਿਆਣਪ ਕੰਮ ਕਰੇ ਕਿ ਨਸਲਾਂ ਸੈੱਟ ਕਰਨੀਆਂ ਹਨ ਤਦ ਧੱਕੇ, ਸੰਘਰਸ਼ ਮਿਹਨਤ ਕਰ ਮਹਾਂਸ਼ਕਤੀ ਦੇਸ਼ ਅਮਰੀਕਾ ਪਹੁੰਚ ਗਏ ਗੋਗੀ ਘੁਮਾਣ ਨੇ ਗਾਇਕੀ ਜ਼ਾਰੀ ਰੱਖੀ ਹੈ। ਵੀਡਿਓ ਓਸ ਨੇ ਅਮਰੀਕਾ ਵੀ ਬਣਾਏ ਹਨ। ਮਿਊਜ਼ਿਕ ਓਸ ਯੂ ਐਸ ਏ ਵੀ ਤਿਆਰ ਕਰਵਾਇਆ ਹੈ। ਹੁਣ ਸਾਗਰ ਜਿਹੇ ਵਿਸ਼ਾਲ ਕਲਾਕਾਰ ਪੇਸ਼ ਕਰ ਓਹ ਆਪਣੀ ਪ੍ਰਿਅ ਮਨਜਿੰਦਰ ਕੌਰ ਦੀ ਪੰਜਾਬ ਕਿੰਗਸ ਮਿਊਜ਼ਿਕ ਨੂੰ ਸਥਾਪਿਤ ਆਡੀਓ ਵੀਡਿਓ ਕੰਪਨੀ ਦੇਖਣ ਲਈ ਸਰਗਰਮ ਹੈ। ਗੋਗੀ ਘੁਮਾਣ ਨੇ ਗੁਰਲੇਜ਼ ਅਖ਼ਤਰ ਨਾਲ ਗੀਤ ਗਾ ਕਿ "ਅੱਧਾ ਪਿੰਡ" ਆਪਣਾ ਗਾਇਕੀ ਰੁਤਬਾ ਵਧਾ ਲਿਆ ਹੈ। ਗੋਗੀ ਘੁਮਾਣ ਦੀ ਸੋਚ ਵਿੱਚ ਸਿੱਖੀ ਤੇ ਸਰਦਾਰੀ ਪ੍ਰਤੀ ਅਥਾਹ ਸ਼ਰਧਾ ਹੈ। ਗੋਗੀ ਘੁਮਾਣ ਫ਼ਿਲਮਾਂ ਕਰੇਗਾ ਤੇ ਅਜੇ ਵਕਤ ਨੂੰ ਓਹ ਮਿਹਨਤ ਤੇ ਸੰਘਰਸ਼ ਦੇ ਤਰਾਜ਼ੂ ਤੋਲ ਰਿਹਾ ਹੈ। ਗੋਗੀ ਘੁਮਾਣ ਚਾਹੁੰਦਾ ਹੈ ਆਪਣੇ ਉਸਤਾਦ ਕੁਲਦੀਪ ਪਾਰਸ ਦੀ ਯਾਦ ਵਿੱਚ ਵੱਡਾ ਮੇਲਾ ਕਰਾਏ ਦੇਖੋ ਓਸ ਰੋਮਾਂਟਿਕ ਚਿਹਰੇ ਤੇ ਪਿਆਰੀ ਸਿਆਣੀ ਸੋਚ ਵਾਲੇ ਘੁਮਾਣ ਦੀ ਇਹ ਸ਼ਰਧਾ ਵਾਲੀ ਮੰਗ ਕਦ ਪੂਰੀ ਹੁੰਦੀ ਹੈ।

-ਅੰਮ੍ਰਿਤ ਪਵਾਰ

## ਹੱਤਿਆ ਤੇ ਜਬਰਜ਼ਨਾਹ ਦੇ ਮਾਮਲੇ ਵਿਚ ਸਜ਼ਾ ਕਟ ਰਿਹਾ ਸਾਬਕਾ ਪੁਲਿਸ ਮੁਖੀ ਜੇਲ ਵਿਚੋਂ ਫਰਾਰ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਰਕੰਸਾਸ ਦੇ ਇਕ ਛੋਟੇ ਜਿਹੇ ਸ਼ਹਿਰ ਦੇ ਸਾਬਕਾ ਪੁਲਿਸ ਮੁਖੀ ਗਰਾਂਟ ਹਾਰਡਿਨ (56) ਜੋ ਹੱਤਿਆ ਤੇ ਜਬਰਜ਼ਨਾਹ ਦੇ ਮਾਮਲੇ ਵਿਚ ਸਜ਼ਾ ਕਟ ਰਿਹਾ ਸੀ, ਦੇ ਜੇਲ ਵਿਚੋਂ ਫਰਾਰ ਹੋ ਜਾਣ ਦੀ ਖਬਰ ਹੈ। ਪੁਲਿਸ ਨੇ ਕਿਹਾ ਕਿ ਅਜੇ ਤੱਕ ਉਹ ਕਾਬੂ ਨਹੀਂ ਆਇਆ ਹੈ। ਸਟੇਟ ਡਿਪਾਰਟਮੈਂਟ ਆਫ ਕੋਰੈਕਸ਼ਨਜ ਨੇ ਕਿਹਾ ਹੈ ਕਿ ਗਰਾਂਟ ਹਾਰਡਿਨ ਉੱਤਰੀ ਅਰਕੰਸਾਸ ਦੀ ਸਟੇਟ ਜੇਲ ਵਿਚੋਂ ਫਰਾਰ ਹੋਇਆ ਹੈ। ਉਸ ਦੀ ਗ੍ਰਿਫਤਾਰੀ ਲਈ ਸਟੇਟ ਪੁਲਿਸ ਤੇ ਸ਼ੈਰਿਫ ਦਫਤਰਾਂ ਸਮੇਤ ਕਈ ਏਜੰਸੀਆਂ ਮਿਲ ਕੇ ਕੰਮ ਕਰ ਰਹੀਆਂ ਹਨ। ਇਥੇ ਜਿਕਰਯੋਗ ਹੈ ਕਿ ਇਸ ਤੋਂ ਕੁਝ ਦਿਨ ਪਹਿਲਾਂ 16 ਮਈ ਨੂੰ 10 ਕੈਦੀ ਨਿਊ ਓਰਲੀਨਜ ਜੇਲ ਵਿਚੋਂ ਫਰਾਰ ਹੋਏ ਸਨ ਜਿਨਾਂ ਵਿਚੋਂ 2 ਅਜੇ ਵੀ ਪੁਲਿਸ ਦੇ ਕਾਬੂ ਨਹੀਂ ਆਏ। ਇਸ ਮਾਮਲੇ ਵਿਚ ਕੈਦੀਆਂ ਦੀ ਫਰਾਰ ਹੋਣ ਵਿੱਚ ਮਦਦ ਕਰਨ ਦੇ ਦੋਸ਼ਾਂ ਤਹਿਤ 13 ਲੋਕਾਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ।

# ਸੈਕਰਾਮੈਂਟੋ ਵਿੱਚ ਕਰਵਾਏ ਗਏ ਕਬੱਡੀ ਕੱਪ ਵਿੱਚ ਐਤਕਾਂ ਨਿਊਯਾਰਕ ਮੈਟਰੋ ਤੇ ਕਿੰਗਸ ਕਲੱਬ ਸੈਕਰਾਮੈਂਟੋ ਨੇ ਸਾਂਝੇ ਤੌਰ ਤੇ ਟਰਾਫੀ ਜਿੱਤੀ





ਸੈਕਰਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕਿੰਗਸ ਸਪੋਰਟਸ ਕਲਚਰ ਕਲੱਬ ਆਫ ਸੈਕਰਾਮੈਂਟੋ ਵੱਲੋਂ ਕਰਵਾਏ ਗਏ ਕਬੱਡੀ ਕੱਪ ਦੇ ਵਿੱਚ ਐਤਕਾਂ ਵੀ ਵੱਖ ਵੱਖ ਟੀਮਾਂ ਨੇ ਸ਼ਮੂਲੀਅਤ ਕੀਤੀ ਜਿਨਾਂ ਵਿੱਚ ਆਲ ਓਪਨ ਦੌਰਾਨ ਬਾਬਾ ਸੰਗ ਢੇਸੀਆਂ, ਮੈਡਵੈਸਟ ਯੂਐਸਏ, ਹਰਖੋਵਾਲ ਸਪੋਰਟਸ ਕਲੱਬ, ਕਿੰਗਸ ਸਪੋਰਟਸ ਕਲੱਬ ਸੈਕਰਾਮੈਂਟੋ ਨਿਊਯਾਰਕ ਮੈਟਰੋ, ਚੜਦਾ ਪੰਜਾਬ ਕਲੱਬ ਸੈਕਰਾਮੈਂਟੋ ਤੇ ਨੰਗਲ ਅੰਬੀਆਂ ਬੇ ਏਰੀਆ ਸਪੋਰਟਸ ਕਲੱਬ ਨੇ ਸਮੂਲੀਅਤ ਕੀਤੀ ਇਸ ਕਬੱਡੀ ਕੱਪ ਦੇ ਵਿੱਚ ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ ਤੇ ਨਿਊਯਾਰਕ ਮੈਟਰੋ ਨੇ ਸਾਂਝੇ ਤੌਰ ਤੇ ਟਰਾਫੀ ਤੇ ਕਬਜ਼ਾ ਕੀਤਾ।

ਇਸ ਦੌਰਾਨ ਚੜਦਾ ਪੰਜਾਬ ਤੇ ਬੇਅ ਏਰੀਆ ਸਾਂਝੇ ਤੌਰ ਤੇ ਦੂਸਰੇ ਸਥਾਨ ਤੇ ਰਹੇ। ਇਸ ਉਪਰੰਤ ਸਥਾਨਕ ਟੀਮਾਂ ਦੇ ਵਿੱਚ ਫਰਿਜਨੋ ਸਪੋਰਟਸ ਕਲੱਬ ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ ਸੈਂਟਰ ਵੈਲੀ ਸਪੋਰਟਸ ਕਲੱਬ ਨੇ ਸ਼ਮੂਲੀਅਤ ਕੀਤੀ ਤੇ ਇਹਨਾਂ ਦੇ ਵਿੱਚੋਂ ਕਿੰਗਜ ਸਪੋਰਟਸ ਕਲੱਬ ਸੈਕਰਾਮੈਂਟੋ ਪਹਿਲੇ ਸਥਾਨ ਤੇ ਰਿਹਾ ਤੇ ਸੈਂਟਰਲ ਵੈਲੀ ਸਪੋਰਟਸ ਕਲੱਬ ਦੂਜੇ ਸਥਾਨ ਤੇ ਰਿਹਾ। ਇਸ ਕਬੱਡੀ ਕੱਪ ਦੌਰਾਨ ਸੁਲਤਾਨ ਸਮਸਪੁਰੀਆ ਨੂੰ ਬੈਸਟ ਰੇਡਰ ਦਾ ਖਿਤਾਬ ਦਿੱਤਾ ਗਿਆ ਤੇ ਮਨੀ ਮੱਲ੍ਹੀਆਂ ਨੂੰ ਬੈਸਟ ਜਾਫੀ ਦਾ ਖਿਤਾਬ ਦਿੱਤਾ ਗਿਆ। ਇਸ ਕਬੱਡੀ ਟੂਰਨਾਮੈਂਟ ਨੂੰ ਮੁੱਖ ਤੌਰ ਤੇ ਸਪੌਂਸਰ ਕਰਨ ਵਾਲਿਆਂ ਵਿੱਚ ਸ਼ੇਰੂ ਭਾਟੀਆ, ਜੈਸੀ ਥਾਂਦੀ ਮੈਕਸ ਏਜੰਟ ਫਾਇਨਾਂਸ਼ੀਅਲ, ਜਸਵਿੰਦਰ ਬੈਂਸ, ਬੀ ਜੇ ਗੀਅਰ, ਜਸਪ੍ਰੀਤ ਸਿੰਘ ਅਟਰਨੀ ਐਟ ਲਾਅ, ਐਂਟੀਲੋਪ ਬ੍ਰਦਰਜ, ਕਿੰਗ ਟਰੱਕ ਰਿਪੇਅਰ, ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਇਸ ਮੌਕੇ ਪਾਲਾ ਜਲਾਲਪੁਰੀਆ ਨੂੰ ਗੋਲਡ ਮੈਡਲ ਦੇ ਨਾਲ ਸਨਮਾਨ ਵੀ ਕੀਤਾ ਗਿਆ।

ਇਸ ਮੌਕੇ ਕਬੱਡੀ ਦੀ ਮੁਖ ਸਟੇਜ ਤੋਂ ਬੀਬੀ ਆਸ਼ਾ ਸ਼ਰਮਾ ਅਦਬ ਤੇ ਤਰਦੀਬ ਨਾਲ ਸਟੇਜ ਤੋਂ ਟੂਰਨਾਮੈਂਟ ਨੂੰ ਸੰਭਾਲਦੇ ਰਹੇ। ਟੀਮਾਂ ਦਾ ਰਿਕਾਰਡ ਗੁਰਮੇਲ ਸਿੰਘ ਦਿਓਲ ਤੇ ਖੇਡ ਦੀ ਕੁਮੈਂਟਰੀ ਇਕਬਾਲ ਗਾਲਿਬ ਨੇ ਕੀਤੀ। ਪ੍ਰਬੰਧਕੀ ਕੰਮ ਵਿੱਚ ਮੁੱਖ ਤੌਰ ਤੇ ਗੁਰਮੁਖ ਸੰਧੂ, ਕਿੰਦੂ ਰਮੀਦੀ, ਸੋਢੀ ਢੀਂਡਸਾ,ਗੁਰਨੇਕ ਢਿੱਲੋਂ, ਜੈਸੀ ਢਿੱਲੋਂ, ਸੁਖਵਿੰਦਰ ਧੂੜ, ਗੁਰਚਰਨ ਚੰਨੀ, ਸੀਤਲ ਸਿੰਘ ਨਿੱਜਰ, ਬੂਟਾ ਢਿੱਲੋ, ਬੂਟਾ ਲੋਧੀ, ਰਣਵੀਰ ਦੁਸਾਂਝ, ਹਰਨੇਕ ਸੰਧੂ, ਅਮਨਦੀਪ ਸੰਧੂ, ਜਸਵਿੰਦਰ ਸਿੰਘ ਰਾਏ, ਬਲਜੀਤ ਸਿੰਘ ਬਾਸੀ, ਜਸਕਰਨਪ੍ਰੀਤ ਸਿੰਘ, ਹਰਮੀਤ ਸਿੰਘ ਅਟਵਾਲ, ਸਤਨਾਮ ਸਿੰਘ ਸੋਕਰ, ਬੂਟਾ ਸਿੱਧੂ, ਰਵਿੰਦਰ ਜੌਹਲ, ਸਾਬੀ ਧਾਲੀਵਾਲ ਆਦਿ ਨੇ ਸੁਸੱਜੇ ਪ੍ਰਬੰਧ ਕੀਤੇ ਹੋਏ ਸਨ, ਇਸ ਦੌਰਾਨ ਪ੍ਰਬੰਧਕਾਂ ਨੇ ਇਸ ਕਬੱਡੀ ਕੱਪ ਨੂੰ ਫਿਰ 23 ਮਈ 2026 ਨੂੰ ਅਗਲੇ ਸਾਲ ਕਰਾਉਣ ਦਾ ਐਲਾਨ ਵੀ ਕੀਤਾ। ਇਸ ਮੌਕੇ ਦਰਸ਼ਕਾਂ ਲਈ ਮੁਫਤ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ ਸੀ ਤੇ ਬੀਬੀਆਂ ਨੂੰ ਅਲੱਗ ਬੈਠਣ ਲਈ ਵਿਸ਼ੇਸ਼ ਥਾਂ ਦੀ ਸਹੂਲਤ ਦਿੱਤੀ ਗਈ ਸੀ ਇਸ ਮੌਕੇ ਸਕਿਉਰਟੀ ਦਾ ਖਾਸ ਪ੍ਰਬੰਧ ਵੀ ਸੀ।

## ਮਰੇ ਹੋਏ ਨੂੰ ਮਾਰਨ ਵਾਲ਼ਾ ਸੂਰਮਾਂ ?



ਪਿੰਡ ਦੇ ਬਾਹਰਵਾਰ ਖੇਤਾਂ ਦੇ ਨਾਲ ਲਗਦੇ ਘਰ ਹੋਣ ਕਰਕੇ ਬਰਸਾਤਾਂ ਦੇ ਮੌਸਮ ਵਿਚ ਸਾਡੇ ਮਹੱਲੇ ਅਕਸਰ ਸੱਪ-ਸਲੂਪੀ ਨਿਕਲ਼ਦੇ ਹੀ ਰਹਿੰਦੇ ਸਨ। ਸ਼ਾਮ ਸਵੇਰੇ ਉਦੇ ਈ ਪਤਾ ਲੱਗਣਾ ਜਦੋਂ ਕਿਸੇ ਪਾਸਿਉਂ 'ਸੱਪ ਉਏ....ਸੱਪ ਉਏ' ਦਾ ਰੌਲ਼ਾ ਪੈ ਜਾਣਾ!

ਫਿਰ ਜਿਵੇਂ ਪਿੰਡਾਂ 'ਚ ਅਕਸਰ ਹੁੰਦਾ ਈ ਐ...ਸੁਣਤੋ ਸੁਣਤੋ ਹਰੇਕ ਜਣੇ ਨੇ ਹੱਥ ਆਉਂਦਾ ਡਾਂਗ ਸੋਟਾ ਫੜ ਕੇ ਉੱਧਰ ਨੂੰ ਭੱਜ ਪੈਣਾ। ਕਈ ਵਾਰ ਤਾਂ ਸੱਪ ਨੇ ਅੜਿੱਕੇ ਹੀ ਨਾ ਆਉਣਾ...ਕਿਤੇ ਖੱਲੀਂ ਖੂੰਜੀਂ ਜਾ ਛੁਪਣਾ! ਪਰ ਜਦ ਕਿਤੇ 'ਕੱਠੀ ਹੋਈ ਭੀੜ ਵਿੱਚੋਂ ਕਿਸੇ ਹੱਥੋਂ ਸੱਪ ਮਾਰਿਆ ਜਾਣਾ ਤਾਂ ਉੱਥੇ ਮਰੇ ਸੱਪ ਨੂੰ ਦੇਖਦੀ ਖੜ੍ਹੀ ਮਲੱਖ ਨੇ ਸੱਪਾਂ ਬਾਰੇ ਮਿੱਥ-ਮਨੌਤਾਂ ਸੁਣਾਉਣ ਲੱਗ ਪੈਣਾ।

ਕਈ ਵਾਰ ਦੇਖਿਆ ਹੈ ਕਿ ਮਾਰਿਆ ਕੁੱਟਿਆ ਪਿਆ ਵੀ ਸੱਪ ਪੂਛ ਹਿਲਾਉਂਦਾ ਰਹਿੰਦਾ ਹੈ ਜਿਵੇਂ ਕਿਤੇ ਉਹ ਮਰਦਾ ਮਰਦਾ ਵੀ 'ਵਿਸੁ ਘੋਲ਼' ਰਿਹਾ ਹੁੰਦਾ ਹੋਵੇ !

ਅਜਿਹੇ ਮੌਕਿਆਂ 'ਤੇ ਸਾਡੇ ਪਿੰਡ ਦੇ ਇਕ ਬੰਦੇ ਨੇ ਪਿੱਛਿਉਂ ਅਚਾਨਕ ਭੀੜ ਵਿਚੋਂ ਬੜੀ ਫੁਰਤੀ ਨਾਲ ਮੋਹਰੇ ਆ ਕੇ ਚਿੱਥੇ ਪਏ ਸੱਪ ਦੀ ਹਿਲਦੀ ਪੂਛ ਉੱਤੇ ਸੋਟੇ ਮਾਰਨ ਲੱਗ ਜਾਣਾ-

"ਓਏ ਇਹ ਹਲੇ ਕਿੱਥੇ ਮਰਿਆ ਐ ?.... ਹਲੇ ਨੀ ਮਰਿਆ !"



ਮਰੇ ਪਏ ਸੱਪ ਉੱਤੇ ਹੀ ਧੈੜ ਧੈੜ ਲਾਠੀ ਵਾਹੁੰਦੇ ਨੂੰ ਦੇਖ ਕੇ ਲੋਕਾਂ ਨੇ ਉਹਦੀ 'ਬਹਾਦਰੀ' ਉੱਤੇ ਹੱਸਣਾ ਵੀ ਬੜਾ ਪਰ ਉਹ ਮਹੱਲੇ ਵਾਲ਼ਿਆਂ ਅੱਗੇ ਤੀਸ ਮਾਰ ਖਾਂਹ ਬਣਨ ਵਾਂਗ 'ਨਾਗ ਮਾਰ ਖਾਂਹ' ਸੂਰਮਾਂ ਬਹਾਦਰ ਬਣ ਬਣ ਕੇ ਆਪਣੀ ਕਮੀਜ਼ ਦੀਆਂ ਬਾਹਾਂ ਦੇ ਕਫ 'ਤਾਂਹ ਨੂੰ ਚੜ੍ਹਾਉਦਾ ਰਹਿੰਦਾ !!

ਤਰਲੋਚਨ ਸਿੰਘ ਦੁਪਾਲ ਪੁਰ
78146-92724 tsdupalpuri@yahoo.com

## ਹੋਣਹਾਰ ਮਨਦੀਪ



ਮਨਦੀਪ ਪੰਜਵੀਂ ਜਮਾਤ ਵਿੱਚ ਪੜ੍ਹਦਾ ਸੀ। ਉਹ ਬਹੁਤ ਹੋਣਹਾਰ ਵਿਦਿਆਰਥੀ ਸੀ। ਸਭ ਦਾ ਆਗਿਆਕਾਰੀ ਵੀ ਸੀ। ਉਹ ਹਮੇਸ਼ਾ ਸਾਰੇ ਕੰਮ ਸਮੇਂ ਸਿਰ ਕਰਦਾ। ਮਨਦੀਪ ਆਪਣੇ ਅਧਿਆਪਕਾਂ ਅਤੇ ਮਾਤਾ - ਪਿਤਾ ਦਾ ਕਹਿਣਾ ਮੰਨਦਾ ਸੀ। ਉਹ ਸਾਰੀ ਜਮਾਤ ਵਿੱਚ ਅਜਿਹਾ ਵਿਦਿਆਰਥੀ ਸੀ ਜੋ ਆਪਣੇ ਅਧਿਆਪਕਾਂ ਦੀ ਹਰ ਗੱਲ ਨੂੰ ਬਹੁਤ ਹੀ ਧਿਆਨ ਦੇ ਨਾਲ਼ ਸੁਣਦਾ , ਸਮਝਦਾ ਅਤੇ ਨਿਰਸੰਕੋਚ ਆਪਣੇ ਅਧਿਆਪਕ ਪਾਸੋਂ ਉੱਤਰ ਪੁੱਛਦਾ ਵੀ। ਉਸ ਨੇ ਕਦੇ ਵੀ ਨਕਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਇੱਕ ਵਾਰ ਉਸਦੇ ਅਧਿਆਪਕ ਨੇ ਇੱਕ ਟੈਸਟ ਕਰਨ ਲਈ ਦਿੱਤਾ। ਜਦੋਂ ਮਨਦੀਪ ਦੀ ਵਾਰੀ ਆਈ ਤਾਂ ਉਸ ਦੀ ਕਾਪੀ ਦੇਖ ਕੇ ਅਧਿਆਪਕ ਨਰਾਸ਼ ਹੋ ਗਏ। ਉਸਦੇ ਅਧਿਆਪਕ ਨੇ ਉਸਨੂੰ ਪੁੱਛਿਆ ਕਿ ਅੱਜ ਤੂੰ ਟੈਸਟ ਦੀ ਤਿਆਰੀ ਨਹੀਂ ਕੀਤੀ ? ਇਹ ਤਾਂ ਬਹੁਤ ਗਲਤ ਗੱਲ ਹੈ। ਤਦ ਮਨਦੀਪ ਨੇ ਆਪਣੀ ਭੋਲੀ - ਭਾਲ਼ੀ ਆਵਾਜ਼ ਵਿੱਚ ਆਪਣੇ ਅਧਿਆਪਕ ਨੂੰ ਦੱਸਿਆ ਕਿ ਕੱਲ੍ਹ ਜ਼ਿਆਦਾ ਗਰਮੀ ਹੋਣ ਕਰਕੇ ਉਹ ਬਿਮਾਰ ਹੋ ਗਿਆ ਸੀ ਅਤੇ ਉਹ ਟੈਸਟ ਦੀ ਤਿਆਰੀ ਨਹੀਂ ਕਰ ਸਕਿਆ। ਇਸ ਦੇ ਨਾਲ਼ ਹੀ ਉਸਨੇ ਆਪਣੇ ਅਧਿਆਪਕ ਨੂੰ ਇਹ ਵੀ ਦੱਸਿਆ ਕਿ ਮੈਂ ਕਿਸੇ ਵੀ ਹੋਰ ਵਿਦਿਆਰਥੀ ਦੀ ਕਾਪੀ ਤੋਂ ਨਕਲ ਨਹੀਂ ਕੀਤੀ। ਉਸਦੇ ਅਧਿਆਪਕ ਉਸ ਦੀ ਸਾਰੀ ਗੱਲ ਸੁਣ ਕੇ ਬਹੁਤ ਖੁਸ਼ ਹੋਏ ਅਤੇ ਮਨਦੀਪ ਨੂੰ ਸ਼ਾਬਾਸ਼ ਦਿੱਤੀ ਕਿ ਤੂੰ ਸਾਰੀ ਗੱਲ ਮੈਨੂੰ ਸੱਚ ਦੱਸੀ ਹੈ ਅਤੇ ਨਕਲ ਵੀ ਨਹੀਂ ਕੀਤੀ। ਸਮਾਂ ਬੀਤਦਾ ਰਿਹਾ ਅਤੇ ਕਈ ਸਾਲਾਂ ਬਾਅਦ ਮਨਦੀਪ ਫੌਜ ਵਿੱਚ ਭਰਤੀ ਹੋ ਗਿਆ ਤੇ ਇੱਕ ਵੱਡਾ ਅਫਸਰ ਬਣ ਗਿਆ। ਇੱਕ ਦਿਨ ਮਨਦੀਪ ਆਪਣੇ ਅਧਿਆਪਕ ਨੂੰ ਮਿਲਣ ਲਈ ਉਹਨਾਂ ਦੇ ਘਰ ਗਿਆ। ਤਦ ਮਨਦੀਪ ਨੇ ਆਪਣੇ ਅਧਿਆਪਕ ਨੂੰ ਪ੍ਰਣਾਮ ਕੀਤਾ ਤੇ ਆਪਣੇ ਬਾਰੇ ਦੱਸਿਆ। ਉਸਦੇ ਅਧਿਆਪਕ ਨੂੰ ਸਾਰਾ ਕੁਝ ਸੁਣ ਕੇ ਬਹੁਤ ਖੁਸ਼ੀ ਹੋਈ। ਫਿਰ ਉਸ ਦੇ ਅਧਿਆਪਕ ਨੇ ਉਸ ਨੂੰ ਸਮਝਾਉਂਦੇ ਹੋਏ ਸ਼ਾਬਾਸ਼ੀ ਦਿੱਤੀ ਤੇ ਕਿਹਾ ਕਿ ਜੇਕਰ ਤੂੰ ਜ਼ਿੰਦਗੀ ਵਿੱਚ ਮਨ ਲਗਾ ਕੇ ਪੜ੍ਹਾਈ ਕੀਤੀ ਅਤੇ ਕਦੇ ਵੀ ਨਕਲ ਨਹੀਂ ਕੀਤੀ , ਤਦ ਹੀ ਅੱਜ ਇੰਨਾ ਵੱਡਾ ਅਫਸਰ ਬਣਿਆ ਹੈ। ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਆਪਣੇ ਅਧਿਆਪਕਾਂ ਅਤੇ ਆਪਣੇ ਮਾਤਾ - ਪਿਤਾ ਦਾ ਕਹਿਣਾ ਮੰਨਣਾ ਚਾਹੀਦਾ ਹੈ , ਮਨ ਲਗਾ ਕੇ ਪੜ੍ਹਾਈ ਕਰਨੀ ਚਾਹੀਦੀ ਹੈ ਅਤੇ ਕਦੇ ਵੀ ਨਕਲ ਨਹੀਂ ਕਰਨੀ ਚਾਹੀਦੀ।

ਕਹਾਣੀਕਾਰ ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ
ਸ਼੍ਰੀ ਅਨੰਦਪੁਰ ਸਾਹਿਬ 9478561356

# ਸਿੱਖ ਜਗਤ ਲਈ ਸੋਚਣ ਦਾ ਵਿਸ਼ਾ : ਬਲਿਊ ਸਟਾਰ ਅਪ੍ਰੇਸ਼ਨ ਲਈ ਜ਼ਿੰਮੇਵਾਰ ਕੌਣ ?

**ਉਜਾਗਰ ਸਿੰਘ**



ਸਰੀਰਕ ਜ਼ਖ਼ਮ ਸਮੇਂ ਦੇ ਬੀਤਣ ਨਾਲ ਰਿਸਣ ਤੋਂ ਹੱਟ ਜਾਂਦੇ ਹਨ, ਪ੍ਰੰਤੂ ਮਾਨਸਿਕ ਜ਼ਖ਼ਮ ਹਮੇਸ਼ਾ ਅੱਲੇ ਰਹਿੰਦੇ ਹਨ ਤੇ ਰਿਸਣ ਤੋਂ ਕਦੀਂ ਬੰਦ ਨਹੀਂ ਹੁੰਦੇ। ਜੇਕਰ ਸਰੀਰਕ ਤੇ ਮਾਨਸਿਕ ਦੋਵੇਂ ਤਰ੍ਹਾਂ ਦੇ ਜ਼ਖ਼ਮ ਹੋਣ ਤਾਂ ਫਿਰ ਉਨ੍ਹਾਂ ਦੇ ਰਿਸਣ ਦੇ ਬੰਦ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸਿੱਖਾਂ ਦੇ ਸਰਵੋਤਮ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ 40 ਦੇ ਕਰੀਬ ਗੁਰੂ ਘਰਾਂ 'ਤੇ ਭਾਰਤੀ ਫੌਜਾਂ ਵੱਲੋਂ ਕੀਤੇ ਗਏ ਬਲਿਊ ਸਟਾਰ ਅਪ੍ਰੇਸ਼ਨ ਦੇ ਨਾਮ ਦੇ ਅਤਿਅੰਤ ਦੁੱਖਦਾਈ ਕੀਤੇ ਨੂੰ ਹਮਲੇ ਨੂੰ ਭਾਵੇਂ 41 ਸਾਲ ਹੋ ਗਏ ਹਨ ਪ੍ਰੰਤੂ ਉਸਦੇ ਜ਼ਖ਼ਮ ਅਜੇ ਵੀ ਅੱਲੇ ਹੀ ਹਨ, ਰਿਸਦੇ ਹਨ ਤੇ ਹਮੇਸ਼ਾ ਰਿਸਦੇ ਵੀ ਰਹਿਣਗੇ। ਸਿੱਖਾਂ ਨੂੰ ਕੁਝ ਲੋਕ ਸਲਾਹ ਦਿੰਦੇ ਹਨ ਕਿ ਉਸ ਮੰਦਭਾਗੀ ਹਮਲੇ ਨੂੰ ਭੁੱਲ ਜਾਓ, ਪ੍ਰੰਤੂ ਕਹਿਣਾ ਸੌਖਾ ਹੈ, ਭੁੱਲਣਾ ਅਸੰਭਵ ਹੈ, ਜਿਸਦਾ ਦਿਲ ਵਲੂੰਧਰਿਆ ਗਿਆ ਹੋਵੇ, ਉਸਦਾ ਦੁੱਖ ਉਹ ਹੀ ਮਹਿਸੂਸ ਕਰ ਸਕਦਾ ਹੈ। ਸਰਕਾਰੀ ਕਰੂਰਤਾ ਦੀ ਚੀਸ ਖ਼ਤਮ ਹੋਣ ਵਾਲੀ ਨਹੀਂ ਹੈ। ਕੋਈ ਵੀ ਗੁਰੂ ਦਾ ਸੱਚਾ ਸਿੱਖ ਉਸ ਅਣਮਨੁੱਖੀ ਹਮਲੇ ਦੇ ਸੰਤਾਪ ਨੂੰ ਭੁੱਲਣ ਦੀ ਗੁਸਤਾਖ਼ੀ ਕਰ ਹੀ ਨਹੀਂ ਸਕਦਾ। ਅਣਗਿਣਤ ਬੇਦੋਸ਼ੇ ਸ਼ਰਧਾਲੂਆਂ ਦੇ ਡੁਲ੍ਹੇ ਖ਼ੂਨ ਸਿਆਸਤਦਾਨਾ ਦੀਆਂ ਰੂਹਾਂ ਨੂੰ ਤੜਪਾਉਂਦੇ ਰਹਿਣਗੇ।

ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਵੀ ਭਾਰਤ ਦੀ ਉਸ ਫ਼ੌਜ ਵੱਲੋਂ ਕੀਤਾ ਗਿਆ, ਜਿਸ ਵਿੱਚ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਲਈ ਕੁਰਬਾਨੀਆਂ ਦੇਣ ਵਾਲਿਆਂ ਵਿੱਚ ਸਿੱਖ ਸ਼ਾਮਲ ਹੀ ਨਹੀਂ ਸਗੋਂ ਮੋਹਰੀ ਦੀ ਭੂਮਿਕਾ ਨਿਭਾਉਂਦੇ ਰਹੇ ਹਨ। ਦੁੱਖ ਇਸ ਗੱਲ ਦਾ ਵੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਵਾਲੇ ਫ਼ੌਜੀਆਂ ਦੀ ਅਗਵਾਈ ਦੋ ਸਿੱਖ ਜਰਨੈਲ ਆਰ ਐਸ ਦਿਆਲ ਸਲਾਹਕਾਰ ਰਾਜਪਾਲ ਪੰਜਾਬ ਅਤੇ ਲੈਫ਼ ਜਨਰਲ ਕੁਲਦੀਪ ਸਿੰਘ ਬਰਾੜ ਕਰ ਰਹੇ ਸਨ। ਏਥੇ ਹੀ ਬਸ ਨਹੀਂ ਦੇਸ਼ ਦੀਆਂ ਫ਼ੌਜਾਂ ਦੇ ਮੁੱਖੀ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਗ੍ਰਹਿ ਮੰਤਰੀ ਬੂਟਾ ਸਿੰਘ ਵੀ ਦੋਵੇਂ ਅੰਮ੍ਰਿਤਧਾਰੀ ਸਿੱਖ ਸਨ। ਫਿਰ ਸਰਕਾਰੀਤੰਤਰ ਵੱਲੋਂ ਬ੍ਰਿਤਾਂਤ ਇਹ ਸਿਰਜਿਆ ਗਿਆ ਕਿ ਇਸ ਕਾਰਵਾਈ ਦੇ ਜ਼ਿੰਮੇਵਾਰ ਇੱਕੋ-ਇੱਕ ਵਿਅਕਤੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤਾਂ ਸਿੱਖ ਧਰਮ ਦੇ ਪ੍ਰਚਾਰਕ ਸਨ। ਉਹ ਤਾਂ ਦਮਦਮੀ ਟਕਸਾਲ ਦੇ ਮੁੱਖੀ ਹੁੰਦੇ ਹੋਏ, ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਸਨ, ਉਹ ਕਿਸੇ ਸਿਆਸੀ ਪਾਰਟੀ ਨਾਲ ਸੰਬੰਧਤ ਸਿਆਸਤਦਾਨ ਨਹੀਂ ਸਨ। ਉਨ੍ਹਾਂ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ। ਇਹ ਸਾਰਾ ਕੁਝ ਕੇਂਦਰ ਸਰਕਾਰ ਵੱਲੋਂ ਪ੍ਰਕਾਸ਼ਤ ਕੀਤੇ 'ਵਾਈਟ ਪੇਪਰ' ਅਤੇ ਇੰਦਰਾ ਗਾਂਧੀ ਵੱਲੋਂ ਦੋ ਜੂਨ 1984 ਨੂੰ ਰੇਡੀਓ ਦੇ ਦਿੱਤੇ ਗਏ ਭਾਸ਼ਣ ਵਿੱਚ ਕਿਹਾ ਗਿਆ ਹੈ। ਇੰਦਰਾ ਗਾਂਧੀ ਨੇ ਸੰਸਦ ਵਿੱਚ ਹੋਈ ਡੀਬੇਟ ਵਿੱਚ ਕਿਹਾ ਸੀ ਕਿ ਪੰਜਾਬ ਦੀ ਸਮੱਸਿਆ ਦਾ ਕੋਈ ਹਲ ਨਾ ਲੱਭਣ ਅਤੇ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਦੀ ਜ਼ਿੰਮੇਵਾਰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਖ਼ੁਦ ਹੈ ਕਿਉਂਕਿ ਹਰ ਮੀਟਿੰਗ ਵਿੱਚ ਉਹ ਨਵੀਂ ਮੰਗ ਰੱਖ ਦਿੰਦੇ ਸਨ। ਕੇਂਦਰ ਸਰਕਾਰ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਸਮੁੱਚੇ ਸਿੱਖਾਂ ਨੂੰ ਲੋਕਾਂ ਦੇ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਖਾਸ ਤੌਰ 'ਤੇ ਸਿੱਖਾਂ ਦੇ ਨੇਤਾ ਜਿਹੜੇ ਕੇਂਦਰੀ ਮੰਤਰੀਆਂ ਨਾਲ ਮੀਟਿੰਗਾਂ ਵਿੱਚ ਹਿੱਸਾ ਲੈਂਦੇ ਰਹੇ, ਉਨ੍ਹਾਂ ਵਿੱਚੋਂ ਕਿਸੇ ਇੱਕ ਨੇ ਵੀ ਇਨ੍ਹਾਂ ਗੱਲਾਂ ਦਾ ਖੰਡਨ ਨਹੀਂ ਕੀਤਾ। ਇਸ ਲਈ ਇਕਪਾਸੜ ਕਹਾਣੀ ਮੀਡੀਆ ਵਿੱਚ ਆਉਂਦੀ ਰਹੀ। ਇਹ ਸਾਰਾ ਕੁਝ ਨੈਟ 'ਤੇ ਪਿਆ ਹੈ ਤੇ ਰਹਿੰਦੀ ਦੁਨੀਆਂ ਤੱਕ ਪਿਆ ਰਹੇਗਾ। ਜਦੋਂ ਵੀ ਕੋਈ ਬਲਿਊ ਸਟਾਰ ਅਪ੍ਰੇਸ਼ਨ ਬਾਰੇ ਜਾਨਣ ਲਈ ਨੈਟ ਤੋਂ ਪਤਾ ਕਰੇਗਾ ਤਾਂ ਇਹੋ ਨੈਗੇਟਿਵ ਜਵਾਬ ਮਿਲੇਗਾ। ਸਿੱਖ ਬਦਨਾਮ ਹੁੰਦੇ ਰਹਿਣਗੇ। ਇਸ ਸਾਰੇ ਕੁਝ ਦੇ ਜ਼ਿੰਮੇਵਾਰ ਸ਼੍ਰੋਮਣੀ ਅਕਾਲੀ ਦਲ ਦੀ ਪੁਰਾਣੀ ਲੀਡਰਸ਼ਿਪ ਹੈ। ਬਲਿਊ ਸਟਾਰ ਅਪ੍ਰੇਸ਼ਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀਆਂ ਚਾਰ ਵਾਰ ਸਰਕਾਰਾਂ ਰਹੀਆਂ, ਕਿਸੇ ਨੇ ਵੀ ਇਸ ਗੰਭੀਰ ਇਲਜ਼ਾਮਾਂ ਦਾ ਖੰਡਨ ਨਹੀਂ ਕੀਤਾ ਅਤੇ ਨਾ ਹੀ ਕੋਈ ਸਾਰਥਿਕ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਬਲਿਊ ਸਟਾਰ ਅਪ੍ਰੇਸ਼ਨ ਤੋਂ ਬਾਅਦ ਫ਼ੌਜ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਿਲੇ ਹਥਿਆਰਾਂ ਦੀ ਨੁਮਾਇਸ਼ ਲਾ ਕੇ ਬਦਨਾਮ ਕੀਤਾ। ਇਸ ਦਾ ਵੀ ਅਕਾਲੀਆਂ ਦੀ ਲੀਡਰਸ਼ਿਪ ਨੇ ਖੰਡਨ ਨਹੀਂ ਕੀਤਾ। ਜੇ ਹਥਿਆਰਾਂ ਦਾ ਬਰਾਮਦ ਹੋਣਾ ਸੱਚ ਹੈ ਤਾਂ ਇਹ ਹਥਿਆਰ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਸੁਰੱਖਿਆ ਫੋਰਸਾਂ ਦੇ ਨਾਕਿਆਂ ਰਾਹੀਂ ਲੰਘਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕਿਵੇਂ ਪਹੁੰਚੇ? ਜਨਰਲ ਸ਼ੁਬੇਗ ਸਿੰਘ ਤੇ ਇਲਜ਼ਾਮ ਹੈ ਕਿ ਉਸਨੇ ਨੌਜਵਾਨਾ ਨੂੰ ਹਥਿਆਰਾਂ ਨਾਲ ਲਾਮਬੰਦ ਕਰਨ ਵਿੱਚ ਭੂਮਿਕਾ ਨਿਭਾਈ ਸੀ। ਇਸ ਦੀ ਵੀ ਪੜਤਾਲ ਹੋਣੀ ਜ਼ਰੂਰੀ ਸੀ। ਇਹ ਵੀ ਕਿਹਾ ਜਾਂਦਾ ਹੈ, ਜੇ ਸੰਤ ਜਰਨੈਲ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਨਾ ਜਾਂਦੇ ਤਾਂ ਫ਼ੌਜੀ ਕਾਰਵਾਈ ਨਹੀਂ ਹੋਣੀ ਸੀ। ਦਮਦਮੀ ਟਕਸਾਲ ਅਤੇ ਸਿੱਖ ਸਟੂਡੈਂਟ ਫ਼ੈਡਰੇਸ਼ਨ ਦੀ ਖ਼ਾਨਾਜੰਗੀ ਕਰਕੇ ਉਨ੍ਹਾਂ ਨੂੰ ਉਥੇ ਲਿਜਾਇਆ ਗਿਆ ਸੀ, ਕਿਉਂਕਿ ਉਨ੍ਹਾਂ ਦੇ ਕੁਝ ਸਪੋਰਟਰਾਂ ਨੂੰ ਮਾਰ ਦਿੱਤਾ ਗਿਆ ਸੀ। ਸ੍ਰੀ ਹਰਿਮੰਦਰ ਸਾਹਿਬ ਤੋਂ ਬਿਨਾ ਸੰਸਾਰ ਵਿੱਚ ਅੱਜ ਤੱਕ ਕਿਸੇ ਵੀ ਦੇਸ਼ ਦੀ ਫ਼ੌਜ ਨੇ ਧਾਰਮਿਕ ਸਥਾਨ 'ਤੇ ਹਮਲਾ ਨਹੀਂ ਕੀਤਾ। ਹਮਲੇ ਤੋਂ ਪਹਿਲਾਂ ਹੋਰ ਕੋਈ ਵਿਕਲਪ ਕਿਉਂ ਨਹੀਂ ਵਰਤਿਆ ਗਿਆ? ਇਨ੍ਹਾਂ ਸਵਾਲਾਂ ਦੇ ਜਵਾਬ ਵੀ ਅਜੇ ਵਕਾਇਆ ਹਨ।

ਅਸਲ ਵਿੱਚ ਸ਼੍ਰੋਮਣੀ ਅਕਾਲੀ ਦਲ 'ਤੇ ਕਾਬਜ਼ ਸਿੱਖ ਸਿਆਸਤਦਾਨ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫਲ ਹੋ ਗਏ ਸਨ। ਉਨ੍ਹਾਂ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਕਰਨ ਕਰਕੇ ਡਰ ਲੱਗ ਰਿਹਾ ਸੀ, ਕਿਉਂਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸਿੱਖ ਜਗਤ ਵਿੱਚ ਹਰਮਨਪਿਆਰਤਾ ਵੱਧ ਰਹੀ ਸੀ। ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਦੀ ਧੜਕਣ ਤੇਜ਼ ਹੋ ਰਹੀ ਸੀ, ਕਿ ਕਿਤੇ ਉਹ ਸ਼੍ਰੋਮਣੀ ਅਕਾਲੀ ਦਲ 'ਤੇ ਕਾਬਜ਼ ਨਾ ਹੋ ਜਾਣ। ਅੰਦਰਖਾਤੇ ਸਾਰੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਵਿਰੁੱਧ ਬੋਲ ਰਹੀ ਸੀ। ਉਨ੍ਹਾਂ ਨੇ ਤਾਂ ਇੱਥੋਂ ਤੱਕ ਇਲਜ਼ਾਮ ਲਗਾ ਦਿੱਤਾ ਸੀ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਗਿਆਨੀ ਜ਼ੈਲ ਸਿੰਘ ਅਕਾਲੀਆਂ ਵਿਰੁੱਧ ਵਰਤ ਰਿਹਾ ਹੈ। ਕਈ ਪੁਸਤਕਾਂ ਲਿਖਣ ਵਾਲੇ ਸਿੱਖ, ਜਿਨ੍ਹਾਂ ਵਿੱਚ ਸਾਬਕਾ ਰਾਅ ਮੁੱਖੀ ਜੀ ਪੀ ਐਸ ਸਿੱਧੂ, ਪੀ ਸੀ ਅਲੈਗਜੈਂਡਰ, ਏ ਪੀ ਪਾਂਡੇ ਅਤੇ ਕੁਝ ਹੋਰ ਅਧਿਕਾਰੀਆਂ ਨੇ ਵੀ ਇਹੋ ਸੰਦੇਹ ਪ੍ਰਗਟ ਕੀਤਾ ਸੀ, ਜਦੋਂ ਕਿ ਇਸ ਵਿੱਚ ਕੋਈ ਸਚਾਈ ਨਹੀਂ ਸੀ। ਪੰਜਾਬ ਦੇ ਤੱਤਕਾਲੀ ਮੁੱਖ ਮੰਤਰੀ ਦਰਬਾਰਾ ਸਿੰਘ ਅਤੇ ਗਿਆਨੀ ਜ਼ੈਲ ਸਿੰਘ ਦੀ ਸਿਆਸੀ ਲੜਾਈ ਕਰਕੇ ਦਰਬਾਰਾ ਸਿੰਘ ਦਾ ਧੜਾ ਵੀ ਇਹੋ ਇਲਜ਼ਾਮ ਲਗਾਈ ਜਾ ਰਿਹਾ ਸੀ। ਸਿਆਸਤਦਾਨ ਹਮੇਸ਼ਾ ਦੂਜਿਆਂ ਦੇ ਮੋਢਿਆਂ 'ਤੇ ਰੱਖਕੇ ਵਾਰ ਕਰਦੇ ਹਨ। ਮੈਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਵਕਾਲਤ ਨਹੀਂ ਕਰ ਰਿਹਾ, ਪ੍ਰੰਤੂ ਇਸ ਗੱਲ ਦਾ ਕੋਈ ਪ੍ਰਮਾਣ ਨਹੀਂ ਕਿ ਉਹ ਕਿਸੇ ਧਰਮ ਦੇ ਵਿਰੁੱਧ ਉਕਸਾ ਰਹੇ ਹੋਣ। ਸੰਤ ਭਿੰਡਰਾਂਵਾਲਿਆਂ ਵਿਰੁੱਧ ਇਹ ਸਾਰੀਆਂ ਅਫ਼ਵਾਹਾਂ ਬਹੁ ਸੰਮਤੀ ਲੋਕਾਂ ਵੱਲੋਂ ਫੈਲਾਈਆਂ ਜਾ ਰਹੀਆਂ ਸਨ । ਉਨ੍ਹਾਂ ਨੇ ਕਦੀਂ ਖਾਲਿਸਤਾਨ ਦੀ ਮੰਗ ਨਹੀਂ ਕੀਤੀ ਸੀ, ਪ੍ਰੰਤੂ ਇਹ ਜ਼ਰੂਰ ਕਿਹਾ ਸੀ ਕਿ ਜੇ ਦੇਣ ਤਾਂ ਕੋਈ ਇਨਕਾਰ ਨਹੀਂ। ਉਹ ਹਰ ਧਰਮ ਦੇ ਲੋਕਾਂ ਨੂੰ ਆਪੋ ਆਪਣੇ ਧਰਮ ਵਿੱਚ ਪਰਪੱਕ ਰਹਿਣ ਲਈ ਕਹਿੰਦੇ ਸਨ।

ਹਰ ਸਮੱਸਿਆ ਦਾ ਹੱਲ ਗੱਲਬਾਤ ਨਾਲ ਹੀ ਹੁੰਦਾ ਹੈ। ਆਸਾਮ ਵਿੱਚ ਚਾਰ ਸਾਲ ਹਿੰਸਕ ਮਾਹੌਲ ਰਿਹਾ। ਅਖ਼ੀਰ ਕੇਂਦਰ ਸਰਕਾਰ ਨਾਲ ਗੱਲਬਾਤ ਤੋਂ ਬਾਅਦ ਸਮਝੌਤਾ ਹੋ ਗਿਆ। ਪੰਜਾਬ ਵਿੱਚ ਸਮਝੌਤਾ ਕਿਉਂ ਨਹੀਂ ਹੋਇਆ? ਸਿੱਖ ਜਗਤ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਕੇਂਦਰੀ ਮੰਤਰੀਆਂ ਨਾਲ ਬਾਰਾਂ ਮੀਟਿੰਗਾਂ ਕੀਤੀਆਂ, ਪ੍ਰੰਤੂ ਇਹ ਗੱਲਬਾਤ ਸਿਰੇ ਕਿਉਂ ਨਹੀਂ ਚੜ੍ਹੀ? ਕਿਉਂਕਿ ਅਕਾਲੀ ਲੀਡਰਸ਼ਿਪ ਸਮਝੌਤਾ ਜਾਂ ਤਾਂ ਕਰਨਾ ਨਹੀਂ ਚਾਹੁੰਦੀ ਸੀ ਜਾਂ ਕਮਜ਼ੋਰ ਹੋਣ ਕਰਕੇ ਫੈਸਲਾ ਨਹੀਂ ਕਰ ਸਕੀ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਇੱਕ ਵਾਰ ਤਾਂ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਵੀ ਗੱਲਬਾਤ ਕੀਤੀ ਸੀ। ਹਰ ਵਾਰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਮੀਟਿੰਗ ਵਿੱਚ ਇਹ ਕਹਿੰਦੀ ਰਹੀ ਕਿ ਬਾਅਦ ਵਿੱਚ ਦੱਸਾਂਗੇ। ਇਸ ਦਾ ਤਾਂ ਇਹੋ ਅਰਥ ਨਿਕਲਦਾ ਹੈ ਕਿ ਉਹ ਸਮਝੌਤਾ ਕਰਨਾ ਨਹੀਂ ਚਾਹੁੰਦੇ ਸੀ। ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ ਨਾਲ ਆਖ਼ਰੀ ਮੀਟਿੰਗ 26 ਮਈ 1984 ਨੂੰ ਹੋਈ ਸੀ, ਕੇਂਦਰ ਸਰਕਾਰ ਵੀ ਸੰਜੀਦਾ ਨਹੀਂ ਸੀ, ਇਕ ਪਾਸੇ ਮੀਟਿੰਗਾਂ ਕਰ ਰਹੀ ਸੀ ਤੇ ਦੂਜੇ ਪਾਸੇ ਬਲਿਊ ਸਟਾਰ ਅਪ੍ਰੇਸ਼ਨ ਦੀ ਤਿਆਰੀ ਕਰ ਰਹੀ ਸੀ। ਇਹ ਅਪ੍ਰੇਸ਼ਨ ਇੱਕ ਦਿਨ ਦਾ ਫੈਸਲਾ ਨਹੀਂ ਸੀ, ਲਗਪਗ ਇੱਕ ਸਾਲ ਤੋਂ ਤਿਆਰੀ ਕਰ ਰਹੇ ਸੀ। ਰਾਜੀਵ ਗਾਂਧੀ ਨੇ ਮਾਰਚ 1984 ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਧਾਰਮਿਕ ਸੰਤ ਪੁਰਸ਼ ਕਿਹਾ ਸੀ। ਫਿਰ ਇਤਨੀ ਜਲਦੀ ਉਸਨੂੰ ਅੱਤਵਾਦੀ ਬਣਾ ਦਿੱਤਾ। ਇਨ੍ਹਾਂ ਸਾਰੀਆਂ ਗੱਲਾਂ ਦੀ ਪੜਚੋਲ ਕਰਨੀ ਬਣਦੀ ਹੈ। ਅੱਜ ਤੱਕ ਮੀਟਿੰਗਾਂ ਵਿੱਚ ਸ਼ਾਮਲ ਹੋਣ ਵਾਲੇ ਕਿਸੇ ਅਕਾਲੀ ਨੇਤਾ ਨੇ ਇਹ ਨਹੀਂ ਦੱਸਿਆ ਕਿ ਸਮਝੌਤਾ ਕਿਉਂ ਨਹੀਂ ਸਿਰੇ ਚੜ੍ਹ ਸਕਿਆ? ਉਨ੍ਹਾਂ ਵਿੱਚੋਂ ਕੁਝ ਨੇਤਾ ਤਾਂ ਅੱਜ ਵੀ ਜਿਉਂਦੇ ਹਨ। ਵੱਖ-ਵੱਖ ਸਮੇਂ ਵੱਖ-ਵੱਖ ਮੀਟਿੰਗਾਂ ਵਿੱਚ ਪਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸੰਤ ਹਰਚੰਦ ਸਿੰਘ ਲੌਂਗੋਵਾਲ, ਸੁਰਜੀਤ ਸਿੰਘ ਬਰਨਾਲਾ, ਬਲਬੰਤ ਸਿੰਘ, ਰਵੀਇੰਦਰ ਸਿੰਘ, ਕੈਪਟਨ ਅਮਰਿੰਦਰ ਸਿੰਘ ਆਦਿ ਮੀਟਿੰਗਾਂ ਵਿੱਚ ਸ਼ਾਮਲ ਹੁੰਦੇ ਰਹੇ ਸਨ। ਉਹ ਵੀ ਚੁੱਪ ਬੈਠੇ ਹਨ। ਇਹ ਵੀ ਪ੍ਰਧਾਨ ਮੰਤਰੀ ਦੇ ਦਫ਼ਤਰ ਦੇ ਰਿਕਾਰਡ ਵਿੱਚ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ 19 ਫਰਵਰੀ 1983 ਦਾ ਲਿਖਿਆ ਇੱਕ ਖ਼ਤ ਇੱਕ ਅਖ਼ਬਾਰ ਦੇ ਸੰਪਾਦਕ ਭਰਪੂਰ ਸਿੰਘ ਬਲਬੀਰ ਨੇ ਇੰਦਰਾ ਗਾਂਧੀ ਨੂੰ ਨਿੱਜੀ ਤੌਰ 'ਤੇ ਮਿਲਕੇ ਦੇ ਕੇ ਦਿੱਤਾ ਸੀ ਤੇ ਫਿਰ ਇੰਦਰਾ ਗਾਂਧੀ ਨੇ ਉਸ ਖਤ ਦਾ ਜਵਾਬ ਭਰਪੂਰ ਸਿੰਘ ਬਲਬੀਰ ਰਾਹੀਂ ਦੋ ਦਿਨ ਬਾਅਦ 21 ਫਰਵਰੀ 1983 ਨੂੰ ਸੰਤਾਂ ਨੂੰ ਭਿਜਾਵਾਇਆ ਸੀ। ਮਰਹੂਮ ਪੱਤਰਕਾਰ ਦਲਬੀਰ ਸਿੰਘ ਦੇ ਸੰਪਰਕ ਰਾਹੀਂ ਪਤਾ ਲੱਗਿਆ ਸੀ ਕਿ ਸੰਤ ਜਰਨੈਲ ਸਿੰਘ ਨਾਲ ਇੰਦਰਾ ਗਾਂਧੀ ਦੀ ਮੀਟਿੰਗ ਵੀ ਨਿਸਚਤ ਹੋ ਗਈ ਸੀ, ਪ੍ਰੰਤੂ ਐਨ ਮੌਕੇ 'ਤੇ ਕੁਝ ਵਿਅਕਤੀਆਂ ਨੇ ਅੜਿਕਾ ਪਾ ਕੇ ਮੀਟਿੰਗ ਰੱਦ ਕਰਵਾ ਦਿੱਤੀ ਸੀ। ਇਸਦਾ ਅਰਥ ਤਾਂ ਇਹ ਬਣਦਾ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਪੰਜਾਬ ਦੇ ਹਾਲਾਤ ਠੀਕ ਕਰਨਾ ਚਾਹੁੰਦਾ ਸੀ, ਪ੍ਰੰਤੂ ਕੁਝ ਸਿਆਸਤਦਾਨ ਨਹੀਂ ਚਾਹੁੰਦੇ ਸਨ, ਕਿਉਂਕਿ ਉਨ੍ਹਾਂ ਦੀਆਂ ਕੁਰਸੀਆਂ ਖਿਸਕਦੀਆਂ ਲੱਗਦੀਆਂ ਸਨ। ਸਾਰਾ ਦੋਸ਼ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਸਿਰ ਲਾਇਆ ਜਾਂਦਾ ਹੈ। ਜੇ ਸਮਝੌਤਾ ਹੋ ਜਾਂਦਾ ਤਾਂ ਸਿੱਖਾਂ ਨੂੰ ਅਜਿਹੇ ਹਾਲਾਤ ਵਿੱਚੋਂ ਨਾ ਗੁਜਰਨਾ ਪੈਂਦਾ। ਸਿੱਖ ਆਪਣੀ ਪੀੜ੍ਹੀ ਹੇਠ ਸੋਟਾ ਨਹੀਂ ਫੇਰਦੇ ਦੂਜਿਆਂ 'ਤੇ ਇਲਜ਼ਾਮ ਲਗਾਈ ਜਾਂਦੇ ਹਨ। ਸਿੱਖਾਂ ਨੂੰ ਇੱਕਮੁਠ ਹੋ ਕੇ ਆਪਣੇ 'ਤੇ ਲੱਗੇ ਇਲਜ਼ਾਮ ਬਾਰੇ ਸਪਸ਼ਟੀਕਰਨ ਦੇਣਾ ਚਾਹੀਦਾ ਹੈ ਤਾਂ ਜੋ ਸੰਸਾਰ ਵਿੱਚ ਸਿੱਖਾਂ ਦਾ ਅਕਸ ਬਲਿਊ ਸਟਾਰ ਬਾਰੇ ਸਾਫ ਹੋ ਸਕੇ, ਪ੍ਰੰਤੂ ਇਹ ਤਾਂ ਕੁਰਸੀਆਂ ਪਿੱਛੇ ਹੀ ਲੜੀ ਜਾ ਰਹੇ ਹਨ।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

## ਵਿਸ਼ਵ ਦੇ ਮਹਾਨ ਖਿਡਾਰੀ

# ਲਾਅਨ ਟੈਨਿਸ ਦੀ ਮਲਕਾ ਸਟੈਫੀ ਗ੍ਰਾਫ

ਪ੍ਰਿੰ. ਸਰਵਣ ਸਿੰਘ



ਜਰਮਨੀ ਦੀ ਜੰਮਪਲ ਸਟੈਫੀ ਗ੍ਰਾਫ ਟੈਨਿਸ ਦੀ ਮਲਕਾ ਮੰਨੀ ਜਾਂਦੀ ਰਹੀ। ਟੈਨਿਸ ਦੇ ਅੰਬਰ ਵਿਚ ਉਹਦਾ ਨਾਂ ਧਰੂ ਤਾਰੇ ਵਾਂਗ ਲਿਸ਼ਕਦਾ ਰਹੇਗਾ। ਉਸ ਨੇ ਟੈਨਿਸ ਦੇ ਸਾਰੇ ਗਰੈਂਡ ਸਲਾਮ ਟੂਰਨਾਮੈਂਟ ਜਿੱਤੇ ਤੇ ਦੋ ਓਲੰਪਿਕ ਖੇਡਾਂ 'ਚੋਂ ਸੋਨੇ, ਚਾਂਦੀ ਤੇ ਕਾਂਸੀ ਦੇ ਤਿੰਨ ਮੈਡਲ ਹਾਸਲ ਕੀਤੇ। ਉਸ ਦੀ ਇਨਾਮੀ ਰਾਸ਼ੀ 2 ਕਰੋੜ ਡਾਲਰਾਂ ਤੋਂ ਟੱਪ ਗਈ ਸੀ ਅਤੇ ਮਾਨ ਸਨਮਾਨਾਂ ਦਾ ਕੋਈ ਅੰਤ ਨਹੀਂ ਰਿਹਾ। ਉਸ ਨੂੰ ਗੁੜ੍ਹਤੀ ਹੀ ਟੈਨਿਸ ਦੀ ਮਿਲੀ ਸੀ। ਉਸ ਦਾ ਬਾਪ ਪੀਟਰ ਗ੍ਰਾਫ ਖ਼ੁਦ ਟੈਨਿਸ ਦਾ ਤਕੜਾ ਖਿਡਾਰੀ ਸੀ ਤੇ ਉਹੀ ਆਪਣੀ ਧੀ ਦਾ ਪਹਿਲਾ ਕੋਚ ਬਣਿਆ। ਸਟੈਫੀ ਨੇ ਤਿੰਨ ਸਾਲ ਦੀ ਉਮਰੇ ਰੈਕਟ ਫੜਨਾ ਸਿੱਖ ਲਿਆ ਸੀ ਤੇ ਚੌਥੇ ਸਾਲ ਟੈਨਿਸ ਖੇਡਣ ਲੱਗ ਪਈ ਸੀ। ਫਿਰ ਉਸ ਨੇ ਏਨੀ ਮਿਹਨਤ ਕੀਤੀ, ਐਨਾ ਮੁੜ੍ਹਕਾ ਵਹਾਇਆ, ਏਨਾ ਸਿਦਕ ਤੇ ਸਿਰੜ ਪਾਲਿਆ ਕਿ 13 ਸਾਲ ਦੀ ਕਿਸ਼ੋਰ ਅਵੱਸਥਾ ਤੋਂ ਹੀ ਟੈਨਿਸ ਦੇ ਟੂਰਨਾਮੈਂਟ ਜਿੱਤਦੀ ਵੀਹਵੀਂ ਸਦੀ ਦੀ ਸਭ ਤੋਂ ਤਕੜੀ ਟੈਨਿਸ ਖਿਡਾਰਨ ਐਲਾਨੀ ਗਈ। ਉਸ ਨੂੰ ਵਿਸ਼ਵ ਪੱਧਰ ਦਾ ਹਰ ਮਾਨ ਸਨਮਾਨ ਮਿਲਿਆ। ਉਸ ਦਾ ਖੇਡ ਕੈਰੀਅਰ ਨਵੇਂ ਖਿਡਾਰੀਆਂ ਲਈ ਰਾਹ ਦਸੇਰਾ ਤੇ ਖੇਡਾਂ ਦੀ ਦੁਨੀਆ ਲਈ ਚਾਨਣ ਮੁਨਾਰਾ ਹੈ।

ਖੇਡ ਪ੍ਰਤਿਭਾ ਨਾਲ ਰੱਬ ਨੇ ਉਸ ਨੂੰ ਰੰਗ ਰੂਪ ਵੀ ਰੱਜ ਕੇ ਦਿੱਤਾ। ਉਸ ਦਾ ਕੱਦ 5 ਫੁੱਟ 9 ਇੰਚ ਹੈ। ਨੱਕ ਤਿੱਖਾ, ਧੌਣ ਲੰਮੀ, ਅੱਖਾਂ ਬਿੱਲੀਆਂ, ਵਾਲ ਭੂਰੇ ਤੇ ਜੁੱਸਾ ਸਡੌਲ ਹੈ। ਸਰਗਰਮ ਖੇਡ ਤੋਂ ਰਿਟਾਇਰ ਹੋਣ ਪਿੱਛੋਂ ਉਹ ਆਪਣੀ ਮਾਂ, ਭਰਾ, ਪਤੀ, ਪੁੱਤਰ ਤੇ ਧੀ ਨਾਲ ਅਮਰੀਕਾ ਦੇ ਸ਼ਹਿਰ ਲਾਸ ਵੇਗਸ ਵਿਚ ਪੂਰੇ ਪਰਿਵਾਰ ਨਾਲ ਸੁਖੀ ਵਸਦੀ ਹੈ। ਉਸ ਦਾ ਪਤੀ ਆਂਦਰੇ ਅਗਾਸੀ ਵੀ ਟੈਨਿਸ ਦਾ ਸਟਾਰ ਖਿਡਾਰੀ ਰਿਹਾ ਹੈ ਜਿਸ ਬਾਰੇ ਕਦੇ ਵੱਖਰਾ ਲੇਖ ਲਿਖਿਆ ਜਾਵੇਗਾ।

ਸਟੈਫੀ ਦਾ ਪੂਰਾ ਨਾਂ ਸਟੇਫਾਨੀ ਮਾਰੀਆ ਗ੍ਰਾਫ ਹੈ। ਉਸ ਦਾ ਜਨਮ 14 ਜੂਨ 1969 ਨੂੰ ਪੱਛਮੀ ਜਰਮਨੀ ਦੇ ਸ਼ਹਿਰ ਮਨਹਾਈਮ ਨੇੜੇ ਬਰੂਹਲ ਵਿਚ ਟੈਨਿਸ ਖਿਡਾਰੀ ਪੀਟਰ ਗ੍ਰਾਫ ਦੇ ਘਰ ਹੋਇਆ ਸੀ। ਉਹਦਾ ਪਿਤਾ ਖ਼ੁਦ ਖਿਡਾਰੀ ਰਿਹਾ ਸੀ ਤੇ ਫਿਰ ਸਟੈਫੀ ਦੇ ਚੰਗੇ ਭਾਗਾਂ ਨੂੰ ਟੈਨਿਸ ਦਾ ਕੋਚ ਬਣ ਗਿਆ ਸੀ। ਉਸ ਨੇ ਆਪਣੀ ਧੀ ਨੂੰ ਟੈਨਿਸ ਦੀ ਖਿਡਾਰਨ ਬਣਾਉਣ ਵਿਚ ਸਭ ਤੋਂ ਵੱਧ ਯੋਗਦਾਨ ਪਾਇਆ। ਸਟੈਫੀ ਨੂੰ ਗੇਂਦ ਤੇ ਛੋਟਾ ਰੈਕਿਟ ਪਹਿਲੇ ਖਿਡਾਉਣੇ ਦੇ ਰੂਪ ਵਿਚ ਮਿਲੇ ਸਨ ਜਿਵੇਂ ਹਾਕੀ ਖਿਡਾਰੀ ਬਲਬੀਰ ਸਿੰਘ ਸੀਨੀਅਰ ਨੂੰ ਉਸ ਦੇ ਪਿਤਾ ਵੱਲੋਂ ਛੋਟੀ ਹਾਕੀ ਜਨਮ ਦਿਨ ਦੇ ਖਿਡਾਉਣੇ ਵਜੋਂ ਮਿਲੀ ਸੀ। ਉਸ ਖਿਡਾਉਣੇ ਨੇ ਬਲਬੀਰ ਸਿੰਘ ਨੂੰ ਵਿਸ਼ਵ ਦਾ ਅੱਵਲ ਨੰਬਰ ਹਾਕੀ ਖਿਡਾਰੀ ਬਣਨ ਲਈ ਪ੍ਰੇਰਤ ਕਰ ਦਿੱਤਾ ਸੀ। ਕਮਾਲ ਦੀ ਗੱਲ ਇਹ ਕਿ ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਦੇ ਫਾਈਨਲ ਮੈਚ ਵਿਚ ਬਲਬੀਰ ਸਿੰਘ ਦੇ ਕੀਤੇ 5 ਗੋਲਾਂ ਦਾ ਓਲੰਪਿਕ ਰਿਕਾਰਡ ਅਜੇ ਤਕ ਕਾਇਮ ਹੈ!

ਸਟੈਫੀ ਸਿਰਫ਼ ਚਾਰ ਸਾਲ ਦੀ ਹੋਈ ਸੀ ਕਿ ਪਿਤਾ ਨਾਲ ਟੈਨਿਸ ਖੇਡਣ ਲੱਗ ਪਈ ਸੀ।



13 ਸਾਲ ਦੀ ਹੋਈ ਤਾਂ ਪੇਸ਼ਾਵਰ ਖਿਡਾਰਨ ਵਜੋਂ ਟੈਨਿਸ ਦੇ ਟੂਰਨਾਮੈਂਟਾਂ ਵਿਚ ਭਾਗ ਲੈਣ ਲੱਗ ਪਈ। ਉਸ ਨੇ ਪਹਿਲਾ ਪੇਸ਼ਾਵਰਾਨਾ ਮੈਚ 1982 ਵਿਚ ਖੇਡਿਆ। ਉਦੋਂ ਤੋਂ ਉਹਦੀਆਂ ਜਿੱਤਾਂ ਦਾ ਐਸਾ ਦੌਰ ਸ਼ੁਰੂ ਹੋਇਆ ਕਿ ਉਹ 1987 ਵਿਚ ਫਰੈਂਚ ਓਪਨ ਦਾ ਪਹਿਲਾ ਗ੍ਰੈਂਡ ਸਲੈਮ ਖ਼ਿਤਾਬ ਜਿੱਤ ਗਈ। ਉਸੇ ਸਾਲ ਉਹ ਵਿਸ਼ਵ ਦੀ ਸਰਬੋਤਮ ਟੈਨਿਸ ਖਿਡਾਰਨ ਐਲਾਨੀ ਗਈ। ਫੇਰ ਤਾਂ ਐਸੀ ਚੱਲ ਸੋ ਚੱਲ ਹੋਈ ਕਿ ਆਏ ਦਿਨ ਉਸ ਨੂੰ ਜਿੱਤਾਂ 'ਤੇ ਜਿੱਤਾਂ ਨਸੀਬ ਹੋਣ ਲੱਗੀਆਂ। ਉਹ ਵਿਸ਼ਵ ਦੀ ਟੈਨਿਸ ਮਲਕਾ ਕਹੀ ਜਾਣ ਲੱਗੀ। ਜਿਧਰ ਵੀ ਜਾਂਦੀ ਹੱਥੀਂ ਛਾਵਾਂ ਹੁੰਦੀਆਂ। ਫਰੈਂਚ ਓਪਨ ਦਾ ਗ੍ਰੈਂਡ ਸਲੈਮ ਖ਼ਿਤਾਬ ਜਿੱਤਣ ਪਿਛੋਂ ਉਹ ਵਿਸ਼ਵ ਦੀ ਨੰਬਰ 1 ਖਿਡਾਰਨ ਬਣਨ ਦਾ ਖ਼ਿਤਾਬ ਵੀ ਹਾਸਲ ਕਰ ਗਈ।

1988 ਵਿਚ ਸਟੈਫੀ ਗ੍ਰਾਫ ਨੇ ਉਹ ਮਾਅਰਕਾ ਮਾਰਿਆ ਜੋ ਉਸ ਤੋਂ ਪਹਿਲਾਂ ਕਿਸੇ ਤੋਂ ਨਹੀਂ ਸੀ ਵੱਜਾ। ਉਸ ਨੂੰ ਕਹਿੰਦੇ ਹਨ: ਕੈਲੰਡਰ ਗ੍ਰੈਂਡ ਸਲੈਮ। ਉਸ ਵਿਚ ਵਿਸ਼ਵ ਭਰ ਦੇ ਵੱਡੇ ਟੈਨਿਸ ਟੂਰਨਾਮੈਂਟ ਆਸਟ੍ਰੇਲੀਅਨ ਓਪਨ, ਫ੍ਰੈਂਚ ਓਪਨ, ਵਿੰਬਲਡਨ ਤੇ ਯੂ ਐੱਸ ਓਪਨ ਆਦਿ ਆਉਂਦੇ ਹਨ, ਉਹ ਸਾਰੇ ਗਰੈਂਡ ਸਲੈਮ ਉਸ ਨੇ ਜਿੱਤੇ। ਨਾਲ ਲੋਹੜਾ ਇਹ ਮਾਰਿਆ ਕਿ 1988 ਦੀਆਂ ਓਲੰਪਿਕ ਖੇਡਾਂ 'ਚੋਂ ਇਕ ਗੋਲਡ ਤੇ ਇਕ ਬਰਾਂਜ਼ ਮੈਡਲ ਵੀ ਜਿੱਤੇ। ਇਹ ਇਕ ਸਾਧਾਰਨ ਪਰਿਵਾਰ ਵਿਚ ਜੰਮੀ ਪਲੀ ਲੜਕੀ ਦੀ ਪ੍ਰਾਪਤੀ ਸੀ ਨਾ ਕਿ ਸੋਨੇ ਦੇ ਚਮਚੇ ਨਾਲ ਗੁੜ੍ਹਤੀ ਲੈ ਕੇ ਜੰਮੀ ਕਿਸੇ ਅਮੀਰਜ਼ਾਦੀ ਦੀ। ਆਲੇ ਭੋਲੇ ਬਚਪਨ ਤੋਂ ਲੈ ਕੇ ਉਸ ਨੇ ਟੈਨਿਸ ਦੀ ਲੰਮੀ, ਥਕਾਉਣ ਵਾਲੀ ਪਰ ਉਤਸ਼ਾਹ ਭਰੀ ਜੰਗ ਲੜੀ ਸੀ। ਉਹ ਘਰੋਂ ਸਿੱਧੀ ਹਵਾਈ ਅੱਡਿਆਂ 'ਤੇ ਜਾਂਦੀ, ਜਹਾਜ਼ਾਂ 'ਤੇ ਚੜ੍ਹਦੀ ਉਤਰਦੀ, ਸਿੱਧੀ ਟੈਨਿਸ ਦੇ ਮੈਦਾਨਾਂ 'ਚ ਪਹੁੰਚਦੀ ਤੇ ਪ੍ਰੈਕਟਿਸ ਕਰ ਕੇ ਜਾਂ ਟੂਰਨਾਮੈਂਟ ਖੇਡ ਕੇ ਸਿੱਧੀ ਘਰ ਮੁੜਦੀ। ਕੋਈ ਬੁਆਏ ਫ੍ਰਿੰਡ ਨਹੀਂ, ਕੋਈ ਡੇਟਿੰਗ ਨਹੀਂ ਤੇ ਕੋਈ ਵਕਤ ਨਹੀਂ ਜੋ ਫ਼ਜ਼ੂਲ ਗੱਲਾਂ 'ਚ ਗੁਆਇਆ ਜਾਵੇ।

13 ਸਾਲ ਦੀ ਅੱਲ੍ਹੜ ਉਮਰ 'ਚ ਉਸ ਨੇ ਪਹਿਲਾ ਪ੍ਰੋਫੈਸ਼ਨਲ ਮੈਚ ਖੇਡਿਆ, 18 ਸਾਲ ਦੀ ਉਮਰੇ ਪਹਿਲਾ ਗ੍ਰੈਂਡ ਸਲੈਮ ਖ਼ਿਤਾਬ ਜਿੱਤਿਆ, ਉਸੇ ਸਾਲ ਵਿਸ਼ਵ ਦੀ ਅੱਵਲ ਨੰਬਰ ਖਿਡਾਰਨ ਐਲਾਨੀ ਗਈ, 19ਵੇਂ ਸਾਲ ਦੀ ਉਮਰੇ ਮਹਾਨ ਪ੍ਰਾਪਤੀ ਕੈਲੰਡਰ ਸਲੈਮ ਜਿੱਤਣ ਦੀ ਹੋਈ ਜਿਸ ਨੂੰ 'ਗੋਲਡਨ ਸਲੈਮ ਵੀ ਕਿਹਾ ਜਾਂਦਾ ਹੈ। ਸਿਓਲ ਦੀਆਂ ਓਲੰਪਿਕ ਖੇਡਾਂ 'ਚ ਸਿੰਗਲਜ਼ ਦਾ ਗੋਲਡ ਤੇ ਡਬਲਜ਼ ਦਾ ਬਰਾਂਜ਼ ਮੈਡਲ ਜਿੱਤ ਕੇ ਉਸ ਨੇ ਪੱਛਮੀ ਜਰਮਨੀ ਦਾ ਮਾਣ ਵਧਾਇਆ। ਫਿਰ ਬਰਲਿਨ ਦੀ ਦੀਵਾਰ ਢਾਹ ਕੇ ਈਸਟ ਜਰਮਨੀ ਤੇ ਵੈੱਸਟ ਜਰਮਨੀ ਇਕੱਠੇ ਹੋਏ ਤਾਂ 1992 ਵਿਚ ਬਾਰਸੀਲੋਨਾ ਦੀਆਂ ਓਲੰਪਿਕ ਖੇਡਾਂ 'ਚੋਂ ਸਟੈਫੀ ਗ੍ਰਾਫ ਨੇ ਇਕ ਸਿਲਵਰ ਮੈਡਲ ਜਰਮਨੀ ਦੇ ਨਾਂ 'ਤੇ ਵੀ ਜਿੱਤਿਆ। ਜਰਮਨੀ ਦੀ ਸਿਟੀਜ਼ਨ ਤਾਂ ਉਹ ਜਮਾਂਦਰੂ ਸੀ। ਸਰਗਰਮ ਖੇਡ ਤੋਂ ਰਿਟਾਇਰ ਹੋਣ ਪਿੱਛੋਂ ਅਮਰੀਕਾ ਵਿਚ ਵਸੇਬੇ ਕਾਰਨ ਉਹ ਅਮਰੀਕਾ ਦੀ ਵੀ ਸਿਟੀਜ਼ਨ ਹੈ।

ਸਟੈਫੀ ਗ੍ਰਾਫ ਦੀਆਂ ਪ੍ਰਾਪਤੀਆਂ ਵੇਖੀਏ ਤਾਂ ਔਰਤ ਦੀ ਸ਼ਕਤੀ, ਸਮਰੱਥਾ ਤੇ ਪ੍ਰਤਿਭਾ ਜਾਣ ਕੇ ਹੈਰਾਨੀ ਹੁੰਦੀ ਹੈ! ਉਸ ਨੇ ਆਪਣੇ ਖੇਡ ਕੈਰੀਅਰ ਵਿਚ 22 ਗ੍ਰੈਂਡ ਸਲੈਮ ਸਿੰਗਲ ਦੇ ਖ਼ਿਤਾਬ ਜਿੱਤੇ ਜੋ ਦੰਗ ਕਰ ਦੇਣ ਵਾਲੇ ਕਾਰਨਾਮੇ ਹਨ। ਇੰਜ ਕਰਦਿਆਂ ਉਸ ਨੇ ਟੈਨਿਸ ਦੀ ਖੇਡ ਵਿਚ ਔਰਤ ਦੀਆਂ ਜਿੱਤਾਂ ਦਾ ਨਵਾਂ ਇਤਿਹਾਸ ਰਚਿਆ। ਉਸ ਨੇ 50-100 ਹਫ਼ਤੇ ਨਹੀਂ, ਪੂਰੇ 377 ਹਫ਼ਤੇ ਵਿਸ਼ਵ ਰੈਂਕਿੰਗ ਵਿਚ ਅੱਵਲ ਨੰਬਰ ਰਹਿਣ ਦਾ ਰਿਕਾਰਡ ਰੱਖਿਆ ਜੋ ਛੇਤੀ ਕੀਤਿਆਂ ਟੁੱਟਣ ਵਾਲਾ ਨਹੀਂ। ਆਸਟ੍ਰੇਲੀਅਨ ਓਪਨ ਦਾ ਗ੍ਰੈਂਡ ਸਲੈਮ ਖ਼ਿਤਾਬ ਉਸ ਨੇ 4 ਵਾਰ, ਫਰੈਂਚ ਓਪਨ ਦਾ 6 ਵਾਰ, ਵਿੰਬਲਡਨ ਦਾ 7 ਵਾਰ ਤੇ ਯੂਐੱਸ ਓਪਨ ਦਾ 5 ਵਾਰ ਯਾਨੀ ਔਰਤਾਂ ਦੇ ਕੁਲ 22 ਗ੍ਰੈਂਡ ਸਲੈਮ ਅਵਾਰਡ ਜਿੱਤੇ ਜੋ ਮਿੱਟੀ, ਘਾਹ ਤੇ ਪੱਕੇ ਫਰਸ਼ ਵਾਲੇ ਟੈਨਿਸ ਕੋਰਟਾਂ ਉਤੇ ਖੇਡੇ ਜਾਂਦੇ ਰਹੇ। ਸਟੈਫੀ ਹਰ ਤਰ੍ਹਾਂ ਦੇ ਕੋਰਟਾਂ 'ਤੇ ਖੇਡਣ ਵਿਚ ਮਾਹਿਰ ਸੀ।

ਉਹ ਬਚਪਨ ਤੋਂ ਹੀ ਗੰਭੀਰ, ਆਪਣੀ ਖੇਡ 'ਚ ਮਗਨ, ਖਾਧ ਖੁਰਾਕ ਵੱਲ ਧਿਆਨ ਦੇਣ ਅਤੇ ਅੰਤਰਮੁਖੀ ਸੁਭਾਅ ਦੀ ਲੜਕੀ ਸੀ। ਉਹ ਫਜ਼ੂਲ ਦੀਆਂ ਮਿਲਣੀਆਂ ਤੇ ਬੇਲੋੜੀਆਂ ਬਹਿਸਾਂ 'ਚ ਸਮਾਂ ਨਹੀਂ ਸੀ ਗੁਆਉਂਦੀ। ਹਰ ਵੇਲੇ ਆਪਣੀ ਖੇਡ ਨੂੰ ਹੋਰ ਨਿਖਾਰਨ ਤੇ ਕਮੀਆਂ ਕਮਜ਼ੋਰੀਆਂ ਸੁਧਾਰਨ ਵੱਲ ਧਿਆਨ ਦਿੰਦੀ ਸੀ। ਉਸ ਦਾ ਪਹਿਲਾ ਕੋਚ ਉਹਦਾ ਬਾਪ ਪੀਟਰ ਗ੍ਰਾਫ ਸੀ ਜੋ ਧੀ ਨੂੰ 1986 ਤਕ ਕੋਚਿੰਗ ਦਿੰਦਾ ਰਿਹਾ। 1986 ਤੋਂ 1991 ਤਕ ਉਸ ਨੂੰ ਪਾਵੇਲ ਸਲੋਜ਼ਿਲ ਨੇ ਕੋਚਿੰਗ ਦਿੱਤੀ ਤੇ 1992 ਤੋਂ 1999 ਤਕ ਹੈਂਜ਼ ਗੁੰਥਾਰਟ ਉਹਦਾ ਕੋਚ ਰਿਹਾ। ਉਹ 1982 ਤੋਂ 1999 ਤਕ ਸਤਾਰਾਂ ਸਾਲ ਜਿੱਤ ਮੰਚਾਂ ਦੇ ਚੜ੍ਹਦੀ ਰਹੀ। ਇਨ੍ਹਾਂ ਸਾਲਾਂ ਦੌਰਾਨ ਆਰਾਮ ਉਸ ਨੂੰ ਉਦੋਂ ਹੀ ਮਿਲਦਾ ਜਦੋਂ ਖੇਡਦਿਆਂ ਉਹਦੇ ਕੋਈ ਸੱਟ-ਫੇਟ ਲੱਗਦੀ ਜਾਂ ਮੱਸਲ ਖਿੱਚਿਆ ਜਾਂਦਾ। 17 ਸਾਲਾਂ ਦੇ ਖੇਡ ਜੀਵਨ ਵਿਚ ਉਸ ਨੂੰ ਲੱਖਾਂ ਮੀਲ ਹਵਾਈ ਸਫ਼ਰ ਕਰਨਾ ਪਿਆ ਜਿਸ ਲਈ ਸੈਂਕੜੇ ਹਵਾਈ ਅੱਡਿਆਂ ਤੋਂ ਚੜ੍ਹਨਾ ਉਤਰਨਾ ਪਿਆ। ਖਿਡਾਰੀ, ਸੈਲਾਨੀਆਂ ਵਾਂਗ ਵਿਸ਼ਵ ਦੇ ਸੁੰਦਰ ਸ਼ਹਿਰਾਂ ਤੇ ਨਜ਼ਾਰਿਆਂ ਦੀਆਂ ਸੈਰਾਂ ਨਹੀਂ ਕਰਦੇ ਬਲਕਿ ਖੇਡ ਮੁਕਾਬਲਿਆਂ ਲਈ ਲੰਮੇ ਸਫ਼ਰਾਂ ਦੀਆਂ ਪਰੇਸ਼ਾਨੀਆਂ ਝੱਲਦੇ ਤੇ ਨਾਲ ਦੀ ਨਾਲ ਸਫ਼ਰ ਦੌਰਾਨ ਕਸਰਤਾਂ ਕਰਦੇ ਹੋਏ ਜੁੱਸੇ ਵੀ ਫਿੱਟ ਰੱਖਦੇ ਹਨ।

ਜਿਵੇਂ ਵੱਡੇ ਪਹਿਲਵਾਨਾਂ ਦੇ ਆਪਣੇ ਖ਼ਾਸ ਦਾਅ ਹੁੰਦੇ ਹਨ ਜਿਨ੍ਹਾਂ ਨੂੰ ਵਰਤ ਕੇ ਉਹ ਕੁਸ਼ਤੀਆਂ ਜਿੱਤਦੇ ਹਨ ਉਵੇਂ ਸਟੈਫੀ ਦਾ ਖ਼ਾਸ ਦਾਅ ਉਸ ਦਾ 'ਫੋਰਹੈਂਡ ਸੀ। ਉਹ ਸਵੀਪਿੰਗ ਫੋਰਹੈਂਡ ਮਾਰ ਕੇ ਮੈਚ ਦਾ ਰੁਖ਼ ਪਲਟ ਦਿੰਦੀ ਸੀ। ਉਸ ਦੀ ਤੇਜ਼ ਦੌੜ, ਮੁੜਨ ਦੀ ਫੁਰਤੀ ਤੇ ਖੇਡ ਦੀ ਸਫਾਈ ਨੇ ਉਸ ਨੂੰ ਅਦੁੱਤੀ ਖਿਡਾਰਨ ਬਣਾਇਆ। ਮੈਦਾਨ ਵਿਚ ਉਸ ਦੀ ਮੌਜੂਦਗੀ ਖੇਡ ਨੂੰ ਰਚਨਾਤਮਿਕ ਬਣਾਈ ਰੱਖਦੀ ਸੀ ਤੇ ਮੈਚ ਦਾ ਮੁਹਾਣ ਕਿਸੇ ਵੀ ਸਮੇਂ ਆਪਣੇ ਹੱਕ ਵਿਚ ਮੋੜ ਸਕਦੀ ਸੀ। ਉਸ ਦੀ ਸਰਵਿਸ ਕਮਾਲ ਦੀ ਸੀ ਜਿਸ ਦੀ ਸਪੀਡ ਦੰਗ ਕਰ ਦੇਣ ਵਾਲੀ ਹੁੰਦੀ ਸੀ। 1987 ਤੋਂ 1996 ਤਕ ਦੇ 10 ਸਾਲ ਉਸ ਦੀ ਖੇਡ ਦੇ ਸੁਨਹਿਰੀ ਸਾਲ ਸਨ। ਉਦੋਂ ਸੀ ਵੀ ਉਹ ਭਰ ਜੁਆਨ। ਉਸ ਨੇ ਆਪਣੇ ਖੇਡ ਕੈਰੀਅਰ ਦੌਰਾਨ 107 ਸਿੰਗਲਜ਼ ਟਾਈਟਲ ਜਿੱਤੇ ਜੋ ਕਹਿ ਦੇਣੀ ਗੱਲ ਹੈ। ਉਸ ਦਾ ਖੇਡ ਅੰਦਾਜ਼ ਸੰਜਮੀ, ਸੋਚ-ਵਿਚਾਰ ਵਾਲਾ ਤੇ ਤਕਨੀਕੀ ਤੌਰ 'ਤੇ ਸ਼ਾਨਦਾਰ ਸੀ। ਕੋਰਟ ਦੀਆਂ ਬਾਹਰੀ ਲਕੀਰਾਂ ਤਕ ਦੀ ਇੰਚ-ਇੰਚ ਜਗ੍ਹਾ ਅੱਖਾਂ ਮੀਚ ਕੇ ਵੀ ਉਹਦੀ ਨਜ਼ਰ ਵਿਚ ਰਹਿੰਦੀ ਸੀ। ਟੈਨਿਸ ਕੋਰਟ ਦੀਆਂ ਲਕੀਰਾਂ ਜਿਵੇਂ ਧਰਤੀ ਦੀ ਥਾਂ ਉਹਦੇ ਮਨ ਮਸਤਕ ਵਿਚ ਵਾਹੀਆਂ ਹੋਣ!

ਉਹ ਧੀਰਜ ਨਾਲ ਖੇਡਦੀ ਤੇ ਵਾਧੂ ਉਤੇਜਨਾ ਵਿਚ ਨਾ ਆਉਂਦੀ ਸਗੋਂ ਉਹਦੇ ਚਿਹਰੇ 'ਤੇ ਸਦਾ ਸ਼ਾਂਤੀ ਸਮਾਈ ਲੱਗਦੀ। ਉਹਦੀ ਮਿੰਨੀ ਮੁਸਕਾਨ ਦਰਸ਼ਕਾਂ ਨੂੰ ਬੇਹੱਦ ਪਿਆਰੀ ਲੱਗਦੀ। ਉਹ ਭਾਵਨਾਵਾਂ ਦਾ ਬੇਲੋੜਾ ਵਿਖਾਵਾ ਨਹੀਂ ਸੀ ਕਰਦੀ ਤੇ ਵਿਰੋਧੀ ਖਿਡਾਰੀਆਂ 'ਤੇ ਨਿਰਾਰਥਕ ਦਬਾਅ ਨਹੀਂ ਸੀ ਪਾਉਂਦੀ। ਉਹ ਸਹਿਜ ਤੇ ਸੁਹਜ ਨਾਲ ਕੋਰਟ ਵਿਚ ਆਉਂਦੀ। ਨਾ ਜਿੱਤਣ ਵੇਲੇ ਆਫਰਦੀ, ਨਾ ਹਾਰ ਜਾਣ 'ਤੇ ਢੇਰੀ ਢਾਹੁੰਦੀ। ਬੇਲੋੜੀਆਂ ਫੜ੍ਹਾਂ ਮਾਰਨੀਆਂ ਜਾਂ ਬਿਆਨ ਦਾਗਣੇ ਉਹ ਖਿਡਾਰੀ ਦੀ ਕਮਜ਼ੋਰੀ ਸਮਝਦੀ ਸੀ। ਉਸ ਨੂੰ ਫੋਕੀਆਂ ਮੰਨਤਾਂ ਮੁਰਾਦਾਂ ਦੀ ਮੰਨਣ ਦੀ ਥਾਂ ਆਪਣੀ ਖੇਡ ਵਿਚ ਵਿਸ਼ਵਾਸ ਸੀ।

ਬਾਕੀ ਹਿਸਾ ਸਫ਼ਾ 64 ਤੇ ਪੜ੍ਹੋ

# FC KHALSA LEICESTER WIN WALSALL FOOTBALL TOURNAMENT IN AN EIGHT GOAL THRILLER

## *EAGERLY AWAITED TOURNAMENT HUGE SUCCESS, WELL ATTENDED, NEARLY 70 TEAMS PARTICIPATED, ADULTS YOUTH JUNIOR FOOTBALL*

First of this year's Khalsa Football Federation KFF took place at Aston University Playing Fields, Birmingham Road, Walsall, West Midlands, WS5 3 LU on Saturday and Sunday 24th and 25th May 2025 from 8.00 am to 6.00 pm in which KFF Senior Football, Junior and Youth Football took place. The tournament supported by Walsall Asian Sports Association 'WASA' was very successful and well attended.

SENIOR FOOTBALL

The final of the Premier Division took place on Sunday 25th between fierce rival football clubs of Leicester, GNG Leicester and FC KHALSA Leicester where supporters and managements of both teams started to gather around with their refreshments where the match was taking place on Pitch number One. This pitch was visible to all the stalls being held. Everyone was entertained by the Leicester clubs with high standard of football and bagful of goals. FC KHALSA Leicester won the final 5-3 against GNG Leicester. The referee's final whistle sent the FC KHALSA Leicester players and supporters and management cuddling each other, jumping into air and trying their best to do Bhangra Dance.

Santokh Singh of FC KHALSA Leicester commented "An exciting weekend of football culminated in FC KHALSA Leicester victory against their rivals GNG. The final was watched by Khalsa's jubilant fans. Despite some tense moments FC KHALSA were worthy winners of Walsall 2025."

JUNIOR AND YOUTH FOOTBALL

UNDER 8 FINALS

Nuneaton 4 Blue Tigers Derby 1

3rd Place Nottingham Sikh Lions 2 GNG Leicester Eagles 0

UNDER 9 FINALS

Nottingham Sikh Lions 0 FC KHALSA Leicester 2

3rd Place Smethwick Raiders 1GNG Leicester Falcon 2

UNDER 11 FINALS

Singh Sabha Slough 2 Singh Brothers Derby 0

3rd Place Blue Tigers Derby 0 (4) Singh Brothers Derby 0 (3)

UNDER 13 FINALS

GNG Leicester Eagles 0 Sporting Khalsa Walsall 4

3rd Place Smethwick Raiders 2 FC KHALSA Leicester 1

UNDER 17/18 FINALS

1ST GNG Leicester

2nd Smethwick Raiders

3rd GNG Walsall

The well organised football tournament which had real family atmosphere on Sunday when there were grandfathers, grandmothers, mothers, fathers, uncles and Aunties, brothers and sisters and other family members, relatives and friends all giving their best of best support to their young one taking part in Junior and Youth football.

Harjeeve Singh aged 30 years something summed up the tournament very nicely "I was involved in both elements of the tournament, playing in the adults and coaching the children. The football tournament was a success as always. It had great facilities and effort from the event organisers and everyone that took part."

"As always, the Walsall Tournament was excellently organised. It was very well attended despite the inclement weather conditions." Said Rashpal Singh of Khalsa Football Federation."

I would like to sincerely congratulate WASA and KFF for providing simply the best facilities for the annual football tournament which everyone looks forward to playing in. The Walsall Asian Sports Association WASA are also to be congratulated for providing Free Fun Fair and other activities and Refreshments stalls and Guru Ka Langar which was provided on both days.

REPORT: TARLOCHAN SINGH VIRK, CO ORDINATOR PUNJABI LISTENERS CLUB, LEICESTER, RESULTS: KHALSA FOOTBALL FEDERATION KFF,

# ਘੱਲੂਘਾਰੇ ਦੇ ਕੌਮੀ ਦੁਖਾਂਤ ਅਤੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਸੰਜੀਦਗੀ 'ਤੇ ਸਿਧਾਂਤਕ ਏਕਤਾ ਦੀ ਸਖਤ ਜਰੂਰਤ ਹੈ- ਸ਼੍ਰੋਮਣੀ ਅਕਾਲੀ ਦਲ

ਅੰਮ੍ਰਿਤਸਰ ਯੂ. ਕੇ. ਲੰਡਨ 3 ਜੂਨ – ਅਕਾਲ ਤਖਤ ਸਾਹਿਬ ਸਿੱਖ ਕੌਮ ਵਿੱਚ ਮੀਰੀ–ਪੀਰੀ ਦਾ ਸਰਬਉੱਚ ਅਸਥਾਨ ਹੈ, ਹਰ ਗੁਰਸਿੱਖ ਦਾ ਸਮਰਪਿਤ ਹੋਣਾ ਨੈਤਿਕ ਫਰਜ਼ ਹੈ। ਜਥੇਦਾਰ ਸਾਹਿਬ ਨਾਲ ਸਹਿਮਤੀ–ਅਸਿਹਮਤੀ ਅਤਿ ਸੰਵੇਦਨਸ਼ੀਲ ਅਤੇ ਗੰਭੀਰ ਵਿਸ਼ੇ ਹਨ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਰਾਏ ਸਾਹਿਬ ਵੱਲੋਂ ਅਕਾਲ ਤਖਤ ਸਾਹਿਬ ਦੀ ਸਿਰਜਨਾ ਕਰਨ ਤੋਂ ਲੈ ਕੇ ਚੱਲੀਆਂ ਆ ਰਹੀਆਂ ਮਰਿਯਾਦਾਵਾਂ ਅਤੇ ਪ੍ਰੰਪਰਾਵਾ ਅਨੁਸਾਰ ਹੀ ਨਿਯੁਕਤੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਨਿਯੁਕਤੀ ਦੌਰਾਨ ਜਾਂ ਵਿਚਰਦੇ ਸਮੇਂ ਉਨ੍ਹਾਂ ਵਿੱਚ ਕਿਸੇ ਹੋਈ ਕਮੀ ਜਾਂ ਅਣਗਹਿਲੀ ਪ੍ਰਤੀ ਆਪਣੇ ਵਿਚਾਰ ਯੋਗ ਢੰਗ ਨਾਲ ਪਹੁੰਚਾਉਣੇ ਚਾਹੀਦੇ ਹਨ। ਇਸ ਸਚਾਈ ਤੋਂ ਕੋਈ ਵੀ ਇਨਕਾਰੀ ਨਹੀਂ ਹੋ ਸਕਦਾ ਕਿ ਅਕਾਲ ਤਖਤ ਸਾਹਿਬ, ਇਸਦੇ ਸਕੱਤਰੇਤ ਤੇ ਹੋਰ ਸਭ ਸੰਸਾਧਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਵੱਲੋਂ ਨਿਯੁਕਤ ਕੀਤੇ ਜਾ ਰਹੇ ਜਥੇਦਾਰ ਸਾਹਿਬਾਨ ਕੋਲ ਹੀ ਚਲੇ ਆ ਰਹੇ ਹਨ। ਸ਼੍ਰੋਮਣੀ ਕਮੇਟੀ ਦਾ ਫਰਜ ਬਣਦਾ ਹੈ ਕਿ ਉਹ ਨਿਰਪੱਖ ਹੋ ਕੇ ਕੌਮੀ ਭਾਵਨਾਵਾਂ ਦੀ ਤਰਜਮਾਨੀ ਕਰੇ ਅਤੇ ਹਰ ਸਿੱਖ ਅਤੇ ਸਿੱਖ ਸੰਸਥਾਵਾਂ ਨੂੰ ਵੀ ਬੇਨਤੀ ਹੈ ਕਿ ਕੋਈ ਵੀ ਐਸੀ ਕਾਰਵਾਈ ਨਾਂ ਕੀਤੀ ਜਾਵੇ ਜਿਸ ਨਾਲ ਕੌਮ ਹੋਰ ਖੇਰੂੰ ਖੇਰੂੰ ਹੋਵੇ, ਹਾਕਮਾਂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਲਾਗੂ ਕਰਵਾਉਣ ਵਿੱਚ ਸਹਾਈ ਨਾ ਹੋਈਏ। ਜੂਨ 1984 ਵਿੱਚ ਵਾਪਰੇ ਘੱਲੂਘਾਰੇ ਦੌਰਾਨ ਹੋਏ ਸ਼ਹੀਦਾਂ ਨੂੰ ਪੰਥਕ ਰਵਾਇਤਾਂ ਅਨੁਸਾਰ ਸ਼ਰਧਾਂਜ਼ਲੀ ਭੇਂਟ ਕਰੀਏ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਏਕਤਾ ਲਈ ਸੁਹਿਰਦ ਯਤਨ ਕਰੀਏ, ਸੱਤਾ ਪਰਾਪਤੀ 'ਤੇ ਹੋਰ ਪਦਾਰਥਵਾਦ ਦੀ ਹਵਸ ਖਾਤਰ ਪੰਥ ਵਿਰੋਧੀ ਤਾਕਤਾਂ ਨਾਲ ਸਾਂਝ ਰੱਖਣ ਵਾਲਿਆਂ ਨੂੰ ਵੀ ਬੇਨਤੀਆਂ ਕਰੀਏ ਕਿ ਗੁਰੂ ਸਾਹਿਬ ਦੀ ਸ਼ਰਨ ਵਿੱਚ ਆ ਕੇ ਬੇਦਾਵੇ ਪੜਵਾਉ ਅਤੇ ਅਰਦਾਸ ਵਿੱਚ ਪੜ੍ਹੇ 'ਤੇ ਬੋਲੇ ਜਾਂਦੇ ਦੋਹਿਰੇ ਖੁਆਰ ਹੋਏ ਸਭ ਮਿਲੇਗੇ ਬਚੇ ਸ਼ਰਨ ਜੋ ਹੋਏ ਅਨੁਸਾਰ ਨੂੰ ਸਾਕਾਰ ਕਰਨ ਲਈ ਸੁਹਿਰਦ ਯਤਨ ਕਰੀਏ। ਸ: ਜਗਤਾਰ ਸਿੰਘ ਵਿਰਕ, ਮੀਡੀਆ ਸਕੱਤਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ. ਕੇ.

63 ਸਫ਼ੇ ਦੀ ਬਾਕੀ

ਉਸ ਦਾ ਵਧੇਰੇ ਸਖਤ ਮੁਕਾਬਲਾ ਮੋਨਿਕਾ ਸੇਲੇਸ ਨਾਲ ਹੁੰਦਾ ਸੀ ਜੋ 1990 ਤੋਂ 1993 ਤਕ ਚੱਲਿਆ। 1993 ’ਚ ਮੋਨਿਕਾ ਉਤੇ ਹਮਲਾ ਹੋ ਜਾਣ ਕਰਕੇ ਉਹ ਟੈਨਿਸ ਕੋਰਟ ਤੋਂ ਲਾਂਭੇ ਹੋ ਗਈ ਸੀ। ਫਿਰ ਨਵਰਾਤੀਲੋਵਾ ਤੇ ਸਬਾਤੀਨੀ ਨਾਲ ਉਸ ਦੇ ਗਹਿ-ਗੱਡਵੇਂ ਮੈਚ ਹੁੰਦੇ ਰਹੇ।

ਇਕ ਵਕਤ ਐਸਾ ਵੀ ਆਇਆ ਜਦੋਂ ਉਹ ਆਪਣੀ ਆਮਦਨ ਦਾ ਸਹੀ ਟੈਕਸ ਦੇਣਾ ਖੁੰਝ ਗਈ ਸੀ। ਉਸ ਦਾ ਬਾਪ ਉਹਦੀ ਕਮਾਈ ਦਾ ਮੁੱਢ ਤੋਂ ਹੀ ਵਿਤੀ ਮੈਨੇਜਰ ਸੀ ਜਿਸ ਕਰਕੇ ਟੈਕਸ ਤਾਰਨ ਦੀ ਜ਼ਿੰਮੇਵਾਰੀ ਉਹਦੀ ਸੀ। ਉਸ ਦੇ ਕੋਚ ਰਹੇ ਬਾਪ ਉਤੇ ਸਟੇਫੀ ਦੇ ਮੁੱਢਲੇ ਦੌਰ ਦੀ ਕਮਾਈ ’ਤੇ ਟੈਕਸ ਚੋਰੀ ਦਾ ਕੇਸ ਪੈ ਗਿਆ ਜੋ ਸਟੈਫੀ ਲਈ ਬੇਹੱਦ ਪਰੇਸ਼ਾਨੀ ਵਾਲਾ ਸੀ। ਬਾਪ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਉਤੇ ਟੈਕਸ ਚੋਰੀ ਦਾ ਮੁਕੱਦਮਾ ਚੱਲਿਆ। ਪੀਟਰ ਗ੍ਰਾਫ ਨੂੰ 45 ਮਹੀਨਿਆਂ ਦੀ ਜੇਲ੍ਹ ਮਿਲੀ। ਵਿਸ਼ਵ ਭਰ ਦੀ ਸਨਮਾਨਿਤ ਖਿਡਾਰਨ ਸਟੈਫੀ ਗ੍ਰਾਸ ਨੇ ਅਪੀਲ ਕੀਤੀ ਕਿ ਜੇਲ੍ਹ ਦੀ ਥਾਂ ਜੁਰਮਾਨਾ ਲੈ ਲਓ। ਉਸ ਦੀ ਅਪੀਲ ’ਤੇ 25 ਮਹੀਨਿਆਂ ਦੀ ਜੇਲ੍ਹ ਭੁਗਤਨ ਬਾਅਦ 1997 ’ਚ ਕੇਸ ਵਾਪਸ ਲੈ ਲਿਆ ਗਿਆ ਤੇ 13 ਲੱਖ ਡਾਲਰ ਦਾ ਜੁਰਮਾਨਾ ਉਗਰਾਹ ਕੇ ਪੀਟਰ ਗ੍ਰਾਸ ਨੂੰ ਰਿਹਾਅ ਕਰ ਦਿੱਤਾ। ਉਸੇ ਸਾਲ ਸਟੈਫੀ ਗ੍ਰਾਫ ਨੂੰ ਗੋਡਿਆਂ ਤੇ ਬੈਕ ਦੀ ਸਮੱਸਿਆ ਆਈ ਜਿਸ ਕਰਕੇ ਉਹ ਮਾਰਟੀਨਾ ਹਿੰਗੀਸ ਹੱਥੋਂ 1997 ਦਾ ਗਰੈਂਡ ਸਲੈਮ ਟਾਈਟਲ ਹਾਰ ਬੈਠੀ। ਉਸ ਨਾਲ ਉਹਦਾ ਵਿਸ਼ਵ ਦੀ ਅੱਵਲ ਨੰਬਰ ਖਿਡਾਰਨ ਦਾ ਰੈਂਕ ਵੀ ਖੁੱਸ ਗਿਆ।

1999 ਵਿਚ ਖੇਡ ਤੋਂ ਰਿਟਾਇਰ ਹੋਣ ਪਿੱਛੋਂ ਸਟੈਫੀ ਗ੍ਰਾਫ ਦੀ ਜ਼ਿੰਦਗੀ ਨੇ ਨਵੀਂ ਕਰਵਟ ਲਈ। ਤਦ ਤਕ ਉਹ ਤੀਹ ਸਾਲਾਂ ਦੀ ਹੋ ਗਈ ਸੀ ਤੇ ਵਿਆਹ ਵੀ ਕਰਾਉਣਾ ਸੀ। ਉਸੇ ਸਾਲ ਉਹ ਟੈਨਿਸ ਦੇ ਸਟਾਰ ਖਿਡਾਰੀ ਆਂਦਰੇ ਅਗਾਸੀ ਦੇ ਸੰਪਰਕ ਵਿਚ ਆਈ ਤੇ ਦੋ ਸਾਲ ਦੇ ਮੇਲ ਗੇਲ ਪਿੱਛੋਂ 22 ਅਕਤੂਬਰ 2001 ਨੂੰ ਦੋਹਾਂ ਨੇ ਵਿਆਹ ਕਰਾ ਲਿਆ। ਦੋਹਾਂ ਦੀਆਂ ਮਾਵਾਂ ਮੌਕੇ ਦੀਆਂ ਗਵਾਹ ਬਣੀਆਂ। ਉਹ ਵਿਆਹ ਖ਼ੁਸ਼ੀਆਂ ਭਰਿਆ ਤੇ ਟਿਕਾਊ ਰਿਹਾ। ਉਨ੍ਹਾਂ ਦੇ ਪਹਿਲਾਂ ਪੁੱਤਰ ਤੇ ਫਿਰ ਧੀ, ਦੋ ਬੱਚੇ ਪੈਦਾ ਹੋਏ ਜੋ ਘਰ ਦੇ ਰੌਸ਼ਨ ਚਿਰਾਗ ਹਨ। ਸਟੈਫੀ ਗਰਾਫ ਤੇ ਆਂਦਰੇ ਅਗਾਸੀ ਖ਼ੂਬਸੂਰਤ ਆਦਰਸ਼ਕ ਜੋੜਾ ਹੈ ਜੋ ਸਮਾਜਿਕ ਕਾਰਜਾਂ ਵਿਚ ਦਿਲਚਸਪੀ ਰੱਖਦਾ ਹੈ। ਉਨ੍ਹਾਂ ਦਾ ਧਿਆਨ ਚੈਰਿਟੀ ਦੇ ਕਾਰਜਾਂ, ਸਰੀਰਕ ਸੰਭਾਲ, ਲੜਕੀਆਂ ਦੀ ਸਿੱਖਿਆ ਤੇ ਖੇਡਾਂ ਵੱਲ ਰਹਿੰਦਾ ਹੈ ਜਿਸ ਵਿਚ ਉਹ ਆਪਣਾ ਯੋਗਦਾਨ ਪਾਉਂਦੇ ਰਹਿੰਦੇ ਹਨ। ਉਨ੍ਹਾਂ ਨੇ ਆਪਣੀ ਸੰਸਥਾ ‘ਚਿਲਡਰਨ ਫਾਰ ਟੂਮਾਰੋ ਸਥਾਪਿਤ ਕੀਤੀ ਹੈ ਜੋ ਜ਼ੁਲਮਾਂ ਦੇ ਸਤਾਏ ਤੇ ਸੰਘਰਸ਼ ਵਾਲੇ ਖੇਤਰਾਂ ’ਚੋਂ ਬਚੇ ਬੱਚਿਆਂ ਦੀ ਮਦਦ ਕਰਦੀ ਹੈ।

ਸਟੈਫੀ ਗ੍ਰਾਫ ਦੀਆਂ ਖੇਡ ਪ੍ਰਾਪਤੀਆਂ ਨੂੰ ਮੁੱਖ ਰੱਖਦਿਆਂ 1999 ਵਿਚ ਉਸ ਦਾ ਨਾਂ ਅੰਤਰਰਾਸ਼ਟਰੀ ਟੈਨਿਸ ਹਾਲ ਆਫ਼ ਫੇਮ ਵਿਚ ਸੁਸ਼ੋਭਿਤ ਕੀਤਾ ਗਿਆ। ਉਸ ਨੇ ਟੈਨਿਸ ਦੀ ਖੇਡ ਵਿਚ ਉਸ ਬੁਲੰਦੀ ਨੂੰ ਛੋਹਿਆ ਜੋ ਉਸ ਤੋਂ ਪਹਿਲਾਂ ਨਾ ਕਿਸੇ ਮਰਦ ਤੇ ਨਾ ਕਿਸੇ ਔਰਤ ਨੇ ਛੋਹੀ ਸੀ। ਉਹ ਐਸੀ ਖਿਡਾਰਨ ਵਜੋਂ ਚੇਤੇ ਰਹੇਗੀ ਜਿਸ ਦੀ ਖੇਡ ਪ੍ਰਤਿਭਾ, ਮਸੂਮੀਅਤ ਤੇ ਸੁੰਦਰਤਾ ਨੇ ਖੇਡ ਪ੍ਰੇਮੀਆਂ ਦੇ ਦਿਲਾਂ ’ਤੇ ਰਾਜ ਕੀਤਾ। ਉਹਦਾ ਜੀਵਨ ਉੱਚੀਆਂ ਤੋਂ ਉੱਚੀਆਂ ਉਡਾਣਾਂ ਭਰਨ ਦੀ ਖੇਡ ਕਥਾ ਹੈ। ਸਟੈਫੀ ਗ੍ਰਾਫ ਦੀ ਵਿਰਾਸਤ ਖੇਡ-ਖ਼ਿਤਾਬਾਂ ਵਿਚ ਨਹੀਂ ਸਗੋਂ ਉਸ ਦੀ ਖੇਡ ਲਗਨ, ਨਿਮਰਤਾ ਤੇ ਸੁਹਿਰਤਾ ਵਿਚ ਹੈ। ਉਸ ਦੇ ਖੇਡ ਰਿਕਾਰਡ ਨਵੇਂ ਖਿਡਾਰੀਆਂ ਲਈ ਪ੍ਰੇਰਨਾ ਸਰੋਤ ਹਨ ਜੋ ਸੁਨੇਹੇ ਦਿੰਦੇ ਹਨ, ਆਵੇ ਕੋਈ ਨਿਤਰੇ !

*principalsarwansingh@gmail.com*